ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪਠਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
PRGI (RNI) Regd. No. 22972/1972

# ਚੜ੍ਹਦੀਕਲਾ

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
DAILY CHARHDIKALA, PATIALA
ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ' (ਕੁੱਲ ਸਫ਼ੇ 12 Pages 12)
(Tuesday, 13 May, 2025) ਪਟਿਆਲਾ ਮੰਗਲਵਾਰ, 13 ਮਈ, 2025, 31 ਵੈਸਾਖ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082
ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 131 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਬੀ.ਬੀ.ਐਮ.ਬੀ. ਨੇ ਤਿੰਨ ਸੂਬਿਆਂ ਦੀ ਸੱਦੀ ਮੀਟਿੰਗ

ਚੰਡੀਗੜ੍ਹ, 12 ਮਈ (ਚੜ੍ਹਦੀਕਲਾ ਬਿਊਰੋ) : ਬੀ.ਬੀ.ਐਮ.ਬੀ. ਨੇ ਟੈਕਨੀਕਲ ਕਮੇਟੀ ਦੀ ਮੀਟਿੰਗ 14 ਮਈ ਨੂੰ ਬੁਲਾ ਲਈ ਹੈ ਜਿਸ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਇੰਜੀਨੀਅਰ ਸ਼ਾਮਲ ਹੋਣਗੇ। ਇਸ ਮੀਟਿੰਗ 'ਚ ਕੇਂਦਰੀ ਜਲ ਕਮਿਸ਼ਨ ਦੇ ਮੁੱਖ ਇੰਜੀਨੀਅਰ ਵੀ ਸ਼ਾਮਲ ਹੋਣਗੇ। ਪੰਜਾਬ ਹਰਿਆਣਾ ਦਰਮਿਆਨ ਚੱਲ ਰਹੇ ਵਿਵਾਦ ਦੌਰਾਨ ਇਹ ਮੀਟਿੰਗ ਹੋ ਰਹੀ ਹੈ। ਇਸ ਮੀਟਿੰਗ 'ਚ ਤਿੰਨੋ ਸੂਬਿਆਂ ਲਈ ਜੂਨ ਮਹੀਨੇ ਵਾਸਤੇ ਪਾਣੀ ਦੀ ਐਲੋਕੇਸ਼ਨ ਹੋਵੇਗੀ ਅਤੇ ਸੂਬੇ ਆਪੋ ਆਪਣੀ ਪਾਣੀ ਦੀ ਡਿਮਾਂਡ ਦੱਸਣਗੇ।

## ਸਾਡੇ ਸਾਰੇ ਫ਼ੌਜੀ ਅੱਡੇ ਤੇ ਸਿਸਟਮ ਪੂਰੀ ਤਰ੍ਹਾਂ ਕਾਰਜਸ਼ੀਲ: ਏਅਰ ਮਾਰਸ਼ਲ ਭਾਰਤੀ




ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 12 ਮਈ :ਅੱਜ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਈ ਫ਼ੌਜੀ ਕਾਰਵਾਈ ਬਾਰੇ ਜਾਣਕਾਰੀ ਦੇਣ ਲਈ ਤਿੰਨਾਂ ਫੌਜਾਂ ਦੇ ਮੁਖੀਆਂ ਵੱਲੋਂ ਪ੍ਰੈੱਸ ਬ੍ਰੀਫਿੰਗ ਕੀਤੀ ਗਈ ਹੈ। ਇਸ ਦੌਰਾਨ ਭਾਰਤੀ ਹਵਾਈ ਸੈਨਾ ਦੇ ਮੁਖੀ ਏ.ਕੇ. ਭਾਰਤੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੀ ਲੜਾਈ ਅੱਤਵਾਦ ਨਾਲ ਹੈ, ਪਾਕਿਸਤਾਨ ਨਾਲ ਨਹੀਂ। ਪਰ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਭਾਰਤ ਦੀ ਅੱਤਵਾਦ ਖ਼ਿਲਾਫ਼ ਲੜਾਈ ਨੂੰ ਪਾਕਿਸਤਾਨ ਖ਼ਿਲਾਫ਼ ਜੰਗ ਸਮਝ ਲਿਆ, ਜਿਸ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਜੰਗ ਦੀ ਸਥਿਤੀ ਬਣ ਗਈ। ਉਨ੍ਹਾਂ ਕਿਹਾ ਕਿ ਭਾਰਤ ਨੇ ਅੱਤਵਾਦੀਆਂ ਖ਼ਿਲਾਫ਼ ਲੜਾਈ ਲਈ ਆਪਰੇਸ਼ਨ ਸਿੰਦੂਰ ਸ਼ੁਰੂ ਕੀਤਾ ਸੀ ਤੇ ਪਾਕਿਸਤਾਨ 'ਤੇ ਪੀ.ਓ.ਕੇ. 'ਚ ਸਥਿਤ ਅੱਤਵਾਦੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਅੱਤਵਾਦ ਖ਼ਿਲਾਫ਼ ਲੜਾਈ 'ਚ ਸਾਥ ਦੇਣ ਦੀ ਬਜਾਏ ਪਾਕਿਸਤਾਨੀ ਫੌਜ ਭਾਰਤ ਦੇ ਖ਼ਿਲਾਫ਼ ਹੀ ਆ ਖੜੀ ਹੋਈ, ਜਿਸ (ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਵੱਲੋਂ ਦੇਸ਼ ਵਾਸੀਆਂ ਨੂੰ ਸੰਬੋਧਨ

## ਪਾਕਿਸਤਾਨ ਤੇ ਅੱਤਵਾਦ ਖ਼ਿਲਾਫ਼ ਫ਼ੌਜੀ ਕਾਰਵਾਈ ਸਿਰਫ਼ ਮੁਲਤਵੀ ਕੀਤੀ: ਮੋਦੀ

**ਪਾਣੀ ਤੇ ਖ਼ੂਨ ਇਕੋ ਸਮੇਂ ਨਹੀਂ ਵਹੇਗਾ; ਪਾਕਿ ਸਰਕਾਰ ਅੱਤਵਾਦ ਦੀ ਪੁਸ਼ਤਪਨਾਹੀ ਕਰ ਰਹੀ ਜੋ ਇੱਕ ਦਿਨ ਇਸ ਦੇਸ਼ ਨੂੰ ਵੀ ਖ਼ਤਮ ਕਰ ਦੇਣਗੇ**

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 12 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਦੇਸ਼ ਵਾਸੀਆਂ ਨੂੰ ਸੰਬੋਧਨ ਕੀਤਾ। ਇਹ ਅਪਰੇਸ਼ਨ ਸਿੰਧੂਰ ਦੀ ਸ਼ੁਰੂਆਤ ਤੋਂ ਬਾਅਦ ਪਹਿਲਾ ਮੌਕਾ ਹੈ ਜਦੋਂ ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਸੰਬੋਧਨ ਕੀਤਾ। ਸ੍ਰੀ ਮੋਦੀ ਨੇ ਸਭ ਤੋਂ ਪਹਿਲਾਂ ਦੇਸ਼ ਦੇ ਸੁਰੱਖਿਆ ਬਲਾਂ ਨੂੰ ਸਲਾਮ ਕੀਤਾ। ਉਨ੍ਹਾਂ ਕਿਹਾ ਕਿ ਪਹਿਲਗਾਮ ਦਾ ਦੁੱਖ ਅਸਹਿਣਸ਼ੀਲ ਹੈ, ਇਸ ਤੋਂ ਬਾਅਦ ਦਹਿਸ਼ਤਗਰਦਾਂ ਨੂੰ ਦੱਸਿਆ ਗਿਆ ਕਿ ਭੈਣਾਂ ਦੇ ਲੜਕੀਆਂ ਦੇ ਮੱਥੇ ਦਾ ਸਿੰਦੂਰ ਮਿਟਾਉਣ ਦਾ ਕੀ ਨਤੀਜਾ ਹੁੰਦਾ ਹੈ। ਭਾਰਤੀ ਰੱਖਿਆ ਬਲਾਂ ਨੇ 100 ਤੋਂ ਜ਼ਿਆਦਾ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ। ਉਨ੍ਹਾਂ ਭਾਰਤੀ ਫੌਜਾਂ ਨੂੰ ਦਹਿਸ਼ਤਗਰਦਾਂ ਨੂੰ ਸਬਕ ਸਿਖਾਉਣ ਲਈ ਖੁੱਲ੍ਹੀ ਛੁੱਟੀ ਦਿੱਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਨੇ ਦਹਿਸ਼ਤਗਰਦਾਂ ਖ਼ਿਲਾਫ਼ ਕਾਰਵਾਈ ਹਾਲ ਦੀ ਘੜੀ ਸਿਰਫ ਮੁਲਤਵੀ ਹੀ ਕੀਤੀ ਹੈ। ਸ੍ਰੀ ਮੋਦੀ ਨੇ ਕਿਹਾ, ਅਸੀਂ ਪਾਕਿਸਤਾਨ ਹਵਾਈ ਫੌਜ ਦੇ ਏਅਰਬੇਸ ਨੂੰ ਨੁਕਸਾਨ ਪਹੁੰਚਾਇਆ ਜਿਸ ਬਾਰੇ ਪਾਕਿਸਤਾਨ ਡੀਂਗਾਂ ਮਾਰਦਾ ਸੀ। ਪਾਕਿਸਤਾਨ ਨੇ ਸਾਡੇ ਗੁਰਦੁਆਰਿਆਂ, ਮੰਦਰਾਂ, ਸਕੂਲਾਂ ਤੇ ਘਰਾਂ ਨੂੰ ਨਿਸ਼ਾਨਾ ਬਣਾਇਆ ਪਰ ਦੁਨੀਆਂ ਨੇ ਦੇਖਿਆ ਕਿ ਕਿਵੇਂ ਪਾਕਿਸਤਾਨ ਦੇ ਮਿਜ਼ਾਈਲ ਤੇ ਡਰੋਨ ਢਹਿ ਢੇਰੀ ਹੋ ਗਏ। ਭਾਰਤੀ ਹਵਾਈ ਰੱਖਿਆ ਪ੍ਰਣਾਲੀ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਤਬਾਹ ਕਰ ਦਿੱਤਾ। ਜੇ ਪਾਕਿਸਤਾਨ ਵੱਲੋਂ ਮੁੜ ਹਮਲਾ ਕੀਤਾ ਗਿਆ ਤਾਂ ਇਸ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ। ਅਪਰੇਸ਼ਨ ਸਿੰਦੂਰ ਨੇ ਦਹਿਸ਼ਤਗਰਦੀ ਖ਼ਿਲਾਫ਼ ਨਵੀਂ ਲਕੀਰ ਖਿੱਚ ਦਿੱਤੀ ਹੈ ਤੇ (ਬਾਕੀ ਸਫਾ 2 'ਤੇ)

## ਪੀ.ਐਮ. ਨੇ ਫ਼ੌਜ ਮੁਖੀਆਂ ਨਾਲ ਕੀਤੀ ਉੱਚ ਪੱਧਰੀ ਮੀਟਿੰਗ

**ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਰਹੇ ਮੌਜੂਦ**

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 12 ਮਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਆਪਣੇ ਨਿਵਾਸ ਸਥਾਨ 'ਤੇ ਰੱਖਿਆ ਅਤੇ ਵਿਦੇਸ਼ ਮਾਮਲਿਆਂ ਨਾਲ ਜੁੜੇ ਉੱਚ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਐਸ ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਚੀਫ਼ ਆਫ਼ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ, ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਹਵਾਈ ਸੈਨਾ ਮੁਖੀ ਏਅਰ ਚੀਫ਼ ਮਾਰਸ਼ਲ ਏਪੀ ਸਿੰਘ, ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ ਤ੍ਰਿਪਾਠੀ ਅਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਮੌਜੂਦ ਸਨ। ਇਹ ਮੀਟਿੰਗ ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨ ਅਤੇ ਪੀਓਕੇ ਵਿੱਚ ਅੱਤਿਵਾਦੀ ਕੈਂਪਾਂ ਵਿਰੁੱਧ ਚਲਾਏ ਜਾ ਰਹੇ 'ਆਪ੍ਰੇਸ਼ਨ ਸਿੰਦੂਰ' ਦੇ ਸਬੰਧ ਵਿੱਚ ਹੋਈ।

ਸੂਤਰਾਂ ਅਨੁਸਾਰ, ਪ੍ਰਧਾਨ ਮੰਤਰੀ ਮੋਦੀ ਨੇ ਸੁਰੱਖਿਆ ਬਲਾਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਜੇਕਰ ਪਾਕਿਸਤਾਨ ਵੱਲੋਂ ਇੱਕ ਵੀ ਗੋਲੀ ਚਲਾਈ ਗਈ ਤਾਂ ਭਾਰਤ ਗੋਲਿਆਂ ਨਾਲ ਜਵਾਬ ਦੇਵੇਗਾ। ਉਨ੍ਹਾਂ ਨੇ ਕਿਹਾ, 'ਹੁਣ ਬਹੁਤ ਹੋ ਗਿਆ। ਜੇ ਉਹ ਗੋਲੀਬਾਰੀ ਕਰਦੇ ਹਨ, ਤਾਂ ਅਸੀਂ ਵੀ ਗੋਲੀਬਾਰੀ ਕਰਾਂਗੇ।'

### ਸ਼੍ਰੋਮਣੀ ਕਮੇਟੀ ਨੇ ਸਾਊਦੀ ਅਰਬ ਦੇ ਸਫ਼ੀਰ ਨੂੰ ਲਿਖਿਆ ਪੱਤਰ

## ਸਾਊਦੀ ਅਰਬ ਦੇ ਰੇਸਤਰਾਂ 'ਚੋਂ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਹਟਵਾਉਣ ਦੀ ਅਪੀਲ

ਚੜ੍ਹਦੀਕਲਾ ਬਿਊਰੋ
================



ਅੰਮ੍ਰਿਤਸਰ, 12 ਮਈ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਊਦੀ ਅਰਬ ਦੇ ਰਿਆਧ ਸਥਿਤ ਭਾਰਤੀ ਸਫਾਰਤਖਾਨੇ ਨੂੰ ਇੱਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉੱਥੇ ਇੱਕ ਰੇਸਤਰਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਇਸ ਲਈ ਭਾਰਤੀ ਸਫਾਰਤਖਾਨੇ ਵੱਲੋਂ ਇਹ ਮਾਮਲਾ ਸਬੰਧਤ ਸਰਕਾਰ ਕੋਲ ਉਠਾਇਆ ਜਾਵੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਿੱਖ ਸੰਸਥਾ ਵੱਲੋਂ ਭਾਰਤੀ ਦੂਤਾਵਾਸ ਅਤੇ ਕੇਂਦਰ ਸਰਕਾਰ ਨੂੰ ਇਸ ਸਬੰਧੀ ਇੱਕ ਪੱਤਰ ਭੇਜਿਆ ਗਿਆ ਹੈ ਤਾਂ ਜੋ ਉਹ ਸਾਊਦੀ ਅਰਬ ਦੇ ਸਬੰਧਤ ਅਧਿਕਾਰੀਆਂ ਅਤੇ ਰੈਸਟੋਰੈਂਟ ਦੇ ਮਾਲਕ ਕੋਲ ਸਿੱਖ ਸੰਸਥਾ ਦਾ ਸਖ਼ਤ ਇਤਰਾਜ਼ ਰੱਖਣ ਅਤੇ ਇਸ ਸਬੰਧੀ ਦਖਲ ਦੇਣ। ਇਸ ਸਬੰਧੀ ਉਥੋਂ ਦੇ ਸਥਾਨਕ ਸਿੱਖਾਂ ਵੱਲੋਂ ਸ਼੍ਰੋਮਣੀ ਕਮੇਟੀ ਕੋਲ ਇੱਕ ਸ਼ਿਕਾਇਤ ਪੱਤਰ ਭੇਜਿਆ ਗਿਆ ਹੈ (ਬਾਕੀ ਸਫਾ 2 'ਤੇ)

## ਭਾਰਤ ਅਤੇ ਪਾਕਿਸਤਾਨ ਦੇ ਡੀ.ਜੀ.ਐਮ.ਓਜ਼ ਵੱਲੋਂ ਫ਼ੋਨ 'ਤੇ ਗੱਲਬਾਤ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 12 ਮਈ :ਭਾਰਤ-ਵੈੱਬ ਡੈਸਕ : ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਕੁਝ ਦਿਨਾਂ ਤੋਂ ਚੱਲ ਰਿਹਾ ਤਣਾਅ ਲਗਭਗ ਸ਼ਾਂਤ ਹੋ ਗਿਆ ਹੈ।

ਦੋਵਾਂ ਦੇਸ਼ਾਂ ਦੀ ਸਰਹੱਦ 'ਤੇ ਸ਼ਾਂਤੀ ਦਾ ਮਾਹੌਲ ਹੈ, ਬੀਤੀ ਰਾਤ ਸਰਹੱਦ 'ਤੇ ਕੋਈ ਗੋਲੀਬਾਰੀ ਨਹੀਂ ਹੋਈ। ਇਸ ਦੌਰਾਨ ਇਹ ਵੀ ਖਬਰ ਸਾਹਮਣੇ ਆਈ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਡੀਜੀਐੱਮਓ (ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨ) ਪੱਧਰ ਦੀ ਗੱਲਬਾਤ ਅੱਜ ਪੂਰੀ ਹੋ ਗਈ ਹੈ । ਸੂਤਰਾਂ ਅਨੁਸਾਰ, ਗੱਲਬਾਤ ਸ਼ਾਂਤੀਪੂਰਵਕ ਸਮਾਪਤ ਹੋਈ ਅਤੇ ਇਸ ਨਾਲ ਸਬੰਧਤ ਵਿਸਤ੍ਰਿਤ ਜਾਣਕਾਰੀ ਜਲਦੀ ਹੀ ਸਾਂਝੀ ਕੀਤੀ ਜਾਵੇਗੀ। ਦੱਸ ਦਈਏ ਕਿ ਭਾਰਤੀ ਫੌਜ ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਕਈ ਦਿਨਾਂ ਦੀ ਭਾਰੀ ਗੋਲਾਬਾਰੀ ਅਤੇ ਗੋਲੀਬਾਰੀ ਤੋਂ ਬਾਅਦ, ਜੰਮੂ-ਕਸ਼ਮੀਰ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਹੋਰ ਖੇਤਰਾਂ ਵਿੱਚ ਸ਼ਾਂਤੀ ਦੀ ਰਾਤ ਦੇਖੀ ਗਈ। 7 ਮਈ ਨੂੰ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਹੋਣ ਅਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਸ਼ੁਰੂ ਹੋਣ ਤੋਂ ਬਾਅਦ ਇਹ ਇਨ੍ਹਾਂ ਇਲਾਕਿਆਂ ਵਿੱਚ ਪਹਿਲੀ ਸ਼ਾਂਤਮਈ ਰਾਤ ਸੀ। ਏਜੰਸੀ ਦੇ ਅਨੁਸਾਰ, ਫੌਜ ਨੇ ਕਿਹਾ ਕਿ ਕੰਟਰੋਲ ਰੇਖਾ ਤੋਂ ਗੋਲੀਬਾਰੀ ਦੀ ਕੋਈ ਘਟਨਾ ਦੀ ਰਿਪੋਰਟ ਨਹੀਂ ਹੈ।

ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ (ਡੀ.ਜੀ.ਐੱਮ.ਓ.) ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਅੱਜ ਆਪਣੇ ਪਾਕਿਸਤਾਨੀ ਹਮਰੁਤਬਾ ਨਾਲ ਗੱਲਬਾਤ ਕੀਤੀ। ਇਹ ਦੂਜੀ ਵਾਰ ਹੈ ਜਦੋਂ ਦੋਵਾਂ ਦੇਸ਼ਾਂ ਦੇ ਡੀਜੀਐੱਮਓ ਨੇ ਗੱਲਬਾਤ ਕੀਤੀ।

ਇਸ ਤੋਂ ਪਹਿਲਾਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਕਿਹਾ ਸੀ ਕਿ ਪਾਕਿਸਤਾਨ ਦੇ ਡੀਜੀਐੱਮਓ ਮੇਜਰ ਜਨਰਲ ਕਾਸ਼ਿਫ ਅਬਦੁੱਲਾ ਨੇ 10 ਮਈ ਨੂੰ ਭਾਰਤ ਦੇ ਡੀਜੀਐੱਮਓ ਨੂੰ ਫੋਨ ਕੀਤਾ ਸੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ 'ਤੇ ਸਹਿਮਤੀ ਬਣੀ ਸੀ।

## ਸੂਬਿਆਂ ਨੂੰ ਅਪਰਾਧਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੀ ਲੋੜ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ
================

**ਸਰਵਉਚ ਅਦਾਲਤ ਨੇ ਕੇਂਦਰ ਤੋਂ ਦੋ ਹ਼ਫਤਿਆਂ 'ਚ ਜਵਾਬ ਮੰਗਿਆ**

ਨਵੀਂ ਦਿੱਲੀ, 12 ਮਈ :ਦੇਸ਼ ਦੀ ਸਰਵਉਚ ਅਦਾਲਤ ਨੇ ਵਿਸ਼ੇਸ਼ ਕਾਨੂੰਨਾਂ ਤਹਿਤ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਕੇਂਦਰ ਅਤੇ ਸੂਬਿਆਂ ਲਈ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ 'ਤੇ ਜ਼ੋਰ ਦਿੰਦਿਆਂ ਕੇਂਦਰ ਨੂੰ ਦੋ ਹ਼ਫਤਿਆਂ ਵਿੱਚ ਆਪਣਾ ਪੱਖ ਰੱਖਣ ਲਈ ਕਿਹਾ ਹੈ। ਜਸਟਿਸ ਸੂਰਿਆ ਕਾਂਤ ਅਤੇ ਐੱਨ.ਕੋਟੀਸ਼ਵਰ ਸਿੰਘ ਦੇ ਬੈਂਚ ਨੇ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਦੇ ਇੱਕ ਨਕਸਲੀ ਹਮਦਰਦ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕੀਤੀ ਜਿਸ ਵਿਚ ਪੁਲਿਸ ਟੀਮ ਦੇ 15 ਮੁਲਾਜ਼ਮ ਧਮਾਕੇ ਵਿੱਚ ਮਾਰੇ ਗਏ ਸਨ ਤੇ ਇਸ ਵਿਅਕਤੀ 'ਤੇ ਮਾਮਲਾ ਦਰਜ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਜਦੋਂ ਵਿਸ਼ੇਸ਼ ਕਾਨੂੰਨਾਂ ਤਹਿਤ ਮੁਕੱਦਮੇ ਹੋਣੇ ਹਨ ਤਾਂ ਸੰਘ ਜਾਂ ਰਾਜਾਂ ਲਈ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਉਹ ਤੇਜ਼ ਕਾਰਵਾਈ ਯਕੀਨੀ ਬਣਾਉਣ ਲਈ ਢੁਕਵੇਂ ਬੁਨਿਆਦੀ ਢਾਂਚੇ ਨਾਲ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਕਰੇ। ਅਦਾਲਤ ਨੇ ਕੇਂਦਰ ਅਤੇ ਮਹਾਰਾਸ਼ਟਰ ਸਰਕਾਰ ਨੂੰ ਕਿਹਾ ਕਿ ਉਹ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਵਿਸ਼ੇਸ਼ ਕਾਨੂੰਨਾਂ ਦੇ ਨਿਆਂਇਕ ਪ੍ਰਭਾਵ ਦਾ ਮੁਲਾਂਕਣ ਕਿਉਂ ਨਹੀਂ ਕਰਦੇ। ਬੈਂਚ ਨੇ ਕਿਹਾ, 'ਅਸੀਂ ਵਾਰ-ਵਾਰ ਕਹਿੰਦੇ ਰਹੇ ਹਾਂ ਕਿ ਜੱਜ ਅਤੇ ਅਦਾਲਤਾਂ ਕਿੱਥੇ ਹਨ ? ਜੇਕਰ ਤੁਸੀਂ ਮੌਜੂਦਾ ਜੱਜਾਂ 'ਤੇ ਵਿਸ਼ੇਸ਼ ਕਾਨੂੰਨਾਂ ਤਹਿਤ ਵਾਧੂ ਕੇਸਾਂ ਦਾ ਬੋਝ ਪਾਉਂਦੇ ਹੋ ਤਾਂ ਤੁਸੀਂ ਗੰਭੀਰ ਮਾਮਲਿਆਂ ਵਿਚ ਤੇਜ਼ੀ ਨਾਲ ਸੁਣਵਾਈ ਕਿਵੇਂ ਕਰ ਸਕਦੇ ਹੋ ?

## ਜੰਗਬੰਦੀ ਮਗਰੋਂ ਮੁੜ ਖੁੱਲ੍ਹੇ ਚੰਡੀਗੜ੍ਹ-ਅੰਮ੍ਰਿਤਸਰ ਸਣੇ 32 ਹਵਾਈ ਅੱਡੇ

ਨਵੀਂ ਦਿੱਲੀ, 12 ਮਈ (ਚੜ੍ਹਦੀਕਲਾ ਬਿਊਰੋ) : 7 ਮਈ ਮਗਰੋਂ ਭਾਰਤ-ਪਾਕਿਸਤਾਨ ਵਿਚਕਾਰ ਬਣੀ ਹੋਈ ਤਣਾਅਪੂਰਨ ਸਥਿਤੀ ਕਾਰਨ ਦੇਸ਼ ਦੇ 32 ਹਵਾਈ ਅੱਡਿਆਂ ਨੂੰ ਬੰਦ ਕਰ ਦਿੱਤਾ ਗਿਆ ਸੀ। ਹੁਣ 10 ਮਈ ਨੂੰ ਦੋਵਾਂ ਦੇਸ਼ਾਂ ਵਿਚਾਲੇ ਹੋਈ ਜੰਗਬੰਦੀ ਮਗਰੋਂ ਸਿਵਲ ਏਵੀਏਸ਼ਨ ਅਧਿਕਾਰੀਆਂ ਨੇ 32 ਹਵਾਈ ਅੱਡਿਆਂ ਨੂੰ ਦੁਬਾਰਾ ਖੋਲ੍ਹਣ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਕਾਰਨ ਸ਼੍ਰੀਨਗਰ, ਚੰਡੀਗੜ੍ਹ ਅਤੇ ਅੰਮ੍ਰਿਤਸਰ ਸਮੇਤ ਉੱਤਰੀ ਅਤੇ ਪੱਛਮੀ ਭਾਰਤ ਦੇ 32 ਹਵਾਈ ਅੱਡਿਆਂ ਤੋਂ ਸਿਵਲ ਉਡਾਣ ਸੰਚਾਲਨ 9 ਮਈ ਤੋਂ 15 ਮਈ ਤੱਕ ਮੁਅੱਤਲ ਕਰ ਦਿੱਤੇ ਗਏ ਸਨ।ਭਾਰਤੀ ਏਅਰਪੋਰਟ ਅਥਾਰਟੀ ਹੋਰ ਏਵੀਏਸ਼ਨ ਅਧਿਕਾਰੀਆਂ (ਬਾਕੀ ਸਫਾ 2 'ਤੇ)

## ਪਾਣੀ ਦੇ ਮੁੱਦੇ 'ਤੇ ਪੰਜਾਬ ਸਰਕਾਰ ਬੀ.ਬੀ.ਐਮ.ਬੀ. ਖ਼ਿਲਾਫ਼ ਪੁੱਜੀ ਹਾਈਕੋਰਟ

ਚੜ੍ਹਦੀਕਲਾ ਬਿਊਰੋ
================




ਚੰਡੀਗੜ੍ਹ, 12 ਮਈ: ਪੰਜਾਬ ਸਰਕਾਰ ਨੇ ਹਰਿਆਣਾ ਨੂੰ ਪਾਣੀ ਛੱਡਣ ਸਬੰਧੀ 6 ਮਈ ਦੇ ਹੁਕਮਾਂ ਨੂੰ ਚੁਣੌਤੀ ਦਿੰਦਿਆਂ ਅਦਾਲਤ ਵਿੱਚ ਇੱਕ ਸਮੀਖਿਆ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਇਸ ਹੁਕਮ ਨੂੰ ਗਲਤ ਅਤੇ ਮਾਣਯੋਗ ਅਦਾਲਤ ਅੱਗੇ ਪੇਸ਼ ਕੀਤੀ ਗਈ ਗੁੰਮਰਾਹਕੁੰਨ ਜਾਣਕਾਰੀ 'ਤੇ ਅਧਾਰਤ ਦੱਸਿਆ ਗਿਆ ਹੈ।

ਹੋਰ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਟੀਸ਼ਨ ਵਿੱਚ ਦੱਸਿਆ ਕਿ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੇ ਪਾਣੀ ਨੂੰ ਗੈਰ-ਕਾਨੂੰਨੀ ਤੌਰ 'ਤੇ ਹਰਿਆਣਾ ਵੱਲ ਭੇਜਣ ਦੀ ਕੋਸ਼ਿਸ਼ ਕਰ ਰਿਹਾ ਹੈ।ਪੰਜਾਬ ਸਰਕਾਰ ਨੇ ਪ੍ਰਕਿਰਿਆ ਸਬੰਧੀ ਬੇਨਿਯਮੀਆਂ ਅਤੇ ਤੱਥਾਂ ਦੀ ਗਲਤ ਪੇਸ਼ਕਾਰੀ 'ਤੇ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ ਜੋ ਇਸ ਵਿਵਾਦਤ ਹੁਕਮ ਜਾਰੀ ਕਰਨ ਦਾ ਕਾਰਨ ਬਣੀਆਂ।

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ 2 ਮਈ ਦੀ ਮੀਟਿੰਗ ਨੂੰ ਰਸਮੀ ਤੌਰ 'ਤੇ ਫੈਸਲਾ ਲੈਣ ਵਾਲੇ ਮੰਚ ਵਜੋਂ ਗਲਤ ਢੰਗ ਨਾਲ ਪੇਸ਼ ਕਰਕੇ ਅਦਾਲਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਦੱਸਿਆ ਕਿ ਸੂਬੇ ਦੇ ਅਧਿਕਾਰੀਆਂ ਨੂੰ ਮੀਟਿੰਗ ਸਬੰਧੀ ਕੋਈ ਵੀ ਰਸਮੀ ਮਿੰਟ ਪ੍ਰਦਾਨ ਨਹੀਂ ਕੀਤਾ ਗਿਆ। (ਬਾਕੀ ਸਫਾ 2 'ਤੇ)

### ਪੰਜਾਬ ਵੱਲੋਂ ਹਾਈ ਕੋਰਟ ਨੂੰ ਗੁੰਮਰਾਹ ਕਰਨ ਲਈ ਬੀ.ਬੀ.ਐਮ.ਬੀ. ਚੇਅਰਮੈਨ 'ਤੇ ਕਾਰਵਾਈ ਦੀ ਮੰਗ

ਚੰਡੀਗੜ੍ਹ, 12 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਨੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਦੇ ਚੇਅਰਮੈਨ ਸ੍ਰੀ ਮਨੋਜ ਤ੍ਰਿਪਾਠੀ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅੱਗੇ ਜਾਣਬੁੱਝ ਕੇ ਤੱਥਾਂ ਦੀ ਗਲਤ ਪੇਸ਼ਕਾਰੀ ਕਰਨ ਦੇ ਦੋਸ਼ ਵਿੱਚ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।
ਸੀ.ਐਮ. ਨੰ. 123 ਆਫ 2025 ਖਿਲਾਫ ਸੀ.ਡਬਲਿਊ.ਪੀ. ਪੀ.ਆਈ.ਐਲ ਨੰ. 101 ਆਫ 2025 ਵਿੱਚ ਵਿਸਤ੍ਰਿਤ ਜਵਾਬ ਵਜੋਂ ਦਾਇਰ ਕੀਤੇ ਗਏ ਇੱਕ ਠੋਸ ਸ਼ਬਦਾਂ ਦੇ ਸੰਦਰਭ (ਬਾਕੀ ਸਫਾ 2 'ਤੇ)

## ਪੰਜਾਬ 'ਤੇ ਪਾਕਿਸਤਾਨ ਦਾ ਸਾਈਬਰ ਹਮਲਾ

ਚੰਡੀਗੜ੍ਹ, 12 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਪੁਲਿਸ ਨੇ ਸੂਬੇ ਦੇ ਲੋਕਾਂ ਨੂੰ ਪਾਕਿਸਤਾਨ ਦੇ ਇੱਕ ਹੋਰ ਕਾਇਰਾਨਾ ਕਾਰੇ ਬਾਰੇ ਸੁਚੇਤ ਕੀਤਾ ਹੈ। ਪੰਜਾਬ ਪੁਲਿਸ ਵੱਲੋਂ ਜਾਰੀ ਕੀਤੇ ਗਏ ਇੱਕ ਅਲਰਟ ਵਿੱਚ, ਪਾਕਿਸਤਾਨੀ ਸਾਈਬਰ ਹਮਲਾਵਰਾਂ ਵੱਲੋਂ ਸਾਈਬਰ ਹਮਲੇ ਬਾਰੇ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ ਪੁਲਿਸ ਵੱਲੋਂ ਲੋਕਾਂ ਨੂੰ ਇਸ ਸਬੰਧੀ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਨਾਲ ਹੀ, ਕਿਸੇ ਵੀ ਅਣਜਾਣ ਲਿੰਕ 'ਤੇ ਕਲਿੱਕ ਨਾ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।ਪੰਜਾਬ ਪੁਲਿਸ ਵੱਲੋਂ ਸੋਸ਼ਲ ਮੀਡੀਆ ਉੱਤੇ ਲਿਖਿਆ ਗਿਆ ਹੈ ਕਿ ਸਾਈਬਰ ਅਲਰਟ: ਪਾਕਿਸਤਾਨ ਆਧਾਰਿਤ ਮਾਲਵੇਅਰ ਖ਼ਤਰਾ "Dance of the Hillary" ਨਾਂ ਵਾਲਾ ਇੱਕ ਖਤਰਨਾਕ ਮਾਲਵੇਅਰ ਪਾਕਿਸਤਾਨ ਆਧਾਰਤ ਹੈਕਰਾਂ ਵੱਲੋਂ ਭਾਰਤੀ ਯੂਜ਼ਰਾਂ ਨੂੰ ਵਟਸਐਪ, ਫੇਸਬੁਕ ਅਤੇ ਈਮੇਲ ਰਾਹੀਂ ਭੇਜਿਆ ਜਾ ਰਿਹਾ ਹੈ। (ਬਾਕੀ ਸਫਾ 2 'ਤੇ)

## ਭਾਰਤ ਦੇ ਹਮਲੇ ਤੋਂ ਡਰ ਕੇ ਬੰਕਰ 'ਚ ਲੁਕ ਗਏ ਸਨ ਪਾਕਿਸਤਾਨ ਦੇ ਫ਼ੌਜ ਮੁਖੀ ਜਨਰਲ ਮੁਨੀਰ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 12 ਮਈ : ਭਾਰਤ ਦੇ ਹਮਲਿਆਂ ਦੌਰਾਨ ਪਾਕਿਸਤਾਨੀ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਬੰਕਰ ਵਿੱਚ ਲੁਕਣਾ ਪਿਆ। 10 ਮਈ ਨੂੰ ਭਾਰਤ ਨੇ ਰਾਵਲਪਿੰਡੀ ਦੇ ਨੂਰ ਖਾਨ ਏਅਰ ਬੇਸ 'ਤੇ ਹਵਾਈ ਹਮਲੇ ਕੀਤੇ। ਇਸ ਸਮੇਂ ਦੌਰਾਨ, ਜਨਰਲ ਮੁਨੀਰ ਨੂੰ ਦੋ ਤੋਂ ਤਿੰਨ ਘੰਟੇ ਬੰਕਰ ਵਿੱਚ ਲੁਕਿਆ ਰਹਿਣਾ ਪਿਆ। ਜੰਗਬੰਦੀ ਤੋਂ ਬਾਅਦ ਪਾਕਿਸਤਾਨੀ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਹੁਣ ਇੱਕ ਸੁਰੱਖਿਅਤ ਘਰ ਲਿਜਾਇਆ ਗਿਆ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਤੋਂ ਬਾਅਦ ਵੀ ਪਾਕਿ ਫੌਜ ਮੁਖੀ ਅਸੀਮ ਮੁਨੀਰ ਬਾਹਰ ਨਹੀਂ ਆ ਰਹੇ ਹਨ। ਇਹ ਦਾਅਵਾ ਨਿਊਜ਼-9 ਦੀ ਰਿਪੋਰਟ ਵਿੱਚ ਕੀਤਾ ਗਿਆ ਹੈ।ਭਾਰਤ ਅਤੇ ਪਾਕਿਸਤਾਨ ਵਿਚਕਾਰ ਚਾਰ ਦਿਨਾਂ (6 ਤੋਂ 10 ਮਈ) ਤੱਕ ਭਿਆਨਕ ਫੌਜੀ ਟਕਰਾਅ ਹੋਇਆ। ਭਾਰਤ ਵੱਲੋਂ ਅੱਤਵਾਦੀ ਟਿਕਾਣਿਆਂ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਪਾਕਿਸਤਾਨ ਨੇ ਡਰੋਨਾਂ ਦਾ ਇੱਕ ਝੁੰਡ ਭਾਰਤ ਭੇਜਿਆ ਸੀ। ਇਸ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਦੇ ਡਰੋਨ ਹਮਲਿਆਂ ਦਾ ਜਵਾਬ ਦਿੰਦੇ ਹੋਏ ਉਸਦੇ ਕਈ ਏਅਰਬੇਸਾਂ 'ਤੇ ਹਵਾਈ ਹਮਲੇ ਕੀਤੇ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਰਾਵਲਪਿੰਡੀ ਦੇ ਨੂਰ ਖਾਨ ਏਅਰਬੇਸ 'ਤੇ ਹਮਲਾ ਸੀ। ਇਸ ਬੇਸ 'ਤੇ ਹੋਏ ਹਮਲੇ ਨੇ ਅਸੀਮ ਮੁਨੀਰ ਨੂੰ ਡਰਾ ਦਿੱਤਾ।

**ਪਾਕਿਸਤਾਨ ਲਈ ਖਾਸ ਹੈ ਨੂਰ ਖਾਨ ਬੇਸ:** ਨੂਰ ਖਾਨ ਏਅਰਬੇਸ ਪਾਕਿਸਤਾਨ ਦੇ ਰਾਵਲਪਿੰਡੀ ਵਿੱਚ ਸਥਿਤ ਹੈ। ਇਸਨੂੰ ਪਾਕਿਸਤਾਨ ਦੇ ਸਭ ਤੋਂ ਮਜ਼ਬੂਤ ਫੌਜੀ ਠਿਕਾਣਿਆਂ (ਬਾਕੀ ਸਫਾ 2 'ਤੇ)

## ਐਸ.ਜੀ.ਪੀ.ਸੀ. ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਅੱਜ

ਅੰਮ੍ਰਿਤਸਰ, 12 ਮਈ (ਬਬਲੂ ਮਹਾਜਨ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ 13 ਮਈ ਨੂੰ ਹੋਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਇਕੱਤਰਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸਵੇਰੇ 11 ਵਜੇ ਕੀਤੀ ਜਾਵੇਗੀ। ਪ੍ਰਤਾਪ ਸਿੰਘ ਨੇ ਦੱਸਿਆ ਕਿ ਵਿਭਾਗੀ ਕੰਮਾਂ-ਕਾਜਾਂ ਨਾਲ ਸਬੰਧਤ ਰੁਟੀਨ ਦੀ ਇਸ ਇਕੱਤਰਤਾ ਦਾ ਏਜੰਡਾ ਪਹਿਲਾਂ ਹੀ ਕਾਰਜਕਾਰਨੀ ਦੇ ਮੈਂਬਰਾਂ ਨੂੰ ਭੇਜਿਆ ਜਾ ਚੁੱਕਾ ਹੈ, ਜਿਸ ਅਨੁਸਾਰ ਕਾਰਵਾਈ ਮੁਕੰਮਲ ਕੀਤੀ ਜਾਵੇਗੀ।

## ਭਾਰਤ ਨੇ ਮਾਲਦੀਵ ਨੂੰ ਦਿੱਤੀ 50 ਮਿਲੀਅਨ ਡਾਲਰ ਦੀ ਵਿੱਤੀ ਸਹਾਇਤਾ

ਚੜ੍ਹਦੀਕਲਾ ਬਿਊਰੋ
================



ਨਵੀਂ ਦਿੱਲੀ, 12 ਮਈ :ਮਾਲਦੀਵ ਦੇ ਵਿਦੇਸ਼ ਮੰਤਰੀ ਅਬਦੁੱਲਾ ਖਲੀਲ ਨੇ ਟਵੀਟ ਕਰਕੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਅਤੇ ਭਾਰਤ ਸਰਕਾਰ ਦਾ 50 ਮਿਲੀਅਨ ਅਮਰੀਕੀ ਡਾਲਰ ਦੇ ਖਜ਼ਾਨਾ ਬਿੱਲਾਂ ਦੇ ਰੋਲਓਵਰ ਰਾਹੀਂ ਮਾਲਦੀਵ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਦਿਲੋਂ ਧੰਨਵਾਦ ਕੀਤਾ। ਭਾਰਤ ਨੇ 50 ਮਿਲੀਅਨ ਡਾਲਰ ਦੇ ਖਜ਼ਾਨਾ ਬਿੱਲਾਂ ਦੇ ਰੋਲਓਵਰ ਰਾਹੀਂ ਮਾਲਦੀਵ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ।

ਮਾਲਦੀਵ ਦੇ ਵਿਦੇਸ਼ ਮੰਤਰੀ ਅਬਦੁੱਲਾ ਖਲੀਲ ਨੇ ਟਵੀਟ ਕੀਤਾ, 'ਮੈਂ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਭਾਰਤ ਸਰਕਾਰ ਦਾ 50 ਮਿਲੀਅਨ ਅਮਰੀਕੀ ਡਾਲਰ ਦੇ ਖਜ਼ਾਨਾ ਬਿੱਲ ਦੇ ਰੋਲਓਵਰ ਰਾਹੀਂ ਮਾਲਦੀਵ ਨੂੰ ਮਹੱਤਵਪੂਰਨ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਦਿਲੋਂ ਧੰਨਵਾਦ ਕਰਦਾ ਹਾਂ। ਇਹ ਸਮੇਂ ਸਿਰ ਸਹਾਇਤਾ ਮਾਲਦੀਵ ਅਤੇ ਭਾਰਤ ਵਿਚਕਾਰ ਦੋਸਤੀ ਦੇ ਨਜ਼ਦੀਕੀ ਸਬੰਧਾਂ ਨੂੰ ਦਰਸਾਉਂਦੀ ਹੈ ਅਤੇ ਆਰਥਿਕ ਲਚਕੀਲੇਪਣ ਲਈ ਵਿੱਤੀ ਸੁਧਾਰਾਂ ਨੂੰ ਲਾਗੂ ਕਰਨ ਲਈ ਸਰਕਾਰ ਦੇ ਚੱਲ ਰਹੇ ਯਤਨਾਂ ਦਾ ਸਮਰਥਨ ਕਰੇਗੀ।' ਮਾਲਦੀਵ ਵਿੱਚ ਭਾਰਤੀ (ਬਾਕੀ ਸਫਾ 2 'ਤੇ)

## ਭਾਰਤ ਤੇ ਪਾਕਿ ਵਿਚਾਲੇ ਜੰਗਬੰਦੀ ਕਿਵੇਂ ਹੋਈ ? ਜ਼ਬਰਦਸਤ ਖ਼ੁਲਾਸਾ

ਚੜ੍ਹਦੀਕਲਾ ਬਿਊਰੋ
================




ਨਵੀਂ ਦਿੱਲੀ, 12 ਮਈ :ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 10 ਮਈ ਦੀ ਸ਼ਾਮ ਨੂੰ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਵਿੱਚ ਵਿਚੋਲੇ ਦੀ ਭੂਮਿਕਾ ਨਿਭਾਈ ਹੈ। ਦਿੱਲੀ ਅਤੇ ਵਾਸ਼ਿੰਗਟਨ ਦੇ ਅਧਿਕਾਰੀਆਂ ਵਿਚਕਾਰ ਪਹਿਲਾਂ ਹੋਈ ਗੱਲਬਾਤ ਤੋਂ ਪਤਾ ਚੱਲਦਾ ਹੈ ਕਿ 9 ਮਈ ਦੀ ਰਾਤ ਤੋਂ 10 ਮਈ ਦੀ ਦੁਪਹਿਰ ਦੇ ਵਿਚਕਾਰ 24 ਘੰਟਿਆਂ ਵਿੱਚ ਅਸਲ ਵਿੱਚ ਕੀ ਹੋਇਆ ਸੀ।

ਗੱਲਬਾਤ ਤੋਂ ਜਾਣੂ ਲੋਕਾਂ ਨੇ ਅੰਗਰੇਜ਼ੀ ਨੂੰ ਦੱਸਿਆ ਕਿ 9 ਮਈ ਦੀ ਰਾਤ ਨੂੰ, ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਅਮਰੀਕਾ ਦੇ ਮੁਲਾਂਕਣ ਤੋਂ ਜਾਣੂ ਕਰਵਾਇਆ ਕਿ ਤਣਾਅ ਵਿੱਚ ਨਾਟਕੀ ਵਾਧਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਵੈਂਸ ਨੇ ਮੋਦੀ 'ਤੇ ਦਬਾਅ ਪਾਇਆ ਕਿ ਉਹ ਅਜਿਹਾ ਰਸਤਾ ਅਪਣਾਉਣ ਜੋ ਪਾਕਿਸਤਾਨ ਨੂੰ ਸਵੀਕਾਰ ਹੋਵੇ।

ਇਹ ਸਮਝਿਆ ਜਾਂਦਾ ਹੈ ਕਿ ਮੋਦੀ ਨੇ ਉਨ੍ਹਾਂ ਦੀ ਗੱਲ ਸੁਣੀ। ਉਨ੍ਹਾਂ ਨੇ ਵੈਂਸ ਨੂੰ ਕਿਹਾ ਕਿ ਜੇਕਰ ਪਾਕਿਸਤਾਨ ਕੁਝ ਕਰਦਾ ਹੈ, ਤਾਂ ਉਸਨੂੰ ਸਮਝਣਾ ਚਾਹੀਦਾ ਹੈ ਕਿ ਭਾਰਤ ਦਾ ਜਵਾਬ ਬਹੁਤ ਸਖ਼ਤ ਹੋਵੇਗਾ। ਦੂਜੇ ਸ਼ਬਦਾਂ ਵਿੱਚ, ਜਵਾਬ ਇਹ ਸੀ ਕਿ ਨਵੀਂ ਦਿੱਲੀ ਨੂੰ ਪਾਕਿਸਤਾਨ ਨੂੰ ਕੋਈ ਮੌਕਾ ਦੇਣ ਦੀ ਜ਼ਰੂਰਤ ਨਹੀਂ ਸੀ। ਮੋਦੀ ਦੇ ਰੁਖ਼ ਨੂੰ ਸਪੱਸ਼ਟ ਕਰਦੇ ਹੋਏ, ਸੂਤਰ ਨੇ ਦੱਸਿਆ ਕਿ ਉਹ ਬਿਹਤਰ ਢੰਗ ਨਾਲ ਦੇਖਣਗੇ ਕਿ ਉਹ ਕੀ ਕਰ ਰਹੇ ਹਨ।

ਵੈਂਸ-ਮੋਦੀ ਗੱਲਬਾਤ ਦੇ ਕੁਝ ਘੰਟਿਆਂ ਦੇ ਅੰਦਰ ਹੀ, ਪਾਕਿਸਤਾਨੀਆਂ ਨੇ ਇੱਕ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਦੇ ਡਰੋਨ ਅਤੇ ਮਿਜ਼ਾਈਲਾਂ ਨੇ ਆਦਮਪੁਰ ਵਿੱਚ ਹਵਾਈ ਅੱਡੇ ਅਤੇ ਨਗਰੋਟਾ ਵਿੱਚ ਫੌਜੀ ਅੱਡੇ ਸਮੇਤ 26 ਥਾਵਾਂ ਨੂੰ ਨਿਸ਼ਾਨਾ ਬਣਾਇਆ। ਭਾਰਤ ਦਾ ਜਵਾਬ ਬਿਲਕੁਲ ਉਸੇ ਤਰ੍ਹਾਂ ਸੀ ਜਿਵੇਂ ਪ੍ਰਧਾਨ ਮੰਤਰੀ ਮੋਦੀ ਨੇ ਵਾਅਦਾ ਕੀਤਾ ਸੀ। ਸੂਤਰ ਨੇ ਕਿਹਾ, 'ਉਨ੍ਹਾਂ ਦੇ ਅੱਠ ਹਵਾਈ ਅੱਡਿਆਂ ਨੂੰ ਤਬਾਹ ਕਰ ਦਿਓ।'10 ਮਈ ਦੀ ਸਵੇਰ ਨੂੰ, ਭਾਰਤ ਵੱਲੋਂ ਕੀਤੇ ਗਏ ਪਹਿਲੇ ਹਮਲੇ ਤੋਂ ਬਾਅਦ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਫ਼ੋਨ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪਾਕਿਸਤਾਨ ਦੇ ਫੌਜ ਮੁਖੀ ਸਈਅਦ ਅਸੀਮ ਮੁਨੀਰ ਨਾਲ ਗੱਲ ਕੀਤੀ ਸੀ। ਦੱਸਿਆ ਜਾ ਰਿਹਾ ਹੈ ਕਿ ਰੂਬੀਓ ਨੇ ਕਿਹਾ ਹੈ ਕਿ ਭਾਰਤ ਦਾ 'ਤੁਸੀਂ ਗੋਲੀ ਨਹੀਂ ਮਾਰੋਗੇ, ਅਸੀਂ ਗੋਲੀ ਨਹੀਂ ਮਾਰਾਂਗੇ' ਦਾ ਫਾਰਮੂਲਾ ਪਾਕਿਸਤਾਨ ਲਈ ਚੰਗਾ ਹੈ। (ਬਾਕੀ ਸਫਾ 2 'ਤੇ)

## ਪਾਕਿਸਤਾਨੀ ਗੋਲ਼ੀਬਾਰੀ ਕਾਰਨ ਘਰ ਛੱਡ ਕੇ ਗਏ ਲੋਕ ਹੁਣ ਆ ਸਕਦੇ ਨੇ ਵਾਪਸ: ਉਮਰ

ਚੜ੍ਹਦੀਕਲਾ ਬਿਊਰੋ
================



ਪੁੰਛ , 12 ਮਈ : ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਨੂੰ ਕਿਹਾ ਕਿ ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਹਾਲ ਦੀ ਪਾਕਿਸਤਾਨੀ ਗੋਲੀਬਾਰੀ ਨਾਲ ਜੰਗ ਵਰਗੇ ਹਾਲਾਤ ਪੈਦਾ ਹੋਏ ਅਤੇ ਜੋ ਲੋਕ ਆਪਣੇ ਘਰ ਛੱਡ ਗਏ ਸਨ, ਉਹ ਵਾਪਸ ਆ ਸਕਦੇ ਹਨ, ਕਿਉਂਕਿ ਦੋਵਾਂ ਦੇਸ਼ਾਂ ਵਿਚਾਲੇ ਹੁਣ ਇਕ ਫ਼ੌਜੀ ਸਹਿਮਤੀ ਬਣ ਗਈ ਹੈ।

ਅਬਦੁੱਲਾ ਨੇ ਪਾਕਿਸਤਾਨੀ ਫ਼ੌਜ ਦੇ ਜਾਰੀ ਗਲਤ ਪ੍ਰਚਾਰ ਨੂੰ ਵੀ ਖਾਰਜ ਕਰਦੇ ਹੋਏ ਕਿਹਾ ਕਿ ਗੁਆਂਢੀ ਦੇਸ਼ ਇਸ ਨੂੰ ਜਾਰੀ ਰੱਖੇਗਾ ਪਰ ਅਸਲੀਅਤ ਦੁਨੀਆਂ ਨੂੰ ਪਤਾ ਹੈ। ਅਬਦੁੱਲਾ ਨੇ ਕਿਹਾ, "ਉਨ੍ਹਾਂ ਨੂੰ (ਸਰਹੱਦੀ ਵਾਸੀਆਂ ਨੂੰ) ਹੁਣ ਆਪਣੇ ਘਰ ਪਰਤ ਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੁੰਛ ਸ਼ਹਿਰ ਦਾ 80 ਤੋਂ 90 ਫੀਸਦੀ ਹਿੱਸਾ ਖ਼ਾਲੀ ਹੈ। ਜਦੋਂ ਗੋਲੀਬਾਰੀ ਹੋ ਰਹੀ ਸੀ, ਉਦੋਂ ਉਹ ਆਪਣੇ ਘਰਾਂ ਨੂੰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਸਨ। ਹੁਣ ਗੋਲੀਬਾਰੀ ਬੰਦ ਹੋ ਗਈ ਹੈ ਤਾਂ ਉਹ ਆਪਣੇ ਘਰਾਂ ਨੂੰ ਪਰਤ ਸਕਦੇ ਹਨ।" ਮੁੱਖ ਮੰਤਰੀ ਅਬਦੁੱਲਾ ਨੇ ਆਪਣੇ (ਬਾਕੀ ਸਫਾ 2 'ਤੇ)

## ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ

# ਮਿਊਂਸੀਪਲ ਕਮਿਸ਼ਨਰ ਅੰਮ੍ਰਿਤਸਰ ਨੂੰ ਜਾਰੀ ਕੀਤਾ ਕਾਰਨ ਦੱਸੋ ਨੋਟਿਸ

### ਮੰਤਰੀ ਡਾ. ਰਵਜੋਤ ਸਿੰਘ ਨੇ ਕੀਤੀ ਕਾਰਵਾਈ; 24 ਘੰਟਿਆਂ 'ਚ ਜਵਾਬ ਦੇਣ ਦੀ ਦਿੱਤੀ ਹਦਾਇਤ

ਚੰਡੀਗੜ੍ਹ, , 12 ਮਈ (ਚ.ਨ.ਸ.) : ਪੰਜਾਬ ਸਰਕਾਰ ਨੇ ਵੱਡਾ ਫ਼ੈਸਲਾ ਲੈਂਦਿਆਂ ਅੰਮ੍ਰਿਤਸਰ ਦੇ ਮਿਊਂਸੀਪਲ ਕਮਿਸ਼ਨਰ ਨੂੰ ਆਪਣੀ ਡਿਊਟੀ 'ਚ ਅਣਗਹਿਲੀ ਵਰਤਣ ਦੇ ਦੋਸ਼ 'ਚ ਸ਼ੋਅ-ਕਾਜ ਨੋਟਿਸ ਜਾਰੀ ਕਰ ਦਿੱਤਾ ਹੈ।



ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਕੁੱਝ ਸਮੇਂ ਤੋਂ ਅੰਮ੍ਰਿਤਸਰ ਸ਼ਹਿਰ ਦੀ ਸਾਫ-ਸਫਾਈ ਸਬੰਧੀ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ। ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀ ਨੇ ਆਪਣੀ ਡਿਊਟੀ ਨਿਭਾਉਣ 'ਚ ਅਣਗਹਿਲੀ ਤੇ ਕੁਤਾਹੀ ਕੀਤੀ ਹੈ, ਜਿਸ ਕਰਕੇ ਇਹ ਵੱਡੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਅਧਿਕਾਰੀ ਨੂੰ ਸ਼ੋਅ-ਕਾਜ ਨੋਟਿਸ ਜਾਰੀ ਕਰਕੇ 24 ਘੰਟਿਆਂ 'ਚ ਆਪਣਾ ਜਵਾਬ ਦਾਖ਼ਲ ਕਰਨ ਦੀ ਹਦਾਇਤ ਕੀਤੀ ਗਈ ਹੈ।

ਡਾ. ਰਵਜੋਤ ਸਿੰਘ ਨੇ ਕਿਹਾ ਕਿ, 'ਮੈਨੂੰ ਅੰਮ੍ਰਿਤਸਰ ਵਿੱਚ ਸਫ਼ਾਈ ਸਬੰਧੀ ਨਾਗਰਿਕਾਂ ਅਤੇ ਮੀਡੀਆ ਵੱਲੋਂ ਕਈ ਸ਼ਿਕਾਇਤਾਂ ਮਿਲੀਆਂ ਹਨ। ਇਸ 'ਤੇ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਅੰਮ੍ਰਿਤਸਰ ਦੇ ਨਗਰ ਨਿਗਮ ਕਮਿਸ਼ਨਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਵਿੱਚ 24 ਘੰਟਿਆਂ ਦੇ ਅੰਦਰ ਜਵਾਬ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ।

ਮੰਤਰੀ ਨੇ ਕਿਹਾ ਕਿ ਅੰਮ੍ਰਿਤਸਰ ਇੱਕ ਪਵਿੱਤਰ ਸ਼ਹਿਰ ਹੈ, ਇਸਦੀ ਸਾਫ-ਸਫਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਉਨ੍ਹਾਂ ਸਮੁੱਚੇ ਪੰਜਾਬ ਦੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਉਚੇਚੇ ਤੌਰ 'ਤੇ ਚੰਗੇ ਸਫਾਈ ਪ੍ਰਬੰਧ ਯਕੀਨੀ ਬਣਾਏ ਜਾਣ। ਉਨ੍ਹਾਂ ਲੋਕਾਂ ਦੀ ਸਿਹਤ ਉਚੇਚਾ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਗਰਮੀ ਦੇ ਮੌਸਮ 'ਚ ਮਲੇਰੀਆ, ਡੇਂਗੂ ਤੇ ਗੰਦਗੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸ਼ਹਿਰਾਂ ਦੀ ਮੁਕੰਮਲ ਸਫਾਈ ਯਕੀਨੀ ਬਣਾਉਣ ਲਈ ਕਿਹਾ।

ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸੇ ਵੀ ਅਧਿਕਾਰੀ/ਕਰਮਚਾਰੀ ਦੀ ਡਿਊਟੀ 'ਚ ਅਣਗਹਿਲੀ ਤੇ ਕੁਤਾਹੀ ਬਰਦਾਸ਼ਤ ਨਹੀ ਕਰੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਚੰਗਾ ਤੇ ਮਜ਼ਬੂਤ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ ਅਤੇ ਆਪਣੀ ਇਸ ਸੋਚ ਨੂੰ ਸਖ਼ਤੀ ਨਾਲ ਲਾਗੂ ਕਰਨਾ ਵੀ ਯਕੀਨੀ ਬਣਾ ਰਹੀ ਹੈ।

ਸਥਾਨਕ ਸਰਕਾਰਾਂ ਮੰਤਰੀ ਨੇ ਸਮੂਹ ਵਿਭਾਗੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਪੱਸ਼ਟ ਕਰਦਿਆਂ ਕਿਹਾ ਕਿ ਡਿਊਟੀ ਦੌਰਾਨ ਕਿਸੇ ਕਿਸਮ ਦੀ ਢਿੱਲ ਬਰਦਾਸ਼ਤਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਭਵਿੱਖ 'ਚ ਕੋਈ ਅਣਗਹਿਲੀ ਜਾਂ ਕੁਤਾਹੀ ਸਾਹਮਣੇ ਆਉਣ 'ਤੇ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

## ਦਿੱਲੀ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਮੁਲਤਵੀ

ਨਵੀਂ ਦਿੱਲੀ, 12 ਮਈ (ਚ.ਨ.ਸ.): ਦਿੱਲੀ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਮੁਲਤਵੀ ਕਰ ਦਿੱਤਾ ਗਿਆ ਹੈ। ਦਿੱਲੀ ਵਿਧਾਨ ਸਭਾ ਦਾ ਸੈਸ਼ਨ ਮੰਗਲਵਾਰ ਤੋਂ ਸ਼ੁਰੂ ਹੋਣ ਵਾਲਾ ਸੀ। ਇਹ ਸੈਸ਼ਨ ਅੱਠਵੀਂ ਵਿਧਾਨ ਸਭਾ ਦੇ ਬਜਟ ਸੈਸ਼ਨ ਦਾ ਦੂਜਾ ਹਿੱਸਾ ਹੈ। ਵਿਧਾਨ ਸਭਾ ਦੇ ਅਧਿਕਾਰੀਆਂ ਅਨੁਸਾਰ, ਇਸ ਸੈਸ਼ਨ ਵਿੱਚ, ਸਰਕਾਰ ਦਿੱਲੀ ਸਕੂਲ ਸਿੱਖਿਆ ਫੀਸ ਨਿਰਧਾਰਨ ਅਤੇ ਨਿਯਮਨ ਪਾਰਦਰਸ਼ਤਾ ਬਿੱਲ ਸਦਨ ਵਿੱਚ ਪੇਸ਼ ਕਰ ਸਕਦੀ ਹੈ ਅਤੇ ਇਸਨੂੰ ਪਾਸ ਕਰਵਾ ਸਕਦੀ ਹੈ। ਦਿੱਲੀ ਕੈਬਨਿਟ ਨੇ 29 ਅਪ੍ਰੈਲ ਨੂੰ ਰਾਜਧਾਨੀ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੀਆਂ ਫ਼ੀਸਾਂ ਨੂੰ ਨਿਯਮਤ ਕਰਨ ਲਈ ਇੱਕ ਖਰੜਾ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਸੀ ਅਤੇ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਸੀ ਕਿ ਇਸਨੂੰ ਪਾਸ ਕਰਨ ਲਈ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਬੁਲਾਇਆ ਜਾਵੇਗਾ। ਬਜਟ ਸੈਸ਼ਨ ਦੇ ਪਹਿਲੇ ਹਿੱਸੇ ਤਹਿਤ ਮੁੱਖ ਮੰਤਰੀ ਰੇਖਾ ਗੁਪਤਾ ਨੇ ਆਪਣਾ ਪਹਿਲਾ ਬਜਟ ਪੇਸ਼ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ 2025-26 ਲਈ 1 ਲੱਖ ਕਰੋੜ ਰੁਪਏ ਦੇ ਖਰਚੇ ਵਾਲਾ ਬਜਟ ਪੇਸ਼ ਕੀਤਾ।

## ਸੁਪਰੀਮ ਕੋਰਟ ਵੀ ਕਲਕੱਤਾ ਹਾਈ ਕੋਰਟ ਨਾਲ ਸਹਿਮਤ

# 'ਘਰ ਦੇ ਸਾਰੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸੀ.ਸੀ.ਟੀ.ਵੀ. ਨਹੀਂ ਲਗਾਏ ਜਾ ਸਕਦੇ'

ਨਵੀਂ ਦਿੱਲੀ , 12 ਮਈ (ਚ.ਨ.ਸ.): ਸੁਪਰੀਮ ਕੋਰਟ ਨੇ (9 ਮਈ) ਨੂੰ ਕਲਕੱਤਾ ਹਾਈ ਕੋਰਟ ਦੇ ਉਸ ਫ਼ੈਸਲੇ 'ਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਘਰ ਦੇ ਸਾਰੇ ਲੋਕਾਂ ਦੀ ਸਹਿਮਤੀ ਤੋਂ ਬਿਨਾਂ ਸੀਸੀਟੀਵੀ ਕੈਮਰੇ ਨਹੀਂ ਲਗਾਏ ਜਾ ਸਕਦੇ। ਜਸਟਿਸ ਦੀਪਾਂਕਰ ਦੱਤਾ ਅਤੇ ਮਨਮੋਹਨ ਦੇ ਬੈਂਚ ਨੇ ਹਾਈ ਕੋਰਟ ਦੇ ਫ਼ੈਸਲੇ ਵਿਰੁੱਧ ਦਾਇਰ ਵਿਸ਼ੇਸ਼ ਅਨੁਮਤੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਇਹ ਝਗੜਾ ਦੋ ਭਰਾਵਾਂ ਵਿਚਕਾਰ ਸੀ, ਜਿਨ੍ਹਾਂ ਵਿੱਚੋਂ ਇੱਕ ਨੇ ਦੂਜੇ ਭਰਾ ਦੁਆਰਾ ਆਪਣੀ ਸਾਂਝੀ ਇਮਾਰਤ ਦੇ ਰਿਹਾਇਸ਼ੀ ਹਿੱਸੇ ਵਿੱਚ ਉਸਦੀ ਸਹਿਮਤੀ ਤੋਂ ਬਿਨਾਂ ਸੀਸੀਟੀਵੀ ਕੈਮਰੇ ਲਗਾਉਣ 'ਤੇ ਇਤਰਾਜ਼ ਕੀਤਾ ਸੀ।ਦੱਸਿਆ ਜਾ ਰਿਹਾ ਹੈ ਕਿ ਸੀਸੀਟੀਵੀ ਕੀਮਤੀ ਸੰਗ੍ਰਹਿ ਦੀ ਨਿਗਰਾਨੀ ਕਰਨ ਅਤੇ ਰਿਹਾਇਸ਼ ਵਿੱਚ ਸੁਰੱਖਿਅਤ ਕੀਮਤੀ ਜਾਇਦਾਦ ਅਤੇ ਦੁਰਲੱਭ ਪੁਰਾਤਨ ਵਸਤੂਆਂ ਦੀ ਸੁਰੱਖਿਆ ਲਈ ਲਗਾਏ ਜਾਣੇ ਸਨ। ਹਾਈ ਕੋਰਟ ਦੇ ਜਸਟਿਸ ਸਬਿਆਸਾਚੀ ਭੱਟਾਚਾਰੀਆ ਅਤੇ ਉਦੈ ਕੁਮਾਰ ਦੀ ਡਿਵੀਜ਼ਨ ਬੈਂਚ ਨੇ ਕਿਹਾ ਕਿ ਹਾਈ ਕੋਰਟ ਨੇ ਕਿਹਾ ਕਿ ਸਹਿ-ਨਿਵਾਸੀਆਂ ਜਾਂ ਸਹਿ-ਟਰੱਸਟੀ ਦੀ ਸਹਿਮਤੀ ਤੋਂ ਬਿਨਾਂ ਰਿਹਾਇਸ਼ ਦੇ ਰਿਹਾਇਸ਼ੀ ਹਿੱਸੇ ਦੇ ਅੰਦਰ ਸੀਸੀਟੀਵੀ ਕੈਮਰੇ ਲਗਾਉਣਾ ਉਨ੍ਹਾਂ ਦੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ।ਜਸਟਿਸ ਕੇ.ਐਸ. ਪੁੱਟਾਸਵਾਮੀ (ਸੇਵਾਮੁਕਤ) ਅਤੇ ਹੋਰ ਬਨਾਮ ਯੂਨੀਅਨ ਆਫ਼ ਇੰਡੀਆ, ਏਆਈਆਰ 2017 ਐਸਸੀ 4161 ਵਿੱਚ, ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਫ਼ੈਸਲਾ ਸੁਣਾਇਆ ਕਿ ਹਰੇਕ ਵਿਅਕਤੀ ਦੇ ਨਿੱਜਤਾ ਦੇ ਅਧਿਕਾਰ ਦੀ ਭਾਰਤੀ ਸੰਵਿਧਾਨ ਦੀ ਧਾਰਾ 21 ਦੁਆਰਾ ਗਰੰਟੀ ਹੈ ਅਤੇ ਸੁਰੱਖਿਅਤ ਹੈ ਕਿਉਂਕਿ ਇਹ ਜੀਵਨ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਕਿਸੇ ਵਿਅਕਤੀ ਦੀ ਇੱਜ਼ਤ, ਖੁਦਮੁਖਤਿਆਰੀ ਅਤੇ ਪਛਾਣ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਸਥਿਤੀ ਵਿੱਚ ਇਸਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਨਿੱਜਤਾ ਦੇ ਅਧਿਕਾਰ ਨੂੰ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਇਕਰਾਰਨਾਮੇ 'ਚ ਵੀ ਇੱਕ ਮੌਲਿਕ ਅਧਿਕਾਰ ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਅਧਿਕਾਰ ਵਿਅਕਤੀ ਦੇ ਅੰਦਰੂਨੀ ਖੇਤਰ ਦੀ ਸੁਰੱਖਿਆ ਲਈ ਬੁਨਿਆਦੀ ਹੈ।



## ਸਾਡੇ ਸਾਰੇ ਫੌਜੀ ਅੱਡੇ 'ਤੇ ਸਿਸਟਮ ਪੂਰੀ ਤਰ੍ਹਾਂ ਕਾਰਜਸ਼ੀਲ

ਮਗਰੋਂ ਭਾਰਤੀ ਹਮਲੇ ਕਾਰਨ ਪਾਕਿਸਤਾਨ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਇਹ ਨੁਕਸਾਨ ਉਨ੍ਹਾਂ ਨੂੰ ਅੱਤਵਾਦੀਆਂ ਦਾ ਸਾਥ ਦੇਣ ਦੀ ਗ਼ਲਤੀ ਕਾਰਨ ਉਠਾਉਣਾ ਪਿਆ ਹੈ।

ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਦੀ ਸੁਰੱਖਿਆ ਲਈ ਭਾਰਤੀ ਫ਼ੌਜ ਚੱਟਾਨ ਵਾਂਗ ਖੜ੍ਹੀ ਰਹੀ ਤੇ ਪਾਕਿਸਤਾਨ ਦੇ ਇਕ ਵੀ ਹਮਲੇ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਗਿਆ। ਭਾਵੇਂ ਕਿ ਪਾਕਿਸਤਾਨ ਦੇ ਹਥਿਆਰ ਆਧੁਨਿਕ ਤਕਨੀਕ ਦੇ ਸਨ, ਪਰ ਭਾਰਤ ਦੇ ਪੁਰਾਣੇ ਏਅਰ ਡਿਫੈਂਸ , ਜਿਵੇਂ ਕਿ ਪਿਚੋਰਾ ਨੂੰ ਵੀ ਉਨ੍ਹਾਂ ਦੇ ਹਥਿਆਰ ਕੋਈ ਨੁਕਸਾਨ ਨਹੀਂ ਪਹੁੰਚਾ ਸਕੇ। ਇਸ ਗੱਲ ਤੋਂ ਭਾਰਤੀ ਫੌਜ ਦੀ ਤਾਕਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।ਇਸ ਮਗਰੋਂ ਅਧਿਕਾਰੀਆਂ ਨੇ ਦੱਸਿਆ ਕਿ ਅਸੀਂ ਲੇਜ਼ਰ ਗੰਨ ਰਾਹੀਂ ਪਾਕਿਸਤਾਨੀ ਡਰੋਨ ਢੇਰ ਕੀਤੇ ਸਨ। ਫ਼ੌਜ ਨੇ 9 ਅਤੇ 10 ਮਈ ਨੂੰ ਪਾਕਿਸਤਾਨ ਵੱਲੋਂ ਕੀਤੇ ਗਏ ਡਰੋਨ ਹਮਲਿਆਂ ਨੂੰ ਨਾਕਾਮ ਕੀਤਾ ਸੀ। ਅਸੀਂ ਸਰਹੱਦ ਪਾਰ ਕੀਤੇ ਬਗ਼ੈਰ ਪਾਕਿਸਤਾਨ 'ਚ ਸਥਿਤ ਅੱਤਵਾਦੀ ਟਿਕਾਣਿਆਂ 'ਤੇ ਸਟੀਕ ਹਮਲੇ ਕੀਤੇ। ਸਾਡਾ ਏਅਰ ਡਿਫੈਂਸ ਮਲਟੀ ਲੇਅਰਡ, ਜਿਸ ਕਾਰਨ ਪਾਕਿਸਤਾਨ ਦੀ ਕੋਈ ਵੀ ਹਵਾਈ ਹਮਲੇ ਦੀ ਕੋਸ਼ਿਸ਼ ਸਫ਼ਲ ਨਹੀਂ ਹੋ ਸਕੀ।

ਉਨ੍ਹਾਂ ਅੱਗੇ ਕਿਹਾ ਕਿ ਸਾਡੇ ਸ਼ਾਨਦਾਰ ਏਅਰ ਡਿਫੈਂਸ ਸਿਸਟਮ ਕਾਰਨ ਸਾਡੇ ਫ਼ੌਜੀ ਟਿਕਾਣਿਆਂ 'ਤੇ ਹਮਲਾ ਨਾਮੁਮਕਿਨ ਸੀ, ਜਿਸ ਕਾਰਨ ਸਾਡੇ ਸਾਰੇ ਏਅਰ ਬੇਸ, ਫ਼ੌਜੀ ਬੇਸ ਤੇ ਹਥਿਆਰ ਪੂਰੀ ਤਰ੍ਹਾਂ ਨਾਲ ਆਪਰੇਸ਼ਨਲ ਹਾਲਤ 'ਚ ਹਨ ਤੇ ਅਸੀਂ ਅੱਗੇ ਜੇਕਰ ਕੋਈ ਵੀ ਹਮਲਾ ਹੁੰਦਾ ਹੈ, ਤਾਂ ਉਸ ਲਈ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ। ਉਨ੍ਹਾਂ ਅੱਗੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਵਿਚ ਬੀ.ਐੱਸ.ਐੱਫ. ਦਾ ਵੀ ਮਹੱਤਵਪੂਰਨ ਯੋਗਦਾਨ ਹੈ, ਜਿਸ ਨੇ ਸਰਹੱਦ ਤੋਂ ਪਾਕਿਸਤਾਨੀ ਫ਼ੌਜ ਨੂੰ ਫਾਇਰਿੰਗ ਦਾ ਮੂੰਹ ਤੋੜ ਜਵਾਬ ਦਿੱਤਾ।

ਭਾਰਤੀ ਜਲ ਸੈਨਾ ਦੇ ਮੁਖੀ ਨੇ ਕਿਹਾ ਕਿ ਸਾਡੇ ਜੰਗੀ ਬੇੜਿਆਂ ਨੇ ਦੁਸ਼ਮਣ ਦੇ ਜਹਾਜ਼ਾਂ ਨੂੰ ਦੇਸ਼ ਦੇ ਨੇੜੇ ਨਹੀਂ ਆਉਣ ਦਿੱਤਾ। ਅਰਬ ਸਾਗਰ 'ਚ ਵੀ ਅਸੀਂ ਲਗਾਤਾਰ ਨਜ਼ਰ ਬਣਾਈ ਰੱਖੀ। ਇਸ ਤੋਂ ਇਲਾਵਾ ਸਾਡੇ ਆਈ.ਐੱਨ.ਐੱਸ. ਵਿਕਰਾਂਤ ਨੇ ਪਾਕਿਸਤਾਨੀ ਜਲ ਸੈਨਾ ਨੂੰ ਹਮਲੇ ਦਾ ਮੌਕਾ ਨਹੀਂ ਦਿੱਤਾ ਤੇ ਪਾਕਿਸਤਾਨ ਦੇ ਕਈ ਏਅਰਬੇਸ ਅਸੀਂ ਤਬਾਹ ਕਰ ਦਿੱਤੇ।

ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਕਿਹਾ ਕਿ ਸਾਨੂੰ 'ਆਪ੍ਰੇਸ਼ਨ ਸਿੰਦੂਰ' ਦੇ ਏਅਰ ਡਿਫੈਂਸ ਐਕਸ਼ਨ ਨੂੰ ਸਮਝਣ ਦੀ ਲੋੜ ਹੈ। ਪਿਛਲੇ ਕੁਝ ਸਾਲਾਂ 'ਚ ਅੱਤਵਾਦੀ ਗਤੀਵਿਧੀਆਂ ਖ਼ਤਰਨਾਕ ਹੋ ਰਹੀਆਂ ਹਨ, ਤੇ ਹੁਣ ਫ਼ੌਜ ਦੇ ਨਾਲ-ਨਾਲ ਮਾਸੂਮ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2024 'ਚ ਸ਼ਿਵਖੋੜੀ ਮੰਦਰ ਜਾਣ ਵਾਲੇ ਸ਼ਰਧਾਲੂ ਅਤੇ ਇਸ ਸਾਲ ਅਪ੍ਰੈਲ ਵਿਚ ਪਹਿਲਗਾਮ 'ਚ ਬੇਕਸੂਰ ਸੈਲਾਨੀਆਂ 'ਤੇ ਹਮਲਾ ਕੀਤਾ ਗਿਆ। ਇਸ ਹਮਲੇ ਮਗਰੋਂ ਪਾਕਿਸਤਾਨ ਦੇ ਪਾਪ ਦਾ ਘੜਾ ਭਰ ਗਿਆ ਸੀ, ਜਿਸ ਕਾਰਨ ਭਾਰਤੀ ਫੌਜ ਨੇ ਆਪਰੇਸ਼ਨ ਸਿੰਦੂਰ ਚਲਾ ਕੇ ਉਨ੍ਹਾਂ ਬੇਕਸੂਰਾਂ ਦੀ ਜਾਨ ਦੇ ਬਦਲੇ 100 ਤੋਂ ਵੱਧ ਅੱਤਵਾਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ।

## ਪਾਕਿਸਤਾਨ ਤੇ ਅੱਤਵਾਦ ਖ਼ਿਲਾਫ਼ ਫ਼ੌਜੀ ਕਾਰਵਾਈ

ਭਾਰਤ ਆਪਣੀਆਂ ਸ਼ਰਤਾਂ ਤੇ ਤਰੀਕਿਆਂ ਨਾਲ ਜਵਾਬ ਦੇਵੇਗਾ। ਇਸ ਤੋਂ ਪਹਿਲਾਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੋਲੀਬੰਦੀ ਦੇ ਸਮਝੌਤੇ ਤੋਂ ਬਾਅਦ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਘਟਿਆ ਹੈ। ਇਸ ਤੋਂ ਪਹਿਲਾਂ ਕਸ਼ਮੀਰ ਦੇ ਪਹਿਲਗਾਮ ਵਿਚ ਦਹਿਸ਼ਤਗਰਦਾਂ ਨੇ 26 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ, ਜਿਸ ਦਾ ਬਦਲਾ ਲੈਣ ਲਈ ਭਾਰਤ ਵੱਲੋਂ 6 ਅਤੇ 7 ਮਈ ਦੀ ਦਰਮਿਆਨੀ ਰਾਤ ਨੂੰ ਅਪਰੇਸ਼ਨ ਸਿੰਧੂਰ ਸ਼ੁਰੂ ਕੀਤਾ ਸੀ। ਭਾਰਤੀ ਹਥਿਆਰਬੰਦ ਬਲਾਂ ਨੇ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ 9 ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਿਆਂ 100 ਤੋਂ ਵੱਧ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਪੱਸ਼ਟ ਕੀਤਾ ਕਿ ਹੁਣ ਪਾਣੀ ਤੇ ਖ਼ੂਨ ਇੱਕੋ ਸਮੇਂ ਨਹੀਂ ਵਹੇਗਾ। ਭਾਰਤ ਦੀਆਂ ਤਿੰਨੋਂ ਸੈਨਾਵਾਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ। ਹੁਣ ਜੇ ਪਾਕਿਸਤਾਨ ਨਾਲ ਗੱਲਬਾਤ ਹੋਵੇਗੀ ਤਾਂ ਸਿਰਫ ਦਹਿਸ਼ਤਗਰਦੀ ਤੇ ਪੀਓਕੇ ਬਾਰੇ ਹੋਵੇਗੀ। ਉਨ੍ਹਾਂ ਦੇਸ਼ ਵਾਸੀਆਂ ਨੂੰ ਇਕਜੁਟ ਹੋਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਏਕਤਾ ਹੀ ਸਭ ਤੋਂ ਵੱਡੀ ਸ਼ਕਤੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਇਹ ਜੰਗ ਦਾ ਵੇਲਾ ਨਹੀਂ ਹੈ, ਪਰ ਇਹ ਦਹਿਸ਼ਤਗਰਦੀ ਦਾ ਵੀ ਵੇਲਾ ਨਹੀਂ ਹੈ। ਦਹਿਸ਼ਤਗਰਦੀ ਖ਼ਿਲਾਫ਼ ਜ਼ੀਰੋ ਟਾਲਰੈਂਸ ਬਿਹਤਰ ਸਮਾਜ ਤੇ ਦੁਨੀਆ ਦੀ ਗਾਰੰਟੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਜਿਸ ਤਰ੍ਹਾਂ ਦਹਿਸ਼ਤਗਰਦਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ ਤਾਂ ਇਕ ਦਿਨ ਇਹ ਦਹਿਸ਼ਤਗਰਦੀ ਪਾਕਿਸਤਾਨ ਨੂੰ ਵੀ ਖਤਮ ਕਰ ਦੇਵੇਗੀ।ਇਸ ਤੋਂ ਪਹਿਲਾਂ ਪਾਕਿਸਤਾਨ ਨੇ 8, 9 ਅਤੇ 10 ਮਈ ਨੂੰ ਕਈ ਭਾਰਤੀ ਫ਼ੌਜੀ ਟਿਕਾਣਿਆਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਦਾ ਭਾਰਤ ਨੇ ਡਟ ਕੇ ਜਵਾਬ ਦਿੱਤਾ ਸੀ।

## ਸਾਊਦੀ ਅਰਬ ਦੇ ਰੇਸਤਰਾਂ 'ਚੋਂ ਹਰਿਮੰਦਰ ਸਾਹਿਬ

ਜਿਸ 'ਤੇ ਵਿਚਾਰ ਕਰਨ ਤੋਂ ਬਾਅਦ ਸਿੱਖ ਸੰਸਥਾ ਵੱਲੋਂ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਅਗਲੇਰੀ ਕਾਰਵਾਈ ਵਾਸਤੇ ਭੇਜਿਆ ਗਿਆ ਹੈ। ਇਸ ਰੈਸਟੋਰੈਂਟ ਦਾ ਨਾਮ ਵੀ ਸਿੱਖ ਧਾਰਮਿਕ ਸਥਾਨ ਨਾਲ ਮਿਲਦਾ ਜੁਲਦਾ ਹੈ ਅਤੇ ਇਸ ਦਾ ਆਰਕੀਟੈਕਚਰ ਵੀ ਇਸੇ ਤਰ੍ਹਾਂ ਦਾ ਹੈ। ਇਸ ਇਮਾਰਤ ਦੇ ਅੰਦਰ ਅਤੇ ਬਾਹਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਗਈ ਹੈ ਜਦੋਂ ਕਿ ਇਸ ਰੈਸਟੋਰੈਂਟ ਦੇ ਅੰਦਰ ਮੀਟ, ਸ਼ਰਾਬ ਅਤੇ ਹੋਰ ਅਜਿਹੀਆਂ ਵਸਤਾਂ ਆਦਿ ਦਾ ਸੇਵਨ ਹੁੰਦਾ ਹੈ। ਇਸ ਇਮਾਰਤ ਵਿੱਚ ਸਿੱਖਾਂ ਦੇ ਧਾਰਮਿਕ ਸਥਾਨ ਦੀਆਂ ਤਸਵੀਰਾਂ ਨੂੰ ਵਪਾਰਕ ਹਿਤਾਂ ਲਈ ਵਰਤਿਆ ਗਿਆ ਹੈ ਜੋ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਾਰਵਾਈ ਹੈ। ਸਿੱਖ ਭਾਈਚਾਰੇ ਨੂੰ ਇਸ 'ਤੇ ਸਖ਼ਤ ਇਤਰਾਜ਼ ਹੈ ਕਿਉਂਕਿ ਇਹ ਸਿੱਖ ਸਿਧਾਂਤਾਂ, ਧਰਮ ਅਤੇ ਸਮੁੱਚੇ ਸਿੱਖ ਭਾਈਚਾਰੇ ਦਾ ਨਿਰਾਦਰ ਕਰਨ ਦੇ ਬਰਾਬਰ ਹੈ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਧਾਰਮਿਕ ਅਤੇ ਰੂਹਾਨੀ ਅਸਥਾਨ ਹੈ ਜਿੱਥੇ ਦੇਸ਼ ਵਿਦੇਸ਼ ਤੋਂ ਵਸਦੇ ਸਿੱਖ ਭਾਈਚਾਰੇ ਦੇ ਲੋਕ ਅਤੇ ਹੋਰ ਸ਼ਰਧਾਲੂ ਨਤਮਸਤਕ ਹੋਣ ਲਈ ਆਉਂਦੇ ਹਨ।ਇਸ ਸਬੰਧ ਵਿੱਚ ਸਿੱਖ ਭਾਈਚਾਰੇ ਵੱਲੋਂ ਸ਼੍ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਅਤੇ ਪੰਜਾਬ ਸਰਕਾਰ ਕੋਲ ਵੀ ਸ਼ਿਕਾਇਤ ਭੇਜੀ ਗਈ ਹੈ। ਸਿੱਖ ਸੰਸਥਾ ਨੇ ਇਸ ਸਬੰਧ ਵਿੱਚ ਸਾਊਦੀ ਅਰਬ ਦੇ ਰਿਆਧ ਵਿਖੇ ਭਾਰਤੀ ਸਫਾਰਤਖਾਨੇ ਦੇ ਸਫੀਰ ਡਾ ਸੁਹੇਲ ਅਜਾਜ ਖਾਨ ਨੂੰ ਪੱਤਰ ਭੇਜਿਆ ਹੈ ਅਤੇ ਇਸ ਮਾਮਲੇ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਹੈ।

## ਜੰਗਬੰਦੀ ਮਗਰੋਂ ਮੁੜ ਖੁੱਲ੍ਹੇ ਚੰਡੀਗੜ੍ਹ-

# ਪਹਿਲੇ ਸਫ਼ੇ ਦੀ ਬਾਕੀ

## ਅੰਮ੍ਰਿਤਸਰ

ਦੇ ਨਾਲ ਏਅਰਮੈਨਾਂ ਨੂੰ ਨੋਟਿਸਾਂ ਦੀ ਇੱਕ ਲੜੀ ਜਾਰੀ ਕੀਤੀ, ਜਿਸ ਵਿੱਚ ਸਾਰੇ ਨਾਗਰਿਕ ਉਡਾਣ ਸੰਚਾਲਨ ਲਈ ਉੱਤਰੀ ਅਤੇ ਪੱਛਮੀ ਭਾਰਤ ਦੇ 32 ਹਵਾਈ ਅੱਡਿਆਂ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਸੀ। ਹੁਣ ਜੰਗਬੰਦੀ ਮਗਰੋਂ ਜਦੋਂ ਦੋਵਾਂ ਦੇਸ਼ਾਂ ਵਿਚਾਲੇ ਹਾਲਾਤ ਸ਼ਾਂਤ ਹਨ ਤਾਂ ਇਨ੍ਹਾਂ ਏਅਰਪੋਰਟਾਂ 'ਤੇ ਸੰਚਾਲਨ ਮੁੜ ਸ਼ੁਰੂ ਕਰ ਦਾ ਫ਼ੈਸਲਾ ਕੀਤਾ ਗਿਆ ਹੈ।

## ਪਾਣੀ ਦੇ ਮੁੱਦੇ 'ਤੇ ਪੰਜਾਬ ਸਰਕਾਰ

ਸਿਰਫ਼ ਇੱਕ ਪ੍ਰੈਸ ਨੋਟ ਭੇਜਿਆ ਗਿਆ, ਜਿਸ ਨੂੰ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦਾ ਅਧਿਕਾਰਤ ਰਿਕਾਰਡ ਨਹੀਂ ਮੰਨਿਆ ਜਾ ਸਕਦਾ।

ਸੂਬਾ ਸਰਕਾਰ ਨੇ ਸਵਾਲ ਕੀਤਾ ਕਿ ਜਦੋਂ ਪਹਿਲਾਂ ਕੋਈ ਰਸਮੀ ਫੈਸਲਾ ਨਹੀਂ ਲਿਆ ਗਿਆ ਸੀ ਤਾਂ ਹੁਕਮ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ? ਸੂਬਾ ਸਰਕਾਰ ਨੇ ਕਿਹਾ ਕਿ ਬੀ.ਬੀ.ਐਮ.ਬੀ. ਨੇ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੇ ਬਿਨਾਂ ਹਰਿਆਣਾ ਨੂੰ ਪਾਣੀ ਛੱਡਣ ਦੀ ਕੋਸ਼ਿਸ਼ ਕਰਕੇ ਆਪਣੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

ਪੰਜਾਬ ਸਰਕਾਰ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਕੇਂਦਰ ਸਰਕਾਰ ਵੀ ਅਦਾਲਤ ਦੇ ਨਿਰਦੇਸ਼ਾਂ 'ਤੇ 2 ਮਈ ਦੀ ਮੀਟਿੰਗ ਦੇ ਅਧਿਕਾਰਤ ਮਿੰਟ ਪੇਸ਼ ਕਰਨ ਵਿੱਚ ਅਸਫਲ ਰਹੀ, ਇਸ ਦੀ ਬਜਾਏ ਉਨ੍ਹਾਂ ਨੇ ਸਿਰਫ ਡਿਸਕਸ਼ਨ ਰਿਕਾਰਡ ਪੇਸ਼ ਕੀਤਾ।

ਪੰਜਾਬ ਵੱਲੋਂ ਦਾਇਰ ਕੀਤੀ ਗਈ ਸਮੀਖਿਆ ਪਟੀਸ਼ਨ ਵਿੱਚ 6 ਮਈ, 2025 ਦੇ ਅਦਾਲਤੀ ਹੁਕਮਾਂ ਜਿਸ ਵਿੱਚ 2 ਮਈ, 2025 ਦੀ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਦੀ ਪਾਲਣਾ ਦਾ ਨਿਰਦੇਸ਼ ਦਿੱਤਾ ਗਿਆ ਸੀ, 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਤਰਕ ਦਿੱਤਾ ਹੈ ਕਿ ਉਕਤ ਹੁਕਮ ਗੈਰ-ਕਾਨੂੰਨੀ ਹੈ ਕਿਉਂਕਿ ਅਦਾਲਤ ਨੂੰ ਗੁੰਮਰਾਹ ਕੀਤਾ ਗਿਆ ਸੀ, ਕਿ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 1974 ਰੂਲਜ਼ ਦੇ ਨਿਯਮ 7 ਅਧੀਨ ਕੀਤੀ ਗਈ ਸੀ, ਜਿਸ ਲਈ ਚੇਅਰਮੈਨ ਵੱਲੋਂ ਹਵਾਲਾ ਦੇਣ ਦੀ ਲੋੜ ਹੁੰਦੀ ਹੈ। ਹਾਲਾਂਕਿ, ਮਾਣਯੋਗ ਅਦਾਲਤ ਨੂੰ ਇਹ ਨਹੀਂ ਦੱਸਿਆ ਗਿਆ, ਕਿ ਉਕਤ ਮੀਟਿੰਗ ਵਾਧੂ ਪਾਣੀ ਦੀ ਵੰਡ ਦੇ ਵਿਵਾਦ ਸਬੰਧੀ ਸਿਰਫ਼ ਇੱਕ ਗੈਰ-ਰਸਮੀ ਮੀਟਿੰਗ ਸੀ।

ਪਟੀਸ਼ਨ ਵਿੱਚ ਅੱਗੇ ਕਿਹਾ ਗਿਆ ਹੈ ਕਿ 2 ਮਈ, 2025 ਦੀ ਮੀਟਿੰਗ ਸਬੰਧੀ ਕੋਈ ਰਸਮੀ ਮਿੰਟ ਕਦੇ ਵੀ ਦਰਜ ਨਹੀਂ ਕੀਤੇ ਗਏ। ਅਦਾਲਤ ਦੇ ਸਾਹਮਣੇ ਸਿਰਫ਼ ਇੱਕ ਪ੍ਰੈਸ ਨੋਟ ਪੇਸ਼ ਕੀਤਾ ਗਿਆ ਸੀ, ਜਿਸਨੇ ਗੁੰਮਰਾਹਕੁੰਨ ਜਾਣਕਾਰੀ ਪੇਸ਼ ਕੀਤੀ ਅਤੇ ਜਿਸ ਦੇ ਚਲਦਿਆਂ ਅਦਾਲਤ ਵੱਲੋਂ ਹੁਕਮ ਜਾਰੀ ਕੀਤਾ ਗਿਆ।

6 ਮਈ, 2025 ਦੇ ਅਦਾਲਤੀ ਹੁਕਮ ਦੀ ਪਾਲਣਾ ਲਈ, ਪੰਜਾਬ ਸਰਕਾਰ ਨੇ 8 ਮਈ, 2025 ਨੂੰ ਈਮੇਲ ਰਾਹੀਂ ਮੀਟਿੰਗ ਦੇ ਮਿੰਟ ਮੰਗੇ। ਹਾਲਾਂਕਿ, ਜਵਾਬ ਵਿੱਚ ਸਿਰਫ਼ ਇੱਕ ਪ੍ਰੈਸ ਨੋਟ ਦਿੱਤਾ ਗਿਆ, ਜਿਸ ਵਿੱਚ ਪੁਸ਼ਟੀ ਕੀਤੀ ਗਈ ਸੀ ਕਿ ਕੋਈ ਰਸਮੀ ਮਿੰਟ ਦਰਜ ਨਹੀਂ ਕੀਤੇ ਗਏ ਸਨ, ਇੱਕ ਤੱਥ ਜਿਸਨੂੰ 8 ਮਈ, 2025 ਨੂੰ ਗ੍ਰਾਮ ਪੰਚਾਇਤ ਵੱਲੋਂ ਦਾਇਰ ਕੀਤੀ ਗਈ ਕੰਟੈਂਪਟ ਐਪਲੀਕੇਸ਼ਨ ਵਿੱਚ ਸੁਣਵਾਈ ਦੌਰਾਨ ਸਵੀਕਾਰ ਕੀਤਾ ਗਿਆ ਸੀ।

ਇਹ ਵੀ ਦੱਸਿਆ ਗਿਆ ਕਿ ਬੀ.ਬੀ.ਐਮ.ਬੀ. ਨੇ ਵੀ 2 ਮਈ, 2025 ਦੇ ਫੈਸਲੇ ਦੀ ਕਾਪੀ ਦੀ ਮੰਗ ਕੀਤੀ ਸੀ, ਪਰ ਅਜਿਹਾ ਕੋਈ ਦਸਤਾਵੇਜ਼ ਪ੍ਰਦਾਨ ਨਹੀਂ ਕੀਤਾ ਗਿਆ। ਉੱਚਿਤ ਅਧਿਕਾਰ ਨਾ ਹੋਣ ਦੇ ਬਾਵਜੂਦ, ਬੀ.ਬੀ.ਐਮ.ਬੀ. ਨੇ ਕਾਨੂੰਨੀ ਅਧਿਕਾਰ ਤੋਂ ਬਿਨਾਂ ਹਰਿਆਣਾ ਰਾਜ ਨੂੰ ਪਾਣੀ ਛੱਡਣਾ ਜਾਰੀ ਰੱਖਿਆ।

ਮਾਣਯੋਗ ਅਦਾਲਤ ਨੇ ਭਾਰਤ ਸੰਘ ਦੇ ਵਕੀਲ ਨੂੰ 2 ਮਈ, 2025 ਦੀ ਮੀਟਿੰਗ ਦੇ ਮਿੰਟ ਪੇਸ਼ ਕਰਨ ਅਤੇ ਅਦਾਲਤ ਨੂੰ ਨਿਯਮ 7 ਤਹਿਤ ਅਜਿਹੇ ਹਵਾਲਿਆਂ 'ਤੇ ਫੈਸਲਾ ਲੈਣ ਲਈ ਅਧਿਕਾਰਤ ਸਮਰੱਥ ਅਥਾਰਟੀ ਬਾਰੇ ਜਾਣੂ ਕਰਵਾਉਣ ਦਾ ਨਿਰਦੇਸ਼ ਦਿੱਤਾ। ਇਸ ਦੇ ਜਵਾਬ ਵਿੱਚ, ਭਾਰਤ ਸੰਘ ਮੀਟਿੰਗ ਦੇ ਮਿੰਟ ਪੇਸ਼ ਨਹੀਂ ਕਰ ਸਕਿਆ, ਇਸ ਦੀ ਬਜਾਏ ਉਨ੍ਹਾਂ ਨੇ ÷ਡਿਸਕਸ਼ਨ ਰਿਕਾਰਡ ਪੇਸ਼ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਨਿਯਮ 7 ਤਹਿਤ ਸਕੱਤਰ ਬਿਜਲੀ ਸਮਰੱਥ ਅਥਾਰਟੀ ਹੈ। ਇਸ ਤਰ੍ਹਾਂ, ਸਮਰੱਥ ਅਥਾਰਟੀ ਵੱਲੋਂ ਕੋਈ ਵੀ ਲਾਗੂ ਕਰਨ ਯੋਗ ਫੈਸਲਾ ਜਾਰੀ ਨਹੀਂ ਕੀਤਾ ਗਿਆ ਹੈ।

ਇਸ ਤੋਂ ਇਲਾਵਾ, ਹਰਿਆਣਾ ਨੇ 29 ਅਪ੍ਰੈਲ, 2025 ਨੂੰ ਬੀ.ਬੀ.ਐਮ.ਬੀ. ਨੂੰ ਬੇਨਤੀ ਕੀਤੀ ਸੀ ਕਿ ਉਹ ਨਿਯਮ 7 ਤਹਿਤ ਮਾਮਲੇ ਨੂੰ ਸਮਰੱਥ ਅਥਾਰਟੀ ਕੋਲ ਭੇਜਣ ਅਤੇ ਇਹ ਬੇਨਤੀ ਬੀ.ਬੀ.ਐਮ.ਬੀ. ਚੇਅਰਮੈਨ ਵੱਲੋਂ ਸਮਰੱਥ ਅਥਾਰਟੀ ਨੂੰ ਭੇਜ ਦਿੱਤੀ ਗਈ ਸੀ। ਸਮਰੱਥ ਅਥਾਰਟੀ ਵੱਲੋਂ ਕੋਈ ਫੈਸਲਾ ਨਹੀਂ ਦਿੱਤਾ ਗਿਆ ਅਤੇ ਹਰਿਆਣਾ ਨੂੰ ਗੈਰ-ਕਾਨੂੰਨੀ ਤੌਰ 'ਤੇ ਮੱਦਦ ਕਰਨ ਲਈ ਅਥਾਰਟੀ ਦੇ ਫੈਸਲੇ ਦੀ ਉਡੀਕ ਕੀਤੇ ਬਿਨਾਂ, ਬੀ.ਬੀ.ਐਮ.ਬੀ. ਵੱਲੋਂ ਖੁਦ 3 ਮਈ, 2025 ਨੂੰ ਇੱਕ ਫੈਸਲਾ ਲਿਆ ਗਿਆ।

ਪੰਜਾਬ ਸਰਕਾਰ ਵੱਲੋਂ ਅਦਾਲਤ ਨੂੰ ਇਨ੍ਹਾਂ ਗੰਭੀਰ ਪ੍ਰਕਿਰਿਆਤਮਕ ਉਲੰਘਣਾਵਾਂ ਅਤੇ ਗਲਤ ਪੇਸ਼ਕਾਰੀ ਦੇ ਮੱਦੇਨਜ਼ਰ ਆਪਣੇ ਹੁਕਮਾਂ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ।

## ਪੰਜਾਬ ਵੱਲੋਂ ਹਾਈ ਕੋਰਟ ਨੂੰ ਗੁੰਮਰਾਹ

ਵਿੱਚ, ਪੰਜਾਬ ਸਰਕਾਰ ਨੇ ਬੀ.ਬੀ.ਐਮ.ਬੀ. ਚੇਅਰਮੈਨ ਵੱਲੋਂ ਕੀਤੇ ਗਏ ਗੈਰ-ਕਾਨੂੰਨੀ ਹਿਰਾਸਤ ਦੇ ਦਾਅਵਿਆਂ ਦਾ ਜ਼ੋਰਦਾਰ ਖੰਡਨ ਕੀਤਾ ਹੈ।

ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ 8 ਮਈ, 2025 ਨੂੰ ਲਾਈਵ ਅਦਾਲਤੀ ਕਾਰਵਾਈ ਦੌਰਾਨ, ਸ੍ਰੀ ਤ੍ਰਿਪਾਠੀ ਨੇ ਮੰਨਿਆ ਕਿ ਉਹ ਸਿਰਫ਼ ਸਥਾਨਕ ਨਾਗਰਿਕਾਂ ਨਾਲ ਘਿਰੇ ਹੋਏ ਸਨ ਅਤੇ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਸੁਰੱਖਿਅਤ ਬਾਹਰ ਨਿਕਲਣ ਵਿੱਚ ਸਹਾਇਤਾ ਕੀਤੀ ਸੀ। ਹਾਲਾਂਕਿ, 9 ਮਈ, 2025 ਨੂੰ ਦਿੱਤੇ ਗਏ ਇੱਕ ਹਲਫ਼ਨਾਮੇ ਵਿੱਚ, ਸ੍ਰੀ ਤ੍ਰਿਪਾਠੀ ਨੇ ਉਲਟਾ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜੋ ਕਿ ਉਨ੍ਹਾਂ ਦੇ ਪਿਛਲੇ ਅਦਾਲਤੀ ਬਿਆਨ ਦੇ ਬਿਲਕੁੱਲ ਉਲਟ ਹੈ।

ਜਿਸ ਦੇ ਨਤੀਜੇ ਵਜੋਂ, ਪੰਜਾਬ ਸਰਕਾਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐਨ.ਐਸ.ਐਸ.), 2023 ਦੀ ਧਾਰਾ-379 ਦੀ ਵਰਤੋਂ ਕੀਤੀ, ਜਿਸ ਵਿੱਚ ਮਾਨਯੋਗ ਹਾਈ ਕੋਰਟ ਨੂੰ ਬੀ.ਐਨ.ਐਸ.ਐਸ. ਦੀ ਧਾਰਾ-215 ਤਹਿਤ ਅਪਰਾਧ ਦੀ ਜਾਂਚ ਸ਼ੁਰੂ ਕਰਨ ਦੀ ਬੇਨਤੀ ਕੀਤੀ, ਜੋ ਜਾਣਬੁੱਝ ਕੇ ਝੂਠਾ ਹਲਫਨਾਮਾ ਜਮ੍ਹਾਂ ਕਰਨ ਨਾਲ ਸਬੰਧਤ ਹੈ।

ਇਸ ਤੋਂ ਇਲਾਵਾ, ਸੂਬੇ ਨੇ 6 ਮਈ, 2025 ਦੇ ਹਾਈ ਕੋਰਟ ਦੇ ਹੁਕਮ ਦੀ ਜਾਣਬੁੱਝ ਕੇ ਉਲੰਘਣਾ ਕਰਨ ਲਈ ਸ੍ਰੀ ਤ੍ਰਿਪਾਠੀ ਅਤੇ ਸ੍ਰੀ ਸੰਜੀਵ ਕੁਮਾਰ, ਡਾਇਰੈਕਟਰ (ਵਾਟਰ ਰੈਗੂਲੇਸ਼ਨ) ਦੋਵਾਂ ਵਿਰੁੱਧ ਅਦਾਲਤ ਦੀ ਉਲੰਘਣਾ ਸਬੰਧੀ ਕਾਰਵਾਈ ਸ਼ੁਰੂ ਕਰਨ ਦੀ ਮੰਗ ਕੀਤੀ ਹੈ।

ਇਸ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ, ਸੂਬਾ ਸਰਕਾਰ ਨੇ ਸਪੱਸ਼ਟ ਕੀਤਾ ਕਿ ਮਾਣਯੋਗ ਹਾਈ ਕੋਰਟ ਦੇ 6 ਮਈ, 2025 ਦੇ ਹੁਕਮ ਵਿੱਚ ਸਿਰਫ਼ 2 ਮਈ, 2025 ਨੂੰ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਦਾ ਹੁਕਮ ਦਿੱਤਾ ਗਿਆ ਸੀ। ਪੰਜਾਬ ਸਰਕਾਰ ਦਾ ਤਰਕ ਹੈ ਕਿ ਅਜਿਹੇ ਕਿਸੇ ਵੀ ਫੈਸਲੇ ਬਾਰੇ ਨਾ ਤਾਂ ਸੂਬੇ ਦੇ ਅਧਿਕਾਰੀਆਂ ਨੂੰ ਅਤੇ ਨਾ ਹੀ ਬੀ.ਬੀ.ਐਮ.ਬੀ. ਚੇਅਰਮੈਨ ਨੂੰ ਰਸਮੀ ਤੌਰ 'ਤੇ ਸੂਚਿਤ ਕੀਤਾ ਗਿਆ ਸੀ।

ਇਸ ਦੇ ਬਾਵਜੂਦ, ਸ੍ਰੀ ਤ੍ਰਿਪਾਠੀ ਨੇ ਅਦਾਲਤ ਦੇ ਹੁਕਮਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਅਤੇ ਇਹ ਦਾਅਵਾ ਕੀਤਾ ਕਿ ਅਦਾਲਤ ਨੇ ਹਰਿਆਣਾ ਨੂੰ 8,500 ਕਿਊਸਿਕ ਪਾਣੀ ਛੱਡਣ ਦਾ ਹੁਕਮ ਦਿੱਤਾ ਹੈ। ਇਸ ਤਰ੍ਹਾਂ ਬੀ.ਬੀ.ਐਮ.ਬੀ. ਸਟਾਫ਼, ਅਦਾਲਤ ਅਤੇ ਭਾਈਵਾਲਾਂ ਨੂੰ ਗੁੰਮਰਾਹ ਕੀਤਾ ਗਿਆ ਅਤੇ ਨਿਆਂਪਾਲਿਕਾ ਦੇ ਸਾਹਮਣੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ।

## ਪੰਜਾਬ 'ਤੇ ਪਾਕਿਸਤਾਨ ਦਾ ਸਾਈਬਰ ਹਮਲਾ

ਇਹ ਮਾਲਵੇਅਰ ਤੁਹਾਡੀ ਬੈਂਕਿੰਗ ਜਾਣਕਾਰੀ, ਪਾਸਵਰਡ ਅਤੇ ਨਿੱਜੀ ਡਾਟਾ ਚੁਰਾ ਸਕਦਾ ਹੈ ਅਤੇ ਤੁਹਾਡੇ ਡਿਵਾਈਸ ਨੂੰ ਰਿਮੋਟਲੀ ਕੰਟਰੋਲ ਵੀ ਕਰ ਸਕਦਾ ਹੈ। ਅਣਜਾਣ ਲਿੰਕ ਜਾਂ ਅਣਪਛਾਤੇ ਨੰਬਰਾਂ ਤੋਂ ਆਏ ਸੁਨੇਹਿਆਂ 'ਤੇ ਕਦੇ ਵੀ ਕਲਿਕ ਨਾ ਕਰੋ। ਸਾਵਧਾਨ ਰਹੋ, ਸੁਰੱਖਿਅਤ ਰਹੋ। ਤੁਹਾਨੂੰ ਦੱਸ ਦੇਈਏ ਕਿ ਪਿਛਲੇ ਕੁਝ ਦਿਨਾਂ ਤੋਂ ਪਾਕਿਸਤਾਨ ਵੱਲੋਂ ਭਾਰਤ ਦੇ ਪੰਜਾਬ, ਜੰਮੂ, ਗੁਜਰਾਤ ਅਤੇ ਰਾਜਸਥਾਨ ਵਿੱਚ ਹਮਲੇ ਕੀਤੇ ਜਾ ਰਹੇ ਸਨ। ਪਰ ਪਾਕਿਸਤਾਨ ਦੀ ਕੋਈ ਵੀ ਮਿਜ਼ਾਈਲ ਜਾਂ ਡਰੋਨ ਭਾਰਤੀ ਫੌਜ ਦੇ ਅੱਡੇ ਤੱਕ ਨਹੀਂ ਪਹੁੰਚ ਸਕਿਆ। ਇਸ ਵਿੱਚ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਪਾਕਿਸਤਾਨ ਨੇ ਹੁਣ ਸਾਈਬਰ ਹਮਲੇ ਦਾ ਸਹਾਰਾ ਲਿਆ ਹੈ ਜਿਸ ਕਾਰਨ ਕੇਂਦਰੀ ਏਜੰਸੀਆਂ ਅਤੇ ਪੰਜਾਬ ਪੁਲਿਸ ਏਜੰਸੀਆਂ ਅਲਰਟ 'ਤੇ ਹਨ।

## ਭਾਰਤ ਦੇ ਹਮਲੇ ਤੋਂ ਡਰ ਕੇ ਬੰਕਰ 'ਚ

ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇੱਥੇ ਨਾ ਸਿਰਫ਼ ਪਾਕਿਸਤਾਨ ਦੇ ਸਭ ਤੋਂ ਸ਼ਕਤੀਸ਼ਾਲੀ ਹਵਾਈ ਉਪਕਰਣ ਤਾਇਨਾਤ ਹਨ, ਸਗੋਂ ਉਨ੍ਹਾਂ ਦੀ ਸੁਰੱਖਿਆ ਲਈ ਚੀਨੀ ਹਵਾਈ ਰੱਖਿਆ ਪ੍ਰਣਾਲੀਆਂ ਦਾ ਇੱਕ ਨੈੱਟਵਰਕ ਵੀ ਸਥਾਪਤ ਕੀਤਾ ਗਿਆ ਹੈ। ਪਾਕਿਸਤਾਨ ਦੇ ਜ਼ਿਆਦਾਤਰ ਵੀਆਈਪੀ ਇੱਥੋਂ ਉਡਾਣ ਭਰਦੇ ਹਨ। ਪਾਕਿਸਤਾਨ ਹਵਾਈ ਸੈਨਾ ਦੀ ਏਅਰ ਮੋਬਿਲਿਟੀ ਕਮਾਂਡ ਦਾ ਮੁੱਖ ਦਫਤਰ ਵੀ ਇੱਥੇ ਹੈ। ਅਜਿਹੇ ਵਿੱਚ ਜਦੋਂ ਭਾਰਤ ਨੇ ਹਮਲਾ ਕੀਤਾ ਤਾਂ ਅਸੀਮ ਮੁਨੀਰ ਇੱਥੇ ਫਸ ਗਿਆ ਅਤੇ ਉਸਨੂੰ ਬੰਕਰ ਵਿੱਚ ਲੁਕ ਕੇ ਆਪਣੀ ਜਾਨ ਬਚਾਉਣੀ ਪਈ।

ਭਾਰਤੀ ਹਮਲੇ ਤੋਂ ਬਾਅਦ ਆਈਆਂ ਸੈਟੇਲਾਈਟ ਤਸਵੀਰਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਹਮਲੇ ਵਿੱਚ ਪਾਕਿਸਤਾਨ ਦੇ ਨੂਰ ਖਾਨ ਏਅਰਬੇਸ ਨੂੰ ਬਹੁਤ ਨੁਕਸਾਨ ਹੋਇਆ ਹੈ। ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ਼ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਡੀਜੀ ਆਈਐਸਪੀਆਰ) ਨੇ ਅਧਿਕਾਰਤ ਤੌਰ 'ਤੇ ਪੀਏਐਫ ਬੇਸ ਨੂਰ ਖਾਨ 'ਤੇ ਭਾਰਤੀ ਹਮਲੇ ਨੂੰ ਸਵੀਕਾਰ ਕੀਤਾ। ਭਾਰਤ ਨੇ ਨੂਰ ਖਾਨ ਏਅਰਬੇਸ 'ਤੇ ਰਾਡਾਰ ਸਥਾਪਨਾਵਾਂ ਅਤੇ ਏਅਰਕ੍ਰਾਫਟ ਹੈਂਗਰਾਂ ਸਮੇਤ ਮੁੱਖ ਸੰਚਾਲਨ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਲਈ ਆਧੁਨਿਕ ਹਥਿਆਰਾਂ ਦੀ ਵਰਤੋਂ ਕੀਤੀ।

## ਭਾਰਤ ਤੇ ਪਾਕਿ ਵਿਚਾਲੇ ਜੰਗਬੰਦੀ ਕਿਵੇਂ ਹੋਈ

ਉਨ੍ਹਾਂ ਨੇ ਸਾਨੂੰ ਦੱਸਿਆ ਹੈ ਕਿ ਉਹ ਇਸਨੂੰ ਸਵੀਕਾਰ ਕਰਨਗੇ, ਰੂਬੀਓ ਨੇ ਜੈਸ਼ੰਕਰ ਨੂੰ ਦੱਸਿਆ।

ਜਦੋਂ ਪੁੱਛਿਆ ਗਿਆ ਕਿ ਕੀ ਅਮਰੀਕਾ ਨੇ ਪਾਕਿਸਤਾਨ ਨੂੰ ਗੋਲੀਬਾਰੀ ਅਤੇ ਫੌਜੀ ਕਾਰਵਾਈ ਰੋਕਣ ਲਈ ਮਨਾ ਲਿਆ, ਤਾਂ ਘਟਨਾਕ੍ਰਮ ਤੋਂ ਜਾਣੂ ਇੱਕ ਹੋਰ ਸਰੋਤ ਨੇ ਕਿਹਾ, ਪਾਕਿਸਤਾਨ ਦੇ ਡੀਜੀਐਮਓ ਨੇ ਫ਼ੋਨ ਕਿਉਂ ਕੀਤਾ? ਇਸ ਲਈ ਨਹੀਂ ਕਿ ਕੋਈ ਚੰਗੀ ਅੰਗਰੇਜ਼ੀ ਬੋਲ ਰਿਹਾ ਸੀ। ਇਹ ਸਾਡੇ ਪਾਸਿਓਂ ਇੱਕ ਉੱਚੀ ਆਵਾਜ਼ ਸੀ ਜੋ ਅਸਮਾਨ ਤੋਂ ਡਿੱਗਣ ਵਾਂਗ ਆਈ। ਪਾਕਿਸਤਾਨ ਨੇ ਆਪਣਾ ਸੁਰ ਬਦਲ ਲਿਆ।

ਸੱਚਾਈ ਇਹ ਹੈ ਕਿ ਉਸਨੇ ਆਪਣਾ ਸੁਰ ਬਦਲ ਲਿਆ ਹੈ, ਸਰੋਤ ਨੇ ਕਿਹਾ। ਪਰ ਅਸੀਂ ਇਹ ਪਾਕਿਸਤਾਨੀਆਂ ਤੋਂ ਸੁਣਨਾ ਚਾਹੁੰਦੇ ਸੀ। ਸੁਨੇਹਾ ਉਸ ਵੱਲੋਂ, ਉਸਦੇ ਡੀਜੀਐਮਓ ਵੱਲੋਂ ਆਉਣਾ ਚਾਹੀਦਾ ਹੈ। ਇਹੀ ਇੱਕੋ ਇੱਕ ਤਰੀਕਾ ਹੈ। ਸੂਤਰਾਂ ਨੇ ਦ ਇੰਡੀਅਨ ਐਕਸਪ੍ਰੈਸ ਨੂੰ ਦੱਸਿਆ ਕਿ ਜੈਸ਼ੰਕਰ ਨੇ 7 ਮਈ ਨੂੰ ਰੂਬੀਓ ਨੂੰ ਵੀ ਇਹ ਸੁਨੇਹਾ ਦਿੱਤਾ ਸੀ। ਸੂਤਰ ਨੇ ਕਿਹਾ, ਡੀਜੀਐਮਓ ਤੋਂ ਡੀਜੀਐਮਓ ਤੱਕ ਚਰਚਾ ਚੱਲ ਰਹੀ ਹੈ।

ਸੂਤਰ ਨੇ ਕਿਹਾ, 'ਦੁਪਹਿਰ 1 ਵਜੇ ਪਾਕਿਸਤਾਨ ਦੇ ਡੀਜੀਐਮਓ ਨੇ ਫੋਨ ਕਰਨ ਲਈ ਕਿਹਾ। ਸਾਡੇ ਡੀਜੀਐਮਓ ਮੀਟਿੰਗ ਵਿੱਚ ਸਨ। ਅਸਲ ਗੱਲਬਾਤ ਦੁਪਹਿਰ 3.30 ਵਜੇ ਹੀ ਹੋਈ। ਮੇਰਾ ਮੰਨਣਾ ਹੈ ਕਿ ਸ਼ਾਇਦ ਅਮਰੀਕੀਆਂ ਨੂੰ ਇਸ ਬਾਰੇ ਪਾਕਿਸਤਾਨੀਆਂ ਤੋਂ ਜਾਣਕਾਰੀ ਮਿਲੀ ਹੋਵੇਗੀ। ਉਹ ਦੁਪਹਿਰ 3:30 ਵਜੇ ਤੋਂ ਬਾਅਦ ਬੋਲੇ। ਫਿਰ ਸਾਡਾ ਡੀਜੀਐਮਓ ਉੱਪਰ ਗਿਆ। ਉਸਦਾ ਡੀਜੀਐਮਓ ਸ਼ਾਇਦ ਉੱਪਰ ਚਲਾ ਗਿਆ ਹੋਵੇਗਾ। ਇਸ ਲਈ ਗੱਲਬਾਤ ਅਤੇ ਉਹਨਾਂ ਦੁਆਰਾ ਇਸਨੂੰ ਜਾਰੀ ਕਰਨ ਦੇ ਵਿਚਕਾਰ ਕੁਝ ਪਾੜਾ ਜ਼ਰੂਰ ਰਿਹਾ ਹੋਵੇਗਾ।

ਇਸ ਸਭ ਦੇ ਵਿਚਕਾਰ, ਅਮਰੀਕਾ ਨੇ ਕਦੇ ਵੀ ਕੋਈ ਸੰਕੇਤ ਨਹੀਂ ਦਿੱਤਾ ਕਿ ਰਾਸ਼ਟਰਪਤੀ ਟਰੰਪ ਸੋਸ਼ਲ ਮੀਡੀਆ 'ਤੇ ਦਾਅਵਾ ਕਰਨਗੇ ਕਿ ਅਮਰੀਕਾ ਨੇ ਜੰਗਬੰਦੀ ਦੀ ਵਿਚੋਲਗੀ ਕੀਤੀ ਸੀ। ਜਦੋਂ ਰੂਬੀਓ ਦੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਨਿਰਪੱਖ ਸਥਾਨ 'ਤੇ ਹੋਰ ਗੱਲਬਾਤ ਬਾਰੇ ਬਿਆਨ ਅਤੇ ਕਸ਼ਮੀਰ 'ਤੇ ਵਿਚੋਲਗੀ ਕਰਨ ਦੀ ਟਰੰਪ ਦੀ ਪੇਸ਼ਕਸ਼ ਬਾਰੇ ਪੁੱਛਿਆ ਗਿਆ, ਤਾਂ ਸੂਤਰ ਨੇ ਕਿਹਾ ਕਿ ਪਾਕਿਸਤਾਨ ਨਾਲ ਨਜਿੱਠਣ ਬਾਰੇ ਭਾਰਤ ਦੇ ਰੁਖ ਵਿੱਚ ਕੋਈ ਬਦਲਾਅ ਨਹੀਂ ਆਇਆ ਹੈ।

## ਭਾਰਤ ਨੇ ਮਾਲਦੀਵ ਨੂੰ ਦਿੱਤੀ 50 ਮਿਲੀਅਨ ਡਾਲਰ

ਹਾਈ ਕਮਿਸ਼ਨ ਦੇ ਅਨੁਸਾਰ, ਭਾਰਤ ਨੇ 50 ਮਿਲੀਅਨ ਅਮਰੀਕੀ ਡਾਲਰ ਦੇ ਖਜ਼ਾਨਾ ਬਿੱਲ ਨੂੰ ਰੋਲ ਓਵਰ ਕਰਕੇ ਮਾਲਦੀਵ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਮਾਲਦੀਵ ਸਰਕਾਰ ਦੀ ਬੇਨਤੀ 'ਤੇ, ਸਟੇਟ ਬੈਂਕ ਆਫ਼ ਇੰਡੀਆ (ਐਸ.ਬੀ.ਆਈ.) ਨੇ ਮਾਲਦੀਵ ਦੇ ਵਿੱਤ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ 50 ਮਿਲੀਅਨ ਅਮਰੀਕੀ ਡਾਲਰ ਦੇ ਸਰਕਾਰੀ ਖਜ਼ਾਨਾ ਬਿੱਲਾਂ ਨੂੰ ਅਗਲੇ ਇੱਕ ਸਾਲ ਲਈ ਸਬਸਕ੍ਰਾਈਬ ਕਰ ਲਿਆ ਹੈ। ਮਾਰਚ, 2019 ਤੋਂ, ਭਾਰਤ ਸਰਕਾਰ ਐਸ.ਬੀ.ਆਈ. ਅਜਿਹੇ ਕਈ ਖਜ਼ਾਨਾ ਬਿੱਲਾਂ ਦੀ ਗਾਹਕੀ ਦੀ ਸਹੂਲਤ ਦੇ ਰਹੀ ਹੈ ਅਤੇ ਉਹਨਾਂ ਨੂੰ ਸਾਲਾਨਾ, ਵਿਆਜ ਮੁਕਤ ਢੰਗ ਨਾਲ ਮਾਲਦੀਵ ਸਰਕਾਰ ਨੂੰ ਭੇਜ ਰਹੀ ਹੈ। ਇਹ ਸਹੂਲਤ ਮਾਲਦੀਵ ਨੂੰ ਇੱਕ ਵਿਲੱਖਣ ਸਰਕਾਰ-ਤੋਂ-ਸਰਕਾਰ ਪ੍ਰਬੰਧ ਦੇ ਤਹਿਤ ਐਮਰਜੈਂਸੀ ਵਿੱਤੀ ਸਹਾਇਤਾ ਵਜੋਂ ਪ੍ਰਦਾਨ ਕੀਤੀ ਜਾਂਦੀ ਹੈ।

## ਪਾਕਿਸਤਾਨੀ ਗੋਲ਼ੀਬਾਰੀ ਕਾਰਨ

ਕੈਬਨਿਟ ਸਹਿਯੋਗੀ ਜਾਵੇਦ ਰਾਣਾ, ਸਲਾਹਕਾਰ ਨਾਸਿਰ ਅਸਲਮ ਵਾਨੀ ਅਤੇ ਵਿਧਾਇਕ ਏਜਾਜ਼ ਜਾਨ ਨਾਲ ਸੋਮਵਾਰ ਨੂੰ ਪੁੰਛ ਅਤੇ ਸੁਰਨਕੋਟ ਖੇਤਰਾਂ 'ਚ ਪਾਕਿਸਤਾਨੀ ਗੋਲੀਬਾਰੀ ਨਾਲ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਖੇਤਰ 'ਚ ਬੰਕਰ ਸਥਾਪਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਅਬਦੁੱਲਾ ਦੇ ਨਾਲ ਉਸ ਦੇ ਪੁੱਤਰ ਜ਼ਮੀਰ ਅਤੇ ਜ਼ਹੀਰ ਵੀ ਸਨ। ਅਬਦੁੱਲਾ ਨੇ ਕੰਟਰੋਲ ਰੇਖਾ (ਐੱਲ.ਓ.ਸੀ.) ਦੇ ਨਾਲ ਹਾਲੀਆ ਸਥਿਤੀ ਨੂੰ ਜੰਗ ਵਰਗੀ ਸਥਿਤੀ ਦੱਸਿਆ, ਜਿਸ 'ਚ ਸਭ ਤੋਂ ਭਾਰੀ ਗੋਲਾਬਾਰੀ ਪੁੰਛ ਜ਼ਿਲ੍ਹੇ 'ਚ ਹੋਈ। ਉਨ੍ਹਾਂ ਕਿਹਾ, ਪਿਛਲੇ ਤਿੰਨ-ਚਾਰ ਦਿਨਾਂ ਤੋਂ ਜੰਮੂ-ਕਸ਼ਮੀਰ 'ਚ ਜੰਗ ਵਰਗਾ ਮਾਹੌਲ ਸੀ। ਸਰਹੱਦ ਪਾਰ ਤੋਂ ਹੋਈ ਗੋਲੀਬਾਰੀ ਦਾ ਸਾਹਮਣਾ ਕਰਨ ਵਾਲੇ ਸਾਰੇ ਇਲਾਕਿਆਂ 'ਚੋਂ ਪੁੰਛ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਨੈਸ਼ਨਲ ਕਾਨਫਰੰਸ (ਐੱਨ.ਸੀ.) ਦੇ ਨੇਤਾ ਅਬਦੁੱਲਾ ਨੇ ਕਿਹਾ ਕਿ ਇਹ ਪਹਿਲੀ ਵਾਰ ਸੀ ਜਦੋਂ ਸ਼ਹਿਰਾਂ ਦੇ ਵਿਚੋ-ਵਿਚ ਗੋਲੇ ਡਿੱਗੇ ਹਨ ਅਤੇ ਭਾਰੀ ਬੰਬਾਰੀ ਹੋਈ ਸੀ। ਉਨ੍ਹਾਂ ਕਿਹਾ, ਅਸੀਂ 13 ਕੀਮਤੀ ਜਾਨਾਂ ਗੁਆ ਦਿੱਤੀਆਂ ਹਨ। ਅੱਜ ਇੱਥੇ ਆਉਣ ਦਾ ਮੇਰਾ ਮਕਸਦ ਘੱਟੋ-ਘੱਟ ਉਨ੍ਹਾਂ ਘਰਾਂ ਤੱਕ ਪਹੁੰਚਣਾ ਹੈ ਜਿੱਥੇ ਇਹ ਹਾਦਸਾ ਵਾਪਰਿਆ ਹੈ। ਅਬਦੁੱਲਾ ਨੇ ਸਥਾਨਕ ਸਿਵਲ ਸੋਸਾਇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਪੁੰਛ ਦੇ ਲੋਕਾਂ ਦੀ ਪ੍ਰਤੀਕੂਲ ਹਾਲਾਤ 'ਚ ਫਿਰਕੂ ਸਦਭਾਵਨਾ ਬਣਾਈ ਰੱਖਣ ਲਈ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ, ਮੁਸ਼ਕਲ ਹਾਲਾਤ ਦੇ ਬਾਵਜੂਦ, ਉਨ੍ਹਾਂ ਨੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ 'ਚ ਏਕਤਾ ਦੀ ਵਿਰਾਸਤ ਨੂੰ ਕਾਇਮ ਰੱਖਿਆ। ਗੋਲੀਬਾਰੀ ਦੀ ਅੰਨ੍ਹੇਵਾਹ ਪ੍ਰਕਿਰਤੀ ਬਾਰੇ ਇਕ ਸਵਾਲ ਦੇ ਜਵਾਬ 'ਚ, ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਧਾਰਮਿਕ ਸਥਾਨਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ, ਪਰ ਮਦਰੱਸਿਆਂ, ਮੰਦਰਾਂ, ਦਰਗਾਹਾਂ ਅਤੇ ਗੁਰਦੁਆਰਿਆਂ ਦੇ ਆਲੇ ਦੁਆਲੇ ਦੇ ਖੇਤਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਉਨ੍ਹਾਂ ਕਿਹਾ,ਉਨ੍ਹਾਂ ਦੀ ਗੋਲੀਬਾਰੀ ਬੇਤਰਤੀਬ ਸੀ।

# ਰਾਏਪੁਰ 'ਚ ਟਰੱਕ ਅਤੇ ਟਿੱਪਰ ਦੀ ਟੱਕਰ ਦੌਰਾਨ 13 ਦੀ ਮੌਤ



ਰਾਏਪੁਰ , 12 ਮਈ (ਚ.ਨ.ਸ.) : ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚ ਇੱਕ ਵੱਡਾ ਸੜਕ ਹਾਦਸਾ ਵਾਪਰਿਆ ਹੈ। ਐਤਵਾਰ ਦੇਰ ਰਾਤ ਰਾਏਪੁਰ-ਬਲੌਦਾ ਬਾਜ਼ਾਰ ਸੜਕ 'ਤੇ ਸਾਰਾਗਾਓਂ ਨੇੜੇ ਇੱਕ ਟਰੱਕ ਅਤੇ ਇੱਕ ਟਿੱਪਬ ਦੀ ਟੱਕਰ ਹੋ ਗਈ। ਇਸ ਹਾਦਸੇ ਵਿੱਚ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਅਤੇ 12 ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਮਰਨ ਵਾਲਿਆਂ ਵਿੱਚ 9 ਔਰਤਾਂ, 2 ਕੁੜੀਆਂ, ਇੱਕ ਕਿਸ਼ੋਰ ਅਤੇ ਇੱਕ 6 ਮਹੀਨੇ ਦਾ ਬੱਚਾ ਸ਼ਾਮਲ ਹੈ। ਲੋਕ ਇੱਕ ਨਵਜੰਮੇ ਬੱਚੇ ਦੀ ਛਠੀ ਸਮਾਰੋਹ ਵਿੱਚ ਸ਼ਾਮਲ ਹੋਣ ਤੋਂ ਬਾਅਦ ਟਿੱਪਬ ਵਿੱਚ ਵਾਪਸ ਆ ਰਹੇ ਸਨ। ਸਾਰੇ ਮ੍ਰਿਤਕ ਛੱਤੀਸਗੜ੍ਹ ਦੇ ਚਟੌਦ ਪਿੰਡ ਦੇ ਰਹਿਣ ਵਾਲੇ ਪੁਨੀਤ ਸਾਹੂ ਦੇ ਰਿਸ਼ਤੇਦਾਰ ਸਨ।

# ਭਾਰਤ-ਪਾਕਿ ਵਿੱਚ ਤਣਾਅ ਘਟਣ ਨਾਲ ਸ਼ੇਅਰ ਬਾਜ਼ਾਰਾਂ 'ਚ ਸਭ ਤੋਂ ਵੱਡਾ ਵਾਧਾ ਦਰਜ

### ਸੈਂਸੈਕਸ ਤੇ ਨਿਫਟੀ ਲਗਭਗ ਚਾਰ ਫ਼ੀਸਦੀ ਵਧਿਆ



ਮੁੰਬਈ , 12 ਮਈ (ਚ.ਨ.ਸ.): ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਟਲਣ ਤੋਂ ਬਾਅਦ ਭਾਰਤੀ ਸਟਾਕ ਮਾਰਕੀਟ ਚਾਰ ਫੀਸਦੀ ਦੇ ਵਾਧੇ 'ਤੇ ਬੰਦ ਹੋਈ। ਇਸ ਤੋਂ ਇਲਾਵਾ ਅਮਰੀਕਾ ਅਤੇ ਚੀਨ ਵੱਲੋਂ ਹਾਂਪੱਖੀ ਐਲਾਨਾਂ ਤੋਂ ਬਾਅਦ ਦੇਸ਼ ਤੇ ਵਿਦੇਸ਼ ਦੀਆਂ ਸਟਾਕ ਮਾਰਕੀਟਾਂ ਵਿਚ ਵਾਧਾ ਦੇਖਣ ਨੂੰ ਮਿਲਿਆ। ਸਟਾਕ ਸੂਚਕਅੰਕ ਸੈਂਸੈਕਸ ਅਤੇ ਨਿਫਟੀ ਨੇ ਅੱਜ 4 ਫੀਸਦੀ ਦੇ ਕਰੀਬ ਆਪਣਾ ਸਭ ਤੋਂ ਵੱਡਾ ਇੱਕ ਦਿਨ ਦਾ ਵਾਧਾ ਦਰਜ ਕੀਤਾ। 30 ਸ਼ੇਅਰਾਂ ਵਾਲਾ ਬੀਐਸਈ ਸੈਂਸੈਕਸ 2,975.43 ਅੰਕ ਜਾਂ 3.74 ਫੀਸਦੀ ਵਧ ਕੇ 82,429.90 ਦੇ ਸੱਤ ਮਹੀਨਿਆਂ ਤੋਂ ਸਭ ਤੋਂ ਉਚਲੇ ਪੱਧਰ 'ਤੇ ਬੰਦ ਹੋਇਆ।ਐਨਐਸਈ ਦਾ 50 ਅੰਕਾਂ ਵਾਲਾ ਨਿਫਟੀ 916.70 ਅੰਕ ਜਾਂ 3.82 ਫੀਸਦੀ ਦੇ ਵਾਧੇ ਨਾਲ 24,924.70 'ਤੇ ਬੰਦ ਹੋਇਆ। ਸੈਂਸੈਕਸ ਅਤੇ ਨਿਫਟੀ ਨੇ ਆਈ.ਟੀ., ਮੈਟਲ, ਰੀਐਲਟੀ ਅਤੇ ਟੈਕ ਸ਼ੇਅਰਾਂ ਵਿਚ ਵਾਧਾ ਦਰਜ ਕੀਤਾ। ਸੈਂਸੈਕਸ ਨੇ ਇਸ ਤੋਂ ਪਹਿਲਾਂ 3 ਜੂਨ, 2024 ਨੂੰ 2,507.45 ਅੰਕ ਅਤੇ ਨਿਫਟੀ ਨੇ 733.20 ਅੰਕਾਂ ਦਾ ਆਪਣਾ ਸਭ ਤੋਂ ਵੱਡਾ ਇੱਕ ਦਿਨ ਦਾ ਵਾਧਾ ਦਰਜ ਕੀਤਾ ਸੀ। ਸਟਾਕ ਬਾਜ਼ਾਰਾਂ ਨੇ ਸ਼ਨਿਚਰਵਾਰ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੋਲੀਬੰਦੀ ਅਤੇ ਫੌਜੀ ਕਾਰਵਾਈਆਂ ਨੂੰ ਰੋਕਣ ਲਈ ਹੋਏ ਸਮਝੌਤਾ ਦਾ ਸਵਾਗਤ ਕੀਤਾ।ਜ਼ਿਕਰਯੋਗ ਹੈ ਕਿ ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਭਾਰਤ ਨੇ 7 ਮਈ ਨੂੰ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਨੌਂ ਅਤਿਵਾਦੀ ਟਿਕਾਣੇ ਤਬਾਹ ਕਰਨ ਲਈ ਅਪਰੇਸ਼ਨ ਸਿੰਧੂਰ ਸ਼ੁਰੂ ਕੀਤਾ ਸੀ।

# ਹੁਸ਼ਿਆਰਪੁਰ ਤੇ ਅੰਮ੍ਰਿਤਸਰ 'ਚ ਕੀਤਾ ਗਿਆ ਬਲੈਕਆਊਟ

ਚੰਡੀਗੜ੍ਹ , 12 ਮਈ (ਚ.ਨ.ਸ.) : ਪੰਜਾਬ ਦੇ ਅੰਮ੍ਰਿਤਸਰ 'ਚ ਬਲੈਕਆਊਟ ਮਗਰੋਂ ਹੁਣ ਹੁਸ਼ਿਆਰਪੁਰ ਵਿਚ ਵੀ ਬਲੈਕਆਊਟ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਇਹ ਬਲੈਕਆਊਟ ਅਜੇ ਅਹਿਤਿਆਤਨ ਕੀਤਾ ਗਿਆ ਹੈ। ਦੱਸ ਦਈਏ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਵੀ ਬਲੈਕਆਊਟ ਕੀਤਾ ਗਿਆ ਹੈ। ਇਸ ਦੌਰਾਨ ਅੰਮ੍ਰਿਤਸਰ ਡੀਸੀ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਤੁਹਾਨੂੰ ਸਾਇਰਨ ਸੁਣਾਈ ਦੇਵੇਗਾ। ਅਸੀਂ ਚੌਕਸ ਹਾਂ ਅਤੇ ਬਲੈਕਆਊਟ ਸ਼ੁਰੂ ਕਰ ਰਹੇ ਹਾਂ। ਕਿਰਪਾ ਕਰਕੇ ਆਪਣੀਆਂ ਲਾਈਟਾਂ ਬੰਦ ਕਰੋ ਅਤੇ ਆਪਣੀਆਂ ਖਿੜਕੀਆਂ ਤੋਂ ਦੂਰ ਚਲੇ ਜਾਓ। ਸ਼ਾਂਤ ਰਹੋ, ਜਦੋਂ ਬਿਜਲੀ ਸਪਲਾਈ ਬਹਾਲ ਕਰਨ ਲਈ ਤਿਆਰ ਹੋਵਾਂਗੇ ਤਾਂ ਅਸੀਂ ਤੁਹਾਨੂੰ ਸੂਚਿਤ ਕਰਾਂਗੇ। ਬਿਲਕੁੱਲ ਵੀ ਘਬਰਾਓ ਨਾ। ਇਹ ਬਹੁਤ ਸਾਵਧਾਨੀ ਵਜੋਂ ਹੈ।

# ਭੂਚਾਲ ਦੇ ਤੇਜ਼ ਝਟਕਿਆਂ ਨਾਲ ਹਿੱਲਿਆ ਤਿੱਬਤ

ਬੀਜਿੰਗ , 12 ਮਈ (ਚ.ਨ.ਸ.) : :ਤਿੱਬਤ ਵਿੱਚ ਰਾਤ ਕਰੀਬ 2 ਵਜੇ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਤਿੱਬਤ ਭੂਚਾਲ ਦੇ ਤੇਜ਼ ਝਟਕਿਆਂ ਨਾਲ ਹਿੱਲ ਗਿਆ ਹੈ। ਭੂਚਾਲ ਇੰਨਾ ਸ਼ਕਤੀਸ਼ਾਲੀ ਸੀ ਕਿ ਅੱਧੀ ਰਾਤ ਨੂੰ ਸੁੱਤੇ ਤਿੱਬਤੀ ਲੋਕ ਡਰ ਦੇ ਮਾਰੇ ਆਪਣੇ ਘਰਾਂ ਤੋਂ ਬਾਹਰ ਭੱਜ ਗਏ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਦੇ ਅਨੁਸਾਰ, ਰਾਤ 02.41 ਵਜੇ ਤਿੱਬਤ ਵਿੱਚ ਰਿਕਟਰ ਪੈਮਾਨੇ 'ਤੇ 5.7 ਤੀਬਰਤਾ ਦਾ ਭੂਚਾਲ ਆਇਆ। ਸ਼ੁਰੂਆਤੀ ਤੌਰ 'ਤੇ ਭੂਚਾਲ ਨਾਲ ਹੋਏ ਕਿਸੇ ਵੀ ਨੁਕਸਾਨ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਯੁੱਧ ਨਸ਼ਿਆਂ ਵਿਰੁੱਧ : 72 ਦਿਨਾਂ 'ਚ 10 ਹਜ਼ਾਰ ਤੋਂ ਵੱਧ ਨਸ਼ਾ ਤਸਕਰ ਗ੍ਰਿਫ਼ਤਾਰ

ਚੰਡੀਗੜ੍ਹ, 12 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਏ ਗਏ ਯੁੱਧ ਨਸ਼ਿਆਂ ਵਿਰੁੱਧ ਦੇ 72 ਦਿਨ ਪੂਰੇ ਹੋਣ ਦੇ ਨਾਲ, ਪੰਜਾਬ ਪੁਲਿਸ ਨੇ 1 ਮਾਰਚ, 2025 ਤੋਂ ਹੁਣ ਤੱਕ 6280 ਐਫਆਈਆਰਜ਼ ਦਰਜ ਕੀਤੀਆਂ ਹਨ ਅਤੇ 10444 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਸੀ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ, ਪੰਜਾਬ ਪੁਲਿਸ ਵੱਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਹੇਠ ਵੱਖ-ਵੱਖ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਸੂਬੇ ਭਰ ਵਿੱਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ, ਨਾਈਟ ਡੋਮੀਨੇਸ਼ਨ ਅਤੇ ਡਰੱਗ ਹੌਟਸਪੌਟਸ 'ਤੇ ਛਾਪੇਮਾਰੀ ਸ਼ਾਮਲ ਹੈ।

ਇਨ੍ਹਾਂ ਕਾਰਵਾਈਆਂ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਪੁਲਿਸ ਟੀਮਾਂ ਨੇ 398 ਕਿੱਲੋਗ੍ਰਾਮ ਹੈਰੋਇਨ, 186 ਕਿਲੋਗ੍ਰਾਮ ਅਫੀਮ, 117 ਕੁਇੰਟਲ ਭੁੱਕੀ, 8 ਕਿਲੋਗ੍ਰਾਮ ਚਰਸ, 135 ਕਿਲੋਗ੍ਰਾਮ ਗਾਂਜਾ, 2.5 ਕਿਲੋਗ੍ਰਾਮ ਆਈਸੀਈ, 1.2 ਕਿਲੋਗ੍ਰਾਮ ਕੋਕੀਨ, 23.57 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 8.58 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

72ਵੇਂ ਦਿਨ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ, ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ 133 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.2 ਕਿਲੋ ਹੈਰੋਇਨ, 54 ਕਿਲੋ ਭੁੱਕੀ, 73000 ਨਸ਼ੀਲੀਆਂ ਗੋਲੀਆਂ ਅਤੇ 13.22 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਉਨ੍ਹਾਂ ਦੱਸਿਆ ਕਿ 90 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 250 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 495 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 89 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 503 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਦੱਸਣਯੋਗ ਹੈ ਕਿ ਸੂਬਾ ਸਰਕਾਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀਐਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ 'ਡੀਐਡਿਕਸ਼ਨ' ਹਿੱਸੇ ਵਜੋਂ 104 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਲਈ ਪ੍ਰੇਰਿਤ ਕੀਤਾ ਹੈ।

# -ਫਾਰਮਾ ਓਪੀਓਡ ਸਪਲਾਈ ਨੈੱਟਵਰਕ ਨੂੰ ਵੱਡਾ ਝਟਕਾ- 60 ਹਜ਼ਾਰ ਗੋਲ਼ੀਆਂ ਸਮੇਤ ਤਿੰਨ ਨਸ਼ਾ ਤਸਕਰ ਕਾਬੂ



ਚੰਡੀਗੜ੍ਹ/ਫਾਜ਼ਿਲਕਾ, 12 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੌਰਾਨ ਫਾਰਮਾ ਓਪੀਓਡ ਸਪਲਾਈ ਨੈੱਟਵਰਕ ਨੂੰ ਵੱਡਾ ਝਟਕਾ ਦਿੰਦਿਆਂ, ਫਾਜ਼ਿਲਕਾ ਪੁਲਿਸ ਨੇ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਟਰਾਮਾਡੋਲ ਹਾਈਡਰੋਕਲੋਰਾਈਡ (100 ਮਿਲੀਗ੍ਰਾਮ) ਦੀਆਂ 60,000 ਗੋਲੀਆਂ ਬਰਾਮਦ ਕੀਤੀਆਂ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਪ੍ਰਿੰਸ ਕੁਮਾਰ ਵਾਸੀ ਮੋਹਕਮ ਅਰਾਈਆਂ, ਜਲਾਲਾਬਾਦ, ਸੰਦੀਪ ਕੁਮਾਰ ਉਰਫ਼ ਸੰਜੂ ਅਤੇ ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨ ਦੋਵੇਂ ਵਾਸੀ ਕਾਮਰੇਵਾਲਾ, ਜਲਾਲਾਬਾਦ ਵਜੋਂ ਹੋਈ ਹੈ। ਨਸ਼ੀਲੇ ਫਾਰਮਾਸਿਊਟੀਕਲ ਪਦਾਰਥਾਂ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦੀ ਮਾਰੂਤੀ ਆਲਟੋ ਕਾਰ (ਡੀਐਲ-2ਏਐਫ-7049) ਜਿਸ ਵਿੱਚ ਉਹ ਜਾ ਕਰ ਰਹੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੇ ਫਾਰਮਾ ਡਰੱਗ ਸਿੰਡੀਕੇਟ ਨੂੰ ਨਸ਼ਟ ਕੀਤਾ ਜਾ ਸਕੇ।

ਇਸ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀ) ਫਾਜ਼ਿਲਕਾ ਵਰਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪਿੰਡ ਲੱਧੂ ਵਾਲਾ ਉੱਤਰ ਨਜ਼ਦੀਕ ਜਲਾਲਾਬਾਦ-ਸ੍ਰੀ ਮੁਕਤਸਰ ਰੋਡ 'ਤੇ ਲਗਾਏ ਗਏ ਵਿਸ਼ੇਸ਼ ਨਾਕੇ ਦੌਰਾਨ, ਇੰਚਾਰਜ ਸੀਆਈਏ-2 ਫਾਜ਼ਿਲਕਾ ਇੰਸਪੈਕਟਰ ਸੁਨੀਲ ਕੁਮਾਰ ਦੀ ਨਿਗਰਾਨੀ ਅਧੀਨ ਅਤੇ ਐਸਆਈ ਅਮਰੀਕ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਸ੍ਰੀ ਮੁਕਤਸਰ ਸਾਹਿਬ ਵਾਲੇ ਪਾਸਿਓਂ ਆ ਰਹੀ ਆਲਟੋ ਕਾਰ ਜਿਸ ਵਿੱਚ ਤਿੰਨ ਸਵਾਰ ਸਨ, ਨੂੰ ਚੈਕਿੰਗ ਲਈ ਰੋਕਿਆ।

ਉਨ੍ਹਾਂ ਦੱਸਿਆ ਕਿ ਤਲਾਸ਼ੀ ਦੌਰਾਨ, ਪੁਲਿਸ ਨੇ ਕਾਰ ਦੀ ਪਿਛਲੀ ਸੀਟ 'ਤੇ ਰੱਖੇ ਗੱਤੇ ਦੇ ਡੱਬਿਆਂ ਵਿੱਚ ਛੁਪਾ ਕੇ ਰੱਖੀਆਂ ਟਰਾਮਾਡੋਲ ਦੀਆਂ 60,000 ਗੋਲੀਆਂ ਬਰਾਮਦ ਕੀਤੀਆਂ ਅਤੇ ਤਿੰਨੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਐਸਐਸਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਅੰਤਰ-ਜ਼ਿਲ੍ਹਾ ਨਸ਼ਾ ਤਸਕਰੀ ਨੈੱਟਵਰਕ ਦਾ ਹਿੱਸਾ ਸਨ ਅਤੇ ਖੇਤਰ ਵਿੱਚ ਇਨ੍ਹਾਂ ਪਾਬੰਦੀਸ਼ੁਦਾ ਫਾਰਮਾਸਿਊਟੀਕਲ ਓਪੀਔਡਜ਼ ਦੀ ਸਪਲਾਈ ਕਰ ਰਹੇ ਸਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਇਸ ਸਬੰਧੀ ਐਫਆਈਆਰ ਨੰਬਰ 52 ਮਿਤੀ 11-05-2025 ਨੂੰ ਐਨਡੀਪੀਐਸ ਐਕਟ ਦੀ ਧਾਰਾ 22-ਸੀ ਅਤੇ 29 ਤਹਿਤ ਫਾਜ਼ਿਲਕਾ ਦੇ ਥਾਣਾ ਵੈਰੋਕੇ ਵਿਖੇ ਦਰਜ ਕੀਤੀ ਗਈ ਹੈ।

# ਲੋਕਾਂ ਦੀ ਨਿਗਰਾਨੀ ਹੇਠ ਬਣਨਗੀਆਂ 18900 ਕਿੱਲੋਮੀਟਰ ਸੜਕਾਂ : ਸੌਂਦ

ਚੰਡੀਗੜ੍ਹ, 12 ਮਈ, (ਚ.ਨ.ਸ.) : ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਉਲੀਕੀ ਨੀਤੀ ਤਹਿਤ ਪੇਂਡੂ ਲਿੰਕ ਸੜਕਾਂ ਦੇ ਮੈਗਾ ਪ੍ਰੋਜੈਕਟ ਦੀ ਸ਼ੁਰੂਆਤ ਕਰ ਦਿੱਤੀ ਹੈ। ਸਥਾਨਕ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ, ਕਿ ਹਾਲੀਆ ਬਜਟ ਵਿੱਚ 18,900 ਕਿੱਲੋਮੀਟਰ ਪੇਂਡੂ ਲਿੰਕ ਸੜਕਾਂ ਦੇ ਮੈਗਾ ਪ੍ਰੋਜੈਕਟ ਦਾ ਐਲਾਨ ਕੀਤਾ ਗਿਆ ਸੀ। ਇਸ ਐਲਾਨ ਦੇ ਕੁਝ ਦਿਨਾਂ ਬਾਅਦ ਹੀ ਪਹਿਲੇ ਪੜਾਅ ਤਹਿਤ ਅੱਜ 828 ਕਿੱਲੋਮੀਟਰ ਲੰਬੀਆਂ ਪੇਂਡੂ ਸੰਪਰਕ ਸੜਕਾਂ ਦੇ ਨਿਰਮਾਣ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ 4 ਜ਼ਿਲ੍ਹਿਆਂ ਬਰਨਾਲਾ, ਫਰੀਦਕੋਟ, ਪਠਾਨਕੋਟ ਅਤੇ ਸ਼ਹੀਦ ਭਗਤ ਸਿੰਘ ਨਗਰ ਦੇ ਵਸਨੀਕਾਂ ਨੂੰ ਇਸ ਦਾ ਸਿੱਧਾ ਲਾਭ ਹੋਵੇਗਾ।

ਉਨ੍ਹਾਂ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਭਦੌੜ, ਮਹਿਲ ਕਲਾਂ, ਫਰੀਦਕੋਟ, ਕੋਟਕਪੂਰਾ, ਜੈਤੋ, ਬਲਾਚੌਰ, ਬੰਗਾ, ਨਵਾਂ ਸ਼ਹਿਰ, ਭੋਆ, ਪਠਾਨਕੋਟ ਤੇ ਸੁਜਾਨਪੁਰ ਵਿਧਾਨ ਸਭਾ ਹਲਕਿਆਂ ਦੀਆਂ 828 ਕਿਲੋਮੀਟਰ ਲੰਬੀਆਂ ਸੜਕਾਂ ਲਈ ਟੈਂਡਰ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ 12,500 ਕਿਲੋਮੀਟਰ ਹੋਰ ਪੇਂਡੂ ਸੜਕਾਂ ਲਈ ਟੈਂਡਰ 30 ਮਈ ਤੱਕ ਜਾਰੀ ਕੀਤੇ ਜਾਣਗੇ ਅਤੇ ਬਾਕੀ ਸਾਰੀਆਂ ਸੜਕਾਂ ਲਈ ਟੈਂਡਰ 15 ਜੂਨ ਤੱਕ ਪੂਰੇ ਹੋ ਜਾਣਗੇ। ਸੌਂਦ ਨੇ ਕਿਹਾ ਕਿ ਇਸ ਨਾਲ ਪਿੰਡਾਂ ਨੂੰ ਇੱਕ ਮਜ਼ਬੂਤ ਸੜਕੀ ਨੈੱਟਵਰਕ ਮਿਲੇਗਾ ਤੇ ਸੂਬੇ ਦੀ ਤਰੱਕੀ ਦੀਆਂ ਨਵੀਆਂ ਇਬਾਰਤਾਂ ਲਿਖੀਆਂ ਜਾਣਗੀਆਂ।



ਸੌਂਦ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਦੇ ਖਾਤਮੇ ਵੱਲ ਇੱਕ ਵੱਡਾ ਕਦਮ ਵਧਾਉਂਦਿਆਂ ਸੜਕਾਂ ਦੇ ਨਿਰਮਾਣ ਦਾ ਠੇਕਾ ਲੈਣ ਵਾਲੇ ਠੇਕੇਦਾਰ ਨੂੰ 5 ਸਾਲ ਲਈ ਰੱਖ-ਰਖਾਅ ਦੀ ਜ਼ਿੰਮੇਵਾਰੀ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਠੇਕੇਦਾਰ ਹੁਣ ਨਾ ਸਿਰਫ਼ ਸੜਕ ਬਣਾਏਗਾ ਬਲਕਿ 5 ਸਾਲਾਂ ਲਈ ਇਸਦੀ ਦੇਖਭਾਲ ਵੀ ਕਰੇਗਾ। ਇਸ ਸਮੇਂ ਦੌਰਾਨ ਜੇਕਰ ਸੜਕ ਖਰਾਬ ਹੋ ਜਾਂਦੀ ਹੈ ਤਾਂ ਉਹੀ ਠੇਕੇਦਾਰ ਇਸ ਦੇ ਮੁੜ ਨਿਰਮਾਣ/ਰਿਪੇਅਰ ਲਈ ਜ਼ਿੰਮੇਵਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲੀਆਂ ਸਰਕਾਰਾਂ ਨੇ ਅਜਿਹਾ ਕੋਈ ਫੈਸਲਾ ਨਹੀਂ ਲਿਆ ਸੀ ਅਤੇ ਕਈ ਸੜਕਾਂ ਤਾਂ ਬਣਦੀ ਸਾਰ ਹੀ ਟੁੱਟ ਜਾਂਦੀਆਂ ਹੁੰਦੀਆਂ ਸਨ। ਵਾਰ-ਵਾਰ ਪੈਚ ਵਰਕਾਂ ਦੇ ਟੈਂਡਰਾਂ ਨਾਲ ਜਿੱਥੇ ਸਰਕਾਰੀ ਪੈਸਾ ਬਰਬਾਦ ਹੁੰਦਾ ਸੀ, ਉੱਥੇ ਹੀ ਇਸ ਨਾਲ ਭ੍ਰਿਸ਼ਟਾਚਾਰ ਵੀ ਵੱਧਦਾ ਸੀ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਠੇਕੇਦਾਰ ਸੜਕ ਨਿਰਮਾਣ ਵਿੱਚ ਲਾਹਪ੍ਰਵਾਹੀ ਵਰਤਦਾ ਹੈ ਜਾਂ ਖਰਾਬ ਸੜਕ ਪੰਜਾਬ ਵਾਸੀਆਂ ਨੂੰ ਬਣਾ ਕੇ ਦਿੰਦਾ ਹੈ ਤਾਂ ਉਸ ਨੂੰ ਬਲੈਕਲਿਸਟ ਕਰ ਦਿੱਤਾ ਜਾਵੇਗਾ।

# 'ਆਪ' ਸਰਕਾਰ ਦਾ ਕਰਾਰਾ ਵਾਰ: 1,549 ਕਰੋੜ ਦੇ ਜਾਅਲੀ ਲੈਣ-ਦੇਣ ਦਾ ਕੀਤਾ ਪਰਦਾਫਾਸ਼ : ਚੀਮਾ

ਚੰਡੀਗੜ੍ਹ, 12 ਮਈ, (ਚ.ਨ.ਸ.) : ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਸੂਬੇ ਦੇ ਕਰ ਵਿਭਾਗ ਦੇ ਜਾਂਚ ਵਿੰਗਾਂ ਨੇ ਚਾਲੂ ਵਿੱਤੀ ਸਾਲ ਦੌਰਾਨ ਜਾਅਲੀ ਬਿਲਿੰਗ ਜਾਂ ਕਾਗਜ਼ੀ ਲੈਣ-ਦੇਣ ਨਾਲ ਸਬੰਧਤ 1549 ਕਰੋੜ ਰੁਪਏ ਦੇ ਲੈਣ-ਦੇਣ ਦਾ ਪਰਦਾਫਾਸ ਕਰਦਿਆਂ 108.79 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਇਨਪੁੱਟ ਟੈਕਸ ਕ੍ਰੈਡਿਟ (ਆਈ.ਟੀ.ਸੀ) ਦਾਅਵਿਆਂ 'ਤੇ ਰੋਕ ਲਗਾ ਦਿੱਤੀ ਹੈ।

ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੂਬੇ ਦੇ ਕਰ ਵਿਭਾਗ ਦੁਆਰਾ ਕੀਤੀਆਂ ਗਈਆਂ ਇਨਫੋਰਸਮੈਂਟ ਕਾਰਵਾਈਆਂ ਬਾਰੇ ਵੇਰਵੇ ਦਿੱਤੇ। ਉਨ੍ਹਾਂ ਖੁਲਾਸਾ ਕੀਤਾ ਕਿ ਵਿਭਾਗ ਨੇ ਲੁਧਿਆਣਾ ਵਿੱਚ ਸੋਨੇ ਦੇ ਲੈਣ-ਦੇਣ ਵਿੱਚ 900 ਕਰੋੜ ਰੁਪਏ ਦੇ ਜਾਅਲੀ ਇਨਵੌਇਸਾਂ ਦਾ ਪਰਦਾਫਾਸ਼ ਕਰਕੇ 21 ਕਰੋੜ ਰੁਪਏ ਦੇ ਆਈਟੀਸੀ ਨੂੰ ਬਲਾਕ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਮੋਹਾਲੀ, ਖਰੜ ਅਤੇ ਕੋਟਕਪੂਰਾ ਵਿੱਚ ਕੋਲੇ ਦੇ ਲੈਣ-ਦੇਣ ਵਿੱਚ 226 ਕਰੋੜ ਰੁਪਏ ਦੇ ਧੋਖਾਧੜੀ ਇਨਵੌਇਸਾਂ ਦਾ ਪਤਾ ਲਗਾਉਣ ਤੋਂ ਬਾਅਦ 12 ਕਰੋੜ ਰੁਪਏ ਦੇ ਆਈਟੀਸੀ ਨੂੰ ਬਲਾਕ ਕਰ ਦਿੱਤਾ ਗਿਆ। ਇਨਫੋਰਸਮੈਂਟ ਦੀਆਂ ਹੋਰ ਕਾਰਵਾਈਆਂ ਤਹਿਤ ਲੁਧਿਆਣਾ ਅਤੇ ਮੰਡੀ ਗੋਬਿੰਦਗੜ੍ਹ ਵਿੱਚ ਕੁੱਲ 423 ਕਰੋੜ ਰੁਪਏ ਦੇ ਜਾਅਲੀ ਲੈਣ-ਦੇਣ ਦਾ ਪਰਦਾਫਾਸ਼ ਕਰਕੇ 75.79 ਕਰੋੜ ਰੁਪਏ ਦੇ ਆਈਟੀਸੀ ਨੂੰ ਬਲਾਕ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇੱਕ ਹੋਰ ਵੱਡੀ ਕਾਰਵਾਈ ਤਹਿਤ ਕਰ ਵਿਭਾਗ ਦੇ ਅਧਿਕਾਰੀਆਂ ਨੇ ਰਾਂਚੀ ਤੋਂ ਲੁਧਿਆਣਾ ਜਾ ਰਹੇ ਇੱਕ ਵਾਹਨ ਨੂੰ ਰੋਕਿਆ, ਜਿਸ ਵਿੱਚ ਬਿਨਾਂ ਇਨਵੌਇਸ ਦੇ 2 ਕਿੱਲੋ ਸੋਨਾ ਸੀ, ਸੋਨੇ ਨੂੰ ਜ਼ਬਤ ਕਰਦਿਆਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



ਇਨ੍ਹਾਂ ਇਨਫੋਰਸਮੈਂਟ ਕਾਰਵਾਈਆਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਵਿੱਤ ਮੰਤਰੀ ਨੇ 19 ਮਈ ਨੂੰ ਕੀਤੇ ਗਏ ਇਤਿਹਾਸਕ ਰਾਜਵਿਆਪੀ ਆਪ੍ਰੇਸ਼ਨ ਦਾ ਵੀ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਤਹਿਤ ਕੇਂਦਰ ਸਰਕਾਰ ਨਾਲ ਰਜਿਸਟਰਡ 156 ਫਰਮਾਂ ਅਤੇ 39 ਰਾਜ-ਰਜਿਸਟਰਡ ਫਰਮਾਂ ਸਮੇਤ 195 ਜੀਐਸਟੀ-ਰਜਿਸਟਰਡ ਫਰਮਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ 423 ਕਰੋੜ ਰੁਪਏ ਦਾ ਫਰਜ਼ੀ ਕਾਗਜ਼ੀ ਲੈਣ-ਦੇਣ ਦਾ ਖੁਲਾਸਾ ਹੋਇਆ ਅਤੇ ਨਤੀਜੇ ਵਜੋਂ 75.79 ਕਰੋੜ ਰੁਪਏ ਦੇ ਆਈਟੀਸੀ ਨੂੰ ਬਲਾਕ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਫਰਮਾਂ ਲੁਧਿਆਣਾ (100 ਫਰਮਾਂ) ਅਤੇ ਮੰਡੀ ਗੋਬਿੰਦਗੜ੍ਹ (72 ਫਰਮਾਂ) ਵਿੱਚ ਸਥਿਤ ਸਨ।

ਜੀਐਸਟੀ ਅਧੀਨ ਪੰਜਾਬ ਦੀਆਂ ਮਹੱਤਵਪੂਰਨ ਇਨਫੋਰਸਮੈਂਟ ਕਾਰਵਾਈਆਂ ਦਾ ਜਿਕਰ ਕਰਦਿਆਂ, ਵਿੱਤ ਮੰਤਰੀ ਨੇ ਖੁਲਾਸਾ ਕੀਤਾ ਕਿ ਵਿਭਾਗ ਵੱਲੋਂ ਮਹੱਤਵਪੂਰਨ ਗ੍ਰਿਫਤਾਰੀਆਂ ਵੀ ਕੀਤੀਆਂ ਹਨ, ਜਿਸ ਵਿੱਚ ਇੱਕ ਹਾਈ-ਪ੍ਰੋਫਾਈਲ ਕੇਸ ਵੀ ਸ਼ਾਮਲ ਹੈ, ਜਿੱਥੇ ਇੱਕ ਵਿਅਕਤੀ ਨੂੰ 29.50 ਕਰੋੜ ਰੁਪਏ ਦੇ ਜਾਅਲੀ ਇਨਵੌਇਸਿੰਗ ਅਤੇ ਧੋਖਾਧੜੀ ਵਾਲੇ ਆਈਟੀਸੀ ਦਾਅਵਿਆਂ ਨਾਲ ਜੁੜੇ ਇੱਕ ਰੈਕੇਟ ਦਾ ਮਾਸਟਰਮਾਈਂਡ ਹੋਣ ਲਈ ਗ੍ਰਿਫਤਾਰ ਕੀਤਾ ਗਿਆ। ਇਸ ਮਾਮਲੇ ਵਿੱਚ ਉਕਤ ਫਰਮ ਨੇ ਵਿੱਤੀ ਸਾਲ 2023-24 ਅਤੇ 2024-25 ਵਿੱਚ 60 ਤੋਂ ਵੱਧ ਜਾਅਲੀ ਅਤੇ ਰੱਦ ਕੀਤੀਆਂ ਫਰਮਾਂ ਤੋਂ 163 ਕਰੋੜ ਰੁਪਏ ਦੀ ਇਨਵਰਡ ਸਪਲਾਈ ਪ੍ਰਾਪਤ ਕੀਤੀ ਸੀ।

ਜੀਐਸਟੀ ਸੰਗ੍ਰਹਿ ਵਿੱਚ ਸਾਲ-ਦਰ-ਸਾਲ ਵਾਧੇ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ 'ਆਪ' ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਜ਼ੋਰ ਦਿੱਤਾ, ਜਿਸ ਨੇ ਤਿੰਨ ਸਾਲਾਂ ਵਿੱਚ 62,733 ਕਰੋੜ ਰੁਪਏ ਇਕੱਠੇ ਕੀਤੇ ਹਨ। ਉਨ੍ਹਾਂ ਨੇ ਇਸਦੀ ਤੁਲਨਾ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੁਆਰਾ ਪੰਜ ਸਾਲਾਂ ਵਿੱਚ ਇਕੱਠੇ ਕੀਤੇ 63,042 ਕਰੋੜ ਰੁਪਏ ਨਾਲ ਕਰਦਿਆਂ ਕਿਹਾ ਕਿ ਇਹ ਅੰਕੜੇ ਆਪਣੇ ਆਪ ਵਿੱਚ ਸਾਰੀ ਕਹਾਣੀ ਬੋਲਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿੱਤੇ 'ਆਪ' ਸਰਕਾਰ ਨੇ ਵਪਾਰ ਵਿਕਾਸ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਟੈਕਸ ਚੋਰੀ ਕਰਨ ਵਾਲਿਆਂ ਵਿਰੁੱਧ ਸ਼ਿਕੰਜਾ ਕੱਸਿਆ ਉੱਥੇ ਪਿਛਲੀਆਂ ਸਰਕਾਰਾਂ ਦੌਰਾਨ ਸਤ੍ਹਾ ਧਿਰ ਪਾਰਟੀਆਂ ਨੇ ਸਿਰਫ਼ ਆਪਣੇ ਲਈ ਦੌਲਤ ਇਕੱਠੀ ਕਰਨ 'ਤੇ ਧਿਆਨ ਕੇਂਦਰਿਤ ਕੀਤਾ।

ਵਿਰੋਧੀ ਪਾਰਟੀਆਂ ਵਿਰੁੱਧ ਸਖ਼ਤ ਰੁਖ਼ ਅਪਣਾਉਂਦੇ ਹੋਏ, ਵਿੱਤ ਮੰਤਰੀ ਚੀਮਾ ਨੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਵੱਲੋਂ ਸਰਕਾਰ ਦੀਆਂ ਇਨ੍ਹਾਂ ਇਨਫੋਰਸਮੈਂਟ ਗਤੀਵਿਧੀਆਂ ਵਿਰੁੱਧ ਕੀਤੇ ਜਾਂਦੇ ਬੇਬੁਨਿਆਦ ਦਾਅਵਿਆਂ ਦੀ ਕਰੜੀ ਆਲੋਚਨਾ ਕੀਤੀ।

# ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਸਿੱਖਿਆ ਲਈ ਨਵੇਂ ਮਾਪਦੰਡ ਤੈਅ

ਚੰਡੀਗੜ੍ਹ, 12 ਮਈ, (ਚ.ਨ.ਸ.) : ਖੇਤੀਬਾੜੀ ਸਿੱਖਿਆ 'ਚ ਇੱਕਸਾਰਤਾ ਲਿਆਉਣ ਅਤੇ ਇਸਨੂੰ ਹੁਲਾਰਾ ਦੇਣ ਦੇ ਉਦੇਸ਼ ਨਾਲ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਸੂਬੇ ਵਿੱਚ ਬੀ.ਐਸ.ਸੀ (ਆਨਰਜ਼) ਐਗਰੀਕਲਚਰ ਲਈ ਆਈ.ਸੀ.ਏ.ਆਰ. ਮਾਡਲ ਐਕਟ, 2023 (ਸੋਧ) ਨੂੰ ਅਪਣਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ।

ਇਹ ਫੈਸਲਾ ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰਲ ਐਜੂਕੇਸ਼ਨ (ਪੀ.ਐਸ.ਸੀ.ਏ.ਈ.) ਦੀ ਮੀਟਿੰਗ ਵਿੱਚ ਲਿਆ ਗਿਆ, ਜਿਸਦੀ ਪ੍ਰਧਾਨਗੀ ਪੀ.ਐਸ.ਸੀ.ਏ.ਈ. ਦੇ ਚੇਅਰਪਰਸਨ-ਕਮ-ਪ੍ਰਬੰਧਕੀ ਸਕੱਤਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ ਡਾ. ਬਸੰਤ ਗਰਗ ਨੇ ਕੀਤੀ।

ਡਾ. ਗਰਗ ਨੇ ਦੱਸਿਆ ਕਿ ਪੰਜਾਬ ਵਿੱਚ ਬੀ.ਐਸ.ਸੀ (ਆਨਰਜ਼) ਐਗਰੀਕਲਚਰ ਲਈ ਆਈ.ਸੀ.ਏ.ਆਰ. ਮਾਡਲ ਐਕਟ 2023 (ਸੋਧ) ਨੂੰ ਲਾਗੂ ਕਰਨ ਸਬੰਧੀ ਵਿਸਥਾਰਤ ਚਰਚਾ ਤੋਂ ਬਾਅਦ ਸਰਬਸੰਮਤੀ ਨਾਲ ਇਸ ਐਕਟ ਨੂੰ ਅਪਣਾਉਣ ਦਾ ਫੈਸਲਾ ਲਿਆ ਗਿਆ।

ਉਨ੍ਹਾਂ ਕਿਹਾ ਕਿ ਬੀ.ਐਸ.ਸੀ (ਆਨਰਜ਼) ਐਗਰੀਕਲਚਰ (120 ਵਿਦਿਆਰਥੀ/ ਇੱਕ ਯੂਨਿਟ) ਲਈ ਸੋਧੇ ਹੋਏ ਘੱਟੋ-ਘੱਟ ਮਾਪਦੰਡਾਂ ਵਿੱਚ 35 ਫੈਕਲਟੀ ਮੈਂਬਰ, 43 ਸਹਾਇਕ ਸਟਾਫ਼ ਤੋਂ ਇਲਾਵਾ ਖਾਸ ਜ਼ਮੀਨੀ ਲੋੜਾਂ ਪੂਰੀਆਂ ਕਰਨਾ ਸ਼ਾਮਲ ਹਨ, ਜਿਸ ਵਿੱਚ ਕੁੱਲ ਜ਼ਮੀਨ 37.5 ਏਕੜ, ਜਿਸ ਵਿੱਚੋਂ 19 ਏਕੜ (7 ਕਿਲੋਮੀਟਰ ਦੇ ਘੇਰੇ ਅੰਦਰ) ਖੇਤੀ ਦੇ ਉਦੇਸ਼ ਲਈ ਹੋਵੇ, ਜੋ ਮਾਲਕੀ ਵਾਲੀ ਜ਼ਮੀਨ ਹੋਵੇ ਜਾਂ ਅਜਿਹੀ ਜ਼ਮੀਨ ਜਿਸਨੂੰ 33 ਸਾਲਾਂ ਲਈ ਲੀਜ਼ 'ਤੇ ਲਿਆ ਜਾ ਸਕੇ ਜਾਂ 10 ਏਕੜ ਮਾਲਕੀ ਵਾਲੀ ਜ਼ਮੀਨ ਅਤੇ 9 ਏਕੜ ਲੀਜ਼ ਵਾਲੀ ਜ਼ਮੀਨ, ਜਿਸਨੂੰ 10 ਸਾਲ ਲਈ ਲੀਜ਼ 'ਤੇ ਲਿਆ ਜਾ ਸਕੇ, ਦਾ ਸੁਮੇਲ ਹੋ ਸਕਦਾ ਹੈ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਲਈ ਆਈ.ਸੀ.ਏ.ਆਰ. ਵਿਸ਼ੇਸ਼ਤਾਵਾਂ ਮੁਤਾਬਕ ਲੈਸ 13 ਲੈਬਾਟਰੀਆਂ ਹੋਣੀਆਂ ਚਾਹੀਦੀਆਂ ਹਨ।



ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜੁਆਇੰਟ ਐਸੋਸੀਏਸ਼ਨ ਆਫ਼ ਕਾਲਜਿਜ਼, ਪੰਜਾਬ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਬੀ.ਐਸ.ਸੀ (ਆਨਰਜ਼) ਖੇਤੀਬਾੜੀ ਪ੍ਰੋਗਰਾਮ ਦੇ ਘੱਟੋ-ਘੱਟ ਮਾਪਦੰਡਾਂ ਵਿੱਚ 60 ਵਿਦਿਆਰਥੀਆਂ ਲਈ 35 ਫੈਕਲਟੀ ਮੈਂਬਰ, 28 ਸਹਾਇਕ ਸਟਾਫ਼, 40 ਏਕੜ ਖੇਤੀਬਾੜੀ ਜ਼ਮੀਨ ਅਤੇ 12 ਆਈ.ਸੀ.ਏ.ਆਰ. ਵਿਸ਼ੇਸ਼ਤਾਵਾਂ ਮੁਤਾਬਕ ਲੈਸ ਲੈਬਾਟਰੀਆਂ ਸ਼ਾਮਲ ਸਨ।

ਡਾ. ਬਸੰਤ ਗਰਗ ਨੇ ਕਿਹਾ ਕਿ ਪੀ.ਐਸ.ਸੀ.ਏ.ਈ. ਦੀ ਸਥਾਪਨਾ ਪੰਜਾਬ ਸਰਕਾਰ ਦੁਆਰਾ ਸਰਕਾਰੀ ਅਤੇ ਪ੍ਰਾਈਵੇਟ ਸੰਸਥਾਵਾਂ ਵਿੱਚ ਖੇਤੀਬਾੜੀ ਸਿੱਖਿਆ ਦੀ ਨਿਗਰਾਨੀ ਲਈ ਗਠਿਤ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਹੁਣ ਤੱਕ 16 ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਲੋੜੀਂਦੇ ਮਾਪਦੰਡਾਂ ਨੂੰ ਪੂਰਾ ਕਰਦਿਆਂ ਬੀ.ਐਸ.ਸੀ. (ਆਨਰਜ਼) ਐਗਰੀਕਲਚਰ ਪ੍ਰੋਗਰਾਮ ਲਈ ਪੀ.ਐਸ.ਸੀ.ਏ.ਈ. ਦੀ ਮਾਨਤਾ ਹਾਸਲ ਕੀਤੀ ਹੈ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ, ਖੇਤੀਬਾੜੀ ਕਮਿਸ਼ਨਰ, ਪੰਜਾਬ ਬਬੀਤਾ, ਡੀਨ ਕਾਲਜਿਜ਼ ਆਫ਼ ਐਗਰੀਕਲਚਰ (ਪੀ.ਏ.ਯੂ.) ਡਾ. ਸੀ.ਐਸ. ਔਲਖ ਅਤੇ ਏ.ਡੀ.ਓ. (ਪੀ.ਐਸ.ਸੀ.ਏ.ਈ.) ਜੈਦੀਪ ਸਿੰਘ ਸ਼ਾਮਲ ਸਨ।

# ਪੰਜਾਬ ਵਿੱਚ ਆਪ੍ਰੇਸ਼ਨ ਸਿੰਦੂਰ ਦਾ ਅਸਰ ਤੋੜ ਦੇਵੇਗਾ ਸੂਬੇ ਦੀ ਆਰਥਿਕਤਾ ਆਧਾਰ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪੰਜਾਬ ਵਿੱਚ ਡਰ ਅਤੇ ਹਫੜਾ-ਦਫੜੀ ਦਾ ਮਾਹੌਲ
- ਪ੍ਰਵਾਸੀ ਮਜ਼ਦੂਰਾਂ ਅਤੇ ਵਿਦਿਆਰਥੀਆਂ ਦਾ ਵੱਡਾ ਪ੍ਰਵਾਸ
- ਖੇਤੀਬਾੜੀ ਅਤੇ ਉਦਯੋਗਾਂ ਉੱਤੇ ਇੱਕ ਵੱਡਾ ਸੰਕਟ ਮੰਡਰਾ ਰਿਹੈ
- ਕਿਸੇ ਰਾਜਨੀਤਿਕ ਪਾਰਟੀ ਨੂੰ ਨਹੀਂ ਕੋਈ ਸਰੋਕਾਰ

ਭਾਰਤ ਪਾਕਿਸਤਾਨ ਸੀਜ਼ਫਾਇਰ ਤੋਂ ਬਾਅਦ ਭਾਵੇਂ ਯੁੱਧ ਦੀ ਸਥਿਤੀ ਬਦਲ ਗਈ ਹੈ ਅਤੇ ਹਾਲਾਤ ਆਮ ਵਰਗੇ ਹੋਣੇ ਸ਼ੁਰੂ ਹੋਏ ਹਨ, ਪਰ ਪੰਜਾਬ ਵਿੱਚ ਇਹ ਸਥਿਤੀ ਹਾਲੇ ਵੀ ਉਸੇ ਤਰ੍ਹਾਂ ਹੈ ਅਤੇ ਦੂਜੇ ਅਰਥਾਂ ਵਿੱਚ ਜੇ ਜ਼ਮੀਨੀ ਹਕੀਕਤ ਸਮਝੀ ਜਾਏ ਤਾਂ ਇਹ ਵੱਧ ਗਈ ਹੈ।

ਪੰਜਾਬ ਇਕ ਸਰਹੱਦੀ ਰਾਜ ਹੈ ਅਤੇ ਜਿਸਦੀ ਆਰਥਿਕਤਾ ਮੂਲ ਰੂਪ ਵਿੱਚ ਹਾਲੇ ਵੀ ਖੇਤੀਬਾੜੀ 'ਤੇ ਨਿਰਭਰ ਹੈ ਅਤੇ ਉਦਯੋਗ ਇਸ ਦੇ ਹਿੱਸੇ ਕੋਈ ਆਇਆ ਹੀ ਨਹੀਂ ਹੈ ਕਿਉਂਕਿ ਇੱਥੇ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਪੰਜਾਬ ਦੀ ਰਾਜਨੀਤਿਕ ਪਾਰਟੀਆਂ ਦੀ ਪਕੜ ਸਵਾਏ ਆਪਣੀ ਰਾਜਨੀਤਿਕ ਹੋਂਦ ਅਤੇ ਰਾਜਨੀਤੀ ਅਤੇ ਵੋਟਾਂ ਦੇ ਖ਼ਾਤਰ ਆਪਣੀ ਲੀਡਰੀ ਚਮਕਾਉਣ ਤੱਕ ਹੀ ਸੀਮਤ ਹੈ।

**ਪੰਜਾਬ ਬਾਰੇ ਕਿਸਨੂੰ ਫ਼ਿਕਰ ਹੈ ?**

ਇਹ ਸਵਾਲ ਤੁਹਾਡੇ 'ਤੇ ਛੱਡਿਆ ਜਾ ਸਕਦਾ ਹੈ ਅਤੇ ਪੰਜਾਬ ਦੇ ਲੋਕ ਵੀ ਇਸ ਨੂੰ ਕਿਸ ਤਰ੍ਹਾਂ ਦੇਖਦੇ ਹਨ। ਇਹ ਸਵਾਲ ਵੀ ਆਉਣ ਵਾਲੇ ਸਮੇਂ ਦੇ ਵਿੱਚ ਇਤਿਹਾਸ ਤੇ ਗਰਤ ਵਿੱਚ ਹੋਏਗਾ, ਕਿ ਜਦੋਂ ਪੰਜਾਬ ਵਿੱਚੋਂ ਐਦਾਂ ਦੇ ਮਾਹੌਲ ਵਿੱਚ ਇਕ ਸਰਹੱਦੀ ਸੂਬਾ ਹੋਣ ਦੇ ਨਾਤੇ ਹੁਣ ਜਦੋਂ ਝੋਨੇ ਦਾ ਸੀਜ਼ਨ ਅਰਥਾਤ ਬਿਜਾਈ ਸਿਰ 'ਤੇ ਆ ਗਈ ਹੈ, ਜਦੋਂ ਲੇਬਰ ਪਰਵਾਸ ਤੇ ਪੰਜਾਬ ਦੀ ਕਿਸਾਨੀ ਲੁਧਿਆਣਾ ਤੇ ਹੋਰ ਸਟੇਸ਼ਨਾਂ ਤੇ ਟਰੈਕਟਰ ਟਰਾਲੀਆਂ ਲੈ ਕੇ ਬਿਹਾਰ ਯੂਪੀ ਅਤੇ ਦੂਜੀ ਸਟੇਟਾਂ ਤੋਂ ਆਉਣ ਵਾਲੀ ਲੇਬਰ ਦੀ ਇੰਤਜ਼ਾਰ ਵਿੱਚ ਖੜ੍ਹੀ ਰਹਿੰਦੀ ਹੈ।

ਅੱਜ ਹੁਣ ਹਾਲਤ ਇਹ ਹੈ ਕਿ ਗੱਡੀਆਂ ਵਿੱਚ ਜਗ੍ਹਾ ਨਹੀਂ ਮਿਲ ਰਹੀ ਅਤੇ ਪੰਜਾਬ ਦੇ ਪ੍ਰਵਾਸੀ ਲੇਬਰ ਅਰਥਾਤ ਮਜ਼ਦੂਰ ਕਿਸੇ ਵੀ ਕੀਮਤ ਤੇ ਪੰਜਾਬ ਨੂੰ ਛੱਡ ਕੇ ਜਾਣਾ ਚਾਹੁੰਦੇ ਹਨ ਅਤੇ ਉਹਨਾਂ ਨੂੰ ਕਿਵੇਂ ਲੁੱਟਿਆ ਜਾ ਰਿਹਾ ਹੈ, ਇਸ ਤਰ੍ਹਾਂ ਦੀਆਂ ਖ਼ਬਰਾਂ ਵੀ ਟੈਲੀਵਿਜ਼ਨ ਤੇ ਵਿਜੁਅਲ ਵੀ ਸਾਹਮਣੇ ਆ ਰਹੇ ਹਨ, ਜਿਹਨਾਂ ਵਿੱਚ ਉਹਨਾਂ ਦੀ ਲੁੱਟ ਖਸੁੱਟ ਤੇ ਉਨਾਂ ਨੂੰ ਪੰਜਾਬ ਛੱਡਣ ਦਾ ਗਮ ਤੇ ਪੰਜਾਬ ਛੱਡਦੇ ਹੋਏ ਦਿਖਾਇਆ ਜਾ ਰਿਹਾ ਹੈ।

ਇੱਥੇ ਇਹ ਵਰਨਯੋਗ ਹੈ ਕਿ ਪੰਜਾਬ ਵਿੱਚ 95% ਖੇਤੀ ਮਜ਼ਦੂਰ ਲੇਬਰ ਬਿਹਾਰ ਅਤੇ ਦੂਜੇ ਰਾਜਾਂ ਦੀ ਹੈ ਜਿਸ ਦੇ ਸਿਰ ਤੇ ਪੰਜਾਬੀ ਦਾ ਪੰਜਾਬ ਦੀ ਕਿਸਾਨੀ ਦਾ ਖੇਤੀਬਾੜੀ ਦਾ ਥੋੜ੍ਹਾ ਬਹੁਤ ਬਚਿਆ ਹੋਇਆ ਕੰਮ ਚੱਲ ਰਿਹਾ ਹੈ ।

ਭਾਰਤ ਪਾਕ ਦੇ ਇਸ ਯੁੱਧ ਵਰਗੀਆਂ ਸਥਿਤੀਆਂ ਨੇ ਅਤੇ ਪਿਛਲੇ ਦਿਨਾਂ ਵਿੱਚ ਹੋਈਆਂ ਘਟਨਾਵਾਂ ਨੇ ਜਿਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਨੂੰ ਦੀਮਕ ਲਗਾਇਆ ਹੈ ਉਹ ਕਿਸੇ ਤੋਂ ਗੁੱਝਾ ਨਹੀਂ ਹੈ । ਇਸ ਉਪਰੰਤ ਸਾਡੇ ਅਰਥਸ਼ਾਸਤਰੀ ਅਤੇ ਸਰਕਾਰ ਵਿੱਚ ਬੈਠੇ ਨੁਮਾਇੰਦੇ ਕੀ ਸੋਚ ਰਹੇ ਹਨ ਇਹ ਉਹਨਾਂ ਦੀ ਸੋਚ ਹੈ, ਪਰੰਤੂ ਇੱਕ ਆਰਥਿਕ ਸਰਵੇਖਣ ਦੇ ਤੇ ਆਰਥਿਕ ਮਾਹਿਰਾਂ ਦੇ ਅਨੁਸਾਰ ਕਿਹਾ ਗਿਆ ਹੈ ਕਿ ਪੰਜਾਬ ਵਿੱਚ 62% ਉਦਯੋਗੀਕਰਨ ਖ਼ਤਮ ਹੋ ਗਿਆ ਹੈ ਅਤੇ 70% ਕਿਸਾਨੀ ਦਾ ਧੰਦਾ ਚੌਪਟ ਹੋ ਗਿਆ ਹੈ।

ਇੱਥੇ ਇਹ ਵੀ ਜ਼ਿਕਰ ਯੋਗ ਵਾਕਿਆ ਹੈ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਸਕੂਲਾਂ ਚੋਂ ਦੂਜੇ ਰਾਜਾਂ ਦੇ ਪੜ੍ਹਨ ਆਏ ਵਿਦਿਆਰਥੀ ਵੱਡੀ ਪੱਧਰ ਉੱਤੇ ਹਿਜ਼ਰਤ ਕਰਕੇ ਚਲੇ ਗਏ ਹਨ ਅਤੇ ਉਹਨਾਂ ਵਿੱਚੋਂ ਬਹੁਤ ਸਾਰੇ ਇਸ ਸੈਸ਼ਨ ਤੋਂ ਬਾਅਦ ਮਾਈਗਰੇਸ਼ਨ ਦਾ ਸੋਚ ਰਹੇ ਹਨ। ਹੁਣ ਤੁਸੀਂ ਸੋਚ ਸਕਦੇ ਹੋ ਕਿ ਜੇ ਇਸ ਤਰ੍ਹਾਂ ਇਹ ਹਾਲਾਤ ਜਾਰੀ ਰਹੇ ਤਾਂ ਇਸ ਸੀਮਾਵਰਤੀ ਅਰਥਾਤ ਸਰਹੱਦੀ ਖੇਤਰ ਸੂਬੇ ਦੀ ਆਰਥਿਕਤਾ ਦਾ ਖੋਰਾ ਕੌਣ ਪੂਰਾ ਕਰੇਗਾ ਕਿ ਸਰਕਾਰ ਅਤੇ ਦੂਜੀਆਂ ਰਾਜਨੀਤਿਕ ਪਾਰਟੀਆਂ ਅਤੇ ਕੋਈ ਅਦਾਰੇ ਇਸ ਬਾਰੇ ਕੋਈ ਖੋਜਪੂਰਕ ਹੱਲ ਅਤੇ ਕੋਈ ਇਸ ਪਲਾਇਨ ਨੂੰ ਰੋਕਣ ਵਾਸਤੇ ਜਿਸਦੇ ਵਿੱਚ ਪ੍ਰਵਾਸੀ ਵਿਦਿਆਰਥੀ ਪ੍ਰਵਾਸੀ ਮਜ਼ਦੂਰ ਅਤੇ ਉਹ ਮਜ਼ਦੂਰ ਸ਼ਾਮਿਲ ਹਨ ਜਿਹੜੇ ਕਿਤੇ ਨਾ ਕਿਤੇ ਲੁਧਿਆਣਾ ਵਰਗੇ ਵੱਡੇ ਉਦਯੋਗਿਕ ਸ਼ਹਿਰ ਦੇ ਵਿੱਚ ਵੀ ਲੱਖਾਂ ਦੀ ਗਿਣਤੀ ਵਿੱਚ ਰਹਿੰਦੇ ਹਨ ।

ਹੁਣ ਉਹ ਵੀ ਜਿੰਨੀ ਵੱਡੀ ਗਿਣਤੀ ਵਿੱਚ ਟਰੇਨਾਂ ਭਰ ਕੇ ਵਾਪਸ ਜਾ ਰਹੇ ਹਨ ਇਹ ਪੰਜਾਬ ਦੀ ਆਰਥਿਕਤਾ ਲਈ ਇੱਕ ਕਮਰ ਤੋੜਨ ਵਾਲੀ ਗੱਲ ਹੈ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਇਸ ਆਰਥਿਕਤਾ ਦਾ ਅਤੇ ਇਸ ਟੁੱਟਦੇ ਹੋਏ ਆਰਥਿਕ ਪੱਖ ਦਾ ਮੁਜ਼ਾਹਰਾ ਦੇਖਿਆ ਜਾ ਸਕਦਾ ਹੈ। ਤੁਸੀਂ ਜਾਣਦੇ ਹੋ ਕਿ ਪਿਛਲਿਆਂ ਸਾਲਾਂ ਦੇ ਵਿੱਚ ਕਿਸਾਨ ਅੰਦੋਲਨ ਅਤੇ ਕਿਸ ਤਰ੍ਹਾਂ ਰਸਤੇ ਰੋਕੋ , ਰੇਲ ਰੋਕੋ ਅੰਦੋਲਨ ਧਰਨੇ ਪੰਜਾਬ ਦੇ ਉਦਯੋਗਪਤੀਆਂ ਨੂੰ 60 ਪ੍ਰਤੀਸ਼ਤ ਤੋਂ ਜਿਆਦਾ ਯੂਨਿਟ ਪੰਜਾਬ ਤੋਂ ਬਾਹਰ ਲੈ ਜਾਣ ਲਈ ਮਜ਼ਬੂਰ ਕੀਤਾ ਹੈ ਤੇ ਪੰਜਾਬ ਦੀ ਉਦਯੋਗੀਕਰਨ ਦਾਵਿਦੇਸ਼ੀ ਮਲਟੀਨੇਸ਼ਨ ਕੰਪਨੀਆਂ ਦਾ ਤੇ ਵਿਦੇਸ਼ੀ ਨਿਵੇਸ਼ ਦਾ ਤਾਂ ਉਸ ਤੋਂ ਵੀ ਬੁਰਾ ਹਾਲ ਹੈ ।

ਪੰਜਾਬ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਇਸ ਪਾਸੇ ਫੇਲ੍ਹ ਸਾਬਤ ਹੋ ਰਹੀਆਂ ਹਨ । ਹੁਣ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਖੇਤੀਬਾੜੀ ਵਾਸਤੇ ਮਜ਼ਦੂਰ ਨਹੀਂ ਹਨ । ਯੂਨੀਵਰਸਿਟੀਆਂ ਕਾਲਜ ਜਿਨ੍ਹਾਂ ਵਿੱਚੋਂ ਸਟੂਡੈਂਟ ਬਾਹਰ ਪਲਾਇਨ ਕਰਕੇ ਮਾਈਗ੍ਰੇਸ਼ਨ ਲੈ ਕੇ ਜਾਣਾ ਸ਼ੁਰੂ ਹੋ ਗਏ ਹਨ । ਕਿਸਾਨੀ ਵਾਸਤੇ ਖੇਤ ਮਜ਼ਦੂਰ ਨਹੀਂ ਮਿਲ ਰਹੇ ਅਤੇ ਇਸ ਤਰ੍ਹਾਂ ਭਾਰਤ ਤੇ ਬਾਕੀ ਰਾਜਾਂ ਦੇ ਮੁਕਾਬਲੇ ਤੇ ਪੰਜਾਬ ਦੀ ਆਰਥਿਕਤਾ ਨੂੰ ਜੋ ਨੁਕਸਾਨ ਹੋ ਰਿਹਾ ਹੈ ਉਸ ਦੀ ਭਰਵਾਈ ਕਿਵੇਂ ਹੋਏਗੀ।

ਝੋਨੇ ਦੀ ਫ਼ਸਲ ਦਾ ਰੇਟ ਲਾਗਤ ਕਰਜ਼ ਜਿਸ ਤਰ੍ਹਾਂ ਹੁਣ ਵਧ ਜਾਵੇਗਾ ਅਤੇ ਜਿਸ ਤਰ੍ਹਾਂ ਪਾਣੀਆਂ ਦੇ ਮਸਲੇ ਤੇ ਪੰਜਾਬ ਸਰਕਾਰ ਲੱਗੀ ਹੋਈ ਹੈ ਉਸ ਨੂੰ ਚਾਹੀਦਾ ਹੈ ਕਿ ਉਹ ਆਰਥਿਕ ਮੋਰਚੇ ਦਾ ਵੀ ਅਨੈਲਸਿਸ ਕਰਕੇ ਇਹਨਾਂ ਸਾਰੀਆਂ ਚੀਜ਼ਾਂ ਨੂੰ ਰੋਕ ਕੇ ਪੌਲਿਸੀ ਲੈ ਕੇ ਆਵੇ ਪਰੰਤੂ ਜ਼ਮੀਨੀ ਹਕੀਕਤ ਅਤੇ ਸਰਕਾਰ ਦੇ ਬਿਆਨ ਤੇ ਜ਼ਮੀਨ ਅਸਮਾਨ ਦਾ ਫ਼ਰਕ ਹੈ। ਜ਼ਮੀਨ ਤੇ ਕੁੱਝ ਵੀ ਅਸਰ ਨਹੀਂ ਹੈ। ਪੰਜਾਬ ਦੇ ਲੁਧਿਆਣਾ ਜਲੰਧਰ ਅੰਮ੍ਰਿਤਸਰ ਪਟਿਆਲਾ ਵਰਗੇ ਸਟੇਸ਼ਨਾਂ ਤੇ ਟਰੇਨਾਂ 'ਚ ਪੈਰ ਧਰਨ ਨੂੰ ਜਗ੍ਹਾ ਨਹੀਂ ਹੈ। ਬੱਸ ਅੱਡੇ ਭਰੇ ਪਏ ਹਨ ਅਤੇ ਸਿੱਧੀਆਂ ਬੱਸਾਂ ਪਟਨਾ ਬਿਹਾਰ ਉਤਰ ਪ੍ਰਦੇਸ਼ ਤੇ ਪਛੱਮੀ ਬੰਗਾਲ ਤੱਕ ਪ੍ਰਵਾਸੀ ਭਈਆਂ ਨਾਲ ਭਰ ਕੇ ਜਾ ਰਹੀਆਂ ਹਨ ।

ਸਵਾਲ ਇਹ ਹੈ ਕਿ ਐਦਾਂ ਦੇ ਹਾਲਾਤ ਵਿੱਚ ਪੰਜਾਬ ਦੀ ਆਰਥਿਕਤਾ ਅਤੇ ਪੰਜਾਬ ਵਿੱਚ ਕੰਮ ਕੌਣ ਕਰੇਗਾ ਅਤੇ ਪੰਜਾਬ ਕਿਸ ਤਰ੍ਹਾਂ ਸਾਬਤ ਰਹੇਗਾ ।

ਜ਼ਰਾ ਸੋਚ ਕੇ ਦੇਖੋ ਕਿ ਜਿਸ ਰਾਜ ਦੇ ਕੋਲ ਉਦਯੋਗ ਫੇਲ ਹੋ ਜਾਣ ਜਿਸ ਰਾਜ ਦੀਆਂ ਯੂਨੀਵਰਸਿਟੀਆਂ ਕਾਲਜਾਂ ਦੇ ਵਿੱਚ ਸਿਵਾਏ ਝੂਠ ਅਤੇ ਹੇਰਾ ਫ਼ੇਰੀ ਤੋਂ ਐਡਮਿਸ਼ਨ ਲੈਣ ਦੀਆਂ ਦੁਕਾਨਾਂ ਬਣ ਗਈਆਂ ਹੋਣ ਜਿਸ ਸੂਬੇ ਦੇ ਵਿੱਚ ਜ਼ਮੀਨ ਡਾਰਕ ਜੋਨ ਵਿੱਚ ਚਲੀ ਗਈ ਹੋਵੇ ਪਾਣੀ ਦਾ ਸੰਕਟ ਹੋਵੇ ਤੇ ਉੱਥੇ ਰਾਜਸੀ ਪਾਰਟੀਆਂ ਸਿਰਫ ਵੋਟਾਂ ਲੈਣ ਵਾਸਤੇ ਜਾਂ ਅਖ਼ਬਾਰ ਵਿੱਚ ਫੋਟੋ ਛਪਵਾਉਣ ਅਤੇ ਪਬਲੀਸਿਟੀ ਵਾਸਤੇ ਹੀ ਦੇਖ ਰਹੀਆਂ ਹੋਣ ਉਸ ਸਟੇਟ ਦਾ ਫਿਰ ਫਿਰ ਕੀ ਬਣ ਸਕਦਾ ਹੈ।

ਇਥੇ ਇਹ ਵਰਨਣ ਯੋਗ ਹੈ ਕਿ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ, ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਡਰੋਨ ਹਮਲਿਆਂ ਅਤੇ ਲਗਾਤਾਰ ਵਿਗੜਦੀ ਸੁਰੱਖਿਆ ਸਥਿਤੀ ਨੇ ਸੂਬੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਚਾਹੇ ਉਹ ਪ੍ਰਵਾਸੀ ਮਜ਼ਦੂਰ ਹੋਣ ਜਾਂ ਯੂਪੀ ਅਤੇ ਬਿਹਾਰ ਦੇ ਵਿਦਿਆਰਥੀ, ਹਰ ਕੋਈ ਡਰ ਦੇ ਸਾਏ ਹੇਠ ਜੀ ਰਿਹਾ ਹੈ। ਹਾਲਾਤ ਅਜਿਹੇ ਹਨ ਕਿ ਹਜ਼ਾਰਾਂ ਲੋਕ ਪੰਜਾਬ ਛੱਡ ਕੇ ਆਪਣੇ ਜੱਦੀ ਰਾਜਾਂ ਨੂੰ ਵਾਪਸ ਜਾ ਰਹੇ ਹਨ।

ਇਹ ਸਿਰਫ਼ ਇੱਕ ਪਲਾਇਨ ਨਹੀਂ ਹੈ ਸਗੋਂ ਪੰਜਾਬ ਦੀ ਰੀੜ੍ਹ ਦੀ ਹੱਡੀ - ਖੇਤੀਬਾੜੀ ਅਤੇ ਉਦਯੋਗ - 'ਤੇ ਸਿੱਧਾ ਝਟਕਾ ਹੈ। ਝੋਨਾ ਲਾਉਣ ਦਾ ਸਮਾਂ ਨੇੜੇ ਹੈ ਪਰ ਖੇਤਾਂ ਵਿੱਚ ਕੰਮ ਕਰਨ ਲਈ ਮਿਹਨਤ ਹੌਲੀ-ਹੌਲੀ ਖਤਮ ਹੁੰਦੀ ਜਾ ਰਹੀ ਹੈ। ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਫੈਕਟਰੀਆਂ ਮਜ਼ਦੂਰਾਂ ਦੀ ਘਾਟ ਨਾਲ ਜੂਝ ਰਹੀਆਂ ਹਨ। ਉਤਪਾਦਨ ਦੇ ਰੁਕਣ ਦਾ ਖ਼ਤਰਾ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ।

ਪੰਜਾਬ ਨੂੰ ਅਸੁਰੱਖਿਅਤ ਸਮਝਦੇ ਹੋਏ ਵਿਦਿਆਰਥੀ ਅਤੇ ਸੈਲਾਨੀ ਵੀ ਹੁਣ ਵਾਪਸ ਪਰਤਣੇ ਸ਼ੁਰੂ ਹੋ ਗਏ ਹਨ। ਚਾਹੇ ਉਹ ਜਲੰਧਰ ਰੇਲਵੇ ਸਟੇਸ਼ਨ ਹੋਵੇ ਜਾਂ ਪਠਾਨਕੋਟ ਬੱਸ ਸਟੈਂਡ - ਹਰ ਜਗ੍ਹਾ, ਡਰ ਅਤੇ ਅਨਿਸ਼ਚਿਤਤਾ ਵਿੱਚ ਡੁੱਬੇ ਪ੍ਰਵਾਸੀਆਂ ਦੀ ਭੀੜ ਦਿਖਾਈ ਦਿੰਦੀ ਹੈ। ਸਰਹੱਦੀ ਇਲਾਕਿਆਂ ਵਿੱਚ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਨੇ ਲੋਕਾਂ ਦਾ ਸਰਕਾਰ ਅਤੇ ਸੁਰੱਖਿਆ ਏਜੰਸੀਆਂ ਤੋਂ ਵਿਸ਼ਵਾਸ ਤੋੜ ਦਿੱਤਾ ਹੈ।

ਇਹ ਸਥਿਤੀ ਸਿਰਫ਼ ਇੱਕ ਅਲਾਰਮ ਨਹੀਂ ਹੈ - ਸਗੋਂ ਰਾਜ ਅਤੇ ਕੇਂਦਰ ਸਰਕਾਰਾਂ ਲਈ ਇੱਕ ਗੰਭੀਰ ਚੇਤਾਵਨੀ ਹੈ। ਜੇਕਰ ਇੱਕ ਮਜ਼ਬੂਤ ਸੁਰੱਖਿਆ ਪ੍ਰਣਾਲੀ ਅਤੇ ਵਿਸ਼ਵਾਸ ਦਾ ਮਾਹੌਲ ਨਹੀਂ ਬਣਾਇਆ ਜਾਂਦਾ, ਤਾਂ ਇਸਦਾ ਪੰਜਾਬ ਦੇ ਖੇਤੀਬਾੜੀ ਪ੍ਰਣਾਲੀ, ਉਦਯੋਗਿਕ ਢਾਂਚੇ ਅਤੇ ਸਮੁੱਚੀ ਆਰਥਿਕਤਾ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਵੇਗਾ।

ਅੱਜ ਪੰਜਾਬ ਜਿਸ ਅਨਿਸ਼ਚਿਤਤਾ, ਅਸੁਰੱਖਿਆ ਅਤੇ ਹਫੜਾ-ਦਫੜੀ ਵਿੱਚ ਹੈ, ਉਸਨੂੰ ਸਿਰਫ਼ ਸਥਾਨਕ ਨਾਗਰਿਕ ਹੀ ਨਹੀਂ ਸਗੋਂ ਪ੍ਰਵਾਸੀ ਭਾਈਚਾਰੇ, ਕਿਸਾਨਾਂ, ਕਾਰੋਬਾਰੀਆਂ, ਉਦਯੋਗਾਂ ਅਤੇ ਸਿੱਖਿਆ ਸੰਸਥਾਵਾਂ ਦੁਆਰਾ ਵੀ ਮਹਿਸੂਸ ਕੀਤਾ ਜਾ ਰਿਹਾ ਹੈ। ਸਰਕਾਰ ਕਦੋਂ ਤੱਕ ਆਪਣੀਆਂ ਅੱਖਾਂ ਬੰਦ ਰੱਖੇਗੀ ? ਅਜੇ ਵੀ ਕੋਈ ਠੋਸ ਕਦਮ ਨਹੀਂ ਚੁੱਕੇ ਹਨ ?

ਸਮੈਮ ਸਕੀਮ ਤਹਿਤ ਖੇਤੀ ਮਸ਼ੀਨਾਂ 'ਤੇ ਸਬਸਿਡੀ ਲਈ ਬਿਨੈ ਪੱਤਰਾਂ ਦੀ ਮੰਗ

ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਖੇਤੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਹਿੱਤ ਸਮੈਮ ਸਕੀਮ ਤਹਿਤ ਮਸੀਨਾਂ 'ਤੇ ਸਬਸਿਡੀ ਲਈ ਅਰਜੀਆਂ ਦੇਣ ਦੀ ਮਿਤੀ ਵਿੱਚ 22.05.2025 ਤੱਕ ਵਾਧਾ ਕੀਤਾ ਜਾਂਦਾ ਹੈ।

ਸਕੀਮ ਅਧੀਨ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਮੁੱਖ ਮਸ਼ੀਨਾਂ ਹੇਠ ਲਿਖੇ ਅਨੁਸਾਰ ਹਨ:-

- ਨੂਮੈਟਿਕ ਪਲਾਂਟਰ
- ਡੀ.ਐਸ.ਆਰ. ਡਰਿੱਲ
- ਰੇਜ਼ਡ ਬੈੱਡ ਪਲਾਂਟਰ
- ਪੈਡੀ ਟਰਾਂਸਪਲਾਂਟਰਜ਼
- ਪੀ.ਟੀ.ਓ. ਆਪਰੇਟਿਡ ਬੰਡ ਫੋਰਮਰ
- ਟਰੈਕਟਰ ਆਪਰੇਟਿਡ ਬੂਮ ਸਪਰੇਅਰ
- ਹਾਈ ਕਲੀਅਰੈਂਸ ਬੂਮ ਸਪਰੇਅਰ
- ਲੱਕੀ ਸੀਡ ਡਰਿੱਲ
- ਨਰਸਰੀ ਸੀਡਰ
- ਮੈਨੂਅਲ/ਪਾਵਰ ਸਪਰੇਅਰ

ਸਬਸਿਡੀ 'ਤੇ ਮੁਹੱਈਆਂ ਕਰਵਾਈਆਂ ਜਾ ਰਹੀਆਂ ਸਮੂਹ ਮਸ਼ੀਨਾਂ ਦੀ ਸੂਚੀ ਪੋਰਟਲ ਤੇ ਉਪਲਬਧ ਹੈ

ਕਸਟਮ ਹਾਈਰਿੰਗ ਸੈਂਟਰ ਸਥਾਪਿਤ ਕਰਨ ਲਈ ਵੀ ਪ੍ਰਤੀਬੇਨਤੀਆਂ ਪੋਰਟਲ ਰਾਹੀਂ ਦਿੱਤੀਆਂ ਜਾ ਸਕਦੀਆਂ ਹਨ

ਸਬਸਿਡੀ ਦੀ ਦਰ ਸਕੀਮ ਦੀਆਂ ਗਾਈਡਲਾਈਨਜ ਅਨੁਸਾਰ ਹੋਵੇਗੀ
ਸਬਸਿਡੀ ਲੈਣ ਦੇ ਚਾਹਵਾਨ ਮਿਤੀ: 22.05.2025 (ਸ਼ਾਮ 5 ਵਜੇ ਤੱਕ) ਆਪਣੀਆਂ ਅਰਜੀਆਂ ਆਨਲਾਈਨ agrimachinerypb.com ਪੋਰਟਲ ਰਾਹੀਂ ਦੇ ਸਕਦੇ ਹਨ

ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬਸਾਇਟ ਜਾਂ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਧਿਕਾਰੀ ਨਾਲ ਸੰਪਰਕ ਕਰੋ ਜੀ



ਉੱਨਤ ਮਸ਼ੀਨਾਂ ਅਪਣਾਉ, ਖੇਤੀ ਖਰਚੇ ਘਟਾਉ
ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ
ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

## ਸੰਪਾਦਕੀ

# ਸ਼ਾਂਤੀ ਦੀ ਉਮੀਦ

ਜਿਸ ਤਰ੍ਹਾਂ ਪਿਛਲੇ ਕੁਝ ਦਿਨਾਂ ਤੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਵਰਗੀ ਸਥਿਤੀ ਬਣ ਰਹੀ ਸੀ, ਉਸ ਤੋਂ ਇਹ ਡਰ ਵੱਧ ਰਿਹਾ ਸੀ ਕਿ ਇਹ ਹੋਰ ਵੀ ਗੁੰਝਲਦਾਰ ਮੋੜ ਲੈ ਸਕਦੀ ਹੈ। ਖਾਸ ਕਰਕੇ ਪਾਕਿਸਤਾਨ ਵੱਲੋਂ ਜਿਸ ਤਰ੍ਹਾਂ ਦੀ ਪ੍ਰਤੀਕਿਰਿਆ ਦੇਖੀ ਗਈ, ਉਸ ਤੋਂ ਲੱਗਦਾ ਸੀ ਕਿ ਉਹ ਭਾਰਤ ਵੱਲੋਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਤੋਂ ਪਰੇਸ਼ਾਨ ਸੀ ਅਤੇ ਇਸ ਕਾਰਨ ਇਹ ਦਿਸ਼ਾਹੀਣ ਟਕਰਾਅ ਵੱਲ ਵੱਧ ਰਿਹਾ ਸੀ। ਪਰ ਜਿਸ ਤਰ੍ਹਾਂ ਸ਼ਨੀਵਾਰ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਸਮਝੌਤੇ ਦੀ ਖ਼ਬਰ ਆਈ, ਉਸ ਨੇ ਸ਼ਾਂਤੀ ਲਈ ਇੱਕ ਸਕਾਰਾਤਮਕ ਉਮੀਦ ਜਗਾਈ ਹੈ। ਦਰਅਸਲ, ਭਾਰਤ ਦਾ ਇਰਾਦਾ ਪਹਿਲਾਂ ਵੀ ਬੇਲਗਾਮ ਅੱਤਵਾਦੀਆਂ ਨੂੰ ਸਬਕ ਸਿਖਾਉਣ ਲਈ ਮਾਪਿਆ ਅਤੇ ਨਿਯੰਤਰਿਤ ਜਵਾਬ ਦਾ ਰਸਤਾ ਅਪਣਾਉਣ ਦਾ ਸੀ ਅਤੇ ਉਹ ਵੀ ਉਨ੍ਹਾਂ ਨੂੰ ਕਾਬੂ ਕਰਨ ਦੇ ਲਗਭਗ ਸਾਰੇ ਵਿਕਲਪ ਖਤਮ ਹੋਣ ਤੋਂ ਬਾਅਦ। ਦੂਜੇ ਪਾਸੇ, ਪਾਕਿਸਤਾਨ ਨੇ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਨੂੰ ਆਪਣੇ ਆਪ 'ਤੇ ਹਮਲਾ ਮੰਨਿਆ ਅਤੇ ਜਿਸ ਤਰ੍ਹਾਂ ਦੀ ਕਾਰਵਾਈ ਇਸ ਨੇ ਜਵਾਬ ਵਿੱਚ ਸ਼ੁਰੂ ਕੀਤੀ, ਉਹ ਬੇਲੋੜੀ ਜਲਦਬਾਜ਼ੀ ਅਤੇ ਅਪਰਿਪੱਕਤਾ ਨੂੰ ਦਰਸਾਉਂਦੀ ਹੈ। ਪਰ ਇਸ ਨਾਲ ਇਹ ਡਰ ਪੈਦਾ ਹੋ ਗਿਆ ਕਿ ਸਥਿਤੀ ਹੋਰ ਵਿਗੜ ਸਕਦੀ ਹੈ। ਹਾਲਾਂਕਿ, ਇਸ ਦੌਰਾਨ ਕੂਟਨੀਤਕ ਪੱਧਰ 'ਤੇ ਭਾਰਤ ਨੇ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਪ੍ਰਭਾਵ ਰੱਖਣ ਵਾਲੇ ਦੇਸ਼ਾਂ ਦੇ ਸਾਹਮਣੇ ਪੂਰੀ ਸਥਿਤੀ ਨੂੰ ਸਪੱਸ਼ਟ ਤੌਰ 'ਤੇ ਪੇਸ਼ ਕੀਤਾ ਅਤੇ ਇਸ ਟਕਰਾਅ ਵਿੱਚ ਪਾਕਿਸਤਾਨ ਦੀ ਭੂਮਿਕਾ ਨੂੰ ਵੀ ਰੇਖਾਂਕਿਤ ਕੀਤਾ। ਇਹ ਇੱਕ ਬਹੁ-ਪੱਧਰੀ ਘੇਰਾਬੰਦੀ ਸੀ, ਅੱਤਵਾਦੀਆਂ ਵਿਰੁੱਧ ਸਿੱਧੀ ਕਾਰਵਾਈ ਤੋਂ ਲੈ ਕੇ ਕੂਟਨੀਤੀ ਤੱਕ, ਜਿਸਦਾ ਦਬਾਅ ਪਾਕਿਸਤਾਨ ਸਪੱਸ਼ਟ ਤੌਰ 'ਤੇ ਮਹਿਸੂਸ ਕਰ ਰਿਹਾ ਸੀ। ਸ਼ਾਇਦ ਇਹੀ ਕਾਰਨ ਹੈ ਕਿ ਅਮਰੀਕੀ ਵਿਚੋਲਗੀ ਤੋਂ ਬਾਅਦ, ਪਾਕਿਸਤਾਨ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਆਪ੍ਰੇਸ਼ਨ (ਡੀਜੀਐਮਓ) ਵੱਲੋਂ ਭਾਰਤ ਦੇ ਡੀਜੀਐਮਓ ਨੂੰ ਇੱਕ ਫੋਨ ਆਇਆ ਅਤੇ ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਹੋ ਗਈਆਂ ਕਿ ਸ਼ਨੀਵਾਰ ਸ਼ਾਮ 5 ਵਜੇ ਤੋਂ ਜ਼ਮੀਨ, ਹਵਾ ਅਤੇ ਸਮੁੰਦਰ 'ਤੇ ਸਾਰੀ ਗੋਲੀਬਾਰੀ ਅਤੇ ਫੌਜੀ ਕਾਰਵਾਈ ਬੰਦ ਹੋ ਜਾਵੇਗੀ। ਸਪੱਸ਼ਟ ਤੌਰ 'ਤੇ ਇੱਕ ਗੰਭੀਰ ਮੋੜ ਵਿੱਚ ਬਦਲ ਰਹੇ ਟਕਰਾਅ ਦੇ ਵਿਚਕਾਰ ਇੱਕ ਸੰਪੂਰਨ ਅਤੇ ਤੁਰੰਤ ਜੰਗਬੰਦੀ ਦਾ ਐਲਾਨ ਕਰਨਾ ਸ਼ਾਂਤੀ ਦਾ ਰਸਤਾ ਲੱਭਣ ਲਈ ਇੱਕ ਜ਼ਰੂਰੀ ਪਹਿਲ ਹੈ ਅਤੇ ਪਾਕਿਸਤਾਨ ਨੂੰ ਇਸ ਬਾਰੇ ਪਹਿਲਾਂ ਹੀ ਵਿਚਾਰ ਕਰਨਾ ਚਾਹੀਦਾ ਸੀ। ਪਰ ਕਈ ਵਾਰ ਇੱਕ ਮੁੱਦੇ ਨੂੰ ਇਸ ਤਰ੍ਹਾਂ ਵੀ ਦੇਖਿਆ ਜਾਂਦਾ ਹੈ ਕਿ ਜੇਕਰ ਅੰਤ ਵਿੱਚ ਸਭ ਕੁਝ ਸਹੀ ਢੰਗ ਨਾਲ ਕੀਤਾ ਜਾਵੇ, ਤਾਂ ਉਹ ਰਸਤਾ ਸਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੰਗ ਕਿਸੇ ਵੀ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਵਿਡੰਬਨਾ ਇਹ ਹੈ ਕਿ ਕਈ ਵਾਰ ਇੱਕ ਧਿਰ ਦੀ ਦੁਰਭਾਵਨਾਪੂਰਨ ਜ਼ਿੱਦ ਕਾਰਨ, ਦੂਜੀ ਧਿਰ ਨੂੰ ਆਖਰੀ ਉਪਾਅ ਵਜੋਂ ਆਪਣੇ ਬਚਾਅ ਵਿੱਚ ਠੋਸ ਕਦਮ ਚੁੱਕਣ ਲਈ ਮਜਬੂਰ ਹੋਣਾ ਪੈਂਦਾ ਹੈ। ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ, ਭਾਰਤ ਕੋਲ ਇੱਕੋ ਇੱਕ ਵਿਕਲਪ ਬਚਿਆ ਸੀ ਕਿ ਉਹ ਅੱਤਵਾਦੀਆਂ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਵੱਡੀ ਕਾਰਵਾਈ ਕਰੇ ਅਤੇ ਉਨ੍ਹਾਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਜਾਵੇ ਜੋ ਉਨ੍ਹਾਂ ਨੂੰ ਪਨਾਹ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ। ਦੂਜੇ ਪਾਸੇ, ਪਾਕਿਸਤਾਨ ਵੱਲੋਂ ਅਪਣਾਏ ਗਏ ਰਵੱਈਏ ਤੋਂ ਅਕਸਰ ਇਹ ਜਾਪਦਾ ਸੀ ਕਿ ਉਹ ਸਥਿਤੀ ਨੂੰ ਬੇਲੋੜਾ ਗੁੰਝਲਦਾਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਦੇ ਸੰਜਮੀ ਜਵਾਬ ਵਿੱਚ, ਪਾਕਿਸਤਾਨ ਨੇ ਨਾ ਸਿਰਫ਼ ਭਾਰਤੀ ਇਲਾਕਿਆਂ ਵਿੱਚ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ, ਸਗੋਂ ਇਸ ਗੱਲ ਦੀ ਵੀ ਪਰਵਾਹ ਨਹੀਂ ਕੀਤੀ ਕਿ ਆਮ ਨਾਗਰਿਕ ਇਸਦਾ ਸ਼ਿਕਾਰ ਹੋ ਰਹੇ ਹਨ। ਇੱਕ ਪਾਸੇ, ਭਾਰਤ ਦੀ ਕਾਰਵਾਈ ਅੱਤਵਾਦੀਆਂ ਵਿਰੁੱਧ ਸੀ, ਜਦੋਂ ਕਿ ਦੂਜੇ ਪਾਸੇ, ਪਹਿਲੇ ਦਿਨ ਪਾਕਿਸਤਾਨ ਦੀ ਗੋਲੀਬਾਰੀ ਕਾਰਨ ਦੋ ਬੱਚਿਆਂ ਸਮੇਤ ਕਈ ਲੋਕਾਂ ਦੀ ਜਾਨ ਚਲੀ ਗਈ। ਇਸ ਵੇਲੇ, ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਨੇ ਪਾਕਿਸਤਾਨ ਨੂੰ ਅੱਤਵਾਦੀ ਸੰਗਠਨਾਂ ਨੂੰ ਪਨਾਹ ਦੇਣ ਬਾਰੇ ਆਪਣੇ ਰੁਖ਼ 'ਤੇ ਮੁੜ ਵਿਚਾਰ ਕਰਨ ਅਤੇ ਖੇਤਰੀ ਸ਼ਾਂਤੀ ਲਈ ਠੋਸ ਯੋਗਦਾਨ ਪਾਉਣ ਦਾ ਮੌਕਾ ਪ੍ਰਦਾਨ ਕੀਤਾ ਹੈ।

-ਜਗਜੀਤ ਸਿੰਘ ਦਰਦੀ

# ਮੁੱਖ ਮੰਤਰੀ ਮਾਨ ਦਾ ਕਿਸਾਨਾਂ ਨੂੰ ਤਾਅਨਾ



ਕਮਲਜੀਤ ਸਿੰਘ ਬਨਵੈਤ
98147 34035

- ਕੇਂਦਰ ਨੇ ਰਾਤ ਨੂੰ ਪਾਣੀ ਛੱਡਣ ਦੀ ਬਣਾਈ ਗੁਪਤ ਸਕੀਮ
- ਲੋਕਾਂ ਦੇ ਧਰਨੇ ਕਾਰਨ ਗੇਟ ਨਾ ਖੋਲ੍ਹੇ ਜਾ ਸਕੇ
- ਮਾਨ ਨੇ ਭਾਖੜਾ ਬੋਰਡ ਨੂੰ ਦਿੱਤੇ ਜਾਂਦੇ ਖ਼ਰਚੇ ਦੇ ਪੂਰੇ ਹਿਸਾਬ ਲਈ ਆਡਿਟ ਕਰਾਉਣ ਦਾ ਕੀਤਾ ਐਲਾਨ
- ਪਾਣੀ ਛੱਡਣ ਵਾਲੇ ਬੋਰਡ ਦੇ ਅਧਿਕਾਰੀ ਆਪਣੀ ਸੁਰੱਖਿਆ ਦੇ ਖ਼ੁਦ ਹੋਣਗੇ ਜ਼ਿੰਮੇਵਾਰ
- ਕਿਸਾਨਾਂ ਨੇ ਭਗਵੰਤ ਮਾਨ 'ਤੇ ਗ਼ੈਰ ਜ਼ਿੰਮੇਵਾਰਾਨਾ ਬਿਆਨ ਦੇਣ ਦਾ ਲਾਇਆ ਦੋਸ਼
- ਪੰਜਾਬ ਸਰਕਾਰ ਉਤੇ ਪਾਣੀਆਂ ਦੀ ਰਾਖੀ ਕਰਨ ਦੀ ਥਾਂ ਅਣਗਹਿਲੀ ਵਰਤਣ ਦਾ ਲਾਇਆ ਦੋਸ਼

ਪਾਣੀਆਂ ਦੇ ਰੇੜਕੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਿਸ਼ਾਨਾ ਚਾਹੇ ਗਲਤ ਵਿੰਨ ਰਹੇ ਹੋਣ। ਉਹਨਾਂ ਦੇ ਕੰਮ ਕਰਨ ਦੇ ਢੰਗ ਵਿੱਚ ਸੌ ਊਣਤਾਈਆਂ ਹੋਣ ਪਰ ਉਹਨਾਂ ਦੇ ਦਿਲ ਵਿੱਚ ਖੋਟ ਨਹੀਂ ਹੈ। ਵੋਟਾਂ ਬਟੋਰਨ ਲਈ ਕਈ ਸਾਰੇ ਖਿਲਾਰੇ ਪਾ ਲੈਣੇ ਸਿਆਸਤਦਾਨਾਂ ਦਾ ਸੁਭਾਅ ਹੈ। ਮੁੱਖ ਮੰਤਰੀ ਮਾਨ ਐਤਵਾਰ ਨੂੰ ਤੀਜੀ ਵਾਰ ਭਾਖੜਾ ਡੈਮ ਜਾ ਪੁੱਜੇ। ਲੋਕਾਂ ਦੇ ਧਰਨੇ ਕਾਰਨ ਗੇਟ ਨਾ ਖੋਲ੍ਹੇ ਜਾ ਸਕੇ। ਉਹ ਉੱਥੇ ਹਮੇਸ਼ਾ ਦੀ ਤਰ੍ਹਾਂ ਗਰਜੇ ਪਰ ਇਸ ਵਾਰ ਉਹਨਾਂ ਦੀ ਸੁਰ ਵਿੱਚੋਂ ਪਹਿਲਾਂ ਵਾਲਾ ਗੜਕਾ ਗਾਇਬ ਸੀ। ਉਹ ਕਿਸਾਨ ਯੂਨੀਅਨਾਂ 'ਤੇ ਵਰ੍ਹੇ। ਆਮ ਲੋਕਾਂ ਨੂੰ ਵੀ ਤਾਅਨਾ ਮਾਰਿਆ। ਉਹਨਾਂ ਦੀ ਪਾਣੀਆਂ ਨੂੰ ਲੈ ਕੇ ਨਰਮ ਪਈ ਸੁਰ,21 ਮਈ ਨੂੰ ਤਾਂ ਪਾਣੀ ਛੱਡ ਹੀ ਦੇਣਾ ਹੈ। ਸਗੋਂ 20 ਮਈ ਦੀ ਰਾਤ ਨੂੰ ਹੀ ਸਪਲਾਈ ਜਾਰੀ ਕਰ ਦਿੱਤੀ ਜਾਵੇਗੀ। ਅੱਠ ਦਸ ਦਿਨ ਹੋਰ ਇੰਤਜ਼ਾਰ ਕਰਨ ਨਾਲ ਕੋਈ ਫਰਕ ਨਹੀਂ ਪੈਣਾ, ਤੋਂ ਉਹਨਾਂ ਦੇ ਹੰਭ ਜਾਣ ਦਾ ਭੁਲੇਖਾ ਪੈਣ ਲੱਗਾ ਹੈ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਤਾਅਨਾ ਮਾਰਦਿਆਂ ਕਿਹਾ ਕਿ ਹੁਣ ਜਦੋਂ ਪੰਜਾਬ ਤੋਂ ਪਾਣੀ ਖੋਹੇ ਜਾ ਰਹੇ ਹਨ ਤਾਂ ਕਿਸਾਨ ਯੂਨੀਅਨਾਂ ਕਿੱਥੇ ਹਨ? ਕਿਸਾਨ ਆਗੂਆਂ ਨੇ ਤਾਂ ਹਰਿਆਣਾ ਵੱਲੋਂ ਪਾਣੀ ਖੋਹੇ ਜਾਣ ਦੀ ਕੋਸ਼ਿਸ਼ 'ਤੇ ਕੋਈ ਟਿੱਪਣੀ ਤੱਕ ਨਹੀਂ ਕੀਤੀ। ਉਹਨਾਂ ਕਿਹਾ ਕਿ ਕੀ ਕਿਸਾਨ ਆਗੂ ਹਾਈਵੇਅ ਰੋਕਣਾ ਹੀ ਜਾਣਦੇ ਹਨ। ਉਹਨਾਂ ਨੇ ਬੁੱਢੇ ਨਾਲੇ ਲਈ ਧਰਨਾ ਦੇਣ ਵਾਲੇ ਲੋਕਾਂ ਮੂਹਰੇ ਵੀ ਸਵਾਲ ਖੜ੍ਹੇ ਕੀਤੇ। ਮੁੱਖ ਮੰਤਰੀ ਮਾਨ ਵੱਲੋਂ ਧਰਨਾਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਚੇਤਾਵਨੀ ਦੇਣ ਤੋਂ ਬਾਅਦ ਕਿਸਾਨ ਉਹਨਾਂ ਨਾਲ ਹੋਰ ਵੀ ਨਰਾਜ਼ ਹੋ ਗਏ ਹਨ। ਇਸ ਤੋਂ ਪਹਿਲਾਂ ਉਹਨਾਂ ਨੇ ਕਿਸਾਨਾਂ ਨੂੰ ਉਦੋਂ ਨਾਰਾਜ਼ ਕਰ ਲਿਆ ਸੀ ਜਦੋਂ ਕੇਂਦਰ ਸਰਕਾਰ ਵੱਲੋਂ ਸਭ ਦੀ ਇੱਕ ਮੀਟਿੰਗ ਤੋਂ ਬਾਹਰ ਨਿਕਲ ਕੇ ਪੰਜਾਬ ਦੀ ਧਰਤੀ 'ਤੇ ਪੈਰ ਰੱਖਦਿਆਂ ਹੀ ਕਿਸਾਨ ਲੀਡਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਬੈਠੇ ਕਿਸਾਨਾਂ ਨੂੰ ਜ਼ਬਰੀ ਉਠਾ ਦਿੱਤਾ ਗਿਆ ਸੀ। ਉਦੋਂ ਪੁਲਿਸ ਉੱਤੇ ਕਿਸਾਨਾਂ ਦੀਆਂ ਟਰਾਲੀਆਂ ਅਤੇ ਹੋਰ ਸਮਾਨ ਚੋਰੀ ਕਰਨ ਦੇ ਦੋਸ਼ ਲੱਗੇ ਸਨ। ਕਿਸਾਨਾਂ ਨੇ ਜਦੋਂ ਆਪਣਾ ਸਮਾਨ ਵਾਪਸ ਕਰਾਉਣ ਲਈ ਪਿਛਲੇ ਦਿਨੀਂ ਥਾਣੇ ਦਾ ਘਿਰਾਉ ਕਰਨ ਦਾ ਐਲਾਨ ਕਰ ਦਿੱਤਾ ਸੀ ਤਾਂ ਪੰਜਾਬ ਪੁਲਿਸ ਨੇ ਘਰਾਂ ਵਿੱਚੋਂ ਨਹੀਂ ਸੀ ਨਿਕਲਣ ਦਿੱਤਾ। ਇਸ ਤੋਂ ਪਹਿਲਾਂ ਪੰਜ ਮਾਰਚ ਨੂੰ ਚੰਡੀਗੜ੍ਹ ਵਿੱਚ ਰੋਸ ਕਰਨ ਦੇ ਸੱਦੇ ਤੋਂ ਇੱਕ ਰਾਤ ਪਹਿਲਾਂ ਕਿਸਾਨ ਨੇਤਾਵਾਂ ਨੂੰ ਘਰਾਂ ਦੇ ਅੰਦਰ ਹੀ ਬੰਦ ਕਰ ਦਿੱਤਾ ਗਿਆ ਸੀ। ਪੰਜਾਬ ਦਾ ਕਿਸਾਨ ਪਾਣੀਆਂ ਦੇ ਮਾਮਲੇ 'ਤੇ ਪਹਿਲਾਂ ਤੋਂ ਹੀ ਕੁਰਬਾਨੀ ਦਿੰਦਾ ਆ ਰਿਹਾ ਹੈ। ਮੁੱਖ ਮੰਤਰੀ ਮਾਨ ਦੇ ਸ਼ਾਇਦ ਚੇਤਿਆਂ ਵਿੱਚੋਂ ਇਹ ਵਿਸਰ ਗਿਆ ਹੋਵੇ।

ਮੁੱਖ ਮੰਤਰੀ ਮਾਨ ਨੇ ਡੈਮ 'ਤੇ ਸੰਬੋਧਨ ਕਰਦਿਆਂ ਭਾਖੜਾ ਬੋਰਡ ਨੂੰ ਦਿੱਤੇ ਜਾਂਦੇ ਖਰਚੇ ਦੇ ਪੂਰੇ ਹਿਸਾਬ ਲਈ ਆਡਿਟ ਕਰਾਉਣ ਦਾ ਐਲਾਨ ਵੀ ਕਰ ਦਿੱਤਾ ਸੀ। ਉਹਨਾਂ ਨੇ ਕਿਹਾ ਕਿ ਪੰਜਾਬ ਨੂੰ ਬੋਰਡ ਦਾ 60 ਫ਼ੀਸਦੀ ਖਰਚਾ ਚੁੱਕਣਾ ਪੈ ਰਿਹਾ ਹੈ। ਇੱਥੋਂ ਤੱਕ ਕਿ ਪਾਣੀਆਂ ਦੇ ਰੇੜਕੇ ਨੂੰ ਲੈ ਕੇ ਪਹਾੜੇ 'ਤੇ ਲਏ ਜਾਣ ਵਾਲੇ ਵਕੀਲ ਦੀ ਫ਼ੀਸ ਦਾ ਅੱਧੇ ਤੋਂ ਵੱਧ ਖ਼ਰਚਾ ਪੰਜਾਬ ਨੂੰ ਚੁੱਕਣਾ ਪੈਣਾ ਹੈ। ਉਹਨਾਂ ਨੇ ਤਾੜਨਾ ਕੀਤੀ ਕਿ ਹੁਣ ਤੋਂ ਕੋਈ ਵੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਧਿਕਾਰੀ ਡੈਮ 'ਤੇ ਆ ਕੇ ਪਾਣੀ ਛੱਡਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਆਪਣੀ ਸੁਰੱਖਿਆ ਲਈ ਖ਼ੁਦ ਜ਼ਿੰਮੇਵਾਰ ਹੋਵੇਗਾ। ਉਹਨਾਂ ਕਿਹਾ ਕਿ ਅਮਨ ਕਾਨੂੰਨ ਦੀ ਕਿਸੇ ਵੀ ਸਥਿਤੀ ਲਈ ਭਾਜਪਾ ਅਤੇ ਬੀਬੀਐਮਬੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਣਗੇ।

ਪੰਜਾਬ ਸਰਕਾਰ ਨੇ ਨੰਗਲ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੀ ਯੋਜਨਾ ਦੂਜੀ ਵਾਰ ਫੇਲ੍ਹ ਕੀਤੀ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਹਾਈ ਕੋਰਟ ਦਾ ਫੈਸਲਾ ਨਸ਼ਰ ਹੋਣ ਮਗਰੋਂ ਨੰਗਲ ਡੈਮ ਤੋਂ ਹਰਿਆਣਾ ਨੂੰ 4500 ਕਿਊਸਿਕ ਵਾਧੂ ਪਾਣੀ ਛੱਡਣ ਲਈ ਸ਼ਡਿਊਲ ਤਿਆਰ ਕਰ ਲਿਆ ਸੀ। ਬੋਰਡ ਦੇ ਐਕਸੀਅਨ ਸੰਜੀਵ ਕੁਮਾਰ ਨੇ ਤਾਂ ਨੰਗਲ ਡੈਮ ਦੇ ਗੇਟ ਖੋਲ੍ਹੇ ਜਾਣ ਲਈ ਕਹਿ ਦਿੱਤਾ ਸੀ।

ਪਾਣੀ ਛੱਡੇ ਜਾਣ ਦੀ ਸੂਹ ਮਿਲਦਿਆਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੀਜੀ ਵਾਰ ਨੰਗਲ ਡੈਮ 'ਤੇ ਪੁੱਜ ਗਏ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਲੋਕਾਂ ਨੇ ਨੰਗਲ ਡੈਮ 'ਤੇ ਧਰਨਾ ਮਾਰ ਦਿੱਤਾ। ਬੋਰਡ ਦੀ ਤਰਫ਼ੋਂ ਨੰਗਲ ਡੈਮ ਦੇ ਗੇਟ ਖੋਲ੍ਹਣ ਦੀ ਜ਼ਿੰਮੇਵਾਰੀ ਹਿਮਾਚਲ ਪ੍ਰਦੇਸ਼ ਦੇ ਐਕਸੀਅਨ ਕੋਲ ਸੀ। ਲੋਕਾਂ ਦੀ ਭੀੜ ਸਾਹਮਣੇ ਗੇਟ ਖੋਲਣ ਵਾਲਾ ਸਟਾਫ਼ ਪਿੱਛੇ ਹੱਟ ਗਿਆ। ਬੋਰਡ ਨੇ ਅਧਿਕਾਰੀਆਂ ਉੱਤੇ ਦਬਾਅ ਵੀ ਪਾਇਆ ਕਿ ਉਹਨਾਂ ਲੋਕਾਂ ਦੇ ਨਾਂ ਦੱਸੇ ਜਾਣ ਜੋ ਡੈਮ ਦੇ ਗੇਟ ਖੋਲ੍ਹਣ ਵਿੱਚ ਅੜਿਕਾ ਬਣੇ ਹੋਏ ਸਨ ਤਾਂ ਸਬੰਧਤ ਸਟਾਫ਼ ਨੇ ਲੋਕਾਂ ਦੀ ਭੀੜ ਦਾ ਹਵਾਲਾ ਦੇ ਕੇ ਆਪਣੀ ਜਾਨ ਛੁਡਵਾਈ। ਦੂਜੇ ਬੰਨੇ ਨੰਗਲ ਡੈਮ ਤੋਂ ਵਾਧੂ ਪਾਣੀ ਛੱਡਣ ਲਈ ਤਕਨੀਕੀ ਪ੍ਰਕਿਰਿਆ ਮੁਕੰਮਲ ਕਰ ਲਈ ਗਈ ਸੀ। ਪ੍ਰੰਤੂ ਸਾਰੀ ਤਿਆਰੀ ਦੇ ਬਾਵਜੂਦ ਡੈਮ ਦੇ ਗੇਟ ਖੁੱਲ੍ਹ ਨਹੀਂ ਸਕੇ।

ਇੱਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਛੇ ਮਈ ਨੂੰ ਫੈਸਲਾ ਦਿੱਤਾ ਸੀ ਕਿ ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ ਹੇਠਲੀ ਮੀਟਿੰਗ ਵਿੱਚ ਹੋਏ ਫੈਸਲੇ ਨੂੰ ਲਾਗੂ ਕੀਤਾ ਜਾਵੇ। ਮੀਟਿੰਗ ਵਿੱਚ ਹਰਿਆਣਾ ਨੂੰ 4500 ਕਿਊਸਿਕ ਵਾਧੂ ਪਾਣੀ ਦੇਣ ਦੀ ਗੱਲ ਕਹੀ ਗਈ ਸੀ। ਹਾਈ ਕੋਰਟ ਵੱਲੋਂ ਇਸ ਮਾਮਲੇ ਵਿੱਚ ਸਖਤ ਰੁੱਖ ਅਖਤਿਆਰ ਕਰਦਿਆਂ ਅਦਾਲਤੀ ਮਾਨਹਾਨੀ ਦੇ ਮਾਮਲੇ ਵਿੱਚ ਮੁੱਖ ਸਕੱਤਰ ਤੇ ਡੀਜੀਪੀ ਨੂੰ ਨੋਟਿਸ ਦੇ ਕੇ ਨੰਗਲ ਡੈਮ ਦੇ ਗੇਟ ਖੋਲ੍ਹਣ ਵਿੱਚ ਅੜਿੱਕਾ ਬਣਨ ਵਾਲੇ ਅਧਿਕਾਰੀਆਂ ਦੇ ਨਾਂ ਦੱਸਣ ਲਈ ਆਖਿਆ ਹੈ। ਨੰਗਲ ਡੈਮ ਤੇ ਧਰਨੇ ਵਾਲੀ ਥਾਂ ਤੋਂ ਪੁਲਿਸ ਥੋੜੀ ਦੂਰ ਰਹੀ। ਅਧਿਕਾਰੀ ਡਰੇ ਹੋਏ ਹਨ ਕਿਤੇ ਅਦਾਲਤੀ ਮਾਣ ਹਾਨੀ ਦੇ ਮਾਮਲੇ ਵਿੱਚ ਸ਼ਿਕਾਰ ਨਾ ਹੋ ਜਾਣ।

ਇੱਕ ਵੱਖਰੀ ਜਾਣਕਾਰੀ ਅਨੁਸਾਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਦੁਪਹਿਰ ਬਾਅਦ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੀ ਕੋਸ਼ਿਸ਼ ਨਾਕਾਮ ਰਹਿਣ ਮਗਰੋਂ ਨਵੀਂ ਰਣਨੀਤੀ ਤਿਆਰ ਕੀਤੀ ਹੈ। ਪਤਾ ਲੱਗਾ ਹੈ ਕਿ ਬੋਰਡ ਵੱਲੋਂ ਰਾਤ ਵਾਪਸ ਨੰਗਲ ਡੈਮ ਤੋਂ ਪਾਣੀ ਛੱਡਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਕੁਝ ਚੋਣਵੇਂ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਉਹ ਰਾਤ ਨੂੰ ਉਸ ਵਕਤ ਹੀ ਗੇਟ ਖੋਲ੍ਹਣ ਜਦੋਂ ਡੈਮ ਤੋਂ ਪ੍ਰਦਰਸ਼ਨਕਾਰੀ ਲੋਕ ਵਾਪਸ ਜਾ ਚੁੱਕੇ ਹੋਣ। ਦੂਜੇ ਬੰਨੇ ਪੰਜਾਬ ਸਰਕਾਰ ਨੇ ਪਾਣੀ ਦੇ ਇਸ ਰੇੜਕੇ ਨੂੰ ਲੈ ਕੇ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ ਹੈ। ਪੰਜਾਬ ਸਰਕਾਰ 6 ਮਈ ਨੂੰ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਹੀ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦੀ ਤਿਆਰੀ ਵਿੱਚ ਸੀ ਪ੍ਰੰਤੂ ਉਸ ਵੇਲੇ ਤੱਕ ਕੇਂਦਰ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਚਾਰ ਸੂਬਿਆਂ ਦੇ ਚੀਫ਼ ਸਕੱਤਰਾਂ ਦੀ ਮੀਟਿੰਗ ਦੇ ਵੇਰਵੇ ਨਹੀਂ ਆਏ ਸਨ। ਮੀਟਿੰਗ ਦੀ ਜਾਰੀ ਹੋਈ ਪ੍ਰੋਸੀਡਿੰਗਜ ਨੂੰ ਲੈ ਕੇ ਵੀ ਕਈ ਤਰ੍ਹਾਂ ਦੇ ਸਵਾਲ ਉੱਠਣ ਲੱਗੇ ਹਨ। ਪੰਜਾਬ ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਮੀਟਿੰਗ ਵਿੱਚ ਹਰਿਆਣਾ ਨੂੰ ਪਾਣੀ ਉਧਾਰ ਦੇਣ ਦਾ ਫੈਸਲਾ ਪੰਜਾਬ ਉੱਤੇ ਛੱਡ ਦਿੱਤਾ ਗਿਆ ਸੀ ਜਦ ਕਿ ਹੁਣ ਜਾਰੀ ਪੱਤਰ ਵਿੱਚ ਮੀਟਿੰਗ ਦੌਰਾਨ ਹੀ ਫੈਸਲਾ ਹੋਣ ਦੀ ਸੂਚਨਾ ਦਿੱਤੀ ਗਈ ਹੈ।

ਕਿਰਤੀ ਕਿਸਾਨ ਯੂਨੀਅਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਾਣੀਆਂ ਦੇ ਮਸਲੇ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਪ੍ਰਤੀ ਕੀਤੀਆਂ ਟਿੱਪਣੀਆਂ ਦਾ ਵਿਰੋਧ ਕੀਤਾ ਹੈ। ਕਿਸਾਨ ਨੇਤਾਵਾਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਸੂਬੇ ਦੇ ਪਾਣੀਆਂ ਦੀ ਰਾਖੀ ਕਰਨ ਵਿੱਚ ਵਰਤੀ ਗਈ ਅਣਗਹਿਲੀ ਅਤੇ ਲਾਪਰਵਾਹੀ ਦੀ ਜ਼ਿੰਮੇਵਾਰੀ ਕਬੂਲਣ ਦੀ ਥਾਂ ਕਿਸਾਨਾਂ ਨੂੰ ਬਦਨਾਮ ਕਰਨ ਦੀ ਕੇਂਦਰ ਸਰਕਾਰ ਦੀ ਸਾਜਿਸ਼ ਮੁਹਿੰਮ ਦਾ ਹਿੱਸਾ ਬਣਦੀ ਹੈ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਝੂਠੀ ਬਿਆਨਬਾਜ਼ੀ ਦੀ ਬਜਾਏ ਪੰਜਾਬ ਦੇ ਹੱਕਾਂ ਲਈ ਸੰਵਿਧਾਨ ਜ਼ਿੰਮੇਵਾਰੀ ਵੱਲ ਧਿਆਨ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਣੀਆਂ ਦੇ ਮਾਮਲੇ 'ਤੇ ਸਰਬ ਪਾਰਟੀ ਮੀਟਿੰਗ ਸੱਦੀ ਸੀ। ਮੀਟਿੰਗ ਦੌਰਾਨ ਵਿਧਾਨ ਸਭਾ ਦਾ ਇੱਕ ਦਿਨ ਸੈਸ਼ਨ ਸੱਦਣ 'ਤੇ ਸਹਿਮਤੀ ਬਣ ਗਈ ਸੀ। ਸ਼ੈਸ਼ਨ ਦੌਰਾਨ ਸੱਤਾਧਾਰੀ ਸਮੇਤ ਦੂਜੀਆਂ ਪਾਰਟੀਆਂ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਰਿੜਕਣ ਦੀ ਥਾਂ ਇੱਕ ਦੂਜੇ ਉੱਤੇ ਚਿੱਕੜ ਸੁੱਟਿਆ ਗਿਆ। ਸਰਕਾਰੀ ਧਿਰ ਇਸ ਮਾਮਲੇ ਵਿੱਚ ਅੱਗੇ ਰਹੀ। ਹੁਣ ਇੰਝ ਲੱਗਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਕੱਲੇ ਲੜਾਈ ਲੜ ਰਹੇ ਹਨ। ਭਾਖੜਾ ਡੈਮ ਉੱਤੇ ਦਿੱਤੇ ਜਾਣ ਵਾਲੇ ਧਰਨੇ ਵਿੱਚ ਵੀ ਹਰਜੋਤ ਸਿੰਘ ਬੈਂਸ ਦੇ ਹਮਾਇਤੀ ਸ਼ਾਮਿਲ ਹੋ ਰਹੇ ਹਨ ਜਦੋਂ ਕਿ ਧਰਨਾ ਪਾਰਟੀ ਦੇ ਪ੍ਰਧਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਵੱਲੋਂ ਦਿੱਤਾ ਜਾਣਾ ਬਣਦਾ ਹੈ। ਇੱਕ ਪਾਸੇ ਸਰਕਾਰ ਵਿਖਾਵਾ ਕਰਨ ਵਾਲਿਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਦੇ ਰਹੀ ਹੈ, ਦੂਜੇ ਪਾਸੇ ਸਰਕਾਰ ਦੇ ਕੈਬਨਿਟ ਮੰਤਰੀ ਧਰਨਾਕਾਰੀਆਂ ਦੀ ਅਗਵਾਈ ਕਰ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਗਿਆਨ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਸਮੇਤ ਹਰਿਆਣਾ ਦਾ ਰਿਮੋਟ ਕੇਂਦਰ ਦੀ ਭਾਜਪਾ ਸਰਕਾਰ ਦੇ ਹੱਥ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੜਾਈ ਨੂੰ ਚੰਡੀਗੜ੍ਹ ਜਾਂ ਭਾਖੜਾ ਡੈਮ ਤੱਕ ਸੀਮਤ ਕਰਨ ਦੀ ਥਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਰ ਮੂਹਰੇ ਜੇਕਰ ਜਾਣ ਤਾਂ ਮਸਲੇ ਦਾ ਹੱਲ ਨਿਕਲਣ ਦੀ ਸੰਭਾਵਨਾ ਬਣ ਸਕਦੀ ਹੈ। ਕੇਂਦਰ ਦੀਆਂ ਹਦਾਇਤਾਂ ਤੋਂ ਬਿਨ੍ਹਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਇੱਕ ਕਦਮ ਵੀ ਪੁੱਟਣ ਦਾ ਦਮ ਨਹੀਂ ਰੱਖਦਾ। ਮੰਤਰੀ ਮਾਨ ਨੂੰ ਆਪਣੀ ਪੂਰੀ ਸਰਕਾਰ ਅਤੇ ਪਾਰਟੀ ਲੈ ਕੇ ਦਿੱਲੀ ਜਾ ਡਟਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਚਲਾਉਣ ਵਾਲੇ ਦਿੱਲੀ ਤੋਂ ਪਾਰਟੀ ਦੇ ਦੋ ਵੱਡੇ ਆਗੂਆਂ ਸਮੇਤ ਸੁਪਰੀਮੋ ਅਰਵਿੰਦ ਕੇਜਰੀਵਾਲ ਕਿੱਥੇ ਜਾ ਲੁਕੇ ਹਨ- ਲੋਕਾਂ ਦਾ ਇਹ ਸਵਾਲ ਪੁੱਛਣਾ ਸੁਭਾਵਿਕ ਹੈ। ਪੰਜਾਬ ਤੋਂ ਆਪ ਦੇ ਰਾਜ ਸਭਾ ਮੈਂਬਰਾਂ ਦੇ ਸੁੱਚੇ ਮੂੰਹ ਵਿਚਰਨ ਦਾ ਸੁਭਾਅ ਪੰਜਾਬੀਆਂ ਦੇ ਕਈ ਚਿਰ ਪਹਿਲਾਂ ਸਮਝ ਪੈ ਗਿਆ ਸੀ।

# ਜੰਗ ਬਨਾਮ ਟਰੰਪ ਕਾਰਡ



ਗੁਰਮੀਤ ਸਿੰਘ ਪਲਾਹੀ
9815802070

ਦੁਨੀਆ ਭਰ ਵਿੱਚ ਇਸ ਤੋਂ ਪਹਿਲਾਂ ਲਗਾਤਾਰ ਇੰਨੇ ਸਾਰੇ ਹਥਿਆਰਬੰਦ ਸੰਘਰਸ਼ ਨਹੀਂ ਹੋਏ, ਜਿੰਨੇ ਇਸ ਵੇਲੇ ਹੋ ਰਹੇ ਹਨ। ਗਲੋਬਲ ਪੀਸ ਇੰਡੈਕਸ 2024 ਦੇ ਅਨੁਸਾਰ ਸੰਘਰਸ਼ ਕਰਨ ਵਾਲੇ ਦੇਸ਼ਾਂ ਦੀ ਸੰਖਿਆ, ਦੂਜੇ ਵਿਸ਼ਵ ਯੁੱਧ ਦੇ ਬਾਅਦ ਇਸ ਸਮੇਂ ਸਭ ਤੋਂ ਵੱਧ ਹੈ। ਸਾਲ 2020 'ਚ ਹਥਿਆਰਬੰਦ ਸੰਘਰਸ਼ਾਂ ਦੀ ਗਿਣਤੀ 56 ਅਤੇ 2024 'ਚ 59 ਹੋ ਗਈ। ਸਾਲ 2023 'ਚ ਇਜ਼ਰਾਇਲ-ਹਮਾਸ ਅਤੇ ਯੂਕਰੇਨ-ਰੂਸ, ਮਿਆਮੀ ਗ੍ਰਹਿ ਯੁੱਧ, ਸੁਡਾਨ ਗ੍ਰਹਿ ਯੁੱਧ ਲੜੇ ਗਏ। ਜਿਹਨਾਂ 'ਚ 10 ਹਜ਼ਾਰ ਤੋਂ ਵੱਧ ਗਿਣਤੀ 'ਚ ਲੋਕ ਮਰੇ।

ਜਾਣਕਾਰਾਂ ਦੀ ਅਸ਼ੰਕਾ ਹੈ ਕਿ 2025 ਵਿੱਚ ਇਜ਼ਰਾਇਲ, ਗਾਜ਼ਾ, ਲੈਬਨਾਨ, ਇਰਾਨ, ਇਰਾਕ, ਸੀਰੀਆ, ਯਮਨ, ਪਾਕਿਸਤਾਨ, ਯੁਗਾਂਡਾ ਆਦਿ ਵਿੱਚ ਹਾਲਾਤ ਖਰਾਬ ਹੋ ਜਾਣਗੇ। ਅਮਰੀਕਾ ਨੇ ਇਹਨਾਂ ਵਿੱਚੋਂ ਕਈ ਦੇਸ਼ਾਂ ਨੂੰ ਪਹਿਲਾਂ ਹੀ ਉਕਸਾਇਆ ਹੈ। 2022 ਵਿੱਚ ਅਮਰੀਕਾ ਨੇ ਇਕੱਲੇ ਯੂਕਰੇਨ ਨੂੰ 18.1 ਅਰਬ ਡਾਲਰ ਦੇ ਹਥਿਆਰ ਦਿੱਤੇ। 2023 ਵਿੱਚ ਇਹ ਵੱਧ ਕੇ 80.9 ਅਰਬ ਡਾਲਰ ਹੋ ਗਏ। ਦੁਨੀਆ ਭਰ ਵਿੱਚ ਹਥਿਆਰਾਂ ਦੀ ਵਿਕਰੀ 238 ਅਰਬ ਡਾਲਰ ਦੀ ਸੀ, ਜਿਸ ਵਿੱਚ 81 ਅਰਬ ਡਾਲਰ ਦੀ ਸਿੱਧੀ ਵਿਕਰੀ ਸਿਰਫ਼ ਅਮਰੀਕਾ ਸਰਕਾਰ ਨੇ ਕੀਤੀ,ਜੋ 2022 ਨਾਲੋਂ 56 ਫੀਸਦੀ ਵੱਧ ਹੈ। 2023 ਵਿੱਚ ਅਮਰੀਕਾ ਨੇ ਇਜ਼ਰਾਇਲ ਨੂੰ 21.2 ਅਰਬ ਡਾਲਰ ਦਿੱਤੇ 2024 ਵਿੱਚ ਇਹ ਵੱਧ ਕੇ 42.76 ਅਰਬ ਡਾਲਰ ਹੋ ਗਏ।

ਲਗਭਗ ਸਾਰੇ ਮਹਾਂਦੀਪ ਸੰਘਰਸ਼ ਅਤੇ ਯੁੱਧ ਦੇ ਦੌਰ ਵਿੱਚ ਹਨ ਅਤੇ ਹਥਿਆਰਾਂ ਦੀ ਦੌੜ ਵਿੱਚ ਸ਼ਾਮਲ ਹਨ। ਹੋਰ ਸਭ ਅਮੀਰ ਮੁਲਕਾਂ ਨਾਲੋਂ ਅਮਰੀਕਾ ਇਸ ਦੌੜ 'ਚ ਸਭ ਤੋਂ ਅੱਗੇ ਹੈ। ਉਹ ਆਪਣੇ ਹਥਿਆਰਾਂ ਦੇ ਵਪਾਰ ਅਤੇ ਵਪਾਰਕ ਹਿੱਤਾਂ ਲਈ ਹਰ ਹਰਬਾ ਵਰਤ ਰਿਹਾ ਹੈ। ਅਮਰੀਕਾ ਦੀ ਟਰੰਪ ਸਰਕਾਰ ਨੇ ਦੁਨੀਆ ਦੇ ਸਾਰੇ ਦੇਸ਼ਾਂ ਨਾਲ ਵਪਾਰਕ ਜੰਗ ਛੇੜੀ ਹੋਈ ਹੈ। ਗਾਜ਼ਾ ਅਤੇ ਯੂਕਰੇਨ 'ਚ ਅਮਰੀਕਾ ਦੀ ਸਿੱਧੇ ਅਸਿੱਧੇ ਦਖਲ ਨਾਲ ਗਹਿਰੀ ਸ਼ਮੂਲੀਅਤ ਹੈ।

2025 'ਚ ਅੱਤ ਘਿਨਾਉਣੀ "ਪਹਿਲਗਾਮ" ਘਟਨਾ ਤੋਂ ਬਾਅਦ ਪਾਕਿ-ਭਾਰਤ ਯੁੱਧ ਨੇ ਦੱਖਣੀ ਏਸ਼ੀਆ ਖਿੱਤੇ 'ਚ ਅਸਥਿਰਤਾ ਪੈਦਾ ਕਰ ਦਿੱਤੀ। ਅਚਾਨਕ ਜੰਗਬੰਦੀ ਦਾ ਐਲਾਨ ਹੋ ਗਿਆ। ਦੋਹਾਂ ਪਾਸਿਆਂ ਦੀ ਜਨਤਾ ਦੇ ਮਨਾਂ 'ਚ ਖੁਸ਼ੀ ਹੈ, ਕਿਉਂਕਿ ਉਹ ਤਾਂ ਜੰਗ ਚਾਹੁੰਦੀ ਹੀ ਨਹੀਂ ਸੀ ਸਗੋਂ ਇਹ ਜੰਗ ਤਾਂ ਉਹਨਾਂ ਉੱਤੇ ਥੋਪੀ ਜਾ ਰਹੀ ਸੀ। ਲੋਕਾਂ 'ਚ ਪਰੇਸ਼ਾਨੀ ਸੀ। ਕਈ ਰਾਤਾਂ ਤੋਂ ਉਹਨਾਂ ਸੌਂ ਕੇ ਨਹੀਂ ਵੇਖਿਆ। ਆਖਰ ਇਹ ਮਾਜਰਾ ਹੈ ਕੀ ਸੀ? ਆਖਰ ਇਹ ਗੱਲ ਨਿੱਬੜ ਕਿਵੇਂ ਗਈ? ਆਖਰ ਦੋਹਾਂ ਦੇਸ਼ਾਂ ਦੇ "ਸੇਵਕ" ਚੁੱਪ ਚੁਪੀਤੇ "ਥਾਣੇਦਾਰ ਟਰੰਪ" ਦੀ ਗੱਲ ਕਿਵੇਂ ਮੰਨ ਗਏ? ਆਖਰ ਇਹਨਾਂ ਮੁਲਕਾਂ ਦੇ ਇਹਨਾਂ "ਰਾਖਿਆਂ" ਨੂੰ ਲੋਕਾਂ ਨੂੰ ਜੰਗ 'ਚ ਝੋਕਣ ਦਾ ਫਾਇਦਾ ਕੀ ਮਿਲਿਆ?

ਪਾਕਿਸਤਾਨ ਇਸ ਜੰਗ ਦੀ ਆੜ ਵਿੱਚ 2.3 ਅਰਬ ਡਾਲਰ ਦਾ ਆਈ.ਐੱਮ.ਐੱਫ. ਅੰਤਰਰਾਸ਼ਟਰੀ ਕਰਜ਼ਾ ਪ੍ਰਾਪਤ ਕਰ ਗਿਆ ਅਤੇ ਸਾਡੇ ਹਾਕਮ ਨੇ "ਬਿਹਾਰ" ਦੀ ਚੋਣ ਜਿੱਤਣ ਦਾ ਮਾਹੌਲ ਸਿਰਜਣ ਲਈ ਜੋ ਬਿਸਾਤ ਵਿਛਾਈ ਸੀ, ਉਸ ਨੂੰ ਸਫ਼ਲਤਾ ਨਾਲ ਨੇਪਰੇ ਚਾੜ੍ਹਨ 'ਚ ਕਾਮਯਾਬ ਹੋ ਗਿਆ। ਪਰ ਇੱਕ ਗੱਲ ਜਿਹੜੀ ਉਹ ਨਹੀਂ ਕਰ ਸਕਿਆ, ਉਹ "ਹਿੰਦੂ", "ਮੁਸਲਮਾਨਾਂ" ਦਾ ਫਸਾਦ ਨਾ ਕਰਵਾ ਸਕਿਆ ਜਾਂ ਕਹਿ ਲਈਏ ਆਪਣੇ ਉਸ ਮਨਸੂਬੇ 'ਚ ਸਫ਼ਲ ਨਹੀਂ ਹੋ ਸਕਿਆ, ਜਿਸ ਨੂੰ ਬਣਾਉਣਾ ਉਸਨੇ ਚਿਤਵਿਆ ਸੀ। ਕੀ ਸੱਚ-ਮੁੱਚ ਸਾਡੇ "ਹਾਕਮ" ਦੇ ਮਨ ਵਿੱਚ "ਅੱਤਵਾਦੀਆਂ" ਨੂੰ ਸਬਕ ਸਿਖਾਉਣ ਤੇ ਉਹਨਾਂ ਦੇ ਪਾਲਣਹਾਰੇ ਪਾਕਿਸਤਾਨੀ ਹੁਕਮਰਾਨਾਂ ਨੂੰ ਸਬਕ ਸਿਖਾਉਣ ਦੀ ਮਨਸ਼ਾ ਸੀ ਜਾਂ ਮਨਸੂਬਾ ਸਿਰਫ਼ ਆਪਣੀ ਗੱਦੀ ਨੂੰ ਪੱਕਿਆ ਕਰਨਾ ਸੀ? ਕਹਿੰਦੇ ਹਨ ਸਰਵਿਆਂ ਅਨੁਸਾਰ ਬਿਹਾਰ 'ਚ ਚੋਣ "ਸੱਤਾਧਾਰੀ" ਹਾਰ ਰਹੇ ਸਨ, ਜਿਸ ਦਾ ਅਸਰ ਸਿੱਧਾ ਨਿਤੀਸ਼ ਬਿਹਾਰ ਚੋਣਾਂ 'ਚ ਹੀ ਨਹੀਂ ਸੀ ਪੈਣਾ ਸਗੋਂ ਕੇਂਦਰ ਸਰਕਾਰ ਵੀ "ਤੜੱਕ ਕਰਕੇ" ਨਿਤੀਸ਼ ਕੁਮਾਰ ਕਾਰਨ ਡਿੱਗ ਪੈਣੀ ਸੀ।

ਰਹੀ ਗੱਲ ਟਰੰਪ ਦੀ ਉਸਨੂੰ ਤਾਂ ਆਪਣੇ ਹਿੱਤ ਪਿਆਰੇ ਹਨ। ਉਸਨੇ ਤਾਂ ਆਪਣਾ ਫ਼ੌਜੀ ਸਮਾਨ ਵੇਚਣਾ ਹੈ। ਦੁਨੀਆ ਦਾ ਸਭ ਤੋਂ ਵੱਡਾ ਸੌਦਾਗਰ ਇਸ ਗੱਲ ਲਈ ਮਸ਼ਹੂਰ ਹੈ ਕਿ ਉਹ ਦੇਸ਼ਾਂ ਨੂੰ ਆਪਸ ਵਿੱਚ ਲੜਾਉਂਦਾ ਹੈ ਅਤੇ ਆਪਣੇ ਹਥਿਆਰ ਵੇਚਦਾ ਹੈ, ਚੋਖਾ ਮੁਨਾਫ਼ਾ ਕਮਾਉਂਦਾ ਹੈ। ਟਰੰਪ ਪ੍ਰਸ਼ਾਸਨ ਤਾਂ ਇਸ ਵੇਲੇ ਦੁਨੀਆ ਭਰ ਵਿੱਚ ਧੌਂਸ-ਧੱਕੇ ਲਈ ਮਸ਼ਹੂਰ ਹੈ। ਜਿਸ ਵੱਲੋਂ ਦੁਨੀਆਂ ਦੇ ਹਿੱਤ ਲਾਂਭੇ ਰੱਖ ਕੇ,ਅਮਰੀਕੀ ਰਾਸ਼ਟਰਵਾਦ ਨੂੰ ਉਤਸ਼ਾਹਿਤ ਕਰਨ ਲਈ ਸਿਰਫ਼ ਗੱਲਾਂ ਹੀ ਨਹੀਂ ਕੀਤੀਆਂ ਜਾ ਰਹੀਆਂ, ਸਗੋਂ ਅਮਲੀ ਕਦਮ ਵੀ ਪੁੱਟੇ ਜਾ ਰਹੇ ਹਨ। ਅਸਲ ਅਰਥਾਂ ਵਿੱਚ ਟਰੰਪ ਜੰਗ ਲਗਵਾਉਂਦਾ ਵੀ ਹੈ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਅਤੇ ਭਲ ਖੱਟਣ ਲਈ ਜੰਗ ਰੁਕਵਾਉਂਦਾ ਵੀ ਹੈ। ਹਿੰਦੁਸਤਾਨ-ਪਾਕਿਸਤਾਨ ਦੀ ਜੰਗ 'ਚ ਇੱਕ ਵਿਚੋਲੇ ਦਾ ਰੋਲ ਅਦਾ ਕਰਕੇ, ਉਹ ਅਮਨ ਦਾ ਮਸੀਹਾ ਬਣਨ ਦੇ ਯਤਨ 'ਚ ਹੈ। ਪਰ ਕੀ ਇਹ ਸੱਚ-ਮੁੱਚ ਇਵੇਂ ਹੀ ਹੈ? ਜੇ ਹੈ ਤਾਂ ਰੂਸ- ਯੂਕਰੇਨ ਜੰਗ 'ਚ ਉਸਦੀ ਭੂਮਿਕਾ ਇੱਕ ਪੱਖੀ ਕਿਉਂ ਹੈ? ਜੇ ਹੈ ਤਾਂ ਇਜ਼ਰਾਇਲ-ਹਮਾਸ 'ਚ ਉਸ ਦਾ ਰੋਲ ਇੱਕ ਪਾਸੜ ਕਿਉਂ ਹੈ ?

ਇਸ ਸਮੇਂ ਭਾਰਤ-ਪਾਕਿ ਜੰਗ ਅਤੇ ਜੰਗਬੰਦੀ 'ਚ ਟਰੰਪ ਦੀ ਭੂਮਿਕਾ ਦੀ ਵੱਡੀ ਚਰਚਾ ਹੈ। ਉਸਦਾ ਮਕਸਦ ਆਪਣਾ ਵਪਾਰ ਵਧਾਉਣਾ ਹੈ ਅਤੇ ਟਰੰਪ ਦੇ ਸ਼ਬਦਾਂ 'ਚ, "ਦੋਹੇ ਧਿਰਾਂ ਉਸਦੀਆਂ 'ਪਿਆਰੀਆਂ' ਹਨ।" ਉਸ ਨੇ ਦੋਹਾਂ ਪਹਿਲਵਾਨਾਂ ਨੂੰ ਉਦੋਂ ਤੱਕ ਲੜਨ ਦਿੱਤਾ, ਜਦੋਂ ਤੱਕ ਉਸ ਨੇ ਚਾਹਿਆ ਜਾਂ ਜਿੱਥੋਂ ਤੱਕ ਉਸਦਾ ਹਿੱਤ ਸਾਧਿਆ ਮੰਨਿਆ ਗਿਆ। ਉਂਝ ਪਾਕਿਸਤਾਨ ਧਿਰ, ਉੱਥੋਂ ਦੇ ਹਾਕਮ ਪਰੇਸ਼ਾਨ ਹਨ, ਉਥੋਂ ਦੀ ਫ਼ੌਜ ਅਤੇ ਉਥੋਂ ਦੇ ਅੱਤਵਾਦੀ ਸੰਗਠਨਾਂ ਤੋਂ, ਜਿਹੜੇ ਚੈਨ ਨਾਲ ਉਹਨਾਂ ਨੂੰ ਰਾਜ ਨਹੀਂ ਕਰਨ ਦਿੰਦੇ। ਇਹੋ ਵਜ੍ਹਾ ਹੈ ਕਿ ਉਸ ਦੀ "ਸੈਨਾ" ਅਤੇ "ਅੱਤਵਾਦੀਆਂ" ਨੂੰ ਭਾਰਤ ਦੇ ਗਲ ਪਾਈ ਰੱਖਦੇ ਹਨ। ਪਰ ਇਸ ਸਭ ਕੁਝ ਦਾ, ਸਭ ਤੋਂ ਭੈੜਾ ਅਸਰ ਪੰਜਾਬ 'ਤੇ ਪੈਂਦਾ ਹੈ। ਹੁਣ ਜਦੋਂ ਦੋਵੇਂ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕ ਨੇੜੇ ਆ ਰਹੇ ਸਨ ਅਤੇ ਹੁਣ ਵੀ ਨੇੜੇ ਹਨ, ਦੂਰ ਨਹੀਂ, ਸਰਹੱਦ ਪਾਰ ਆਪਸੀ ਵਪਾਰ ਦੀਆਂ ਗੱਲਾਂ ਕਰਨ ਲੱਗ ਪਏ ਸਨ। ਇਹ ਗੱਲਾਂ ਹਾਕਮ ਨੂੰ ਸੁਖਾਂਦੀਆਂ ਨਹੀਂ। ਇਹੋ ਜਿਹਾ "ਸੀਨ" ਕੁਝ ਦਿਨਾਂ ਵਿੱਚ ਸਿਰਜ ਦਿੱਤਾ, ਦੋਹਾਂ ਧਿਰਾਂ ਦੀਆਂ ਸਵਾਰਥੀ ਹਾਕਮ ਧਿਰਾਂ ਨੇ, ਕਿ ਜੰਗ ਭੱਖ਼ ਪਈ, ਨੁਕਸਾਨ ਹੋਣ ਲੱਗ ਪਿਆ। ਠਾਹ-ਠੂਹ ਹੋਣ ਲੱਗ ਪਈ। ਲੋਕਾਂ ਦਾ ਚੈਨ ਵਿਗੜ ਗਿਆ ਅਤੇ ਵੱਡੇ ਨੁਕਸਾਨ ਦਾ ਖਦਸ਼ਾ ਅਤੇ ਮੌਤ ਦਾ ਡਰ ਮੰਡਰਾਉਣ ਲੱਗ ਪਿਆ।

ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਇਸ ਜੰਗ ਨਾਲ ਲੋਕਾਂ ਦਾ ਕਿੰਨਾ ਨੁਕਸਾਨ ਹੋਇਆ, ਕਿੰਨੇ ਵਿਸ਼ਵਾਸ ਤਿੜਕੇ, ਕਿੰਨੇ ਰਿਸ਼ਤੇ ਟੁੱਟੇ, ਕਿੰਨੇ ਹਿੰਦੁਸਤਾਨੀ, ਪਾਕਿਸਤਾਨੀ ਪਰੇਸ਼ਾਨ ਹੋਏ। ਉਹਨਾਂ ਕਿੰਨਾ ਮਾਨਸਿਕ ਸੰਤਾਪ ਹੰਢਾਇਆ, ਜਿਹੜੇ ਇਧਰ-ਉਧਰ ਵਿਆਹਾਂ ਬੰਧਨ ਵਿੱਚ ਬੱਧੇ ਹੋਏ ਹਨ।

ਆਖਰ ਇਹ ਸਿਆਸਤ, ਹਾਕਮਾਂ ਦਾ ਇਹ ਚਿਹਰਾ, ਜਿਹੜਾ ਅਮਰੀਕੀ ਟਰੰਪ, ਰੂਸੀ ਪੁਤਿਨ ਤੋਂ ਸ਼ੁਰੂ ਹੁੰਦਾ ਹੈ ਅਤੇ ਸਾਡੇ ਹਾਕਮ ਤੱਕ ਪੁੱਜਦਾ ਹੈ, ਜਦੋਂ ਬੇਨਕਾਬ ਹੁੰਦਾ ਹੈ ਤਾਂ ਲੋਕਾਂ ਦੇ ਮਨਾਂ 'ਚ "ਲੋਕਤੰਤਰ", "ਅਮਨ ਦੀ ਬਾਤ","ਲੋਕ ਹਿਤੈਸ਼ੀ" ਯੋਜਨਾਵਾਂ ਅਤੇ ਪਖੰਡ ਦਾ ਪਰਦਾਫਾਸ਼ ਹੁੰਦਾ ਹੈ। ਸੱਚ-ਮੁੱਚ ਜੇਕਰ ਭਾਰਤ-ਪਾਕਿ ਦੇ ਹਾਕਮ ਆਪ ਹੀ ਵਿਚਾਰ ਲੈਂਦੇ ਕਿ ਜੋ ਘਟਨਾ "ਪਹਿਲਗਾਮ" 'ਚ ਵਾਪਰੀ, ਉਸ ਦਾ ਨਿਰਣਾ ਕਰਕੇ, ਦੋਸ਼ੀਆਂ ਨੂੰ ਸਜ਼ਾ ਮਿਲਦੀ ਅਤੇ ਉਹ ਵੀ ਆਪਸੀ ਗੱਲਬਾਤ ਅਤੇ ਆਪਸੀ ਭਰੋਸੇ ਨਾਲ ਤਾਂ ਦੋਹਾਂ ਦੇਸ਼ਾਂ 'ਚ ਜਿਹੜੀ ਫ਼ਿੱਕ ਸਿੰਧੂ ਨਦੀ ਦਾ ਪਾਣੀ ਰੋਕ ਕੇ, ਇੱਕ-ਦੂਜੇ ਦੇਸ਼ ਦੇ ਡਿਪਲੋਮੈਟ ਆਪੋ-ਆਪਣੇ ਦੇਸ਼ਾਂ ਤੋਂ ਭਜਾ ਕੇ ਅਤੇ ਆਪਸੀ ਕੁੜੱਤਣ ਭਰ ਕੇ ਪਾਈ ਗਈ ਹੈ, ਉਹ ਇੰਞ ਨਾ ਹੁੰਦੀ ਤੇ ਦੁਨੀਆ ਦੇ ਵੱਡੇ ਵਪਾਰੀ "ਟਰੰਪ" ਨੂੰ ਦੋ ਮੁਲਕਾਂ ਦੀ "ਪ੍ਰਭੂਸੱਤਾ" ਨੂੰ ਆਪਣੇ ਪੈਰਾਂ ਹੇਠ ਮਿੱਧਣ ਦਾ ਮੌਕਾ ਹੀ ਨਾ ਮਿਲਦਾ।

ਕੀ ਭਾਰਤ ਵੱਲੋਂ ਰੱਦ ਕੀਤਾ ਸਿੰਧੂ ਨਦੀ ਸਮਝੌਤਾ ਅਤੇ ਪਾਕਿਸਤਾਨ ਵੱਲੋਂ ਰੱਦ ਕੀਤਾ ਸ਼ਿਮਲਾ ਸਮਝੌਤਾ ਅਤੇ ਕਸ਼ਮੀਰ ਦਾ ਮਸਲਾ ਹੁਣ ਅਮਰੀਕਾ ਦੀ ਵਿਚੋਲਗੀ ਨਾਲ ਹੀ ਹੱਲ ਹੋਏਗਾ, ਜਿਸ ਸੰਬੰਧੀ ਭਾਰਤ ਦੋਹਾਂ ਦੇਸ਼ਾਂ 'ਚ ਕਿਸੇ ਦੇਸ਼ ਦੀ ਵਿਚੋਲਗੀ ਪਿਛਲੇ ਸਮੇਂ 'ਚ ਪ੍ਰਵਾਨ ਨਹੀਂ ਕਰਦਾ ਰਿਹਾ! ਬਿਨ੍ਹਾਂ ਸ਼ੱਕ ਭਾਰਤ ਅਤ ਪਾਕਿਸਤਾਨ ਵਿਚਕਾਰ ਜੰਗਬੰਦੀ ਸਵਾਗਤ ਯੋਗ ਸਕਰਾਤਮਕ ਅਤੇ ਜ਼ਰੂਰੀ ਕਦਮ ਹੈ। ਪਰ ਜੰਗਬੰਦੀ ਨੂੰ ਸੁਲਝਾਉਣ ਲਈ ਅਮਰੀਕਾ ਦੀ ਕਥਿਤ ਸ਼ਮੂਲੀਅਤ ਚਿੰਤਾਜਨਕ ਹੈ। ਕੀ ਇਸ ਨਾਲ ਦੱਖਣੀ ਏਸ਼ੀਆ ਵਿੱਚ ਉਸਦੀ ਆਮ ਸਰਦਾਰੀ ਅਤੇ ਅਸਥਿਰਤਾ ਵੀ ਭੂਮਿਕਾ ਨਿਭਾਉਣ ਦਾ ਰਾਹ ਨਹੀਂ ਖੁੱਲ੍ਹਦਾ? ਚਾਹੀਦਾ ਤਾਂ ਇਹ ਸੀ ਕਿ ਦੋਵੇਂ ਦੇਸ਼ਾਂ ਦੇ ਨੇਤਾ ਸਮਰਾਜਵਾਦੀ ਦਖ਼ਲਅੰਦਾਜ਼ੀ ਨੂੰ ਰੱਦ ਕਰਕੇ ਆਪਸੀ ਵਿਸ਼ਵਾਸ, ਸਤਿਕਾਰ ਅਤੇ ਲੋਕਾਂ ਦੀ ਇਛਾਵਾਂ 'ਤੇ ਅਧਾਰਤ ਕੰਮ ਕਰਦੇ, ਕਿਉਂਕਿ ਦੋਹਾਂ ਦੇਸ਼ਾਂ ਦੇ ਲੋਕ ਜੰਗ ਨਹੀਂ ਅਮਨ ਚਾਹੁੰਦੇ ਹਨ। ਵੇਖਣਾ ਇਹ ਵੀ ਹੋਵੇਗਾ ਕਿ ਅਮਰੀਕਾ ਦੁਆਰਾ ਕੀਤੀ ਵਿਚੋਲਗੀ ਆਖ਼ਿਰ ਹੈ ਕੀ ਸੀ? ਇਸ ਸੰਬੰਧੀ ਟਰੰਪ ਦਾ ਬਿਆਨ ਪੜ੍ਹਨ ਵਾਲਾ ਹੈ, ਜੋ ਉਸਦੀ ਸ਼ਾਹੂਕਾਰੀ, ਵਪਾਰਕ ਸੋਚ ਦੀ ਤਰਜ਼ਮਾਨੀ ਕਰਨ ਵਾਲਾ ਅਤੇ ਅਮਰੀਕੀ ਹਿੱਤ ਸਾਧਨ ਵਾਲਾ ਹੈ। ਟਰੰਪ ਦੇ ਬਿਆਨ ਦੇ ਕੁਝ ਅੰਸ਼ ਪੜ੍ਹੋ "ਮੈਨੂੰ ਮਾਣ ਹੈ ਕਿ ਅਮਰੀਕਾ ਇਸ ਇਤਿਹਾਸਕ ਅਤੇ ਦਲੇਰਾਨਾ ਫ਼ੈਸਲੇ 'ਤੇ ਪਹੁੰਚਣ ਵਿੱਚ ਤੁਹਾਡੀ ਮਦਦ ਕਰਨ ਦੇ ਯੋਗ ਸੀ। ਭਾਵੇਂ ਇਸ ਬਾਰੇ ਚਰਚਾ ਨਹੀਂ ਕੀਤੀ ਗਈ, ਮੈਂ ਇਹਨਾਂ ਦੋਹਾਂ ਮਹਾਨ ਦੇਸ਼ਾਂ ਨਾਲ ਵਪਾਰ ਨੂੰ ਕਾਫ਼ੀ ਹੱਦ ਤੱਕ ਵਧਾਉਣ ਜਾ ਰਿਹਾ ਹਾਂ"। ਵਪਾਰੀ, ਚੌਧਰ, ਸਿਹਰਾ ਤਿੰਨ ਸ਼ਬਦ ਹਨ, ਜੋ ਟਰੰਪ ਕਾਰਡ ਦੀ ਤਰਜ਼ਮਾਨੀ ਕਰਨ ਵਾਲੇ ਹਨ। ਜੇਕਰ ਸੱਚਮੁੱਚ ਭਾਰਤ ਮਹਾਨ ਬਣ ਰਿਹਾ ਹੈ, ਜੇਕਰ ਸੱਚਮੁੱਚ ਭਾਰਤ ਵੱਡੀ ਆਰਥਿਕ ਸ਼ਕਤੀ ਬਣ ਰਿਹਾ ਹੈ ਤਾਂ ਉਹ "ਚੀਨ" ਵਾਂਗਰ ਦੁਨੀਆਂ ਦੇ ਵੱਡੇ "ਥਾਣੇਦਾਰ" ਵਿਰੁੱਧ ਹਿੱਕ ਡਾਹ ਕੇ ਕਿਉਂ ਨਹੀਂ ਖੜਦਾ? ਕਿਉਂ ਉਸ ਦੀਆਂ ਟੈਰਿਫ਼ ਸ਼ਰਤਾਂ ਅਤੇ ਹੋਰ ਹੁਕਮਾਂ ਨੂੰ ਅੱਖਾਂ ਮੀਟਕੇ ਮੰਨ ਕੇ ਉਸ ਦੀ "ਜੀ- ਹਜ਼ੂਰੀ" ਕਰ ਰਿਹਾ ਹੈ? ਅੱਜ ਟਰੰਪ ਨੇ ਦੋਹਾਂ ਦੇਸ਼ਾਂ ਨੂੰ ਆਪਣੀ ਮੁੱਠੀ 'ਚ ਕਰਕੇ ਇਹੋ-ਜਿਹਾ ਕਾਰਡ ਖੇਡਿਆ ਹੈ, ਜਿਸ ਨਾਲ ਦੇਸ ਭਾਰਤ ਦਾ "ਵੱਡੇ ਹੋਣ ਦਾ ਵੱਕਾਰ" ਦਾਅ 'ਤੇ ਲੱਗਾ ਹੈ।

# ਸੰਸਾਰ ਦੇ ਸਮੁੱਚੇ ਧਰਮਾਂ ਦੀ ਸਤਿਕਾਰੀ ਸ਼ਖ਼ਸੀਅਤ-ਸੰਤ ਤੇਜਾ ਸਿੰਘ ਮਸਤੂਆਨਾ



ਭਗਵਾਨ ਸਿੰਘ ਜੌਹਲ
ਮੋ. 98143-24040

ਸੰਸਾਰ ਭਰ ਦੇ ਸਾਰੇ ਧਰਮਾਂ ਦੀ ਸਤਿਕਾਰੀ ਉੱਘੀ ਸ਼ਖ਼ਸੀਅਤ ਸਨ - ਸੰਤ ਤੇਜਾ ਸਿੰਘ ਮਸਤੂਆਨਾ। ਸੰਤ ਬਾਬਾ ਅਤਰ ਸਿੰਘ ਮਸਤੂਆਨਾ ਨੇ 20ਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿੱਚ ਜਦੋਂ ਇਸ ਗੱਲ ਨੂੰ ਭਲੀ ਭਾਂਤ ਅਨੁਭਵ ਕੀਤਾ, ਉਸ ਸਮੇਂ ਅੰਗ੍ਰੇਜ਼ ਹਕੂਮਤ ਦਾ ਡੰਕਾ ਪੂਰੀ ਦੁਨੀਆਂ ਵਿੱਚ ਵੱਜਦਾ ਸੀ। ਗੁਰੂ ਨਾਨਕ ਸਾਹਿਬ ਦੇ ਮਾਨਵਤਾ ਦੇ ਭਲੇ ਦੇ ਸੁਨੇਹੇ ਨੂੰ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਕਿਵੇਂ ਪਹੁੰਚਾਇਆ ਜਾਵੇ ਤਾਂ ਉਨ੍ਹਾਂ ਉਚੇਚੇ ਤੌਰ 'ਤੇ ਦੁਨਿਆਵੀਂ ਵਿਦਿਆ ਦੀ ਪ੍ਰਾਪਤੀ ਲਈ ਉਸ ਸਮੇਂ ਦੇ ਵਿਕਸਤ ਦੇਸ਼ਾਂ ਵਿੱਚ ਸੰਤ ਤੇਜਾ ਸਿੰਘ ਨੂੰ ਭੇਜਣ ਦਾ ਵੱਡਾ ਉਪਰਾਲਾ ਕੀਤਾ। ਸੰਤ ਤੇਜਾ ਸਿੰਘ ਦਾ ਸਮੁੱਚਾ ਜੀਵਨ ਇਕ ਵਿਦਵਾਨ ਪ੍ਰਚਾਰਕ ਤੋਂ ਇਲਾਵਾ ਬੰਦਗੀ, ਨਿਰਮਾਣਤਾ, ਸਾਦਗੀ, ਵਿਦਿਆਦਾਨੀ ਅਤੇ ਸਿੱਖਿਆ ਸ਼ਾਸਤਰੀ ਆਦਿ ਗੁਣਾਂ ਦਾ ਬਹੁ-ਰੰਗਾਂ ਗੁਲਦਸਤਾ ਸੀ। ਸੰਸਾਰ ਦੇ ਧਰਮੀ ਲੋਕਾਂ ਵਿੱਚ ਆਪ ਰੌਸ਼ਨ ਮੀਨਾਰ ਵਜੋਂ ਜਾਣੇ ਜਾਂਦੇ ਸਨ। ਇਨ੍ਹਾਂ ਦਾ ਜਨਮ ਪੱਛਮੀ ਪੰਜਾਬ (ਪਾਕਿਸਤਾਨ) ਦੇ ਗੁਜਰਾਂਵਾਲਾ ਦੇ ਪਿੰਡ ਬਲੋਂਵਾਲੀ ਵਿੱਚ ਸ. ਰੁਲੀਆ ਸਿੰਘ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖ ਤੋਂ ਹੋਇਆ। ਸੰਤ ਤੇਜਾ ਸਿੰਘ ਦਾ ਬਚਪਨ ਦਾ ਨਾਂਅ ਨਿਰੰਜਨ ਸਿੰਘ ਸੀ। 20 ਵਰ੍ਹੇ ਦੀ ਭਰ ਜਵਾਨੀ ਦੀ ਉਮਰ ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਨਾ ਪਾਸੋਂ ਖੰਡੇ ਬਾਟੇ ਦੀ ਦਾਤ ਪ੍ਰਾਪਤ ਕਰਕੇ ਤੇਜਾ ਸਿੰਘ ਦਾ ਨਾਂਅ ਪ੍ਰਾਪਤ ਕੀਤਾ। ਆਪਣੇ ਪਿੰਡ ਦੇ ਨੇੜਲੇ ਪਿੰਡ ਫ਼ਾਜ਼ਲਾ ਤੋਂ ਸਕੂਲੀ ਵਿਦਿਆ ਹਾਸਲ ਕੀਤੀ। ਪਿੱਛੋਂ ਲਾਹੌਰ ਗੌਰਮਿੰਟ ਕਾਲਜ ਤੋਂ ਗ੍ਰੈਜੂਏਸ਼ਨ ਅਤੇ ਇਥੋਂ ਹੀ ਐਮ.ਏ. (ਅੰਗ੍ਰੇਜ਼ੀ) ਦੀ ਮਾਸਟਰ ਡਿਗਰੀ ਪ੍ਰਾਪਤ ਕੀਤੀ। ਇਥੋਂ ਹੀ ਲਾਅ ਦੀ ਡਿਗਰੀ ਵੀ ਪ੍ਰਾਪਤ ਕੀਤੀ।

ਹੁਣ ਜਦੋਂ ਕਾਲਜ ਦੀ ਸਿੱਖਿਆ ਪੂਰੀ ਹੋ ਚੁੱਕੀ ਸੀ ਤਾਂ ਆਪ ਪਿੰਡ ਭੇਰਾ ਦੇ ਐਂਗਲੋ ਸੰਸਕ੍ਰਿਤ ਹਾਈ ਸਕੂਲ ਦੇ ਪ੍ਰਿੰਸੀਪਲ ਨਿਯੁਕਤ ਹੋਏ। ਇਸ ਸਕੂਲ ਵਿੱਚ ਥੋੜ੍ਹਾ ਸਮਾਂ ਸੇਵਾਵਾਂ ਨਿਭਾਉਣ ਤੋਂ ਛੇਤੀ ਪਿੱਛੋਂ ਆਪ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਾਈਸ-ਪ੍ਰਿੰਸੀਪਲ ਬਣ ਗਏ। ਹੁਣ 1906 ਈ: ਵਿੱਚ ਸੰਤ ਬਾਬਾ ਅਤਰ ਸਿੰਘ ਮਸਤੂਆਨਾ ਦੀ ਦੂਰ-ਦ੍ਰਿਸ਼ਟੀ ਨਾਲ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਨ ਤੋਂ ਬਾਅਦ ਇਨ੍ਹਾਂ ਸਮੇਤ ਚਾਰ ਹੋਰ ਨੌਜਵਾਨਾਂ ਨੂੰ ਉਚੇਰੀ ਵਿਦਿਆ ਲਈ ਵਿਦੇਸ਼ ਭੇਜਿਆ। ਇਨ੍ਹਾਂ ਸਭ ਤੋਂ ਪਹਿਲਾਂ ਯੂਨੀਵਰਸਿਟੀ ਕਾਲਜ ਲੰਡਨ (ਇੰਗਲੈਂਡ) ਵਿਖੇ ਦਾਖਲਾ ਪ੍ਰਾਪਤ ਕੀਤਾ। ਇਸ ਤੋਂ ਬਾਅਦ ਬਹੁਤ ਛੇਤੀ ਪੜ੍ਹਾਈ ਵਿੱਚਕਾਰ ਛੱਡ ਕੇ ਟੀਚਰਜ਼ ਕਾਲਜ ਕੋਲੰਬੀਆ ਯੂਨੀਵਰਸਿਟੀ ਅਮਰੀਕਾ ਵਿਖੇ ਜਾ ਦਾਖਲ ਹੋਏ। ਇਥੇ ਪੜ੍ਹਦਿਆਂ ਆਪ ਨੇ ਹਾਵਰਡ ਯੂਨੀਵਰਸਿਟੀ ਵਿਖੇ ਮਾਈਗ੍ਰੇਸ਼ਨ ਕਰਵਾ ਲਈ।

1911 ਈ: ਵਿੱਚ ਪੜ੍ਹਾਈ ਤੋਂ ਵਿਹਲੇ ਹੋ ਕੇ ਅਮਰੀਕਾ, ਕਨੇਡਾ ਵਰਗੇ ਦੇਸ਼ਾਂ ਵਿੱਚ ਸਿੱਖ ਧਰਮ ਬਾਰੇ ਦੁਨੀਆਂ ਦੇ ਦੂਜੇ ਧਰਮਾਂ ਦੇ ਮੁਖੀਆਂ ਦੇ ਸਨਮੁੱਖ ਵਿਸ਼ੇਸ਼ ਵਿਖਿਆਨ ਦਿੱਤੇ। ਦੂਜੀਆਂ ਕੌਮਾਂ ਨੂੰ ਸਿੱਖ ਧਰਮ ਦੀ ਵਿਲੱਖਣਤਾ, ਸਿਧਾਂਤਾਂ, ਸਿੱਖ ਇਤਿਹਾਸ ਅਤੇ ਗੁਰਬਾਣੀ ਸੰਬੰਧੀ ਵਿਦਵਤਾ ਭਰਪੂਰ



ਸਿਧਾਂਤਕ ਵਿਚਾਰ ਦੇ ਕੇ ਪ੍ਰਭਾਵਿਤ ਕੀਤਾ। ਲੰਡਨ ਵਿਖੇ ਪਹਿਲਾਂ ਗੁਰੂ ਘਰ ਸ਼ੈਫਰਡ-ਬੁੱਸ਼ ਅਤੇ ਕਨੇਡਾ ਵਿਖੇ ਖ਼ਾਲਸਾ ਦੀਵਾਨ ਸੁਸਾਇਟੀ ਬਣਾ ਕੇ ਸਿੱਖ ਧਰਮ ਦੇ ਪ੍ਰਚਾਰ ਦਾ ਅਗਾਜ਼ ਕੀਤਾ। ਹੁਣ ਅੰਗ੍ਰੇਜ਼ ਹਕੂਮਤ ਜੋ ਸਿੱਖਾਂ ਨੂੰ ਕੇਵਲ ਜੁਝਾਰੂ ਹੀ ਸਮਝਦੀ ਸੀ, ਉਨ੍ਹਾਂ ਜਾਣ ਲਿਆ ਸਿੱਖ ਦੁਨੀਆਂ ਦੇ ਇਤਿਹਾਸ ਵਿੱਚ ਇਕ ਵੱਖਰੀ ਪਹਿਚਾਣ ਬਣਾ ਕੇ ਆਪਣੀ ਵਿਲੱਖਣਤਾ ਦੇ ਝੰਡੇ ਵੀ ਗੱਡਣ ਦੇ ਸਮਰੱਥ ਹਨ। ਇਸ ਤੋਂ ਪਿੱਛੋਂ ਮਸਤੂਆਨਾ ਆ ਕੇ ਮੁੜ ਧਾਰਮਿਕ ਸੇਵਾਵਾਂ ਵਿੱਚ ਜੁੱਟ ਗਏ। ਥੋੜ੍ਹਾ ਸਮਾਂ ਭਦੌੜ ਦੇ ਲੜਕੀਆਂ ਦੇ ਕਾਲਜ ਵਿੱਚ ਵੀ ਡਿਊਟੀ ਨਿਭਾਈ। 1920 ਈ: ਵਿੱਚ ਉਨ੍ਹਾਂ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਟੀਚਰਜ਼ ਕਾਲਜ ਦੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾਈਆਂ। ਇਸ ਤੋਂ ਇਕ ਸਾਲ ਬਾਅਦ ਸੰਤ ਬਾਬਾ ਅਤਰ ਸਿੰਘ ਮਸਤੂਆਨਾ ਦੇ ਹੁਕਮ ਮੁਤਾਬਕ ਮਸਤੂਆਨਾ ਵਿਖੇ ਅਕਾਲ ਡਿਗਰੀ ਕਾਲਜ ਦੀ ਸਥਾਪਨਾ ਕੀਤੀ।

ਵਿਦਵਾਨ ਹਸਤੀ ਸੰਤ ਤੇਜਾ ਸਿੰਘ ਮਸਤੂਆਨਾ ਦਾ ਜੀਵਨ ਸੇਵਾ, ਸਿਮਰਨ, ਤਪ-ਤਿਆਗ ਅਤੇ ਸਿੱਖ ਮਿਸ਼ਨਰੀ ਦਾ ਇਕ ਉੱਤਮ ਨਮੂਨਾ ਸੀ। ਉਨ੍ਹਾਂ ਨੇ ਜੀਵਨ ਵਿੱਚ ਵਿਸ਼ਵ ਪੱਧਰ ਦੀਆਂ ਕਾਨਫਰੰਸਾਂ, ਸੈਮੀਨਾਰਾਂ ਅਤੇ ਗੋਸ਼ਟੀਆਂ ਵਿੱਚ ਜਾ ਕੇ ਸਿੱਖਾਂ ਦੀ ਵਿਦਵਤਾ ਅਤੇ ਸਵੈ-ਪਹਿਚਾਣ ਦਾ ਪ੍ਰਗਟਾਵਾ ਕੀਤਾ। ਦੂਜੇ ਧਰਮਾਂ ਦੇ ਲੋਕਾਂ ਨੇ ਸਿੱਖ ਧਰਮ ਮਾਨਵਤਾ ਦੀ ਸੇਵਾ ਦੇ ਸਿਧਾਂਤ, ਸਿੱਖਾਂ ਦੇ ਇਤਿਹਾਸ ਨੂੰ ਜਾਣਨ ਦੀ ਉਤਸੁਕਤਾ ਤੇ ਜਗਿਆਸਾ ਲਈ ਭਰਪੂਰ ਹੁੰਗਾਰਾ ਦਿੱਤਾ। ਜਿਸ ਸਦਕਾ ਅੱਜ ਸਿੱਖ ਧਰਮ ਸਰਬ-ਵਿਆਪੀ ਪਹਿਚਾਣ ਬਣਾ ਚੁੱਕਾ ਹੈ।

ਸੰਤ ਬਾਬਾ ਤੇਜਾ ਸਿੰਘ ਮਸਤੂਆਨਾ ਨੇ ਇਕ ਵਡੇਰਾ ਕਾਰਜ ਕਰਦਿਆਂ ਜੀਵਨ ਕਥਾ ਗੁਰਮੁੱਖ ਪਿਆਰੇ ਸੰਤ ਅਤਰ ਸਿੰਘ ਮਸਤੂਆਨਾ ਪੁਸਤਕ ਰੂਪ ਵਿੱਚ ਪਾਠਕਾਂ ਨੂੰ ਭੇਟ ਕੀਤੀ। ਇਹ ਪੁਸਤਕ ਇਨ੍ਹਾਂ ਦੇ ਅਕਾਲ ਚਲਾਣੇ ਦੇ ਪਿੱਛੋਂ ਭਾਵ 1970 ਤੋਂ ਬਾਅਦ ਪ੍ਰਕਾਸ਼ਿਤ ਕੀਤੀ ਗਈ। ਸੰਤ ਬਾਬਾ ਤੇਜਾ ਸਿੰਘ ਮਸਤੂਆਨਾ 5 ਜੁਲਾਈ, 1965 ਈ: ਨੂੰ ਪਿੰਡ ਚੀਮਾ ਵਿਖੇ ਗੁਰਪੁਰੀ ਪਿਆਨਾ ਕਰ ਗਏ। ਸਿੱਖ ਕੌਮ ਨੂੰ ਸੰਸਾਰ ਦੀਆਂ ਦੂਜੀਆਂ ਕੌਮਾਂ ਦੇ ਹਾਣ ਦਾ ਬਣਾਉਣ ਲਈ ਮੁੱਢਲੀ ਸਿੱਖਿਆ ਤੋਂ ਲੈ ਕੇ ਉਚੇਰੀ ਸਿੱਖਿਆ ਦਾ ਟੀਚਾ ਮਿੱਥ ਕੇ ਆਪਣਾ ਸਮੁੱਚਾ ਜੀਵਨ ਸਫਰ ਤਹਿ ਕੀਤਾ। ਸੰਤ ਬਾਬਾ ਤੇਜਾ ਸਿੰਘ ਮਸਤੂਆਨਾ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸਿੱਖਿਆ ਦੇ ਖੇਤਰ ਵਿੱਚ ਮੂਹਰੀ ਦਰਜਾ ਪ੍ਰਾਪਤ ਕਰਨ ਲਈ ਸੱਚਖੰਡ ਵਾਸੀ ਸੰਤ ਇਕਬਾਲ ਸਿੰਘ ਬੜੂ ਸਾਹਿਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਸਚਖੰਡ ਵਾਸੀ ਗੁਰਮੁਖ ਪਿਆਰੇ ਡਾ: ਖੇਮ ਸਿੰਘ ਗਿੱਲ ਵੀ ਆਪਣਾ ਜੀਵਨ ਲੇਖੇ ਲਾ ਚੁੱਕੇ ਹਨ। ਅੱਜ ਤੋਂ ਇਸੇ ਮੰਜ਼ਿਲ ਨੂੰ ਸਰ ਕਰਨ ਲਈ ਦੇਸ਼ ਭਰ ਵਿੱਚ ਚੱਲ ਰਹੀਆਂ ਅਕਾਲ ਅਕੈਡਮੀਆਂ ਅਤੇ ਉਚੇਰੀ ਸਿੱਖਿਆ ਲਈ ਦੋ ਯੂਨੀਵਰਸਿਟੀਆਂ ਟਰੱਸਟ ਦੀ ਅਗਵਾਈ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਇਸ ਮਹਾਨ ਹਸਤੀ ਨੂੰ ਸਾਡਾ ਪ੍ਰਣਾਮ।

# ਮਾਝਾ-ਦੁਆਬਾ
ਆਸ ਪਾਸ

## ਜਥੇਦਾਰ ਗੜਗੱਜ ਨੇ ਤੇਲੰਗਾਨਾ ਦੇ ਵਣਜਾਰਾ ਸਿੱਖਾਂ ਦੇ ਪਿੰਡ ਗੱਚੂਬਾਈ ਟਾਂਡਾ ਵਿਖੇ ਕੀਤਾ ਸਿੱਖੀ ਪ੍ਰਚਾਰ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤੇਲੰਗਾਨਾ ਸੂਬੇ ਦੇ ਹੈਦਰਾਬਾਦ ਸ਼ਹਿਰ ਨੇੜੇ ਰੰਗਾਰੇਡੀ ਜ਼ਿਲ੍ਹੇ ਵਿੱਚ ਪੈਂਦੇ ਵਣਜਾਰਾ ਸਿੱਖਾਂ ਦੇ ਪਿੰਡ ਗੱਚੂਬਾਈ ਟਾਂਡਾ ਪੁੱਜ ਕੇ ਬੀਤੇ ਦਿਨੀਂ 'ਖੁਆਰ ਹੋਏ ਸਭ ਮਿਲੈਂਗੇ' ਧਰਮ ਪ੍ਰਚਾਰ ਲਹਿਰ ਤਹਿਤ ਸਿੱਖੀ ਦਾ ਪ੍ਰਚਾਰ ਕੀਤਾ।

ਗੱਚੂਬਾਈ ਟਾਂਡਾ ਵਿਖੇ ਲੱਗਭੱਗ 500 ਸਿੱਖ ਵੱਸਦੇ ਹਨ ਜੋ ਸਾਬਤ ਸੂਰਤ ਤੇ ਸਿੱਖੀ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਇੱਥੇ ਦੀ ਸਿੱਖ ਸੰਗਤ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਆਮਦ ਉੱਤੇ ਪਿੰਡ ਦੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਵਿਖੇ ਹੈਦਰਾਬਾਦ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ, ਜਿਸ ਦੌਰਾਨ ਅਮੀਰਪੇਟ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਵੀਰ ਸਿੰਘ ਦੇ ਜਥੇ ਅਤੇ ਪਿੰਡ ਦੀਆਂ ਸਿੱਖ ਬੱਚੀਆਂ ਨੇ ਗੁਰਬਾਣੀ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਸਮਾਗਮ ਦੀ ਸਮਾਪਤੀ ਮੌਕੇ ਜਥੇਦਾਰ ਗੜਗੱਜ ਨੇ ਪਿੰਡ ਦੇ ਬੱਚਿਆਂ ਨੂੰ ਵੱਡੀ ਗਿਣਤੀ ਵਿੱਚ ਗੁਰਮੁਖੀ ਪੰਜਾਬੀ ਦੇ ਕਾਇਦੇ ਵੰਡੇ ਅਤੇ ਉਨ੍ਹਾਂ ਨੂੰ ਗੁਰਮੁਖੀ ਸਿੱਖ ਕੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਲਗਾਏ ਗਏ, ਜਿਸ ਵਿੱਚ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖ਼ੁਦ ਸੇਵਾ ਕਰਕੇ ਸੰਗਤ ਨੂੰ ਪ੍ਰਸ਼ਾਦੇ ਵਰਤਾਏ।

ਜਥੇਦਾਰ ਗੜਗੱਜ ਨੇ ਕਿਹਾ ਕਿ ਜੇਕਰ ਤੇਲੰਗਾਨਾ ਦੇ ਵਣਜਾਰਾ ਸਿੱਖ ਪੰਜਾਬ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਆਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਰੇਲ ਦੇ ਕਿਰਾਏ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਸਮੂਹ ਸਿੱਖਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਅੰਦਰ ਵੱਧ ਤੋਂ ਵੱਧ ਆ ਕੇ ਆਪਣੇ ਗੁਰਧਾਮਾਂ ਦੇ ਦਰਸ਼ਨ ਕਰਨ। ਜਥੇਦਾਰ ਗੜਗੱਜ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਗਿਆਨੀ ਰਵਿੰਦਰ ਸਿੰਘ ਜੋ ਕਿ ਇਸੇ ਪਿੰਡ ਦੇ ਹੀ ਹਨ, ਉਨ੍ਹਾਂ ਦੀ ਸ਼ਲਾਘਾ ਕੀਤੀ ਕਿ ਉਹ ਲਗਾਤਾਰ ਗੁਰੂ ਘਰ ਦੀਆਂ ਸੇਵਾ ਨਿਭਾਉਂਦੇ ਹੋਏ ਇੱਥੇ ਦੇ ਬੱਚਿਆਂ ਨੂੰ ਗੁਰਬਾਣੀ ਅਤੇ ਗੁਰਮੁਖੀ ਨਾਲ ਜੋੜ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਹਮੇਸ਼ਾ ਹੀ ਇਨ੍ਹਾਂ ਸਿੱਖਾਂ ਦੇ ਨਾਲ ਖੜ੍ਹਾ ਹੈ ਅਤੇ ਇਨ੍ਹਾਂ ਨੂੰ ਸਿੱਖੀ ਨਾਲ ਜੋੜੇ ਰੱਖਣ ਲਈ ਹਰ ਸੰਭਵ ਯਤਨ ਜਾਰੀ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਉਹ ਅੱਗੇ ਵੀ ਦੱਖਣ ਦੇ ਖੇਤਰ ਵਿੱਚ ਆਉਂਦੇ ਰਹਿਣਗੇ।

ਇਸ ਮੌਕੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਦੇ ਪ੍ਰਧਾਨ ਲਖਵਿੰਦਰ ਸਿੰਘ, ਸਕੱਤਰ ਭਗਤ ਸਿੰਘ, ਗ੍ਰੰਥੀ ਗਿਆਨੀ ਰਵਿੰਦਰ ਸਿੰਘ, ਹੈਦਰਾਬਾਦ ਤੋਂ ਸ. ਗੁਰਜੀਤ ਸਿੰਘ, ਡਾ. ਬਿਮਲ ਸਿੰਘ, ਡਾ. ਅਵਨੀਤ ਬਿਮਲ ਸਿੰਘ, ਸਿੰਘ ਸਾਹਿਬ ਦੇ ਨਾਲ ਬਰਜਿੰਦਰ ਸਿੰਘ ਹੁਸੈਨਪੁਰ, ਪ੍ਰਚਾਰਕ-ਕਮ-ਇੰਚਾਰਜ ਰਾਜਪਾਲ ਸਿੰਘ, ਹਰਪ੍ਰੀਤ ਸਿੰਘ ਕਾਹਲੋਂ, ਜਸਕਰਨ ਸਿੰਘ ਮੀਡੀਆ ਸਲਾਹਕਾਰ, ਕਰਨਵੀਰ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਪਿੰਡ ਦੀ ਸੰਗਤ ਹਾਜ਼ਰ ਸੀ।

### ਔਜਲਾ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ

## ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਵੀ ਅੱਤਵਾਦ ਦਾ ਹਿੱਸਾ

ਅੰਮ੍ਰਿਤਸਰ, 12 ਮਈ, (ਗੁਰਦਿਆਲ ਸਿੰਘ) : ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦੇ ਐਲਾਨ ਤੋਂ ਬਾਅਦ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਮੰਗ ਕੀਤੀ ਹੈ ਕਿ ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਵੀ ਅੱਤਵਾਦ ਦਾ ਹਿੱਸਾ ਮੰਨਿਆ ਜਾਣਾ ਚਾਹੀਦਾ ਹੈ। ਇਸ ਨੂੰ ਰੋਕਣ ਲਈ ਵੀ ਯਤਨ ਕੀਤੇ ਜਾਣੇ ਚਾਹੀਦੇ ਹਨ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ ਵਿੱਚ ਸਰਹੱਦ ਪਾਰ ਤੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਜਾਰੀ ਹੈ।

ਇਸ ਖੇਤਰ ਵਿੱਚ ਫੈਲੇ ਨਸ਼ਿਆਂ ਦੇ ਖ਼ਤਰੇ ਕਾਰਨ ਹੁਣ ਤੱਕ ਦੋ ਲੱਖ ਤੋਂ ਵੱਧ ਲੋਕ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਮ੍ਰਿਤਕਾਂ ਵਿੱਚੋਂ 90% ਤੋਂ ਵੱਧ ਸਿੱਖ ਭਾਈਚਾਰੇ ਦੇ ਹਨ, ਜੋ ਕਿ ਪੰਜਾਬ ਦੇ ਲੋਕਾਂ ਉੱਤੇ ਇਸ ਸੰਕਟ ਦੇ ਬਹੁਤ ਜ਼ਿਆਦਾ ਪ੍ਰਭਾਵ ਨੂੰ ਦਰਸਾਉਂਦਾ ਹੈ। ਇਹ ਸਾਡੇ ਰਾਜ ਦੇ ਨੌਜਵਾਨਾਂ, ਪਰਿਵਾਰਾਂ ਅਤੇ ਭਵਿੱਖ 'ਤੇ ਇੱਕ ਨਿਰੰਤਰ ਅਤੇ ਜਾਣਬੁੱਝ ਕੇ ਕੀਤਾ ਗਿਆ ਹਮਲਾ ਹੈ।

ਸੰਸਦ ਮੈਂਬਰ ਔਜਲਾ ਨੇ ਕਿਹਾ ਕਿ ਦੇਸ਼ ਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਹੁਣ ਤੋਂ ਅੱਤਵਾਦ ਨੂੰ ਜੰਗ ਦਾ ਸੰਕੇਤ ਮੰਨਿਆ ਜਾਣਾ ਚਾਹੀਦਾ ਹੈ, ਇਸ ਲਈ ਅਜਿਹੇ ਸਮੇਂ ਸਰਹੱਦ 'ਤੇ ਤਸਕਰੀ ਨੂੰ ਵੀ ਅੱਤਵਾਦ ਦੇ ਘੇਰੇ ਵਿੱਚ ਆਉਣਾ ਚਾਹੀਦਾ ਹੈ। ਇਹ ਕਿਸੇ ਅੱਤਵਾਦ ਦੀ ਕਾਰਵਾਈ ਤੋਂ ਘੱਟ ਨਹੀਂ ਹੈ, ਅਤੇ ਹਰ ਪੱਖੋਂ, ਇਹ ਜੰਗ ਦੀ ਕਾਰਵਾਈ ਹੈ।

ਐਮਪੀ ਔਜਲਾ ਨੇ ਕਿਹਾ ਕਿ ਅੱਜ, ਬਿਹਤਰ ਤਕਨਾਲੋਜੀ ਦੀ ਉਪਲਬਧਤਾ ਦੇ ਬਾਵਜੂਦ, ਡਰੋਨ ਸਾਡੇ ਖੇਤਰ ਵਿੱਚ ਹਜ਼ਾਰਾਂ ਕਿਲੋਗ੍ਰਾਮ ਨਸ਼ੀਲੇ ਪਦਾਰਥ ਅਤੇ ਖ਼ਤਰਨਾਕ ਹਥਿਆਰ ਲੈ ਕੇ ਆ ਰਹੇ ਹਨ ਜੋ ਸਾਡੀ ਨੱਕ ਦੇ ਹੇਠਾਂ ਹਨ।

ਪੰਜਾਬ ਆਉਣ ਵਾਲੇ ਸੈਲਾਨੀ ਵੀ ਇਸ ਵਧ ਰਹੇ ਨਾਰਕੋ-ਅੱਤਵਾਦ ਨੈੱਟਵਰਕ ਦਾ ਸ਼ਿਕਾਰ ਹੋ ਰਹੇ ਹਨ। ਇਸੇ ਤਰ੍ਹਾਂ ਚਿੰਤਾਜਨਕ ਗੱਲ ਇਹ ਹੈ ਕਿ ਕੁਝ ਅਧਿਕਾਰੀਆਂ, ਨੌਕਰਸ਼ਾਹਾਂ ਅਤੇ ਸਿਸਟਮ ਦੇ ਅੰਦਰਲੇ ਤੱਤਾਂ ਦੀ ਸ਼ਮੂਲੀਅਤ ਜਾਂ ਮਿਲੀਭੁਗਤ ਦੇ ਮਜ਼ਬੂਤ ਸੰਕੇਤ ਹਨ ਜੋ ਇਨ੍ਹਾਂ ਤਸਕਰੀ ਕਾਰਜਾਂ ਨੂੰ ਸੰਭਵ ਬਣਾ ਰਹੇ ਹਨ।

ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਇਹ ਪੱਤਰ ਸਿਰਫ਼ ਇੱਕ ਅਪੀਲ ਨਹੀਂ ਹੈ – ਇਹ ਸਰਹੱਦੀ ਖੇਤਰ ਦੇ ਲੋਕਾਂ ਦੀ ਮੰਗ ਹੈ। ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਅੱਤਵਾਦੀ ਕਾਰਵਾਈ ਐਲਾਨਣਾ ਚਾਹੀਦਾ ਹੈ।

## ਮਹਿੰਦਰ ਭਗਤ ਵੱਲੋਂ ਨਵੀਂ ਬਣੀ ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਨੂੰ ਸਨਮਾਨਿਤ ਕੀਤਾ



ਜਲੰਧਰ, 12 ਮਈ, (ਸੰਦੀਪ ਕੌਲ) : ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਮਕਸੂਦਾਂ ਜਲੰਧਰ ਦੇ ਨਵੇਂ ਨਿਯੁਕਤ ਪ੍ਰਧਾਨ ਮਹਿੰਦਰਜੀਤ ਸਿੰਘ (ਸ਼ੈਂਟੀ), ਚੇਅਰਮੈਨ ਮੋਨੂ ਪੁਰੀ, ਮਹਾਂ ਸਕੱਤਰ ਮਹੇਸ਼ ਮਖੀਜਾ, ਬੁਲਾਰੇ ਪ੍ਰਵੀਣ ਧਮੀਜਾ, ਮੈਂਬਰ ਪ੍ਰਵੀਣ ਕੁਮਾਰ, ਸਾਬਕਾ ਡਿਪਟੀ ਮੇਅਰ ਹਰਸਿਮਰਨਜੀਤ ਸਿੰਘ ਬੰਟੀ, ਜਿਮੀ ਕਾਲੀਆ, ਮਦਨ ਲਾਲ ਨਾਰੰਗ, ਵੈਭਵ (ਬਾਵਾ), ਕਿਸ਼ਨ ਲਾਲ, ਮਿੱਟੂ ਭਾਬਰੀ ਅਤੇ ਸ਼ਿਵ ਇੰਦਰ ਉੱਪਲ ਨੂੰ ਅੱਜ ਕੈਬਨਿਟ ਮੰਤਰੀ ਸ੍ਰੀ ਮਹਿੰਦਰ ਭਗਤ ਵੱਲੋਂ ਸਨਮਾਨਿਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਇਹ ਸਨਮਾਨ ਨਵੀਂ ਚੁਣੀ ਗਈ ਐਸੋਸੀਏਸ਼ਨ ਲਈ ਇੱਕ ਮਹੱਤਵਪੂਰਨ ਉਪਲੱਬਧੀ ਹੋ ਸਕਦੀ ਹੈ ਜੋ ਕਿ ਉਨ੍ਹਾਂ ਨੂੰ ਮੰਡੀ ਵਿੱਚ ਫੈਲੀਆਂ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਹੋਰ ਜੋਸ਼ ਦੇਵੇਗਾ। ਉਨ੍ਹਾਂ ਕਿਹਾ ਕਿ ਇਸ ਸਨਮਾਨ ਨਾਲ ਐਸੋਸੀਏਸ਼ਨ ਦੇ ਮੈਂਬਰਾਂ ਦਾ ਹੌਸਲਾ ਵਧੇਗਾ ਅਤੇ ਉਹ ਹੋਰ ਵਧੇਰੇ ਸਰਗਰਮੀ ਨਾਲ ਆਪਣਾ ਕੰਮ ਕਰਨਗੇ।

ਮੰਤਰੀ ਭਗਤ ਨੇ ਕਿਹਾ ਕਿ ਆੜ੍ਹਤੀਆਂ, ਥੜ੍ਹੀ ਵਾਲਿਆਂ ਅਤੇ ਆਮ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਸਮੇਂ-ਸਿਰ ਹੱਲ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਰਾਹਤ ਮਿਲੇ।

ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰਜੀਤ ਸਿੰਘ ਸ਼ੈਂਟੀ ਨੇ ਕੈਬਨਿਟ ਮੰਤਰੀ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਆਪਣੀ ਟੀਮ ਦੇ ਨਾਲ ਜਲਦੀ ਹੀ ਮਕਸੂਦਾਂ ਸਬਜ਼ੀ ਮੰਡੀ ਨੂੰ ਸਮੱਸਿਆ ਮੁਕਤ ਬਣਾਉਣਗੇ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਤਰਜੀਹ ਦੇ ਕੇ ਹੱਲ ਕਰਵਾਇਆ ਜਾਵੇਗਾ। ਨਾਲ ਹੀ ਥੜ੍ਹੀ ਵਾਲਿਆਂ ਅਤੇ ਆਮ ਲੋਕਾਂ ਨੂੰ ਵੀ ਭਵਿੱਖ ਵਿੱਚ ਮੰਡੀ ਦਾ ਬਦਲਿਆ ਹੋਇਆ ਚਿਹਰਾ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਹਰ ਸਮੇਂ ਆੜ੍ਹਤੀਆਂ ਦੇ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਰਹੇਗੀ।

## ਭਾਰਤ-ਪਾਕਿਸਤਾਨ ਦੇ ਤਣਾਅ ਵਿੱਚ ਜੰਗ ਪੀੜਤ ਲੋਕਾਂ ਨੂੰ ਸਰਕਾਰ ਮੁਆਵਜ਼ਾ ਦੇਵੇ : ਇਮਾਨ ਸਿੰਘ ਮਾਨ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ) : ਭਾਰਤ ਪਾਕਿਸਤਾਨ ਵਿੱਚ ਬਣੇ ਤਣਾਅ ਦੇ ਬਹੁਤ ਵੱਡੇ ਗੰਭੀਰ ਮਸਲੇ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਮੁੱਦਿਆਂ ਨੂੰ ਗਹਿਰਾਈ ਨਾਲ ਵਿਚਾਰਦਿਆਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਨੇ ਦੱਸਿਆ ਕਿ ਪੰਜਾਬ ਦੀ ਧਰਤੀ ਇਤਿਹਾਸਕ ਤੌਰ 'ਤੇ ਜੰਗਾਂ ਦੀ ਧਰਤੀ ਰਹੀ ਹੈ। ਪੰਜਾਬ ਨੇ ਪਿਛਲੀਆਂ ਜੰਗਾਂ ਵਿੱਚ ਵੀ ਬਹੁਤ ਨੁਕਸਾਨ ਝੱਲਿਆ ਹੈ। ਮੌਜੂਦਾ ਜੰਗ ਵਿੱਚ ਫਿਰੋਜ਼ਪੁਰ ਵਿੱਚ ਕੁਝ ਲੋਕ ਜ਼ਖਮੀ ਹੋਏ ਹਨ। ਜਾਂ ਹੋਰ ਵੀ ਕਈ ਥਾਵਾਂ 'ਤੇ ਅੱਗਾਂ ਲੱਗੀਆਂ ਹਨ ਜਿਨ੍ਹਾਂ ਦਾ ਨੁਕਸਾਨ ਭਰਨ ਲਈ ਕੋਈ ਵੀ ਪਹਿਲ ਕਦਮੀ ਨਹੀਂ ਹੋਈ। ਅਸੀਂ ਜੰਗ ਦੇ ਪੀੜਤਾਂ ਨੂੰ ਮੁਆਵਜ਼ਾ ਯਕੀਨੀ ਬਣਾਉਣ ਲਈ ਸੰਸਦ ਵਿੱਚ ਪੇਸ਼ ਕਰਨ ਲਈ ਇੱਕ ਬਿੱਲ ਤਿਆਰ ਕੀਤਾ ਹੈ। ਜੋ ਕਿ ਪੰਜਾਬ ਵਿੱਚ ਜਿੱਤੇ ਸਾਰੇ ਮੈਂਬਰ ਪਾਰਲੀਮੈਂਟਾਂ ਰਾਹੀਂ ਸੰਸਦ ਵਿੱਚ ਭੇਜਾਂਗੇ। ਜਿਸ ਵਿੱਚ ਜੰਗ ਪੀੜਤਾਂ ਲਈ ਮੁਆਵਜ਼ੇ 'ਚ ਘੱਟੋ-ਘੱਟ 25 ਲੱਖ ਰੁਪਏ, ਸਥਾਈ ਅਪੰਗਤਾ ਲਈ 20 ਲੱਖ ਰੁਪਏ ਦੀ ਮੰਗ ਕਰਾਂਗੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਅਮਰੀਕਾ ਤੇ ਰਾਸ਼ਟਰਪਤੀ ਨੇ ਦੋਹਾਂ ਦੇਸ਼ਾਂ ਵਿੱਚ ਤਣਾਅ ਨੂੰ ਖਤਮ ਕਰਕੇ ਪੰਜਾਬ ਨੂੰ ਬਚਾਇਆ ਹੈ। ਪਾਰਟੀ ਦੇ ਇਸ ਫੈਸਲੇ ਨੂੰ ਮੁੱਖ ਰੱਖਦਿਆਂ ਹੋਇਆਂ ਅਸੀਂ ਇਸ ਸਾਲ ਦਾ ਨੋਬਲ ਸ਼ਾਂਤੀ ਪੁਰਸਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦੇਣ ਲਈ ਅੱਜ ਅਗਾਹ ਕਰਦੇ ਹਾਂ। ਉਨ੍ਹਾਂ ਨੇ ਇੱਕ ਗੰਭੀਰ ਮਸਲੇ ਤੇ ਬੋਲਦਿਆਂ ਕਿਹਾ ਕਿ ਇਸ ਜੰਗ ਦੇ ਮਾਹੌਲ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਨੂੰ ਖਤਰਾ ਇਸ ਪੱਖੋਂ ਵੱਧ ਨਜ਼ਰ ਆਇਆ ਕਿ ਅੰਮ੍ਰਿਤਸਰ ਦੇ ਪਿੰਡ ਵੱਲਾ ਦੇ ਕੋਲ ਇੱਕ ਅਸਲਾ ਡੰਪ ਹੈ ਜੋ ਪਵਿੱਤਰ ਸ਼ਹਿਰ ਅੰਮ੍ਰਿਤਸਰ ਲਈ ਬਹੁਤ ਵੱਡਾ ਖ਼ਤਰਾ ਹੈ। ਨਗਰ ਨਿਗਮ ਦੇ ਅਧੀਨ ਆਉਣ ਵਾਲੀ ਜਗ੍ਹਾ 'ਤੇ ਅਜਿਹਾ ਅਸਲਾ ਡੰਪ ਨਹੀਂ ਹੋਣਾ ਚਾਹੀਦਾ। ਇਸਨੂੰ ਇੱਕ ਗੈਰ-ਆਬਾਦੀ ਵਾਲੀ ਜਗ੍ਹਾ 'ਤੇ ਤਬਦੀਲ ਕੀਤਾ ਜਾਣਾ ਚਾਹੀਦਾ ਹੈ। ਅਸਲਾ ਡੰਪ ਦੀ ਜਗ੍ਹਾ, ਉੱਥੇ ਫੌਜ ਦੇ ਰਿਹਾਇਸ਼ੀ ਕੁਆਰਟਰ ਬਣਾਏ ਜਾ ਸਕਦੇ ਹਨ। ਇਸ ਨੂੰ ਚੁਕਵਾਉਣ ਵਾਸਤੇ ਉਹਨਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਇਸ 14 ਮਈ ਨੂੰ ਵੱਲਾ ਪਿੰਡ ਤੋਂ ਇਸ ਅਸਲਾ ਡੰਪ ਨੂੰ ਹਟਾਉਣ ਲਈ ਧਰਨਾ ਵੀ ਦੇਵਾਂਗੇ। ਅਤੇ ਇਸ ਡੰਪ ਨੂੰ ਚੁਕਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਕਰਾਂਗੇ। ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ਅਤੇ ਮਾਝੇ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਸੁੱਖ ਵੀ ਹਾਜ਼ਰ ਸਨ।

## ਡਾ. ਆਤਮਜੀਤ ਸਿੰਘ ਬਸਰਾ ਭਾਈ ਵੀਰ ਸਿੰਘ ਬਿਰਧ ਘਰ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋ ਡਾ.ਆਤਮਜੀਤ ਸਿੰਘ ਬਸਰਾ ਨੂੰ ਚੀਫ਼ ਖ਼ਾਲਸਾ ਦੀਵਾਨ ਅਧੀਨ ਤਰਨਤਾਰਨ ਵਿਖੇ ਚੱਲ ਰਹੇ ਭਾਈ ਵੀਰ ਸਿੰਘ ਜੀ ਬਿਰਧ ਘਰ ਦੇ ਨਵੇਂ ਮੈਂਬਰ ਇੰਚਾਰਜ ਨਿਯੁਕਤ ਕੀਤਾ ਗਿਆ। ਆਪਣੇ ਕਿੱਤੇ ਵਿਚ ਮਾਹਿਰ ਅਤੇ 38 ਸਾਲ ਦਾ ਤਜਰਬਾ ਰੱਖਣ ਵਾਲੇ ਡਾ. ਬਸਰਾ ਬਹੁਤ ਹੀ ਮਿਹਨਤੀ ਅਤੇ ਕਾਬਲ ਡਾਕਟਰ ਹਨ ਜੋ ਕਿ ਜਿਲ੍ਹਾ ਆਯੂਰਵੇਦਿਕ ਅਫਸਰ ਦੇ ਅਹੁਦੇ ਤੋ ਰਿਟਾਇਰ ਹੋ ਚੁੱਕੇ ਹਨ ਅਤੇ ਉਹਨਾਂ ਵੱਲੋਂ ਮੈਡੀਕਲ ਅਫਸਰ ਦੇ ਤੌਰ 'ਤੇ ਅਤੇ 10 ਸਾਲ ਪੰਜਾਬ ਆਯੂਰਵੈਦਿਕ ਸਰਵਿਸਿਜ਼ ਦੇ ਪ੍ਰਧਾਨ ਦੇ ਤੌਰ 'ਤੇ ਵੀ ਸੇਵਾਵਾਂ ਨਿਭਾਈਆਂ ਜਾ ਚੁੱਕੀਆਂ ਹਨ। ਵਰਤਮਾਨ ਸਮੇਂ ਵਿਚ ਡਾ.ਬਸਰਾ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਹਸਪਤਾਲ ਅਤੇ ਸੈਂਟਰਲ ਖ਼ਾਲਸਾ ਯਤੀਮਖਾਨਾ ਦੇ ਮੈਂਬਰ ਇੰਚਾਰਜ ਵੱਜੋਂ ਵੀ ਸ਼ਲਾਘਾ ਯੋਗ ਸੇਵਾਵਾਂ ਨਿਭਾਅ ਰਹੇ ਹਨ, ਜਿਸਨੂੰ ਮੁੱਖ ਰੱਖਦਿਆਂ ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਵੱਲੋਂ ਡਾ.ਆਤਮਜੀਤ ਸਿੰਘ ਬਸਰਾ ਨੂੰ ਸਿਰੋਪਾਓ ਪਾ ਕੇ ਬੋਲੇ ਸੋ ਨਿਹਾਲ ਦੀ ਗੂੰਜ ਵਿੱਚ ਭਾਈ ਵੀਰ ਸਿੰਘ ਜੀ ਬਿਰਧ ਘਰ ਦੇ ਮੈਂਬਰ ਇੰਚਾਰਜ ਦਾ ਅਹੁਦਾ ਸੌਂਪਿਆ ਗਿਆ। ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵਲੋ ਡਾ: ਬਸਰਾ ਨੂੰ ਨਵੀਆਂ ਜਿੰਮੇਵਾਰੀਆਂ ਸੌਂਪਦਿਆਂ ਆਸ ਕੀਤੀ ਗਈ, ਕਿ ਬਿਰਧ ਘਰ ਵਿਖੇ ਵੀ ਬਜ਼ੁਰਗਾਂ ਦੀ ਮੈਡੀਕਲ ਸਹੂਲਤਾਂ– ਸੁਵਿਧਾਵਾਂ ਅਤੇ ਹੋਰਨਾਂ ਜ਼ਰੂਰਤਾਂ ਦਾ ਵਿਸ਼ੇਸ਼ ਧਿਆਨ ਰੱਖਣਗੇ ਅਤੇ ਸਮੇਂ ਦੀ ਲੋੜ ਅਨੁਸਾਰ ਬਿਰਧ ਘਰ ਵਿਖੇ ਤਸੱਲੀਬਖਸ਼ ਸੇਵਾਵਾਂ ਪ੍ਰਦਾਨ ਕਰਨਗੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਦੀਵਾਨ ਮੈਂਬਰ ਡਾ.ਏ.ਪੀ.ਐਸ.ਮਾਨ, ਬਿਰਧ ਘਰ ਮੈਂਬਰ ਇੰਚਾਰਜ ਜੀਤ ਸਿੰਘ ਸਰਾਫ਼ ਅਤੇ ਸ੍ਰ.ਰਵਿੰਦਰ ਸਿੰਘ ਵੀ ਹਾਜ਼ਰ ਸਨ।

## ਸਕੂਲੀ ਬੱਚਿਆਂ ਨੂੰ ਬਸਤੇ ਵੰਡੇ



ਤਰਸਿੱਕਾ, 12 ਮਈ, (ਦਵਿੰਦਰ ਸਿੰਘ ਤਰਸਿੱਕਾ) : ਇਲਾਕੇ ਦੇ ਉੱਘੇ ਸਮਾਜ ਸੇਵਕ ਕੈਪਟਨ ਮੱਖਣ ਸਿੰਘ ਕੋਟਲੀ ਮੱਲੀਆਂ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਕੋਟਲੀ ਕਾਦਰਾਬਾਦ ਦੇ 60 ਵਿਦਿਆਰਥੀਆਂ ਨੂੰ ਸਟੇਸ਼ਨਰੀ ਸਹਿਤ ਸਕੂਲ ਬੈਗ ਵੰਡੇ ਗਏ। ਇਸ ਮੌਕੇ ਬੋਲਦਿਆਂ ਕੈਪਟਨ ਮੱਖਣ ਸਿੰਘ ਨੇ ਕਿਹਾ ਕਿ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਵਿਦਿਅਕ ਪੱਧਰ ਹੋਰ ਉੱਚਾ ਚੁੱਕਣ ਲਈ ਉਹ ਸਦਾ ਯਤਨਸ਼ੀਲ ਰਹਿੰਦੇ ਹਨ। ਮਾਸਟਰ ਬਲਵਿੰਦਰ ਸਿੰਘ ਕਾਦਰਾਬਾਦ ਨੇ ਉਹਨਾਂ ਦੇ ਇਸ ਉਪਰਾਲੇ ਲਈ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਵੀ ਜ਼ਿਆਦਾ ਸਿੱਖਿਅਤ ਹੋਣ ਲਈ ਪ੍ਰੇਰਿਆ। ਇਸ ਮੌਕੇ ਸਕੂਲ ਸਟਾਫ ਵੱਲੋਂ ਪਹੁੰਚੇ ਪਤਵੰਤੇ ਸੱਜਣਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਹਨਾਂ ਤੋਂ ਇਲਾਵਾ ਹਰਪਾਲ ਸਿੰਘ, ਕਸ਼ਮੀਰ ਸਿੰਘ, ਬੀਰ ਸਿੰਘ, ਮਾਸਟਰ ਗੁਰਚਰਨ ਸਿੰਘ, ਮਾਸਟਰ ਗੁਰਦਰਸ਼ਨ ਸਿੰਘ, ਸਰਪੰਚ ਕੁਲਵੰਤ ਸਿੰਘ, ਲਾਲੀ ਮੱਲੀਆਂ ਅਤੇ ਮੈਡਮ ਵਰਿੰਦਰਜੀਤ ਕੌਰ ਆਦਿ ਹਾਜ਼ਰ ਸਨ।

## ਹਲਕਾ ਜੰਡਿਆਲਾ ਗੁਰੂ ਵਿੱਚ ਕਾਂਗਰਸ ਦੇ ਵਰਕਰ ਤੁਰੇ 'ਆਪ' ਨਾਲ, ਈ.ਟੀ.ਓ ਵੱਲੋਂ ਕੀਤਾ ਸਵਾਗਤ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਵਿਕਾਸ ਅਤੇ ਹਰ ਵਰਗ ਦੇ ਕਲਿਆਣ ਲਈ ਸ਼ੁਰੂ ਕੀਤੀ ਗਈਆਂ ਕ੍ਰਾਂਤੀਕਾਰੀ ਸਕੀਮਾਂ ਅਤੇ ਹੁਣ ਨਸ਼ਿਆਂ ਨੂੰ ਨੱਥ ਪਾਉਣ ਲਈ ਕੀਤੀ ਜਾ ਰਹੀ ਠੋਸ ਕਾਰਵਾਈ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਵਰਕਰ ਅਤੇ ਨੇਤਾ ਆਮ ਆਦਮੀ ਪਾਰਟੀ ਨਾਲ ਤੁਰਨੇ ਸ਼ੁਰੂ ਹੋ ਗਏ ਹਨ। ਇਸ ਦੀ ਮਿਸਾਲ ਅੱਜ ਜੰਡਿਆਲਾ ਗੁਰੂ ਦੇ ਪਿੰਡ ਮਹਿਤਾ ਚੌਕ ਵਿਖੇ ਮਿਲੀ ਜਦੋਂ ਕਾਂਗਰਸ ਨੂੰ ਛੱਡ ਕੇ ਕਾਂਗਰਸ ਦੇ ਸੀਨੀਅਰ ਆਗੂ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।

ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਮਨੋਜ ਤਨੇਜਾ, ਰਮਨ ਤਨੇਜਾ, ਪੰਕਜ ਤਨੇਜਾ, ਮਨਵਿੰਦਰ ਸਿੰਘ ਮੰਨਾ, ਰਣਵੀਰ ਸਿੰਘ, ਲਵ ਤਨੇਜਾ, ਕਾਰਤਿਕ ਨੇਜਾ, ਯੰਕਿਸ਼ ਅਰੋੜਾ, ਮਲਕੀਰਤ ਸਿੰਘ, ਮਨਪ੍ਰੀਤ ਸਿੰਘ ਮੰਨੂ, ਹਰਜੀਤ ਸਿੰਘ (ਬਾਬਾ), ਸੰਦੀਪ (ਸ਼ੈਂਟੀ) ਅਜੇਪਾਲ ਸਿੰਘ, ਬਲਵਿੰਦਰ ਸਿੰਘ, ਜਿੰਮੀ, ਜੈਨ ਤਨੇਜਾ, ਮੈਂਸੁਧੀਰ ਸ਼ਰਮਾ, ਅਸ਼ੋਕ ਸ਼ਰਮਾ, ਮਨਜੀਤ ਸਿੰਘ ਰਵੀ ਬਾਵਾ, ਭਾਈ ਪ੍ਰੇਮ ਰਾਜਾ ਅਰੋੜਾ ਜੋ ਕਿ ਅੱਜ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਪਾਰਟੀ ਵਿੱਚ ਸ਼ਾਮਿਲ ਹੋਏ।

ਇਸ ਮੌਕੇ ਈ.ਟੀ.ਓ ਨੇ ਇਹਨਾਂ ਨੂੰ ਪਾਰਟੀ ਵਿੱਚ ਆਉਣ ਉੱਤੇ ਜੀ ਆਇਆਂ ਕਹਿੰਦੇ ਭਰੋਸਾ ਦਿੱਤਾ ਕਿ ਪਾਰਟੀ ਵਿੱਚ ਉਹਨਾਂ ਦਾ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਾਡੀ ਪਾਰਟੀ ਨੇ ਜੋ ਕਿਹਾ ਹੈ ਉਹ ਕਰਕੇ ਵਿਖਾਇਆ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜੋ ਗਰੰਟੀਆਂ ਪੰਜਾਬੀਆਂ ਨੂੰ ਦਿੱਤੀਆਂ ਸਨ, ਉਹ ਲੱਗਭੱਗ ਪੂਰੀਆਂ ਕਰ ਦਿੱਤੀਆਂ ਗਈਆਂ ਹਨ ਅਤੇ ਲਗਾਤਾਰ ਇਹਨਾਂ ਉੱਤੇ ਕੰਮ ਚੱਲ ਰਿਹਾ ਹੈ। ਉਹਨਾਂ ਜੰਡਿਆਲਾ ਹਲਕੇ ਦੀ ਗੱਲ ਕਰਦੇ ਹੋਏ ਦੱਸਿਆ ਕਿ ਇਸ ਪੱਛੜੇ ਹੋਏ ਸਮਝੇ ਜਾਂਦੇ ਹਲਕੇ ਵਿੱਚ ਮੈਂ ਪਿਛਲੇ ਤਿੰਨਾਂ ਸਾਲਾਂ ਵਿੱਚ ਵਿਕਾਸ ਦੀ ਹਨੇਰੀ ਲਿਆ ਦਿੱਤੀ ਹੈ ਅਤੇ ਅਜੇ ਕੰਮ ਲਗਾਤਾਰ ਜਾਰੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਹਾਜ਼ਰ ਸੀ।

## ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਨੇ ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟਾਇਆ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਲਾਜ਼ਮਾਂ ਵੱਲੋਂ ਬਣਾਈ ਗਈ ਸੇਵਾਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਨੇ ਸੱਚਖੰਡ ਹਰਿਮੰਦਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਦੇ ਅਕਾਲ ਚਲਾਣੇ ਉੱਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾ ਦੇ ਪ੍ਰਧਾਨ ਬਲਵਿੰਦਰ ਸਿੰਘ ਜੋੜਾਸਿੰਘਾ ਨੇ ਕਿਹਾ ਕਿ ਗਿਆਨੀ ਮੋਹਣ ਸਿੰਘ ਨੇ ਸਿੱਖੀ ਸਿਧਾਂਤਾਂ ਪ੍ਰਤੀ ਬਹੁਤ ਹੀ ਸੰਜੀਦਾ ਅਤੇ ਦ੍ਰਿੜਤ੍ਹਾ ਨਾਲ ਸੇਵਾ ਨਿਭਾਉਂਦਿਆਂ ਸੰਗਤ ਨੂੰ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕਰਦਿਆ ਸਿੱਖੀ ਸਿਧਾਂਤਾਂ ਨਾਲ ਜੋੜਿਆ। ਗਿਆਨੀ ਮੋਹਨ ਸਿੰਘ ਹਮੇਸ਼ਾ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜਮਾਂ ਲਈ ਪ੍ਰੇਰਨਾਸਰੋਤ ਰਹੇ ਹਨ। ਇਸ ਮੌਕੇ ਜੋਗਿੰਦਰ ਸਿੰਘ ਅਦਲੀਵਾਲ, ਡਾ. ਰੂਪ ਸਿੰਘ, ਮਨਜੀਤ ਸਿੰਘ, ਦਲਜੀਤ ਸਿੰਘ ਬੇਦੀ, ਪਰਵਿੰਦਰ ਸਿੰਘ ਡੰਡੀ, ਗੁਰਦਿੱਤ ਸਿੰਘ, ਮੁਖਤਿਆਰ ਸਿੰਘ, ਜੇਠਾ ਸਿੰਘ, ਮਹਿਤਾਬ ਸਿੰਘ, ਹਰਬੰਸ ਸਿੰਘ ਮੱਲੀ, ਬਲਬੀਰ ਸਿੰਘ ਆਦਿ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ।

## ਜੰਗ ਦੇ ਹਾਲਾਤ ਵਿੱਚ ਨਗਰ ਨਿਗਮ ਨੇ ਨਿਭਾਈ ਸੰਜੀਦਗੀ ਨਾਲ ਜ਼ਿੰਮੇਵਾਰੀ : ਨਿਗਮ ਕਮਿਸ਼ਨਰ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ/ਗੁਰਦਿਆਲ ਸਿੰਘ): ਭਾਰਤ ਪਾਕਿਸਤਾਨ ਜੰਗ ਦੌਰਾਨ ਬਣੇ ਹਲਾਤਾਂ ਦੇ ਦੌਰਾਨ ਨਗਰ ਨਿਗਮ ਅੰਮ੍ਰਿਤਸਰ ਦੇ ਵੱਖ-ਵੱਖ ਵਿਭਾਗਾਂ ਵੱਲੋ ਆਪਣੀਆਂ ਜ਼ਿੰਮੇਵਾਰੀਆਂ ਤਨ ਦੇਹੀ ਨਾਲ ਨਿਭਾਈਆ ਗਈਆਂ ਹਨ। ਨਿਗਮ ਦੇ ਫਾਈਰ ਬ੍ਰਿਗੇਡ ਵਿਭਾਗ ਵੱਲੋ ਸ਼ਹਿਰ ਦੇ ਲੋਕਾਂ ਦੀ ਸੁਰੱਖਿਆ ਅਤੇ ਨਿਗਮ ਦੇ ਸਫਾਈ ਵਿੰਗ ਵੱਲੋਂ ਸ਼ਹਿਰ ਦੀ ਸਾਫ ਸਫਾਈ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ ਗਿਆ।

ਕਮਿਸ਼ਨਰ ਗੁਲਪ੍ਰੀਤ ਔਲਖ ਨੇ ਦੱਸਿਆ ਕਿ ਜੰਗ ਦੇ ਦੌਰਾਨ ਜਿੱਥੇ ਆਮ ਲੋਕ ਡਰੇ ਤੇ ਸਹਿਮੇ ਹੋਏ ਸਨ ਉੱਥੇ ਨਗਰ ਨਿਗਮ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਸਹਿਯੋਗ ਕਰਕੇ ਆਪਣੀਆਂ ਡਿਊਟੀਆਂ ਨਿਭਾਈਆਂ ਗਈਆਂ ਅਤੇ ਨਗਰ ਨਿਗਮ ਰਾਤ ਦਿਨ ਸ਼ਹਿਰ ਵਾਸੀਆਂ ਦੀ ਸੇਵਾ ਵਿੱਚ ਲਗਾ ਰਿਹਾਂ ਹੈ। ਨਗਰ ਨਿਗਮ ਵੱਲੋ ਸ਼ਹਿਰ ਵਾਸੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਮੂਲ ਭੂਤ ਸੇਵਾਵਾਂ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਗਈ। ਨਿਗਮ ਦੇ ਫਾਇਰ ਬ੍ਰਿਗੇਡ ਵਿਭਾਗ ਅਤੇ ਸਫਾਈ ਵਿੰਗ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ ਹੈ। ਨਿਗਮ ਦੇ ਫਾਇਰ ਬ੍ਰਿਗੇਡ ਵਿਭਾਗ ਦੀਆਂ ਗੱਡੀਆਂ ਅਤੇ ਕਰਮਚਾਰੀ 24 ਘੰਟੇ ਆਪਣੀ ਡਿਊਟੀ 'ਤੇ ਹਾਜ਼ਰ ਰਹੇ। ਸਫਾਈ ਵਿਭਾਗ ਦੇ ਕਰਮਚਾਰੀਆਂ ਵੱਲੋਂ ਰੋਜ਼ਾਨਾ ਵਾਂਗ ਸਵੇਰੇ ਸ਼ਾਮ ਸਫਾਈ ਨੂੰ ਯਕੀਨੀ ਬਣਾਇਆ ਗਿਆ। ਸ਼ਹਿਰ ਵਿੱਚ ਕਿਧਰੇ ਵੀ ਕੂੜੇ ਦੇ ਢੇਰ ਨਹੀਂ ਲਗਣ ਦਿੱਤੇ ਗਏ। ਸਿਹਤ ਵਿਭਾਗ ਵੱਲੋ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਆਮ ਦਿਨਾਂ ਵਾਂਗ ਫਾਗ ਸਪਰੇ ਕੀਤੀ ਗਈ ਅਤੇ ਕਿਸੇ ਕੰਮ ਵਿੱਚ ਕੋਈ ਵਿਘਨ ਨਹੀਂ ਆਉਣ ਦਿੱਤਾ ਗਿਆ। ਕਮਿਸ਼ਨਰ ਨੇ ਕਿਹਾ ਕਿ ਉਹਨਾਂ ਵੱਲੋ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਸ਼ਹਿਰ ਵਿੱਚ ਕੀਤੀ ਗਈ ਰਾਤ ਵੇਲੇ ਬਲੈਕਆਉਟ ਦੋਰਾਨ ਸ਼ਹਿਰ ਦੇ ਤਿੰਨੇ ਸੀਵਰੇਜ਼ ਟਰੀਟਮੈਂਟ ਪਲਾਂਟਾਂ ਨੂੰ ਲਗਾਤਾਰ ਚਲਾਏ ਰੱਖਣ ਲਈ ਪੰਜਾਬ ਰਾਜ ਬਿਜਲੀ ਬੋਰਡ ਨੂੰ ਹਦਾਇਤਾਂ ਦੇਣ ਲਈ ਉਚੇਚੇ ਤੌਰ 'ਤੇ ਲਿਖਿਆ ਗਿਆ ਸੀ ਤਾਂ ਜੋ ਸ਼ਹਿਰ ਵਿੱਚ ਸੀਵਰੇਜ ਸਿਸਟਮ ਵਿੱਚ ਕੋਈ ਵਿਘਣ ਨਾ ਹੋਵੇ। ਉਹਨਾਂ ਕਿਹਾ ਕਿ ਨਿਗਮ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋ ਸ਼ਹਿਰ ਵਾਸੀਆਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕੀਤਾ ਗਿਆ ਅਤੇ ਸਰਕਾਰੀ ਪੋਰਟਲ ਤੇ ਜੋ ਸ਼ਿਕਾਇਤਾਂ ਦਰਜ਼ ਹੋਈਆ ਉਹ ਵੀ ਖਤਮ ਕਰ ਦਿੱਤੀਆਂ ਗਈਆਂ ਹਨ। ਕਮਿਸ਼ਨਰ ਨੇ ਦੱਸਿਆ ਕਿ ਮੌਜੂਦਾ ਹੰਗਾਮੀ ਹਲਾਤਾ ਨੂੰ ਵੇਖਦੇ ਹੋਏ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਕਿਸੇ ਵੀ ਹਾਲਾਤ ਵਿੱਚ ਸ਼ਹਿਰ ਵਾਸੀਆਂ ਦੀ ਸੇਵਾ ਲਈ ਦਿਨ ਰਾਤ ਆਪਣੀ ਡਿਊਟੀਆਂ ਨਿਭਾਉਣ ਲਈ ਹਦਾਇਤਾਂ ਕੀਤੀਆਂ ਗਈਆਂ ਹਨ।

## ਦੀਨਾਨਗਰ 'ਚ ਸਕੂਟੀ ਨੂੰ ਤੇਜ ਰਫ਼ਤਾਰ ਸਕਾਰਪੀਓ ਨੇ ਮਾਰੀ ਟੱਕਰ, ਦੋ ਦੀ ਮੌਤ



ਦੀਨਾਨਗਰ, 12 ਮਈ, (ਡਾ.ਰਮੇਸ਼ ਸਰੰਗਲ) : ਦੀਨਾਨਗਰ ਦੇ ਲੋਹਗੜ੍ਹ ਬਾਈਪਾਸ ਤੇ ਰਾਵੀ ਹੋਟਲ ਦੇ ਸਾਹਮਣੇ ਵੱਡਾ ਹਾਦਸਾ ਵਾਪਰਿਆ ਹੈ। ਲੋਹਗੜ੍ਹ ਬਾਈਪਾਸ 'ਤੇ ਮੋਪੇਡ ਸਵਾਰ ਪਤੀ-ਪਤਨੀ ਨੂੰ ਤੇਜ ਰਫ਼ਤਾਰ ਸਕਾਰਪੀਓ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਦੋਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਮਿਲੀ ਜਾਣਕਾਰੀ ਅਨੁਸਾਰ ਅੱਜ ਦੁਪਹਿਰ ਲੋਹਗੜ੍ਹ ਬਾਈਪਾਸ 'ਤੇ ਰਾਵੀ ਹੋਟਲ ਦੇ ਸਾਹਮਣੇ ਤੇਜ ਰਫਤਾਰ ਸਕਾਰਪਿਓ ਨੇ ਇੱਕ ਮੋਪੇਡ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਮੋਪੇਡ ਸਵਾਰ ਦੋਨਾਂ ਪਤੀ ਪਤਨੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਮ੍ਰਿਤਕਾਂ ਦੀ ਪਹਿਚਾਣ ਕਰਤਾਰ ਚੰਦ ਅਤੇ ਸ਼ਾਂਤੀ ਦੇਵੀ ਪਿੰਡ ਰਾਵਲ ਗਾਦੜੀਆਂ ਵਜੋਂ ਹੋਈ ਹੈ। ਦੀਨਾਨਗਰ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਅਤੇ ਸਕਾਰਪਿਓ ਨੂੰ ਕਬਜੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਅੰਮ੍ਰਿਤਸਰ ਵਿੱਚ ਤੁਰਕੀ ਆਧਾਰਿਤ ਤਸਕਰ ਦਾ ਪਰਦਾਫਾਸ਼; 1.06 ਕਰੋੜ ਰੁਪਏ ਦੀ ਡਰੱਗ ਮਨੀ ਤੇ 1.10 ਕਿੱਲੋਗ੍ਰਾਮ ਹੈਰੋਇਨ ਸਮੇਤ ਤਿੰਨ ਕਾਬੂ



ਅੰਮ੍ਰਿਤਸਰ, 12 ਮਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੌਰਾਨ ਅੰਤਰਰਾਸ਼ਟਰੀ ਨਸ਼ਾ ਤਸਕਰੀ ਅਤੇ ਹਵਾਲਾ ਕਾਰਟੈਲ ਨੂੰ ਕਰਾਰੀ ਸੱਟ ਮਾਰਦਿਆਂ, ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਤੁਰਕੀ ਅਧਾਰਿਤ ਤਸਕਰ ਨਵਪ੍ਰੀਤ ਸਿੰਘ ਉਰਫ਼ ਨਵ ਭੁੱਲਰ ਨਾਲ ਸਬੰਧਤ ਨਾਰਕੋ-ਹਵਾਲਾ ਕਾਰਟੈਲ ਦੇ ਤਿੰਨ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਕਾਰਟੈਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਟੈਕਸੀ ਡਰਾਈਵਰ ਗੁਰਦੀਪ ਸਿੰਘ ਉਰਫ਼ ਸਾਬ (35), ਰਾਜਸਥਾਨ ਦੇ ਬੀਕਾਨੇਰ ਤੋਂ ਕੱਪੜਾ ਦੁਕਾਨਦਾਰ ਪਰਦੀਪ ਸ਼ਰਮਾ (29) ਅਤੇ ਲੁਧਿਆਣਾ ਦੇ ਕੱਪੜਾ ਕਾਰੋਬਾਰੀ ਮਨੀ ਸ਼ਰਮਾ (36) ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ 1.10 ਕਿਲੋਗ੍ਰਾਮ ਹੈਰੋਇਨ, 1.06 ਕਰੋੜ ਰੁਪਏ ਦੀ ਹਵਾਲਾ ਮਨੀ (84.02 ਲੱਖ ਰੁਪਏ ਨਕਦ ਅਤੇ 22 ਲੱਖ ਰੁਪਏ ਬੈਂਕ ਖਾਤਿਆਂ ਵਿੱਚ ਫਰੀਜ਼), ਇੱਕ ਪੈਸੇ ਗਿਣਨ ਵਾਲੀ ਮਸ਼ੀਨ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਸਵਿਫਟ ਡਿਜ਼ਾਇਰ ਕਾਰ (ਬਿਨਾਂ ਨੰਬਰ ਪਲੇਟ) ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਗੁਰਦੀਪ ਆਪਣੇ ਹੈਂਡਲਰ ਨਵ ਭੁੱਲਰ ਦੇ ਇਸ਼ਾਰਿਆਂ 'ਤੇ ਹਵਾਲਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਬੰਧੀ ਸਥਾਨਕ ਨੈੱਟਵਰਕ ਚਲਾ ਰਿਹਾ ਸੀ ਅਤੇ ਨਵ ਭੁੱਲਰ ਨੇ ਉਸਨੂੰ ਅੰਮ੍ਰਿਤਸਰ ਵਿੱਚ ਛੁਪਣਗਾਹ ਵਜੋਂ ਵਰਤਣ ਲਈ ਇੱਕ ਘਰ ਅਤੇ ਕਾਰਟੈਲ ਚਲਾਉਣ ਲਈ ਸਾਰੀ ਲੌਜਿਸਟਿਕ ਸਹਾਇਤਾ ਪ੍ਰਦਾਨ ਕਰ ਰਿਹਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਦੋਸ਼ੀ ਨਵ ਭੁੱਲਰ ਵੱਖ-ਵੱਖ ਕੇਂਦਰ ਅਤੇ ਰਾਜ ਏਜੰਸੀਆਂ ਨੂੰ ਨਸ਼ੀਲੇ ਪਦਾਰਥਾਂ ਅਤੇ ਹਵਾਲਾ ਸਬੰਧੀ ਵੱਡੇ ਮਾਮਲਿਆਂ ਵਿੱਚ ਲੋੜੀਂਦਾ ਹੈ।

ਡੀਜੀਪੀ ਨੇ ਕਿਹਾ ਕਿ ਇਸ ਕਾਰਟੇਲ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ, ਇੰਚਾਰਜ ਸੀਆਈਏ-1 ਅਮੋਲਕਦੀਪ ਸਿੰਘ ਨੇ ਪੁਲਿਸ ਟੀਮ ਨਾਲ ਮਿਲ ਕੇ ਰਣਨੀਤਕ ਤੌਰ 'ਤੇ ਵੱਖ-ਵੱਖ ਟੀਮਾਂ ਬਣਾਈਆਂ ਅਤੇ ਗੁਰਦੀਪ ਸਿੰਘ ਉਰਫ਼ ਸਾਬ ਨੂੰ ਲੋਕ ਹਾਰਟ ਸਕੂਲ, ਰਾਮ ਤੀਰਥ ਰੋਡ, ਅੰਮ੍ਰਿਤਸਰ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਅਤੇ ਉਸਦੇ ਕਬਜ਼ੇ ਵਿੱਚੋਂ ਨਸ਼ੀਲੇ ਪਦਾਰਥਾਂ ਦੀ ਖੇਪ ਅਤੇ ਡਰੱਗ ਮਨੀ ਬਰਾਮਦ ਕੀਤੀ। ਇਹ ਕਾਰਵਾਈ ਡੀਸੀਪੀ ਡਿਟੈਕਟਿਵ ਰਵਿੰਦਰਪਾਲ ਸਿੰਘ, ਏਡੀਸੀਪੀ ਡਿਟੈਕਟਿਵ ਜਗਬਿੰਦਰ ਸਿੰਘ ਅਤੇ ਏਸੀਪੀ ਡਿਟੈਕਟਿਵ ਹਰਮਿੰਦਰ ਸਿੰਘ ਸੰਧੂ ਦੀ ਨਿਗਰਾਨੀ ਹੇਠ ਕੀਤੀ ਗਈ।

ਸੀਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ, ਮੁਲਜ਼ਮ ਗੁਰਦੀਪ ਸਿੰਘ ਨੇ ਮੁਲਜ਼ਮ ਪਰਦੀਪ ਸ਼ਰਮਾ ਅਤੇ ਮਨੀ ਸ਼ਰਮਾ ਦੇ ਸ਼ਾਮਲ ਹੋਣ ਬਾਰੇ ਜ਼ਿਕਰ ਕੀਤਾ ਅਤੇ ਇਹ ਵੀ ਖੁਲਾਸਾ ਕੀਤਾ ਕਿ ਉਨ੍ਹਾਂ ਨੇ 5-5 ਲੱਖ ਰੁਪਏ ਡਰੱਗ ਮਨੀ ਡਿਲੀਵਰ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਖੁਲਾਸੇ ਉਪਰੰਤ ਪੁਲਿਸ ਟੀਮਾਂ ਨੇ ਦੋਵਾਂ ਮੁਲਜ਼ਮਾਂ ਦਾ ਸਫਲਤਾਪੂਰਵਕ ਟਰੈਕ ਕਰਕੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

## ਫੂਡ ਸੇਫ਼ਟੀ ਟੀਮ ਨੇ ਖਾਧ ਪਦਾਰਥਾਂ ਦੇ ਨਮੂਨੇ ਭਰੇ



ਜਲੰਧਰ, 12 ਮਈ, (ਸੰਦੀਪ ਕੌਲ) : ਸਹਾਇਕ ਕਮਿਸ਼ਨਰ ਫੂਡ ਡਾ. ਹਰਜੋਤ ਪਾਲ ਸਿੰਘ ਦੀ ਅਗਵਾਈ ਵਿੱਚ ਫੂਡ ਸੇਫ਼ਟੀ ਟੀਮ, ਜਿਸ ਵਿੱਚ ਫੂਡ ਸੇਫ਼ਟੀ ਅਫ਼ਸਰ ਮੁਕੁਲ ਗਿੱਲ ਵੀ ਸ਼ਾਮਿਲ ਸਨ, ਵੱਲੋਂ ਅੱਜ ਲਾਡੋਵਾਲੀ ਰੋਡ, ਮਾਡਲ ਹਾਊਸ, ਸ਼ਹੀਦ ਊਧਮ ਸਿੰਘ ਨਗਰ ਵਿਖੇ ਵੱਖ-ਵੱਖ ਥਾਵਾਂ 'ਤੇ ਜਾਂਚ ਮੁਹਿੰਮ ਚਲਾ ਕੇ ਖਾਣ-ਪੀਣ ਦੇ ਪਦਾਰਥਾਂ ਦੇ 6 ਨਮੂਨੇ ਭਰੇ ਗਏ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ ਫੂਡ ਡਾ. ਹਰਜੋਤਪਾਲ ਸਿੰਘ ਨੇ ਦੱਸਿਆ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਵਾਸੀਆਂ ਲਈ ਸਾਫ਼ ਸੁਥਰੇ ਤੇ ਗੁਣਵੱਤਾ ਭਰਪੂਰ ਖਾਧ ਪਦਾਰਥਾਂ ਨੂੰ ਯਕੀਨੀ ਬਣਾਉਣ ਦੇ ਮੰਤਵ ਤਹਿਤ ਅੱਜ ਫੂਡ ਸੇਫ਼ਟੀ ਵਿਭਾਗ ਦੀ ਟੀਮ ਵਲੋਂ ਰੋਸਟਿਡ ਬਰਫ਼ੀ, ਤਿਆਰ ਦਾਲਾਂ ਤੇ ਚਾਹ, ਰੱਸ, ਮਸਾਲੇ ਅਤੇ ਫ਼ਲਾਂ ਆਦਿ ਦੇ ਨਮੂਨੇ ਲਏ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨਮੂਨਿਆਂ ਨੂੰ ਅਗਲੇਰੀ ਜਾਂਚ ਲਈ ਲੈਬਾਰਟੀ ਭੇਜਿਆ ਜਾ ਰਿਹਾ ਹੈ।

ਸਹਾਇਕ ਕਮਿਸ਼ਨਰ ਡਾ.ਹਰਜੋਤ ਪਾਲ ਸਿੰਘ ਨੇ ਦੱਸਿਆ ਕਿ ਭਵਿੱਖ ਵਿੱਚ ਵੀ ਅਜਿਹੀਆਂ ਚੈਕਿੰਗਾਂ ਜਾਰੀ ਰਹਿਣਗੀਆਂ। ਉਨ੍ਹਾਂ ਖਾਣ-ਪੀਣ ਵਾਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਖ਼ਪਤਕਾਰਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਾਫ਼-ਸੁਥਰੇ ਤੇ ਗੁਣਵੱਤਾ ਭਰਪੂਰ ਖਾਧ ਪਦਾਰਥ ਹੀ ਬਣਾਏ ਤੇ ਵੇਚੇ ਜਾਣ। ਉਨ੍ਹਾਂ ਦੱਸਿਆ ਕਿ ਖਾਧ ਪਦਾਰਥਾਂ ਵਿੱਚ ਮਿਲਾਵਟ ਕਰਨ ਵਾਲਿਆਂ ਖਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਸ਼ੁੱਧ ਤੇ ਗੁਣਵੱਤਾ ਭਰਪੂਰ ਖਾਧ ਪਦਾਰਥਾਂ ਪ੍ਰਤੀ ਸੁਚੇਤ ਰਹਿਣ ਤੇ ਜੇਕਰ ਖਾਧ ਪਦਾਰਥਾਂ ਵਿੱਚ ਮਿਲਾਵਟ ਸਬੰਧੀ ਕੋਈ ਸ਼ੱਕੀ ਗਤੀਵਿਧੀ ਧਿਆਨ ਵਿੱਚ ਆਉਂਦੀ ਹੈ, ਤਾਂ ਉਸ ਦੀ ਸੂਚਨਾ ਤੁਰੰਤ ਪ੍ਰਸ਼ਾਸਨ ਨੂੰ ਦਿੱਤੀ ਜਾਵੇ।

## ਐਮ.ਪੀ. ਅਰੋੜਾ ਖ਼ਾਲੀ ਵਾਅਦੇ ਨਹੀਂ ਕਰਦੇ ਸਗੋਂ ਠੋਸ ਨਤੀਜੇ ਦਿੰਦੇ ਨੇ



ਲੁਧਿਆਣਾ, 12 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਅਤੇ ਲੁਧਿਆਣਾ (ਪੱਛਮੀ) ਤੋਂ 'ਆਪ' ਉਮੀਦਵਾਰ ਸੰਜੀਵ ਅਰੋੜਾ ਨੇ ਸ਼ਹਿਰ ਦੇ ਸਾਰੇ ਪ੍ਰਮੁੱਖ ਜਨਤਕ ਸਥਾਨਾਂ 'ਤੇ ਐਂਬੂਲੈਂਸਾਂ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਡਿਪਟੀ ਕਮਿਸ਼ਨਰ ਕੋਲ ਐਂਬੂਲੈਂਸਾਂ ਦੀ ਉਪਲਬਧਤਾ ਦਾ ਮੁੱਦਾ ਉਠਾਉਣ ਦਾ ਐਲਾਨ ਕੀਤਾ ਹੈ, ਜਿਸ ਵਿੱਚ ਜ਼ਿਲ੍ਹਾ ਅਦਾਲਤ ਕੰਪਲੈਕਸ ਅਤੇ ਮਿੰਨੀ ਸਕੱਤਰੇਤ ਵੀ ਸ਼ਾਮਲ ਹਨ। ਐਤਵਾਰ ਨੂੰ ਉਦਯੋਗਪਤੀ ਨੀਰਜ ਸਤੀਜਾ ਵੱਲੋਂ ਮਾਡਲ ਟਾਊਨ ਸਥਿਤ ਆਪਣੇ ਨਿਵਾਸ ਸਥਾਨ 'ਤੇ ਆਯੋਜਿਤ ਬ੍ਰੇਕਫਾਸਟ ਮੀਟਿੰਗ ਵਿੱਚ ਬੋਲਦਿਆਂ ਅਰੋੜਾ ਨੇ ਕਿਹਾ ਇਹ ਕਦਮ ਲੋੜਵੰਦ ਮਰੀਜ਼ਾਂ ਨੂੰ ਐਂਬੂਲੈਂਸ ਸੇਵਾਵਾਂ ਦੀ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਏਗਾ। ਤੁਰੰਤ ਡਾਕਟਰੀ ਦਖਲਅੰਦਾਜ਼ੀ ਨੂੰ ਯਕੀਨੀ ਬਣਾਉਣ ਲਈ ਐਂਬੂਲੈਂਸ ਪ੍ਰਤੀਕਿਰਿਆ ਸਮਾਂ ਘਟਾਉਣਾ ਚਾਹੀਦਾ ਹੈ ਕਿਉਂਕਿ ਹਰ ਮਿੰਟ ਜ਼ਿੰਦਗੀ ਅਤੇ ਮੌਤ ਵਿਚਕਾਰ ਫਰਕ ਲਿਆ ਸਕਦਾ ਹੈ। ਅਰੋੜਾ ਦੀ ਪ੍ਰਤੀਕਿਰਿਆ ਤਰੁਨਜੀਤ ਸਿੰਘ ਟੱਕਰ ਵੱਲੋਂ ਹਾਲ ਹੀ ਵਿੱਚ ਵਾਪਰੀ ਇੱਕ ਘਟਨਾ 'ਤੇ ਚਿੰਤਾ ਜ਼ਾਹਰ ਕਰਨ ਤੋਂ ਬਾਅਦ ਆਈ ਜਿਸ ਵਿੱਚ ਦੋ ਦਿਨ ਪਹਿਲਾਂ ਦੁਪਹਿਰ 2 ਵਜੇ ਦੇ ਕਰੀਬ ਅਦਾਲਤ ਦੇ ਅਹਾਤੇ ਵਿੱਚ ਇੱਕ ਵਿਅਕਤੀ ਨੂੰ ਅਚਾਨਕ ਦਿਲ ਦਾ ਦੌਰਾ ਪੈ ਗਿਆ ਸੀ। ਐਂਬੂਲੈਂਸ ਨਾ ਮਿਲਣ ਕਾਰਨ ਉਸ ਆਦਮੀ ਨੂੰ ਇੱਕ ਘੰਟੇ ਤੋਂ ਵੱਧ ਸਮੇਂ ਬਾਅਦ ਹਸਪਤਾਲ ਲਿਜਾਇਆ ਗਿਆ, ਉਦੋਂ ਤੱਕ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਮੀਟਿੰਗ ਦੌਰਾਨ ਉਠਾਏ ਗਏ ਹੋਰ ਨਾਗਰਿਕ ਮੁੱਦਿਆਂ 'ਤੇ ਬੋਲਦਿਆਂ ਅਰੋੜਾ ਨੇ ਭਰੋਸਾ ਦਿੱਤਾ ਕਿ ਚਤਰ ਸਿੰਘ ਪਾਰਕ (ਮਾਡਲ ਟਾਊਨ) ਵਿਖੇ ਮੌਜੂਦਾ ਕੰਪੈਕਟਰ ਨੂੰ 3-4 ਦਿਨਾਂ ਦੇ ਅੰਦਰ ਕਿਤੇ ਹੋਰ ਤਬਦੀਲ ਕਰ ਦਿੱਤਾ ਜਾਵੇਗਾ। ਉਨ੍ਹਾਂ ਨੇ ਨਾਗਰਿਕ ਮੁੱਦਿਆਂ 'ਤੇ ਜਲਦੀ ਕਾਰਵਾਈ ਦਾ ਵਾਅਦਾ ਕੀਤਾ ਅਤੇ ਜਨਤਕ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਜੇਕਰ ਮੈਂ ਲੁਧਿਆਣਾ (ਪੱਛਮ) ਤੋਂ ਚੁਣਿਆ ਜਾਂਦਾ ਹਾਂ ਤਾਂ ਮੈਂ ਚਾਰ ਗੁਣਾ ਜ਼ਿਆਦਾ ਮਿਹਨਤ ਕਰਾਂਗਾ। ਇਨ੍ਹਾਂ ਵਿੱਚ ਹਲਵਾਰਾ ਹਵਾਈ ਅੱਡੇ ਦਾ ਵਿਕਾਸ ਈਐਸਆਈ ਅਤੇ ਸਿਵਲ ਹਸਪਤਾਲਾਂ ਦਾ ਨਵੀਨੀਕਰਨ ਅਤੇ ਅਪਗ੍ਰੇਡੇਸ਼ਨ, ਇੱਕ ਸਾਈਕਲ ਟਰੈਕ ਦਾ ਨਿਰਮਾਣ ਇੱਕ ਐਲੀਵੇਟਿਡ ਸੜਕ ਦਾ ਨਿਰਮਾਣ ਸਿੱਧਵਾਂ ਨਹਿਰ ਦੇ ਨਾਲ ਚਾਰ ਪੁਲ ਅਤੇ ਐਲੀਵੇਟਿਡ ਰੋਡ ਦੇ ਹੇਠਾਂ 700 ਪਾਰਕਿੰਗ ਸਲਾਟਾਂ ਦਾ ਨਿਰਮਾਣ ਸ਼ਾਮਲ ਹੈ। ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਪਦਮਸ੍ਰੀ ਓਮਕਾਰ ਸਿੰਘ ਪਾਹਵਾ, ਅਮਿਤ ਥਾਪਰ, ਡਾ: ਸ਼ਿਵ ਗੁਪਤਾ, ਹੇਮੰਤ ਸੂਦ, ਤਰੁਨਜੀਤ ਸਿੰਘ ਟੱਕਰ, ਡਾ: ਐਸ.ਕੇ. ਕੋਹਲੀ, ਅਰੁਣ ਸ਼ਰਮਾ, ਐਸ.ਐਸ ਭੋਗਲ, ਡਾ: ਬਲਦੀਪ ਸਿੰਘ, ਅਮਰੀਸ਼ ਜੈਨ, ਕੌਂਸਲਰ ਗੁਰਕੀਰਤ ਟੀਨਾ, ਰਾਜਨ ਸਤੀਜਾ ਅਤੇ ਵਿਜੇ ਗਾਂਧੀ ਹਾਜ਼ਰ ਸਨ।

## ਘੁੰਮਣ ਨੇ ਮੌਕੇ 'ਤੇ ਲਾਈਵ ਹੋ ਕੇ ਵਿਕਾਸ ਕਾਰਜਾਂ ਦੀ ਕੀਤੀ ਪੋਲ-ਖੋਲ, ਅਧਿਕਾਰੀ ਖਿਸਕੇ



ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਨੂੰ ਮੁੱਖ ਰੱਖਦੇ ਹੋਏ ਸੂਬੇ ਦੀ ਭਗਵੰਤ ਮਾਨ ਸਰਕਾਰ ਵੱਲੋਂ ਅਪਣੇ ਉਮੀਦਵਾਰ ਨੂੰ ਜਿਤਾਉਣ ਦੇ ਮਕਸਦ ਨਾਲ ਹਲਕਾ ਪੱਛਮੀ ਵਿੱਚ ਸ਼ੁਰੂ ਕੀਤੇ ਵਿਕਾਸ ਕਾਰਜਾਂ ਦੇ ਨਾਂ 'ਤੇ ਕਰੋੜਾਂ ਰੁ: ਦਾ ਘਪਲਾ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ (ਲਾਈਵ ਹੋ ਕੇ) ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਨੇ ਕੀਤਾ।

ਉਨ੍ਹਾ ਮੌਕੇ 'ਤੇ ਬਲਾਕ-ਇੱਕ ਵਿੱਚ ਬੀਤੇ ਕੱਲ ਬਣਾਈ ਗਈ ਸੜਕ ਦਾ ਮਟੀਰੀਅਲ ਜਦ ਚੈਕ ਕੀਤਾ ਤਾਂ ਉਹ ਸੜਕ 'ਤੇ ਹੱਥ ਲਾਗਾਉਂਦਿਆਂ ਹੀ ਉਨ੍ਹਾ ਦੇ ਹੱਥਾਂ ਵਿੱਚ ਆ ਗਿਆ। ਐਡਵੋਕੇਟ ਘੁੰਮਣ ਨੇ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਵਾਲੀ ਜਗ੍ਹਾ ਪਹੁੰਚ ਜਦ ਮੌਕੇ 'ਤੇ ਮੌਜੂਦ ਨਗਰ ਨਿਗਮ ਦੇ ਐਕਸੀਅਨ, ਐਸਡੀਓ ਨਾਲ ਜਦ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨੇ ਕੋਈ ਸਹੀ ਜਵਾਬ ਦੇਣ ਦੀ ਜਗ੍ਹਾ ਉੱਥੋਂ ਅਪਣੀਆਂ ਗੱਡੀਆਂ ਵਿੱਚ ਬੈਠ ਖਿਸਕ ਜਾਣਾ ਹੀ ਸਹੀ ਸਮਝਿਆ। ਉਨ੍ਹਾਂ ਕਿਹਾ ਕਿ ਅੱਜ ਸੂਬੇ ਦੀ ਭਗਵੰਤ ਮਾਨ ਸਰਕਾਰ ਸ਼ਹਿਰ ਦੇ ਬਾਕੀ ਹਲਕਿਆਂ ਦੀ ਜਗ੍ਹਾ ਹਲਕਾ ਪੱਛਮੀ ਵਿੱਚ ਮਹਿਕਮੇ ਦੇ ਜ਼ੋਨਲ ਕਮਿਸ਼ਨਰਾਂ ਦੇ ਨਾਲ-ਨਾਲ ਹੋਰ ਉੱਚ ਅਧਿਕਾਰੀਆਂ ਦੀ ਡਿਊਟੀ ਲਗਾ ਸ਼ਹਿਰ ਦੇ ਬਾਕੀ ਵਸਨੀਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਘੁੰਮਣ ਨੇ ਕਿਹਾ ਕਿ ਇਹ ਮੌਜੂਦਾ ਸਰਕਾਰ ਵੱਲੋਂ ਪ੍ਰਸ਼ਾਸਨ ਅਤੇ ਨਿਗਮ ਅਧਿਕਾਰੀਆਂ ਦਾ ਗੈਰਜ਼ਿੰਮੇਵਾਰ ਤੇ ਬਦਨੀਤੀ ਵਾਲਾ ਕੰਮ ਹੈ। ਉਨ੍ਹਾਂ ਕਿਹਾ ਕਿ ਜੇਕਰ ਇਨ੍ਹਾਂ ਵਿਕਾਸ ਕਾਰਜਾਂ ਵਿੱਚ ਵਰਤੇ ਜਾ ਰਹੇ ਮਟੀਰੀਅਲ ਦੇ ਮਾਪਦੰਡਾਂ ਦੀ ਜਾਂਚ ਕਰਵਾਈ ਜਾਵੇ ਤਾਂ ਇਨ੍ਹਾਂ ਵਿੱਚੋਂ ਕਰੋੜਾਂ ਰੁਪਏ ਦੇ ਘਪਲੇ ਸਾਹਮਣੇ ਆਉਣਗੇ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸੂਬਾ ਸਰਕਾਰ ਕੋਲ ਲੋਕਾਂ ਵਾਸਤੇ ਕੋਈ ਵਿਜਨ ਨਾ ਹੋਣ ਕਰਕੇ ਇਹ ਲੋਕ ਸ਼ੋਸ਼ੇਬਾਜੀ ਦਾ ਖੇਡ ਖੇਡਕੇ ਲੋਕਾਂ ਨਾਲ ਵੱਡਾ ਧੋਖਾ ਕਰ ਰਹੇ ਹਨ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਫੇਸ-1 ਵਿਖੇ ਕਰਵਾਇਆ ਅੰਮ੍ਰਿਤ ਸੰਚਾਰ ਸਮਾਗਮ

### ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 'ਅੰਮ੍ਰਿਤ ਛਕੋ ਸਿੰਘ ਸਜੋ' ਲਹਿਰ ਆਰੰਭੀ ਜਾਵੇਗੀ : ਬੈਨੀਪਾਲ



ਲੁਧਿਆਣਾ, 12 ਮਈ (ਕਰਨੈਲ ਸਿੰਘ ਐੱਮ.ਏ.) : ਖਾਲਸਾ ਪੰਥ ਦੇ ਸਿਰਜਣਹਾਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਜਬਰ ਤੇ ਜ਼ੁਲਮ ਦੇ ਖਿਲਾਫ ਆਪਣੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ, ਉੱਥੇ ਆਪਣੀ ਕਲਮ ਰਾਹੀਂ ਨਵੀਂ ਸਮਾਜਿਕ ਕ੍ਰਾਂਤੀ ਲਿਆਉਣ ,ਖਾਸ ਕਰਕੇ ਜਾਤ -ਪਾਤ ਦਾ ਖਾਤਮਾ ਕਰਦੇ ਹੋਏ ਅੰਮ੍ਰਿਤ ਦੀ ਪਾਹੁਲ ਰਾਹੀਂ ਖਾਲਸਾ ਪੰਥ ਦੀ ਸਿਰਜਣਾ ਕਰਕੇ ਇੱਕ ਨਵੇਂ ਇਤਿਹਾਸ ਦੀ ਰਚਨਾ ਕੀਤੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਤੀ ਸ਼ਾਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 ਦੁੱਗਰੀ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਵੱਲੋਂ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ ਦੋਦੜਾ ਦੀਆਂ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਕਰਵਾਏ ਗਏ ਅੰਮ੍ਰਿਤ ਸੰਚਾਰ ਸਮਾਗਮ ਅੰਦਰ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਵਾਲੇ ਸਮੂਹ ਪ੍ਰਾਣੀਆਂ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ: ਕੁਲਵਿੰਦਰ ਸਿੰਘ ਬੈਨੀਪਾਲ ਨੇ ਕੀਤਾ।

ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬ ਨੇ ਅਕਾਲ ਪੁਰਖ ਦਾ ਜਸ ਗਾਉਂਦਿਆਂ ਜੋ ਉਪਦੇਸ਼ ਤੇ ਸਿੱਖਿਆਵਾਂ ਤੇ ਅੰਮ੍ਰਿਤ ਦੀ ਦਾਤ ਸਾਨੂੰ ਬਖਸ਼ੀ ਹੈ। ਆਉ ਉਨ੍ਹਾਂ ਦੇ ਵੱਧ ਤੋਂ ਵੱਧ ਧਾਰਨੀ ਬਣੀਏ, ਖਾਸ ਕਰਕੇ ਅੰਮ੍ਰਿਤ ਦੀ ਪਾਹੁਲ ਛੱਕ ਕੇ ਹਰ ਸਿੱਖ ਗੁਰੂ ਦਾ ਸਿੰਘ ਸਜੇ ਅਤੇ ਬਾਣੀ ਤੇ ਬਾਣੇ ਦਾ ਧਾਰਨੀ ਬਣ ਕੇ ਆਪਣਾ ਜੀਵਨ ਗੁਰੂ ਆਸ਼ੇ ਅਨੁਸਾਰ ਜੀਉਣ ਦੀ ਕੋਸ਼ਿਸ਼ ਕਰੇ ਤਾਂ ਹੀ ਗੁਰਸਿੱਖੀ ਦੀ ਫੁੱਲਵਾੜੀ ਹੋਰ ਮਹਿਕਾਂ ਮਾਰ ਸਕੇਗੀ।

ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਸਮੇਂ ਵਿੱਚ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਹੋਰ ਪ੍ਰਚੰਡ ਕਰਨ ਹਿੱਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਛਕੋ ਸਿੰਘ ਸਜੋ ਲਹਿਰ ਆਰੰਭ ਕੀਤੀ ਜਾਵੇਗੀ ਅਤੇ ਅੰਮ੍ਰਿਤ ਛੱਕਣ ਵਾਲੇ ਅਭਿਲਾਖੀਆਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ। ਇਸ ਮੌਕੇ ਸ੍ਰ: ਬੈਨੀਪਾਲ ਨੇ ਆਯੋਜਿਤ ਕੀਤੇ ਗਏ ਅੰਮ੍ਰਿਤ ਸੰਚਾਰ ਸਮਾਗਮ ਦੌਰਾਨ ਸਤਿਕਾਰਯੋਗ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਸਮੂਹ ਅੰਮ੍ਰਿਤ ਅਭਿਲਾਖੀਆਂ ਨੂੰ ਆਪਣੀ ਦਿਲੀ ਵਧਾਈ ਦੇਂਦਿਆਂ ਕਿਹਾ ਕਿ ਗੁਰੂ ਸਾਹਿਬ ਸਮੂਹ ਸੰਗਤਾਂ ਨੂੰ ਆਪਣੇ ਚਰਨਾਂ ਦੀ ਪ੍ਰੀਤੀ ਬਖਸ਼ਣ। ਇਸ ਸਮੇਂ ਉਨ੍ਹਾਂ ਦੇ ਨਾਲ ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਜਗਮੋਹਨ ਸਿੰਘ, ਸਰਬਜੀਤ ਸਿੰਘ, ਚਰਨਜੀਤ ਸਿੰਘ ਪਾਇਲ ਆਦਿ ਹਾਜ਼ਰ ਸਨ।

## ਪਾਲਕੀ ਸਾਹਿਬ ਜੀ ਦੀ ਅਗਵਾਈ 'ਚ ਫ਼ਤਹਿ ਮਾਰਚ ਸਵੇਰੇ 9 ਵਜੇ ਆਰੰਭ ਹੋਵੇਗਾ



ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ) : ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਮੁੱਖ ਸਰਪ੍ਰਸਤ ਰਿਟਾਇਰਡ ਆਈ.ਪੀ.ਐੱਸ ਇੱਕਬਾਲ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ 13 ਮਈ ਦੇ ਸਰਹਿੰਦ ਫਤਿਹ ਮਾਰਚ ਦੇ ਸਮੁੱਚੇ ਪ੍ਰਬੰਧਾਂ ਸਬੰਧੀ ਮੀਟਿੰਗ ਹੋਈ। ਜਿਸ ਵਿੱਚ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਵਾਈਸ ਪ੍ਰਧਾਨ ਜਸਵੰਤ ਸਿੰਘ ਛਾਪਾ, ਜਨਰਲ ਸਕੱਤਰ ਜਗਜੀਵਨ ਸਿੰਘ ਗਰੀਬ ਅਤੇ ਪ੍ਰਚਾਰ ਸਕੱਤਰ ਸੁਰਿੰਦਰ ਭਲਵਾਨ ਰਕਬਾ ਹਾਜ਼ਰ ਹੋਏ। ਇਸ ਸਮੇਂ ਬਾਵਾ ਨੇ ਦੱਸਿਆ ਕਿ 13 ਮਈ ਸਵੇਰੇ 9 ਵਜੇ ਬਾਬਾ ਬੰਦਾ ਸਿੰਘ ਬਹਾਦਰ ਭਵਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਸੈਂਕੜੇ ਗੱਡੀਆਂ ਨਹਿੰਗ ਸਿੰਘਾਂ ਦੀ ਮੌਜੂਦਗੀ ਵਿੱਚ ਫਤਿਹ ਮਾਰਚ ਆਰੰਭ ਹੋਵੇਗਾ ਜੋ ਚੱਪੜਚਿੜੀ ਤੋਂ ਸਰਹਿੰਦ ਸ਼ਾਮ 5 ਵਜੇ ਪਹੁੰਚੇਗਾ।

## ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਗੁਰਮਤਿ ਸਮਾਗਮ ਕਰਵਾਇਆ




ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ): ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਪਰਮਵੀਰ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਰਾਤ ਦੇ ਸਮਾਗਮ ਵਿੱਚ ਭਾਈ ਬਲਵਿੰਦਰ ਸਿੰਘ ਲਾਡੀ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ । ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਭਾਈ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਸਮਸਤਿਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਗੁਰਦੁਆਰਾ ਸਾਹਿਬ ਦੇ ਮੀਤ ਪ੍ਰਧਾਨ ਸਤਪਾਲ ਸਿੰਘ ਪਾਲ ਨੇ ਸੰਗਤੀ ਰੂਪ ਵਿੱਚ ਰਾਗੀ ਜੱਥੇ ਨੂੰ ਸਿਰੋਪਾਓ ਭੇਟ ਕੀਤੇ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਅਗਲੇ ਹਫਤੇ ਸ਼ਾਮ ਦੇ ਗੁਰਮਤਿ ਸਮਾਗਮ ਸਮੇਂ ਭਾਈ ਲਖਵਿੰਦਰ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਜਾਵੇਗੀ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਡੰਗ ਜਨਰਲ ਸਕੱਤਰ, ਤਰਲੋਚਨ ਸਿੰਘ ਬੱਬਰ, ਚਰਨਕਮਲ ਸਿੰਘ ਲਾਇਲਪੁਰੀ, ਬਲਜੀਤ ਸਿੰਘ ਦੁਖੀਆਂ, ਮੋਹਣ ਸਿੰਘ ਚੌਹਾਨ ਆਦਿ ਗੁਰੂ ਘਰ ਨਸਮਸਤਕ ਹੋਏ।

## 3 ਪੰਜਾਬ ਗਰਲਜ਼ ਬਟਾਲੀਅਨ ਐਨ.ਸੀ.ਸੀ. ਵੱਲੋਂ ਮੌਕ ਡ੍ਰਿਲ



ਲੁਧਿਆਣਾ, 12 ਮਈ (ਵਿਸ਼ਾਲ ਸ਼ਰਮਾ) : ਪਹਿਲਗਾਮ ਹਮਲੇ ਕਾਰਨ ਪਾਕਿਸਤਾਨ ਵਿਰੁੱਧ ਜਵਾਬੀ ਹਮਲੇ ਦੀ ਤਿਆਰੀ ਬਾਰੇ ਮੌਕ ਡ੍ਰਿਲ 3 ਪੀਬੀ ਜੀ ਬੀਐਨ ਵੱਲੋਂ 01 ਵਿਦਿਅਕ ਸੰਸਥਾਵਾਂ ਵਿੱਚ ਕੀਤੀ ਗਈ। ਨੌਜਵਾਨਾਂ ਵਿੱਚ ਆਫ਼ਤ ਦੀ ਤਿਆਰੀ ਅਤੇ ਜਾਗਰੂਕਤਾ ਵਧਾਉਣ ਲਈ ਇੱਕ ਵੱਡੀ ਪਹਿਲਕਦਮੀ ਵਜੋਂ, 3 ਪੀਬੀ ਜੀ ਬੀਐਨ ਐਨਸੀਸੀ ਨੇ ਆਪਣੇ ਅਧਿਕਾਰ ਖੇਤਰ ਅਧੀਨ 01 ਸਕੂਲਾਂ ਵਿੱਚ ਇੱਕ ਵਿਆਪਕ ਮੌਕ ਡ੍ਰਿਲ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਸੀਓ, ਪੀਆਈ ਸਟਾਫ, ਜੀਸੀਆਈ, ਏਐਨਓ, ਐਨਸੀਸੀ ਕੈਡਿਟਾਂ ਅਤੇ ਵਿਦਿਆਰਥੀਆਂ ਨੇ ਐਮਰਜੈਂਸੀ ਪ੍ਰਤੀਕਿਰਿਆ ਪ੍ਰੋਟੋਕੋਲ ਨੂੰ ਸਮਝਣ ਅਤੇ ਅਭਿਆਸ ਕਰਨ ਲਈ ਇਕੱਠੇ ਹੋ ਕੇ ਸਰਗਰਮ ਭਾਗੀਦਾਰੀ ਕੀਤੀ। ਮੌਕ ਡ੍ਰਿਲ ਦਾ ਉਦੇਸ਼ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਈਆਂ ਆਫ਼ਤਾਂ ਦੌਰਾਨ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਵਿਧੀਆਂ ਬਾਰੇ ਨੌਜਵਾਨ ਮਨਾਂ ਨੂੰ ਸਿੱਖਿਅਤ ਕਰਨਾ ਸੀ। ਇਹ ਅਭਿਆਸ ਬੈਨਰ, ਪਾਵਰਪੁਆਇੰਟ ਪੇਸ਼ਕਾਰੀਆਂ, ਲਾਈਵ ਪ੍ਰਦਰਸ਼ਨਾਂ, ਵੀਡੀਓਜ਼ ਅਤੇ ਜਾਣਕਾਰੀ ਭਰਪੂਰ ਚਾਰਟਾਂ ਸਮੇਤ ਵੱਖ-ਵੱਖ ਇੰਟਰਐਕਟਿਵ ਮਾਧਿਅਮਾਂ ਰਾਹੀਂ ਕੀਤਾ ਗਿਆ ਸੀ। ਇਨ੍ਹਾਂ ਸਾਧਨਾਂ ਨੇ ਐਮਰਜੈਂਸੀ ਸਥਿਤੀਆਂ ਵਿੱਚ ਅਪਣਾਈਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਦੀ ਵਿਜ਼ੂਅਲ ਅਤੇ ਵਿਹਾਰਕ ਸਮਝ ਪ੍ਰਦਾਨ ਕਰਨ ਵਿੱਚ ਮਦਦ ਕੀਤੀ।

## ਡੀ.ਬੀ.ਈ.ਈ. ਵੱਲੋਂ ਪਲੇਸਮੈਂਟ ਕੈਂਪ ਅੱਜ

ਲੁਧਿਆਣਾ, 12 ਮਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਵੱਲੋਂ ਭਲਕੇ 13 ਮਈ, 2025 (ਮੰਗਲਵਾਰ) ਨੂੰ ਸਥਾਨਕ ਦਫ਼ਤਰ ਪ੍ਰਤਾਪ ਚੌਂਕ, ਸਾਹਮਣੇ ਸੰਗੀਤ ਸਿਨੇਮਾ ਲੁਧਿਆਣਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ। ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਰੁਪਿੰਦਰ ਕੌਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੁਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ ਜਿਸਦੇ ਤਹਿਤ ਇਹ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਲੁਧਿਆਣਾ ਦੀਆਂ ਪ੍ਰਸਿੱਧ ਕੰਪਨੀਆਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ ਵੋਡਾਫੋਨ ਆਈਡਿਆ ਲਿਮਟਿਡ, ਟਾਟਾ ਕਰੋਮਾ, ਫਲਿੱਪਕਾਰਟ ਹੋਲਸੇਲ ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋਂ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ 10ਵੀ,12ਵੀਂ, ਆਈ.ਟੀ.ਆਈ, ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ), ਪੋਸਟ ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ) ਪਾਸ ਕੀਤਾ ਹੋਵੇ। ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਵੱਲੋਂ ਉਮੀਦਵਾਰਾਂ ਨੂੰ ਅਪੀਲ ਕੀਤੀ ਗਈ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ ਅਤੇ ਇਸ ਇੰਟਰਵਿਊ ਲਈ ਆਪਣਾ ਬਾਇਓਡਾਟਾ (ਤਿੰਨ ਕਾਪੀਆਂ) ਨਾਲ ਲੈ ਕੇ ਆਉਣਾ ਲਾਜ਼ਮੀ ਹੈ। ਜੇਕਰ ਉਮੀਦਵਾਰ ਆਪਣਾ ਨਾਮ ਮੈਨੂਅਲ ਰਜਿਸਟਰ ਅਤੇ ਐਨ.ਸੀ.ਐਸ. ਪੋਰਟਲ 'ਤੇ ਆਨਲਾਈਨ ਕਰਵਾਉਣਾ ਚਾਹੁੰਦੇ ਹਨ ਤਾਂ ਵਿਦਿਅਕ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ। ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਹੈਲਪਲਾਈਨ ਨੰ: 77400-01682 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਵਿਖੇ ਸ਼ਰਧਾ ਨਾਲ ਮਨਾਇਆ



ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ) : ਤੀਸਰੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਅੰਮ੍ਰਿਤ ਵੇਲੇ ਤੋਂ ਹੀ ਸੰਗਤਾਂ ਦਾ ਭਾਰੀ ਇਕੱਠ ਦੇਖਣਯੋਗ ਸੀ। ਸੰਗਤਾਂ ਵੱਲੋਂ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ। ਉਸ ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਜਸਵੰਤ ਸਿੰਘ ਸ਼੍ਰੋਮਣੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗੁਰੂ ਅਮਰਦਾਸ ਜੀ ਦੀ ਮਹਾਨ ਸੇਵਾ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੀਰਤਨੀ ਜਥੇ ਦਾ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਰਾਤਰੀ ਦੀਵਾਨ ਵਿੱਚ ਪ੍ਰਸਿੱਧ ਕਥਾਵਾਚਕ ਭਾਈ ਕੁਲਦੀਪ ਸਿੰਘ ਆਲਮਗੀਰ ਨੇ ਗੁਰੂ ਅਮਰਦਾਸ ਜੀ ਦੇ ਜੀਵਨ ਅਤੇ ਸਿੱਖ ਇਤਿਹਾਸ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ ਅਤੇ ਸੰਗਤਾਂ ਨੂੰ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ। ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸੁਖਵਿੰਦਰ ਪਾਲ ਸਿੰਘ, ਅਮਰਜੀਤ ਸਿੰਘ ਟਿੱਕਾ, ਹਰਪ੍ਰੀਤ ਸਿੰਘ ਰਾਜਧਾਨੀ, ਨਵਪ੍ਰੀਤ ਸਿੰਘ ਬਿੱਟਰਾ ਅਤੇ ਅਮਰਪਾਲ ਸਿੰਘ ਸਰਨਾ ਨੇ ਵੀ ਗੁਰੂ ਘਰ ਹਾਜ਼ਰੀ ਭਰੀ।

## ਬੀ. ਕੇ. ਯੂ. 'ਰਾਜੇਵਾਲ' ਜਥੇਬੰਦੀ ਦੇ ਅਹੁਦੇਦਾਰ ਤੇ ਵਰਕਰ ਬੀ.ਬੀ.ਐਮ.ਬੀ. ਖਿਲਾਫ ਨੰਗਲ ਵਿਖੇ ਧਰਨਾ ਦੇਣ ਲਈ ਹੋਏ ਰਵਾਨਾ



ਸਮਰਾਲਾ, 12 ਮਈ (ਵਰਿੰਦਰ ਸਿੰਘ ਹੀਰ/ਜਸਵੀਰ ਢੋਡੀ) : ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਜਥੇਬੰਦੀ ਵੱਲੋਂ ਅੱਜ ਪਾਣੀਆਂ ਦੇ ਮੁੱਦੇ ਉੱਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੰਗਲ ਖਿਲਾਫ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਹੇਠ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਸ਼ਾਮਿਲ ਹੋਣ ਲਈ ਬਲਾਕ ਸਮਰਾਲਾ, ਮਾਛੀਵਾੜਾ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਯੂਨੀਅਨ ਦੇ ਅਹੁਦੇਦਾਰ ਅਤੇ ਵਰਕਰ ਸੁਖਵਿੰਦਰ ਸਿੰਘ ਭੱਟੀਆਂ ਸੂਬਾ ਮੀਤ ਪ੍ਰਧਾਨ ਦੀ ਅਗਵਾਈ ਹੇਠ ਨੰਗਲ ਲਈ ਵੱਖ ਵੱਖ ਵਾਹਨਾਂ ਵਿੱਚ ਰਵਾਨਾ ਹੋਵੇ। ਰਵਾਨਾ ਹੋਣ ਤੋਂ ਪਹਿਲਾਂ ਆਗੂਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਜਪਾ ਸਰਕਾਰਾਂ ਅਤੇ ਬੀ.ਬੀ.ਐਮ.ਬੀ. ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀ ਹੈ। ਇਸ ਸਬੰਧੀ ਕਿਸਾਨ ਯੂਨੀਅਨਾਂ ਸਮੁੱਚੇ ਰੂਪ ਵਿੱਚ ਇਕੱਠੀਆਂ ਹੋ ਕੇ ਪੰਜਾਬ ਦੇ ਹੱਕਾਂ ਲਈ ਇੱਕਜੁੱਟ ਹੋ ਕੇ ਖੜ੍ਹੀਆਂ ਹਨ, ਇਸ ਲਈ ਕੋਈ ਵੀ ਕੁਰਬਾਨੀ ਕਰਨੀ ਪਵੇ, ਬੀ.ਕੇ.ਯੂ. (ਰਾਜੇਵਾਲ) ਕਦੇ ਪਿੱਛੇ ਨਹੀਂ ਹਟੇਗੀ। ਰਵਾਨਾ ਹੋਣ ਵੇਲੇ ਪ੍ਰਮੁੱਖ ਅਹੁਦੇਦਾਰਾਂ ਵਿੱਚ ਪ੍ਰਗਟ ਸਿੰਘ ਕੋਟ ਪਨੈਚ ਜਰਨਲ ਸਕੱਤਰ, ਕੁਲਵਿੰਦਰ ਸਿੰਘ ਪੂਰਬਾ ਬਲਾਕ ਪ੍ਰਧਾਨ ਸਮਰਾਲਾ, ਮੁਖਤਿਆਰ ਸਿੰਘ ਸਰਵਰਪੁਰ, ਜਗਦੇਵ ਸਿੰਘ ਮੁੱਤੋ, ਸੁੱਖਾ ਬਾਬਾ ਸੰਗਤਪੁਰਾ, ਗੁਰਮੇਲ ਸਿੰਘ ਸਿਹੌੜਾ ਬਲਾਕ ਮਲੌਦ, ਹੈਪੀ ਰਾਜੇਵਾਲ, ਕਰਮਜੀਤ ਸਿੰਘ, ਜਸਪਾਲ ਬਾਂਗਰ, ਚਰਨ ਸਿੰਘ ਬਰਮਾ, ਰਾਜਾ ਮੇਹਲੋਂ, ਕਰਮਜੀਤ ਮਾਛੀਵਾੜਾ, ਬੰਤ ਬਾਬਾ ਆਦਿ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਈਸਟਵੁੱਡ ਇੰਟਰਨੈਸ਼ਨਲ ਸਕੂਲ ਵਿਖੇ 'ਮਾਂ' ਦਿਵਸ ਮਨਾਇਆ



ਮੁੱਲਾਂਪੁਰ ਦਾਖਾ, 12 ਮਈ (ਦਵਿੰਦਰ ਸਿੰਘ ਲੰਮੇਂ) : ਸਥਾਨਕ ਈਸਟਵੁੱਡ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਦੀ ਅਗਵਾਈ ਹੇਠ ਮਨਾਏ ਗਏ ਮਾਂ ਦਿਵਸ ਸਮਾਗਮ ਦੀ ਸ਼ੁਰੂਆਤ 'ਤੁਮ ਹੀ ਹੋ ਮਾਤਾ ਪਿਤਾ' ਭਜਨ ਨਾਲ ਕੀਤੀ ਗਈ । ਇਸ ਮੌਕੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਨੇ ਬੱਚਿਆਂ ਨੂੰ ਮਾਂ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਮਾਂ-ਬਾਪ ਦੀ ਸੇਵਾ ਅਤੇ ਸਤਿਕਾਰ ਕਰਨਾ ਚਾਹੀਦਾ ਹੈ ।

ਇਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਵਿਦਿਆਰਥਣ ਮਨਜੋਤ ਕੌਰ ਨੇ ਆਪਣੇ ਭਾਸ਼ਣ ਰਾਹੀਂ ਮਾਂ ਸ਼ਬਦ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਵਿਦਿਆਰਥਣ ਤਮੰਨਾ ਸ਼ਰਮਾ ਨੇ ਅੰਗਰੇਜ਼ੀ ਵਿੱਚ ਸ਼ੈਰ ਰਚਨਾ, ਤਨਵੀ ਨੇ ਹਿੰਦੀ ਵਿੱਚ ਅਤੇ ਜੈਸਮੀਨ ਕੌਰ ਨੇ ਪੰਜਾਬੀ ਵਿੱਚ ਮਾਂ ਵਿਸ਼ੇ 'ਤੇ ਕਵਿਤਾਵਾਂ ਪੇਸ਼ ਕੀਤੀਆਂ। ਖੁਸ਼ਲੀਨ ਕੌਰ ਅਤੇ ਦੀਆ ਅਰੋੜਾ ਨੇ ਆਪਣੇ ਵੱਲੋਂ ਲਿਖੀਆਂ ਕਵਿਤਾਵਾਂ ਪੇਸ਼ ਕੀਤੀਆਂ। ਰਵਨੀਤ ਕੌਰ ਅਤੇ ਸਾਥਣਾਂ ਨੇ ਸਕਿੱਟ, ਮਹਿਕਪ੍ਰੀਤ ਕੌਰ ਅਤੇ ਸਾਥਣਾ ਨੇ ਮਾਂ ਦਿਵਸ 'ਤੇ ਕੋਰੀਓਗਰਾਫੀ ਪੇਸ਼ ਕੀਤੀ। ਵਿਦਿਆਰਥੀਆਂ ਨੇ ਗ੍ਰੀਟਿੰਗ ਕਾਰਡ ਬਣਾਏ ਅਤੇ ਵਿਦਿਆਰਥੀਆਂ ਵਿੱਚ ਮਾਂ ਭਾਸ਼ਣ ਮੁਕਾਬਲਾ ਵੀ ਕਰਵਾਇਆ ਗਿਆ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ ।

## ਸੰਯੁਕਤ ਕਿਸਾਨ ਮੋਰਚਾ ਭਲਕੇ ਜੰਗਬਾਜ਼ ਤਾਕਤਾਂ ਵਿਰੁੱਧ ਕਰੇਗਾ ਅਮਨ ਮਾਰਚ

ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ): ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਭਾਰਤ ਪਾਕਿਸਤਾਨ ਵਿਚਕਾਰ ਹੋਈ ਜੰਗਬੰਦੀ ਨੂੰ ਦੋਵੇਂ ਦੇਸ਼ਾਂ ਦੇ ਸਰਹੱਦੀ ਸੂਬਿਆਂ ਦੇ ਲੋਕਾਂ ਲਈ ਵੱਡੀ ਰਾਹਤ ਦੀ ਖਬਰ ਦੱਸਦਿਆਂ 14 ਮਈ ਨੂੰ ਜ਼ਿਲ੍ਹਾ ਕੇਂਦਰਾਂ 'ਤੇ ਜੰਗਬਾਜ ਤਾਕਤਾਂ ਵਿਰੁੱਧ ਅਮਨ ਮਾਰਚ ਕਰਨ ਦਾ ਸੱਦਾ ਦਿੱਤਾ ਹੈ। ਇਹ ਫੈਸਲਾ ਅੱਜ ਲੁਧਿਆਣਾ ਵਿਖੇ ਕਿਸਾਨ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਸੁਖਦੇਵ ਸਿੰਘ ਅਰਾਈਆਂਵਾਲਾ ਅਤੇ ਗੁਰਮੀਤ ਸਿੰਘ ਮਹਿਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕੀਤਾ ਹੈ। ਐਸਕੇਐਮ ਪੰਜਾਬ ਨੇ 13 ਮਈ ਨੂੰ ਜਗਰਾਓ, ਸੰਗਰੂਰ ਅਤੇ ਬਠਿੰਡਾ ਵਿਖੇ ਜਬਰ ਵਿਰੁੱਧ ਕੀਤੇ ਜਾਣ ਵਾਲੇ ਇਕੱਠ ਤੇ ਮੁਜ਼ਾਹਰੇ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਹੈ।

ਹੁਣ ਇਹ ਪ੍ਰੋਗਰਾਮ 26 ਮਈ ਨੂੰ ਕੀਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਭਾਰਤ ਪਾਕਿਸਤਾਨ ਵਿਚਕਾਰ ਸਰਹੱਦਾਂ ਉੱਤੇ ਬਣੇ ਤਨਾਓ ਦੀਆਂ ਹਾਲਤਾਂ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕਰਕੇ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੀਆਂ ਕੋਸ਼ਿਸ਼ਾਂ ਬਾਰੇ ਭਰਵਾਂ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਭਾਰਤ ਪਾਕਿਸਤਾਨ ਵਿਚਕਾਰ ਹੋਈ ਜੰਗਬੰਦੀ ਨੂੰ ਦੋਵਾਂ ਦੇਸ਼ਾਂ ਦੇ ਲੋਕਾਂ ਖਾਸ ਕਰਕੇ ਸਰਹੱਦੀ ਇਲਾਕਿਆਂ ਦੇ ਲੋਕਾਂ ਲਈ ਵੱਡੀ ਰਾਹਤ ਦੀ ਖਬਰ ਦੱਸਦਿਆਂ ਦੋਵਾਂ ਦੇਸਾਂ ਦੇ ਹੁਕਮਰਾਨਾਂ ਨੂੰ ਸਰਹੱਦਾਂ ਉੱਪਰ ਵਧੇ ਤਨਾਓ ਨੂੰ ਘਟਾਉਣ ਲਈ ਕਦਮ ਚੁੱਕਣ ਦੀ ਮੰਗ ਕੀਤੀ ਗਈ ਅਤੇ ਸਾਰੇ ਮਸਲੇ ਗੱਲਬਾਤ ਦੇ ਜ਼ਰੀਏ ਸੁਲਝਾਉਣ ਦੇ ਹੱਕ ਵਿੱਚ ਮਤਾ ਪਾਸ ਕੀਤਾ ਗਿਆ। ਮੀਟਿੰਗ ਨੇ 14 ਮਈ ਨੂੰ ਜੰਗਬਾਜ ਤਾਕਤਾਂ ਵਿਰੁੱਧ ਅਮਨ ਮਾਰਚ ਲਈ ਪੰਜਾਬ ਦੇ ਇਨਸਾਫਪਸੰਦ ਅਤੇ ਜਮਹੂਰੀ ਹਲਕਿਆਂ ਨੂੰ ਸਾਮਲ ਹੋਣ ਦੀ ਅਪੀਲ ਕੀਤੀ ਹੈ।

## ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ 'ਤੇ 24×7 ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਜਾਣਗੇ : ਏ.ਡੀ.ਸੀ.



ਲੁਧਿਆਣਾ, 12 ਮਈ (ਵਿਸ਼ਾਲ ਸ਼ਰਮਾ) : ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰੋਹਿਤ ਗੁਪਤਾ ਨੇ ਜੂਨ ਦੇ ਅੱਧ ਤੋਂ ਬਾਅਦ ਲੁਧਿਆਣਾ ਵਿੱਚ ਸੰਭਾਵੀ ਹੜ੍ਹ ਵਰਗੀਆਂ ਸਥਿਤੀਆਂ ਦੀ ਚੌਕਸੀ ਨਾਲ ਨਿਗਰਾਨੀ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਸਬ-ਡਵੀਜ਼ਨ ਪੱਧਰ 'ਤੇ 24X7 ਹੜ੍ਹ ਕੰਟਰੋਲ ਰੂਮ ਸਥਾਪਤ ਕਰਨ ਦਾ ਐਲਾਨ ਕੀਤਾ। ਸਬੰਧਤ ਵਿਭਾਗਾਂ ਨਾਲ ਮੀਟਿੰਗ ਦੌਰਾਨ ਰੋਹਿਤ ਗੁਪਤਾ ਨੇ ਏ.ਡੀ.ਸੀ ਜਗਰਾਉਂ ਕੁਲਪ੍ਰੀਤ ਸਿੰਘ ਦੇ ਨਾਲ ਕੰਟਰੋਲ ਰੂਮਾਂ ਲਈ ਸਟਾਫ ਡਿਊਟੀ ਰੋਸਟਰ ਨੂੰ ਅੰਤਿਮ ਰੂਪ ਦੇਣ ਦੇ ਨਿਰਦੇਸ਼ ਜਾਰੀ ਕੀਤੇ। ਕਾਰਜਾਂ ਦੀ ਨਿਗਰਾਨੀ ਕਰਨ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਸੀਨੀਅਰ ਅਧਿਕਾਰੀਆਂ ਨੂੰ ਰੋਟੇਸ਼ਨਲ ਆਧਾਰ 'ਤੇ ਨਿਯੁਕਤ ਕੀਤਾ ਜਾਵੇਗਾ। ਹੜ੍ਹ ਦੀ ਤਿਆਰੀ ਦੀ ਸਮੀਖਿਆ ਕਰਦੇ ਹੋਏ ਰੋਹਿਤ ਗੁਪਤਾ ਨੇ ਆਉਣ ਵਾਲੇ ਮੌਨਸੂਨ ਸੀਜ਼ਨ ਦੌਰਾਨ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸੰਭਾਵੀ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਹੜ੍ਹ ਪ੍ਰਭਾਵਿਤ ਖੇਤਰਾਂ ਨੂੰ ਮਜ਼ਬੂਤ ਕਰਨ ਦੇ ਨਿਰਦੇਸ਼ ਦਿੱਤੇ ਅਤੇ ਪੁਸ਼ਟੀ ਕੀਤੀ ਕਿ ਐਮਰਜੈਂਸੀ ਨਾਲ ਨਜਿੱਠਣ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਗੁਪਤਾ ਨੇ ਸਾਰੇ ਵਿਭਾਗਾਂ ਨੂੰ ਵਿਆਪਕ ਸੰਕਟਕਾਲੀਨ ਯੋਜਨਾਵਾਂ ਤਿਆਰ ਕਰਨ ਅਤੇ ਕਿਸੇ ਵੀ ਸੰਕਟ ਨਾਲ ਨਜਿੱਠਣ ਲਈ ਤਿਆਰੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਨਿਕਾਸੀ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ, ਕਮਜ਼ੋਰ ਖੇਤਰਾਂ ਦੀ ਪਛਾਣ ਕਰਨ ਅਤੇ ਜੇਕਰ ਲੋੜ ਹੋਵੇ ਤਾਂ ਹੜ੍ਹ ਪ੍ਰਭਾਵਿਤ ਖੇਤਰਾਂ ਤੋਂ ਵਸਨੀਕਾਂ ਨੂੰ ਤਬਦੀਲ ਕਰਨ ਲਈ ਸੁਰੱਖਿਅਤ ਸਥਾਨ ਨਿਰਧਾਰਤ ਕਰਨ 'ਤੇ ਜ਼ੋਰ ਦਿੱਤਾ। ਏ.ਡੀ.ਸੀ ਨੇ ਖੁਰਾਕ ਅਤੇ ਸਪਲਾਈ, ਸਿੰਚਾਈ, ਬਿਜਲੀ, ਡਰੇਨੇਜ, ਨਗਰ ਨਿਗਮ, ਸਿਹਤ, ਪੰਚਾਇਤ ਅਤੇ ਪੁਲਿਸ ਵਿਭਾਗਾਂ ਨੂੰ ਤਾਲਮੇਲ ਬਣਾਉਣ ਅਤੇ ਜ਼ਰੂਰੀ ਪ੍ਰਬੰਧ ਕਰਨ ਦੀ ਵੀ ਅਪੀਲ ਕੀਤੀ।

## ਬੁੱਢਾ ਦਰਿਆ ਦੇ ਬਿਆਨਾਂ ਅਤੇ ਦੋ ਬੱਚਿਆਂ ਦੀ ਮੌਤ 'ਤੇ ਪੀ.ਏ.ਸੀ. ਮੱਤੇਵਾੜਾ ਨੇ ਐਫ਼. ਆਈ. ਆਰ. ਦਰਜ ਕਰਨ ਅਤੇ ਜਵਾਬਦੇਹੀ ਦੀ ਮੰਗ ਕੀਤੀ

ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ): ਮੁੱਖ ਮੰਤਰੀ ਦੀਆਂ ਬੁੱਢਾ ਦਰਿਆ ਦੇ ਕਾਰਕੁਨਾਂ ਵਿਰੁੱਧ ਹਾਲੀਆ ਟਿੱਪਣੀਆਂ ਦਾ ਤਿੱਖਾ ਖੰਡਨ ਕਰਦਿਆਂ ਅਤੇ ਸੀਚੇਵਾਲ ਅਤੇ ਉਨ੍ਹਾਂ ਦੀ ਟੀਮ ਦੁਆਰਾ ਕਥਿਤ ਤੌਰ 'ਤੇ ਆਯੋਜਿਤ ਉਦਯੋਗਿਕ ਗੰਦੇ ਪਾਣੀ ਦੇ ਨਿਕਾਸ ਪੁਆਇੰਟਾਂ ਦੇ ਨੇੜੇ ਘਾਟਸ਼ਨਾਨ ਸਮਾਗਮ ਦੌਰਾਨ ਦੋ ਨੌਜਵਾਨ ਮੁੰਡਿਆਂ ਦੇ ਦੁਖਦਾਈ ਡੁੱਬਣ ਤੋਂ ਬਾਅਦ, ਪਬਲਿਕ ਐਕਸ਼ਨ ਕਮੇਟੀ (ਪੀਏਸੀ), ਮੱਤੇਵਾੜਾ ਨੇ ਸਰਕਾਰ ਦੇ ਪਖੰਡ ਅਤੇ ਲਾਪਰਵਾਹੀ ਦੀ ਨਿੰਦਾ ਕਰਦੇ ਹੋਏ ਇੱਕ ਸਖ਼ਤ ਬਿਆਨ ਜਾਰੀ ਕੀਤਾ ਹੈ। ਬਿਆਨ ਵਿੱਚ ਕਿਹਾ ਗਿਆ ਹੈ, ਮੁੱਖ ਮੰਤਰੀ ਨੇ ਨੰਗਲ ਵਿਖੇ ਬੀਬੀਐਮਬੀ ਚੇਅਰਮੈਨ ਵਿਰੁੱਧ ਲਗਾਏ ਜਾ ਰਹੇ ਧਰਨੇ ਵਿੱਚ ਸਾਡੀ ਗੈਰ-ਮੌਜੂਦਗੀ ਅਤੇ ਇਸ ਮੁੱਦੇ 'ਤੇ ਕੋਈ ਬਿਆਨ ਨਾ ਦੇਣ 'ਤੇ ਸਵਾਲ ਉਠਾਏ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਉਹ ਝੂਠ ਬੋਲ ਰਹੇ ਹਨ ਕਿਉਂਕਿ ਅਸੀਂ ਪਹਿਲਾਂ ਹੀ ਕਈ ਵਾਰ ਪੰਜਾਬ ਦੇ ਪਾਣੀਆਂ 'ਤੇ ਅਧਿਕਾਰਾਂ ਦੇ ਸਮਰਥਨ ਵਿੱਚ ਬਿਆਨ ਦੇ ਚੁੱਕੇ ਹਾਂ। ਦੂਜਾ ਇਹ ਉਤਸੁਕਤਾ ਭਰਿਆ ਹੈ ਕਿ ਮੁੱਖ ਮੰਤਰੀ ਕਾਰਕੁੰਨਾਂ ਅਤੇ ਕਿਸਾਨਾਂ ਤੋਂ ਉਨ੍ਹਾਂ ਦੇ ਧਰਨੇ ਵਿੱਚ ਉਨ੍ਹਾਂ ਦੀ ਮਦਦ ਕਰਨ ਦੀ ਉਮੀਦ ਕਿਉਂ ਕਰਦੇ ਹਨ ਜਦੋਂ ਕਿ ਅਸੀਂ ਉਨ੍ਹਾਂ ਦੁਆਰਾ ਪੈਦਾ ਕੀਤੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਰੁੱਝੇ ਹੋਏ ਹਾਂ। ਸਾਡੀ ਟੀਮ ਪੰਜਾਬ ਸਰਕਾਰ ਵਿਰੁੱਧ ਕਈ ਗੰਭੀਰ ਐਨਜੀਟੀ ਕੇਸ ਲੜ ਰਹੀ ਹੈ, ਜਿਸ ਵਿੱਚ ਲੁਧਿਆਣਾ ਰੰਗਾਈ ਉਦਯੋਗ ਦੇ ਗੈਰ-ਕਾਨੂੰਨੀ ਸੀਈਟੀਪੀ ਅਤੇ ਜ਼ੀਰਾ ਵਿਖੇ ਮਾਲਬਰੋਸ ਦੁਆਰਾ ਗੈਰ-ਕਾਨੂੰਨੀ ਰਿਵਰਸ ਬੋਰਿੰਗ ਸ਼ਾਮਲ ਹਨ।

30 ਅਪ੍ਰੈਲ ਨੂੰ ਉਨ੍ਹਾਂ ਦੀ ਸਰਕਾਰ ਨੇ 200 ਏਕੜ 'ਤੇ ਰੁਚਿਰਾ ਪੇਪਰ ਮਿੱਲ ਸਥਾਪਤ ਕਰਨ ਦੀ ਕੋਸ਼ਿਸ਼ ਵਿੱਚ ਸ਼੍ਰੀ ਚਮਕੌਰ ਸਾਹਿਬ ਵਿਖੇ ਇੱਕ ਜਨਤਕ ਸੁਣਵਾਈ ਕੀਤੀ ਹੈ ਜੋ ਕਿ ਇੱਕ ਲਾਲ ਸ਼੍ਰੇਣੀ ਦਾ ਬਹੁਤ ਜ਼ਿਆਦਾ ਪ੍ਰਦੂਸ਼ਣ ਕਰਨ ਵਾਲਾ ਉਦਯੋਗ ਹੈ।

ਪੀਏਸੀ ਦੇ ਮੈਂਬਰ ਕੁਲਦੀਪ ਸਿੰਘ ਖਹਿਰਾ ਨੇ ਕਿਹਾ, ਬਲਬੀਰ ਸਿੰਘ ਸੀਚੇਵਾਲ ਦੇ ਅਖੌਤੀ ਘਾਟ ਸਨਾਨ ਸਮਾਗਮ ਦੌਰਾਨ ਲੁਧਿਆਣਾ ਦੇ ਦੋ ਨੌਜਵਾਨ ਮੁੰਡਿਆਂ ਦੇ ਡੁੱਬਣ ਨਾਲ ਸਬੰਧਤ ਸਭ ਤੋਂ ਮੰਦਭਾਗੀ ਘਟਨਾ ਦੀ 106(1) ਅਤੇ ਬੀਐਨਐਸ ਦੀਆਂ ਹੋਰ ਢੁਕਵੀਆਂ ਧਾਰਾਵਾਂ ਤਹਿਤ ਐਫਆਈਆਰ ਦਰਜ ਕਰਨ ਤੋਂ ਬਾਅਦ ਸਮਾਂਬੱਧ ਉੱਚ ਪੱਧਰੀ ਜਾਂਚ ਦੀ ਲੋੜ ਹੈ ਕਿ ਸਰਕਾਰ ਦੁਆਰਾ ਸੀਈਟੀਪੀ ਦੇ ਆਊਟਲੈਟਸ ਦੇ ਨਾਲ ਅਜਿਹੇ ਘਾਟਾਂ ਨੂੰ ਕਿਵੇਂ ਇਜਾਜ਼ਤ ਦਿੱਤੀ ਗਈ ਅਤੇ ਕਿਹੜੇ ਅਧਿਕਾਰੀਆਂ ਨੇ ਇਜਾਜ਼ਤ ਦਿੱਤੀ? ਜਦੋਂ ਮੁੱਖ ਮੰਗ ਉਦਯੋਗਿਕ ਗੰਦੇ ਪਾਣੀ ਨੂੰ ਰੋਕਣਾ ਸੀ ਤਾਂ ਅਜਿਹੇ ਘਾਟਾਂ ਦੀ ਕੀ ਲੋੜ ਸੀ? ਕਿਸ ਅਧਿਕਾਰੀ ਨੇ ਅਜਿਹੇ ਘਾਟਾਂ ਦਾ ਸੁਰੱਖਿਆ ਆਡਿਟ ਕੀਤਾ? ਹੁਣ ਤੱਕ ਕੋਈ ਐਫਆਈਆਰ ਕਿਉਂ ਨਹੀਂ? ਜਵਾਬਦੇਹੀ ਕਿੱਥੇ ਹੈ? ਕੀ ਦੋਵਾਂ ਮੌਤਾਂ ਲਈ ਕਿਸੇ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ? ਪੀਏਸੀ ਮੈਂਬਰ ਕਪਿਲ ਦੇਵ ਅਤੇ ਜਸਕੀਰਤ ਸਿੰਘ ਨੇ ਕਿਹਾ ਕਿ ਸਰਕਾਰ ਐਨਜੀਟੀ ਦੁਆਰਾ ਗੈਰ-ਕਾਨੂੰਨੀ ਸੀਈਟੀਪੀ ਨੂੰ ਰੋਕਣ ਲਈ ਕਈ ਵਾਰ ਯਾਦ ਦਿਵਾਉਣ ਦੇ ਬਾਵਜੂਦ ਐਨਜੀਟੀ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰ ਰਹੀ ਹੈ, ਦੂਜੇ ਪਾਸੇ ਉਹ ਅਜਿਹੇ ਢਾਂਚੇ ਬਣਾਉਣ ਲਈ ਇੰਨੀ ਕਾਹਲੀ ਵਿੱਚ ਹਨ, ਜਿਨ੍ਹਾਂ ਦਾ ਨਦੀ ਦੀ ਸਫਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਸ ਬਿਆਨ ਦਾ ਸਮਰਥਨ ਪੀਏਸੀ ਮੱਤੇਵਾੜਾ ਦੇ ਗੁਰਪ੍ਰੀਤ ਸਿੰਘ ਪਲਾਹਾ ਅਤੇ ਪ੍ਰੀਤ ਧਨੋਆ ਨੇ ਵੀ ਕੀਤਾ।

## ਲੁਧਿਆਣਾ ਨਗਰ-ਨਿਗਮ ਦੇ ਮੇਅਰ ਇੰਦਰਜੀਤ ਕੌਰ ਸਨਮਾਨਤ



ਲੁਧਿਆਣਾ, 12 ਮਈ (ਰਵਿੰਦਰ ਸਿੰਘ ਨਿੱਝਰ) : ਧਾਰਮਿਕ ਏਕਤਾ ਵੈਲਫੇਅਰ ਸੁਸਾਇਟੀ ਰਜਿ. ਦੇ ਚੇਅਰਮੈਨ ਦਰਸ਼ਨ ਅਰੋੜਾ ਅਤੇ ਪ੍ਰਧਾਨ ਅਜੈ ਸਿੱਧੂ ਦੀ ਅਗਵਾਈ ਹੇਠ ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਲੁਧਿਆਣਾ ਨਗਰ ਨਿਗਮ ਦੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੂੰ ਉਨ੍ਹਾਂ ਦੀਆਂ ਵਧੀਆ ਸਮਾਜਿਕ ਸੇਵਾਵਾਂ ਲਈ ਸਥਾਨਕ ਸਰਾਭਾ ਨਗਰ ਸਥਿਤ ਨਗਰ ਨਿਗਮ ਡੀ ਜ਼ੋਨ ਦਫਤਰ ਵਿਖੇ ਫੁੱਲਾਂ ਦੇ ਗੁਲਦਸਤੇ ਅਤੇ ਦੋਸ਼ਾਲਾ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਕਿਹਾ ਕਿ ਮੇਅਰ ਚਾਹੇ ਪੁਰਸ਼ ਹੋਵੇ ਜਾਂ ਮਹਿਲਾ ਉਸ ਨੂੰ ਸ਼ਹਿਰ ਦੀ ਮਾਂ ਕਿਹਾ ਜਾਂਦਾ ਹੈ ਅਤੇ ਲੁਧਿਆਣਾ ਨਿਵਾਸੀ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਇਕ ਪੜ੍ਹੀ ਲਿਖੀ ਮਾਂ ਦੇ ਰੂਪ ਵਿੱਚ ਦੂਰ ਅੰਦੇਸ਼ ਤੇ ਦ੍ਰਿੜ ਇਰਾਦੇ ਵਾਲੀ ਮਹਿਲਾ ਮੇਅਰ ਦੀ ਯੋਗ ਅਗਵਾਈ ਮਿਲੀ ਹੈ।

ਸ੍ਰੀ ਅਜੈ ਸਿੱਧੂ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਲੁਧਿਆਣਾ ਦੇ ਵਿਕਾਸ ਕਾਰਜਾਂ ਵਿਚ ਖੜੋਤ ਆਈ ਹੋਈ ਸੀ ਪਰ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਮਿਹਨਤ ਅਤੇ ਸੱਚੀ ਲਗਨ ਰੰਗ ਲਿਆ ਰਹੀ ਹੈ, ਜਿਸ ਦੀ ਬਦੌਲਤ ਅੱਜ ਲੁਧਿਆਣਾ ਤਰੱਕੀ ਦੀ ਲੀਹ 'ਤੇ ਪੈ ਗਿਆ ਹੈ । ਸ੍ਰੀ ਦਰਸ਼ਨ ਅਰੋੜਾ ਨੇ ਮੇਅਰ ਸਾਹਿਬਾ ਦੀ ਚੜ੍ਹਦੀ ਕਲਾ ਲਈ ਦੁਆ ਦੀ ਕਾਮਨਾ ਕਰਦਿਆਂ ਆਸ ਪ੍ਰਗਟਾਈ ਕਿ ਇਨ੍ਹਾਂ ਦੇ ਕਾਰਜਕਾਲ ਵਿਚ ਹੀ ਲੁਧਿਆਣਾ ਪ੍ਰਦੂਸ਼ਣ ਮੁਕਤ ਅਤੇ ਨਗਰ ਨਿਗਮ ਭ੍ਰਿਸ਼ਟਾਚਾਰ ਮੁਕਤ ਹੋ ਜਾਵੇਗਾ । ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸਨਮਾਨ ਪ੍ਰਾਪਤ ਉਪਰੰਤ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਆਪਣੇ ਆਪ ਨੂੰ ਵਡਭਾਗਾ ਸਮਝਦੀ ਹਾਂ ਤੇ ਯਕੀਨ ਦੁਆਉਂਦੀ ਹਾਂ ਕਿ ਮੈਂ ਲੁਧਿਆਣਾ ਸ਼ਹਿਰ ਦੇ ਨਾਗਰਿਕਾਂ ਦੀਆਂ ਆਸਾਂ 'ਤੇ ਖਰੀ ਉਤਰਨ ਦਾ ਯਤਨ ਕਰਾਂਗੀ, ਜਿਸ ਲਈ ਮੈਨੂੰ ਸਭਨਾਂ ਦੇ ਸਹਿਯੋਗ ਦੀ ਜ਼ਰੂਰਤ ਹੈ। ਲੋਕ ਹਿੱਤ ਸੇਵਾ ਸੁਸਾਇਟੀ ਰਜਿ. ਦੇ ਪ੍ਰਧਾਨ ਨੇਤਾ ਜੀ ਸੋਂਧੀ ਨੇ ਆਸ ਪ੍ਰਗਟਾਉਂਦਿਆਂ ਕਿਹਾ ਕਿ ਇਨ੍ਹਾਂ ਦੀ ਯੋਗ ਰਹਿਨੁਮਾਈ ਅਧੀਨ ਜਲਦੀ ਹੀ ਲੁਧਿਆਣਾ ਸ਼ਹਿਰ ਦੀ ਬਦਲੀ ਹੋਈ ਖੂਬਸੂਰਤ ਨੁਹਾਰ ਪ੍ਰਤੱਖ ਦਿਖਾਈ ਦੇਵੇਗੀ।

## ਗੁਰਦੁਆਰਾ ਭਾਈ ਘਨੱਈਆ ਧਾਮ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਲੁਧਿਆਣਾ, 12 ਮਈ (ਕਰਨੈਲ ਸਿੰਘ ਐੱਮ.ਏ.) : ਸੇਵਾਪੰਥੀ ਗੁਰਦੁਆਰਾ ਭਾਈ ਘਨੱਈਆ ਧਾਮ, ਸੈਕਟਰ-20, ਹੁੱਡਾ, ਕੈਥਲ (ਹਰਿਆਣਾ) ਵਿਖੇ ਤੀਜੇ ਪਾਤਸ਼ਾਹ ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਚੁਪਹਿਰਾ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਗੁਰਬਾਣੀ ਦਾ ਪਾਠ ਅਤੇ ਰਸ-ਭਿੰਨਾ ਕੀਰਤਨ ਕੀਤਾ ਗਿਆ । ਸੰਤ ਆਸ਼ੀਸ਼ ਸ਼ਾਸਤਰੀ ਜੀ ਨੇ ਸੇਵਾ ਦੀ ਮਹਾਨਤਾ ਬਾਰੇ ਚਾਨਣਾ ਪਾਇਆ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸੇਵਾਪੰਥੀ ਗੁਰਦੁਆਰਾ ਦੇ ਮੁੱਖ ਸੇਵਾਦਾਰ ਸੰਤ (ਡਾ:) ਆਸ਼ੀਸ਼ ਸ਼ਾਸਤਰੀ ਜੀ ਨੇ ਧਾਮ ਦੇ ਸੇਵਾਦਾਰਾਂ ਬੀਬੀ ਰਾਜਿੰਦਰ ਕੋਹਲੀ, ਮਾਨਸੀ ਨਾਗਪਾਲ, ਸ਼ਸ਼ੀ ਭਗਤ, ਰਮੇਸ਼ ਮਦਾਨ, ਕਮਲੇਸ਼ ਸੇਤੀਆ, ਪੁਸ਼ਪਾ ਗਾਂਧੀ, ਕਾਂਤਾ ਗਿਰਧਰ, ਕ੍ਰਿਸ਼ਨਾਵੰਤੀ ਗਾਂਧੀ ਜੀ ਨੂੰ ਸਨਮਾਨਿਤ ਕੀਤਾ।

## ਪਿੰਡ ਮਾਨਗੜ੍ਹ ਦੇ ਪੰਚਾਇਤੀ ਰਸਤੇ 'ਚ ਬਣਾਇਆ ਫ਼ੈਕਟਰੀ ਦਾ ਸੈਪਟਿਕ ਟੈਂਕ ਜਲਦ ਹਟਾਇਆ ਜਾਵੇਗਾ : ਏ.ਡੀ.ਸੀ. ਬੈਂਸ



ਸਾਹਨੇਵਾਲ ਕੁਹਾੜਾ, 12 ਮਈ (ਕੁਲਦੀਪ ਸਿੰਘ ਕੁਹਾੜਾ) : ਪਿੰਡ ਮਾਨਗੜ੍ਹ ਦੇ ਪੰਚਾਇਤੀ ਰਸਤੇ 'ਤੇ ਨਟ ਬੋਲਟ ਬਨਾਉਣ ਵਾਲੀ ਨਾਮੀ ਫੈਕਟਰੀ ਸੈਪਟਿਕ ਟੈਂਕ ਬਣਾਕੇ ਕੀਤੇ ਨਜਾਇਜ਼ ਕਬਜ਼ੇ ਦੀਆਂ ਖਬਰਾਂ ਵੱਖ ਵੱਖ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ, ਜਿਸ ਤੋਂ ਬਾਅਦ ਪੰਚਾਇਤ ਵਿਭਾਗ ਨੇ ਆਪਣੇ ਦਫਤਰ ਵੱਲੋਂ ਇੱਕ ਲਿਖਤੀ ਨੋਟਿਸ ਫੈਕਟਰੀ ਮਾਲਕਾਂ ਨੂੰ ਜਾਰੀ ਕੀਤਾ, ਜਿਸ ਵਿਚ ਉਹਨਾਂ ਵੱਲੋਂ ਕੀਤੇ ਕਬਜ਼ੇ ਸਬੰਧੀ ਜਾਣਕਾਰੀ ਮੰਗੀ ਗਈ ਸੀ ਪਰ ਫੈਕਟਰੀ ਮਾਲਕਾਂ ਨੇ ਉਸ ਨੋਟਿਸ ਦਾ ਕੋਈ ਵੀ ਜਵਾਬ ਨਹੀਂ ਦਿੱਤਾ। ਜਦੋਂ ਇਹ ਮਾਮਲਾ ਪੱਤਰਕਾਰਾਂ ਵੱਲੋਂ ਅੱਜ ਏਡੀਸੀ ਵਿਕਾਸ ਸ, ਅਮਰਜੀਤ ਸਿੰਘ ਬੈਂਸ ਦੇ ਧਿਆਨ ਵਿੱਚ ਲਿਆਂਦਾ ਤਾਂ ਉਹਨਾਂ ਤੁਰੰਤ ਹੀ ਸਬੰਧਤ ਬੀਡੀਪੀਓ ਨੂੰ ਫੈਕਟਰੀ ਖਿਲਾਫ ਜਲਦ ਐਕਸ਼ਨ ਲੈਣ ਦਾ ਹੁਕਮ ਕੀਤਾ।

ਕੀ ਕਹਿਣਾ ਏਡੀਸੀ ਵਿਕਾਸ ਦਾ- ਏਡੀਸੀ ਵਿਕਾਸ ਸ. ਅਮਰਜੀਤ ਸਿੰਘ ਬੈਂਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤੁਹਾਡੇ ਵੱਲੋਂ ਇਹ ਗੱਲ ਅੱਜ ਹੀ ਮੇਰੇ ਧਿਆਨ ਵਿੱਚ ਲਿਆਂਦੀ ਗਈ ਹੈ। ਪਿੰਡ ਮਾਨਗੜ੍ਹ ਦੇ ਪੰਚਾਇਤੀ ਰਸਤੇ ਵਿਚ ਬਣਾਏ ਫੈਕਟਰੀ ਦੇ ਸੈਪਟਿਕ ਟੈਂਕ ਨੂੰ ਜਲਦੀ ਹਟਾਇਆ ਜਾਵੇਗਾ ਤੇ ਇਸ ਫੈਕਟਰੀ ਖਿਲਾਫ ਬਣਦੀ ਸਖਤ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ।

## ਨਾਬਾਲਿਗ ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲਾ ਨੌਜਵਾਨ ਕਾਬੂ

ਮੁੱਲਾਂਪੁਰ ਦਾਖਾ, 12 ਮਈ (ਦਵਿੰਦਰ ਸਿੰਘ ਲੰਮੇਂ) : ਥਾਣਾ ਦਾਖਾ ਦੀ ਪੁਲਿਸ ਨੇ ਨਾਬਾਲਿਗ ਲੜਕੀ ਨੂੰ ਵਰਗਲਾ ਕੇ ਲਿਜਾਣ ਦੇ ਦੋਸ਼ ਤਹਿਤ ਇੱਕ ਨੌਜਵਾਨ ਨੂੰ ਕਾਬੂ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਕੇਸ ਦੀ ਪੜਤਾਲ ਕਰ ਰਹੇ ਏ.ਐਸ.ਆਈ. ਹਰਜੀਤ ਸਿੰਘ ਅਨੁਸਾਰ ਲਾਗਲੇ ਪਿੰਡ ਦੇ ਰਹਿਣ ਵਾਲੇ ਇੱਕ ਵਿਅਕਤੀ ਨੇ ਦਰਜ ਕਰਵਾਏ ਬਿਆਨਾਂ ਵਿੱਚ ਦੱਸਿਆ ਕਿ 10 ਮਈ ਨੂੰ ਉਸਦੀ ਪੋਤੀ ਸ਼ਾਮ 6 ਵਜੇ ਰੋਜ਼ਾਨਾ ਦੀ ਤਰ੍ਹਾਂ ਘਰੋਂ ਗੁਰਦਵਾਰਾ ਸਾਹਿਬ ਵਿਖੇ ਮੱਥਾ ਟੇਕਣ ਗਈ ਸੀ, ਜਿਹੜੀ ਵਾਪਸ ਨਹੀਂ ਆਈ। ਪੁੱਛ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਸਦੀ ਪੋਤੀ ਨੂੰ ਉਸਦੇ ਦੋਹਤੇ ਦਾ ਦੋਸਤ ਅੰਮ੍ਰਿਤਪਾਲ ਸਿੰਘ ਵਾਸੀ ਜਲੰਧਰ ਵਿਆਹ ਕਰਾਉਣ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ ਹੈ। ਦਾਖਾ ਪੁਲਿਸ ਨੇ ਕੇਸ ਦਰਜ ਕਰਨ ਉਪਰੰਤ ਲੜਕੀ ਨੂੰ ਬਰਾਮਦ ਕਰਕੇ ਵਾਰਸਾਂ ਨੂੰ ਸੌਂਪ ਦਿੱਤਾ ਹੈ ਅਤੇ ਲੜਕੇ ਖਿਲਾਫ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਐਮ.ਪੀ. ਅਰੋੜਾ ਅਤੇ ਮੰਤਰੀ ਮਹਿੰਦਰ ਭਗਤ ਨੇ ਮੁਹੱਲਾ ਕਲੀਨਿਕ ਦਾ ਰੱਖਿਆ ਨੀਂਹ ਪੱਥਰ



ਲੁਧਿਆਣਾ, 12 ਮਈ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨਾਲ ਮਿਲ ਕੇ ਸੋਮਵਾਰ ਨੂੰ ਮਿੱਡਾ ਚੌਕ ਨੇੜੇ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮੁਹੱਲਾ ਕਲੀਨਿਕ ਦਾ ਨੀਂਹ ਪੱਥਰ ਰੱਖਿਆ। ਉਦਘਾਟਨ ਸਮਾਰੋਹ ਵਿੱਚ ਬੋਲਦਿਆਂ ਐਮਪੀ ਅਰੋੜਾ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਮਾਣ ਵਿੱਚ ਤੇਜ਼ੀ ਲਿਆਉਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕਲੀਨਿਕ ਇੱਕ ਮਹੀਨੇ ਦੇ ਅੰਦਰ ਚਾਲੂ ਹੋ ਜਾਵੇ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਮੁਹੱਲਾ ਕਲੀਨਿਕ ਸਥਾਪਤ ਕਰਨ ਦੀ ਲੰਬੇ ਸਮੇਂ ਤੋਂ ਮੰਗ ਸੀ ਖਾਸ ਕਰਕੇ ਕਿਉਂਕਿ ਸਥਾਨਕ ਆਬਾਦੀ ਦਾ ਇੱਕ ਵੱਡਾ ਹਿੱਸਾ ਮਜ਼ਦੂਰ ਵਰਗ ਤੋਂ ਆਉਂਦਾ ਹੈ। ਅਰੋੜਾ ਨੇ ਕਿਹਾ ਕਿ ਹਾਲ ਹੀ ਵਿੱਚ ਵਸਨੀਕਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਸੀ ਕਿਉਂਕਿ ਉਹ ਨਿੱਜੀ ਕਲੀਨਿਕਾਂ ਅਤੇ ਹਸਪਤਾਲਾਂ ਵਿੱਚ ਮਹਿੰਗਾ ਇਲਾਜ ਕਰਵਾਉਣ ਵਿੱਚ ਅਸਮਰੱਥ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਸਿਵਲ ਸਰਜਨ ਡਾ: ਰਮਨਦੀਪ ਕੌਰ ਨਾਲ ਇਸ ਮੁੱਦੇ 'ਤੇ ਚਰਚਾ ਕੀਤੀ ਅਤੇ ਸਥਾਨਕ ਭਾਈਚਾਰੇ ਦੇ ਵਿਆਪਕ ਲਾਭ ਲਈ ਇੱਕ ਮੁਹੱਲਾ ਕਲੀਨਿਕ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ। ਵਿਆਪਕ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹੋਏ ਅਰੋੜਾ ਨੇ ਕਿਹਾ ਕਿ ਮੁਹੱਲਾ ਕਲੀਨਿਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਇੱਕ ਪਹਿਲਕਦਮੀ ਪਹੁੰਚਯੋਗ ਅਤੇ ਕਿਫਾਇਤੀ ਪ੍ਰਾਇਮਰੀ ਸਿਹਤ ਸੰਭਾਲ ਵੱਲ ਇੱਕ ਪਰਿਵਰਤਨਸ਼ੀਲ ਕਦਮ ਹੈ। ਇਹ ਕਲੀਨਿਕ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਦਿੱਲੀ ਵਿੱਚ ਸਫਲ ਲਾਗੂਕਰਨ ਦੇ ਮਾਡਲ 'ਤੇ ਬਣਾਏ ਗਏ ਹਨ।

ਉਨ੍ਹਾਂ ਕਿਹਾ ਕਿ ਕਲੀਨਿਕ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਮੁਫ਼ਤ, ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨਾ ਹੈ। ਇਹ ਸਿਹਤ ਸੰਭਾਲ ਵਿਤਰਣ ਦੇ ਵਿਕੇਂਦਰੀਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਜਿਸ ਨਾਲ ਡਾਕਟਰੀ ਸਲਾਹ-ਮਸ਼ਵਰੇ ਜ਼ਰੂਰੀ ਦਵਾਈਆਂ ਅਤੇ ਡਾਇਗਨੌਸਟਿਕ ਟੈਸਟਾਂ ਤੱਕ ਆਸਾਨ ਪਹੁੰਚ ਸੰਭਵ ਹੋ ਜਾਂਦੀ ਹੈ ਖਾਸ ਕਰਕੇ ਗਰੀਬਾਂ, ਬਜ਼ੁਰਗਾਂ, ਔਰਤਾਂ ਅਤੇ ਰੋਜ਼ਾਨਾ ਦਿਹਾੜੀ ਕਰਨ ਵਾਲਿਆਂ ਲਈ। ਆਪਣੀ ਗੱਲ ਜਾਰੀ ਰੱਖਦੇ ਹੋਏ, ਉਨ੍ਹਾਂ ਅੱਗੇ ਕਿਹਾ ਕਿ ਕਲੀਨਿਕ ਸਿਹਤ ਸੰਭਾਲ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਅਤੇ ਜਲਦੀ ਨਿਦਾਨ ਅਤੇ ਇਲਾਜ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰਦੇ ਹਨ। ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ 'ਆਪ' ਸਰਕਾਰ ਦੀ ਜਨਤਕ ਸਿਹਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਾਗਰਿਕ-ਕੇਂਦ੍ਰਿਤ ਸ਼ਾਸਨ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜਿਸ ਨਾਲ ਅੰਤ ਵਿੱਚ ਇੱਕ ਹੋਰ ਬਰਾਬਰੀ ਵਾਲਾ ਅਤੇ ਸਿਹਤਮੰਦ ਪੰਜਾਬ ਬਣ ਜਾਵੇਗਾ। ਉਨ੍ਹਾਂ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਕਲੀਨਿਕ ਦੇ ਚਾਲੂ ਹੋਣ ਤੋਂ ਬਾਅਦ ਇਸ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।

## ਮਿਸਲ ਨਵਾਬ ਕਪੂਰ ਸਿੰਘ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਅਕਾਲੀ ਦਲ ਵੱਲੋਂ ਗੁਰਮਤਿ ਸਮਾਗਮ




ਭੋਗਪੁਰ, 12 ਮਈ (ਜੰਡੀਰ ਸੈਣੀ): ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਦੀ ਅਗਵਾਈ ਹੇਠ ਪਿੰਡ ਘੋੜੇ ਚੱਕ ਵਿਖੇ ਸ਼ਹੀਦੀ ਜੋੜ ਮੇਲੇ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਰਾਗੀ ਸਿੰਘਾਂ ਨੇ ਨਿਰੋਲ ਗੁਰਬਾਣੀ ਰਾਹੀਂ ਸੰਗਤਾਂ ਨੂੰ ਖੂਬ ਨਿਹਾਲ ਕੀਤਾ। ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਨੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਜੋੜਨਾ ਕੀਤਾ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਉਸ ਤੋਂ ਬਾਅਦ ਸ਼ਾਮ ਵੇਲੇ ਗੁਰੂ ਦੀਆਂ ਫੌਜਾਂ ਨੇ ਘੋੜ ਦੌੜ ਅਤੇ ਗੱਤਕੇ ਦੇ ਜੌਹਰ ਵੀ ਦਿਖਾਏ। ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਨੇ ਸੇਵਾਦਾਰਾਂ ਨੂੰ ਸਿਰੋਪਾਉ ਨਾਲ ਸਨਮਾਨਿਤ ਕੀਤਾ। ਘੋੜ ਦੌੜ ਤੇ ਗਤਕੇ ਜੌਹਰ ਦੇ ਦਿਖਾਉਣ ਵਾਲੇ ਸਿੰਘਾਂ ਨੂੰ ਇਨਾਮ ਵੀ ਵੰਡੇ।

## ਸਿਵਲ ਡਿਫੈਂਸ 'ਚ ਦਾਖਲੇ ਲਈ ਸਾਬਕਾ ਸੈਨਿਕਾਂ, ਹੋਮਗਾਰਡ, ਐੱਨ.ਸੀ.ਸੀ. ਕੈਡਿਟਾਂ ਤੇ ਨੌਜਵਾਨਾਂ ਦਾ ਭਾਰੀ ਉਤਸ਼ਾਹ ਬੇਹੱਦ ਸ਼ਲਾਘਾਯੋਗ : ਬੈਂਸ

☛ ਕੈਬਨਿਟ ਮੰਤਰੀ ਨੇ ਪ੍ਰਸ਼ਾਸਨ ਵੱਲੋਂ ਸਿਵਲ ਡਿਫੈਂਸ ਵਲੰਟੀਅਰ ਮੈਂਬਰਸ਼ਿਪ ਅਭਿਆਸ 'ਚ ਭਰੀ ਹਾਜ਼ਰੀ




ਸ੍ਰੀ ਅਨੰਦਪੁਰ ਸਾਹਿਬ, 12 ਮਈ (ਤਰਲੋਚਨ ਸਿੰਘ): ਸਿਵਲ ਡਿਫੈਂਸ ਵਲੰਟੀਅਰ ਦਾਖਲਾ ਮੁਹਿੰਮ ਤਹਿਤ ਵਿਰਾਸਤ ਏ ਖਾਲਸਾ ਦੇ ਆਡੋਟੋਰੀਅਮ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰੱਖੇ ਪਲੇਠੇ ਪ੍ਰੋਗਰਾਮ ਵਿੱਚ ਪਹੁੰਚੇ ਸਾਬਕਾ ਸੈਨਿਕਾਂ, ਐਨ.ਸੀ.ਸੀ ਕੈਡਿਟ, ਐਨ.ਐਸ.ਐਸ ਵਲੰਟੀਅਰ, ਨੌਜਵਾਨ, ਰਿਟ.ਕਰਮਚਾਰੀ, ਪੰਚ, ਸਰਪੰਚ ਤੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਤੋਂ ਇਹ ਪ੍ਰਤੀਤ ਹੋ ਰਿਹਾ ਹੈ ਕਿ ਸਾਡੀਆਂ ਸੁਰੱਖਿਆ ਫੋਰਸਾਂ ਦੀ ਸਹਾਇਤਾ ਲਈ ਦੂਜੀ ਕਤਾਰ ਵੀ ਤਿਆਰ ਬਰ ਤਿਆਰ ਹੈ। ਪੰਜਾਬ ਦੀ ਅਵਾਮ ਨੂੰ ਅਪੀਲ ਹੈ ਕਿ ਜੋ ਸੁਰੱਖਿਆ ਫੋਰਸਾਂ ਵੱਲੋਂ ਸੂਚਨਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਹੁੰਚਾਈ ਜਾਂਦੀ ਹੈ, ਉਸ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ, ਸਾਨੂੰ ਸਾਡੀਆਂ ਸੁਰੱਖਿਆ ਫੋਰਸਾਂ 'ਤੇ ਬਹੁਤ ਮਾਣ ਤੇ ਯਕੀਨ ਹੈ ਤੇ ਰਾਜ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਆਮ ਲੋਕਾਂ ਦੇ ਹਿੱਤ ਲਈ ਹੀ ਕੰਮ ਕਰ ਰਿਹਾ ਹੈ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਵਿਰਾਸਤ ਏ ਖਾਲਸਾ ਸ੍ਰੀ ਅਨੰਦਪੁਰ ਸਾਹਿਬ ਦੇ ਆਡੋਟੋਰੀਅਮ ਵਿਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਸਿਵਲ ਡਿਫੈਂਸ ਵਲੰਟੀਅਰ ਰਜਿਸਟ੍ਰੇਸ਼ਨ ਪ੍ਰੋਗਰਾਮ ਅਭਿਆਸ ਤਹਿਤ ਪਹੁੰਚੇ ਪੰਚਾਂ, ਸਰਪੰਚਾਂ, ਸਾਬਕਾ ਸੈਨਿਕਾਂ, ਹੋਮਗਾਰਡ, ਐਨ. ਸੀ. ਸੀ.ਕੈਡਿਟ, ਐਨ.ਐਸ.ਐਸ ਵਲੰਟੀਅਰ, ਨੌਜਵਾਨਾਂ, ਸਾਬਕਾ ਕਰਮਚਾਰੀਆਂ/ ਅਧਿਕਾਰੀਆਂ ਦੇ ਇੱਕ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿਸ ਤਰਾਂ ਵੱਖ ਵੱਖ ਵਿਭਾਗਾ ਵੱਲੋਂ ਕਿਸੇ ਵੀ ਆਪਾਤ ਸਥਿਤੀ ਨਾਲ ਨਜਿੱਠਣ ਦੀ ਸਿਖਲਾਈ ਦਿੱਤੀ ਹੈ, ਉਸ ਤਰ੍ਹਾਂ ਦੇ ਪ੍ਰੋਗਰਾਮ ਭਲਕੇ ਨੰਗਲ ਵਿੱਚ ਅਤੇ ਇਸ ਉਪਰੰਤ ਰੂਪਨਗਰ, ਮੋਰਿੰਡਾ, ਚਮਕੌਰ ਸਾਹਿਬ ਵਿੱਚ ਵੀ ਰੱਖੇ ਗਏ ਹਨ, ਜਿਨ੍ਹਾਂ ਵਿੱਚ ਅੱਜ ਦੇ ਪ੍ਰੋਗਰਾਮ ਦੀ ਤਰ੍ਹਾਂ ਹੀ ਉਨ੍ਹਾਂ ਇਲਾਕਿਆਂ ਦੇ ਨਾਗਰਿਕ ਵੱਧ ਚੜ੍ਹ ਕੇ ਭਾਗ ਲੈਣ। ਉਨ੍ਹਾਂ ਨੇ ਕਿਹਾ ਕਿ ਜੰਗ ਵਰਗੇ ਹਾਲਾਤਾਂ ਵਿਚ ਕਿਸ ਤਰ੍ਹਾਂ ਸਵੈ ਰੱਖਿਆ ਤੇ ਹੋਰ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕਰਨੀ ਹੈ ਅਤੇ ਲੋੜ ਪੈਣ 'ਤੇ ਸੁਰੱਖਿਆ ਫੋਰਸਾਂ ਦੀ ਦੂਜੀ ਕਤਾਰ ਬਣ ਕੇ ਉਨ੍ਹਾਂ ਨੂੰ ਸਹਿਯੋਗ ਕਰਨਾ ਹੈ, ਇਸ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਫਤਰ ਸੁਰੱਖਿਆ ਫੋਰਸਾਂ ਦੇ ਨਾਲ ਸਿੱਧੇ ਜੁੜੇ ਹੁੰਦੇ ਹਨ, ਜਦੋਂ ਵੀ ਕੋਈ ਸੂਚਨਾ ਜ਼ਿਲ੍ਹਾ ਪ੍ਰਸ਼ਾਸਨ ਕੋਲ ਪਹੁੰਚਦੀ ਹੈ ਤਾਂ ਉਹ ਲੋਕਾਂ ਤੱਕ ਪਹੁੰਚਾਈ ਜਾਂਦੀ ਹੈ, ਉਸ 'ਤੇ ਆਮ ਲੋਕ ਨੁਕਤਾਚੀਨੀ ਨਾ ਕਰਨ ਸਗੋਂ ਪ੍ਰਸ਼ਾਸਨ ਦੇ ਆਦੇਸ਼ਾਂ ਦੀ ਪਾਲਣਾ ਕਰਨ। ਇਸ ਮੌਕੇ ਜਸਪ੍ਰੀਤ ਸਿੰਘ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ, ਅਰਵਿੰਦਰ ਸਿੰਘ ਸੋਮਲ ਜੀ.ਏ. ਟੂ ਡਿਪਟੀ ਕਮਿਸ਼ਨਰ, ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਜਸਪਾਲ ਸਿੰਘ ਢਾਹੇ ਸਰਪੰਚ, ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਨਿਤਿਨ ਬਾਸੋਵਾਲ ਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।

## ਖ਼ਾਲਸਾ ਸਾਜਨਾ ਦਿਵਸ 'ਤੇ ਖ਼ਾਲਸਾਈ ਰੰਗ 'ਚ ਰੰਗਿਆ ਕੈਲਗਰੀ

ਕੈਲਗਰੀ, 12 ਮਈ (ਚ.ਨ.ਸ.): ਖਾਲਸਾ ਸਾਜਨਾ ਦਿਵਸ 'ਤੇ ਸਿੱਖਾਂ ਦੇ 'ਖਾਲਸਾ ਡੇਅ ਪ੍ਰੇਡ' ਵਜੋਂ ਮਨਾਏ ਜਾਂਦੇ ਸਾਲਾਨਾ 25ਵੇਂ ਕੈਲਗਰੀ ਨਗਰ ਕੀਰਤਨ ਵਿਚ ਸੰਗਤਾਂ ਦਾ ਬੇਮਿਸਾਲ ਇਕੱਠ ਤੇ ਉਤਸ਼ਾਹ ਦੇਖਣ ਨੂੰ ਮਿਲਿਆ। ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਨਗਰ ਕੀਰਤਨ ਗੁਰਦੁਆਰਾ ਦਸਮੇਸ਼ ਕਲਚਰ ਸੈਂਟਰ ਕੈਲਗਰੀ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜੈਕਾਰਿਆਂ ਦੀ ਗੂੰਜ ਵਿੱਚ ਆਰੰਭ ਹੋਇਆ। ਇਸ ਨਗਰ ਕੀਰਤਨ ਵਿਚ ਇੱਕ ਲੱਖ 50 ਹਜ਼ਾਰ ਤੋਂ ਵੱਧ ਦੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਕੈਲਗਰੀ ਦੀਆਂ ਸੰਗਤਾਂ ਤੋਂ ਇਲਾਵਾ ਐਡਮਿੰਟਨ, ਸਰੀ, ਵੈਨਕੂਵਰ, ਐਬਸਫੋਰਡ, ਟੋਰਾਂਟੋ ਤੋਂ ਸੰਗਤਾਂ ਨੇ ਭਾਰੀ ਗਿਣਤੀ 'ਚ ਹਾਜ਼ਰੀ ਭਰੀ। ਇਸ ਸਮੇਂ ਖਾਲਸਾ ਸਕੂਲ ਕੈਲਗਰੀ ਦੇ ਬੱਚਿਆਂ ਵਲੋਂ ਸ਼ਬਦ ਗਾਇਨ ਕਰਕੇ ਨਗਰ ਕੀਰਤਨ ਦੀ ਆਰੰਭਤਾ ਕਰਵਾਈ। ਅਰਦਾਸ ਕਰਨ ਉਪਰੰਤ ਸੰਗਤਾਂ ਵਲੋਂ ਜੈਕਾਰਿਆਂ ਦੀ ਗੂੰਜ ਨਾਲ ਨਗਰ ਕੀਰਤਨ ਰਵਾਨਾ ਹੋਇਆ। ਇਸ ਸਮੇਂ ਮੋਟਰ ਸਾਈਕਲ ਤੋਂ ਕੈਲਗਰੀ ਪੁਲਿਸ ਦੀਆਂ ਗੱਡੀਆਂ ਸਭ ਤੋਂ ਅੱਗੇ ਚੱਲਦੀਆਂ ਹੋਈਆਂ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੀਆਂ ਸਨ। ਸੰਗਤਾਂ ਦੀ ਵੱਡੀ ਗਿਣਤੀ ਕਰਕੇ ਕੈਲਗਰੀ ਕੇਸਰੀ, ਨੀਲੀਆਂ ਦਸਤਾਰਾਂ ਅਤੇ ਦੁਪੱਟਿਆਂ ਦੇ ਰੰਗ 'ਚੋਂ ਪੂਰੀ ਤਰ੍ਹਾਂ ਰੰਗਿਆ ਨਜ਼ਰ ਆ ਰਿਹਾ ਸੀ। ਕੀਰਤਨੀ ਜਥੇ ਵਾਲੇ ਫਲੋਟ ਵਿੱਚ ਬੈਠੀਆਂ ਸੰਗਤਾਂ ਗੁਰਬਾਣੀ ਜਾਪ ਕਰ ਰਹੀਆਂ ਸਨ। ਗਤਕੇ ਦੀ ਟੀਮ ਤੇ ਮੋਟਰਸਾਈਕਲ ਸਵਾਰ-ਸਿੱਖ ਨੌਜਵਾਨ ਵੀ ਨਗਰ ਕੀਰਤਨ ਸਮੇਂ ਖਿੱਚ ਦਾ ਕੇਂਦਰ ਬਣੇ ਰਹੇ। ਨਗਰ ਕੀਰਤਨ ਸਮੇਂ ਰਸਤੇ ਵਿੱਚ ਸੰਗਤਾਂ ਦੇ ਖਾਣ ਪੀਣ ਵਾਲੀਆਂ ਵਸਤਾਂ ਦੇ ਵਿਸ਼ੇਸ਼ ਸਟਾਲ ਲਗਾਏ ਹੋਏ ਸਨ। ਨਗਰ ਕੀਰਤਨ ਦੀ ਮੁੱਖ ਸਟੇਜ ਪ੍ਰੇਰੀਵਿੰਡ ਪਾਰਕ ਵਿੱਚ ਲਗਾਈ ਗਈ, ਜਿੱਥੇ ਢਾਡੀ ਤੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

## ਸਰਹੱਦੀ ਪਿੰਡਾਂ 'ਚ ਪਹੁੰਚੇ ਰਮਿੰਦਰ ਸਿੰਘ ਆਵਲਾ, ਲੋਕਾਂ ਨੂੰ ਦਿੱਤਾ ਭਰੋਸਾ 'ਤੁਹਾਡੇ ਨਾਲ ਹਰ ਸਮੇਂ ਖੜ੍ਹੇ ਹਾਂ'



ਫਾਜ਼ਿਲਕਾ/ਜਲਾਲਾਬਾਦ, 12 ਮਈ (ਬਖ਼ਸ਼ੀਸ਼ ਸਿੰਘ/ ਜਸਪ੍ਰੀਤ ਸਿੰਘ): ਸਰਹੱਦੀ ਇਲਾਕਿਆਂ ਵਿੱਚ ਤਣਾਅ ਭਰੇ ਹਾਲਾਤਾਂ ਨੂੰ ਦੇਖਦਿਆਂ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਬਾਰਡਰ ਨਾਲ ਲਗਦੇ ਪਿੰਡਾਂ ਦਾ ਦੌਰਾ ਕੀਤਾ। ਉਨ੍ਹਾਂ ਨੇ ਪਿੰਡ ਚੱਕ ਟਾਹਲੀ ਵਾਲਾ, ਜੋਧਾ ਭੈਣੀ ਸਮੇਤ ਹੋਰ ਪਿੰਡਾਂ ਵਿੱਚ ਪਹੁੰਚ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਪੈਂਦੀ ਹੈ, ਤਾਂ ਉਹ ਅਤੇ ਉਨ੍ਹਾਂ ਦੀ ਟੀਮ ਪੂਰੀ ਤਰ੍ਹਾਂ ਨਾਲ ਉਨ੍ਹਾਂ ਦੇ ਨਾਲ ਖੜੀ ਹੈ। ਰਮਿੰਦਰ ਸਿੰਘ ਆਵਲਾ ਨੇ ਕਿਹਾ ਕਿ ਸਰਹੱਦੀ ਹਾਲਾਤਾਂ ਨੂੰ ਦੇਖਦੇ ਹੋਏ ਲੋਕਾਂ ਵਿੱਚ ਡਰ ਪੈਦਾ ਹੋਣਾ ਕੁਦਰਤੀ ਗੱਲ ਹੈ ਪਰ ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਤੇ ਸਥਾਨਕ ਆਗੂ ਉਨ੍ਹਾਂ ਦੀ ਸਹਾਇਤਾ ਲਈ ਤਤਪਰ ਹਨ। ਇਸ ਮੌਕੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਚੱਕ ਟਾਹਲੀ ਵਾਲਾ ਲਈ ਪੰਜਾਹ ਹਜ਼ਾਰ ਰੁਪਏ ਨਕਦ ਰਕਮ ਸੇਵਾ ਵਜੋਂ ਭੇਟ ਕੀਤੀ। ਇਸ ਦੇ ਨਾਲ ਹੀ ਜੋਧਾ ਭੈਣੀ ਪਿੰਡ ਦੇ ਕਮਿਊਨਿਟੀ ਹਾਲ ਵਿੱਚ ਪੱਖੇ ਅਤੇ ਗੇਟ ਲਗਵਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪੱਖੇ ਲਗਵਾਉਣ ਦਾ ਕੰਮ 2 ਤੋਂ 4 ਦਿਨਾਂ ਦੇ ਅੰਦਰ ਪੂਰਾ ਕਰ ਦਿੱਤਾ ਜਾਵੇਗਾ। ਰਮਿੰਦਰ ਸਿੰਘ ਆਵਲਾ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ। ਇਸ ਦੌਰਾਨ ਰਮਿੰਦਰ ਸਿੰਘ ਆਵਲਾ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਉਨ੍ਹਾਂ ਵੱਲੋਂ ਜਲਾਲਾਬਾਦ ਸ਼ਹਿਰ ਵਿੱਚ 2 ਐਂਬੂਲੈਂਸਾਂ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਪੂਰੀ ਮੈਡੀਕਲ ਸਹੂਲਤਾਂ ਸਮੇਤ ਡਾਕਟਰੀ ਇਲਾਜ ਦੀ ਵੀ ਵਿਵਸਥਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਨੂੰ ਜ਼ਰੂਰਤ ਪਵੇ ਤਾਂ ਉਹ ਸਿੱਧਾ ਉਨ੍ਹਾਂ ਜਾਂ ਉਨ੍ਹਾਂ ਦੀ ਟੀਮ ਨਾਲ ਸੰਪਰਕ ਕਰੇ। ਦੌਰੇ ਦੌਰਾਨ ਰਮਿੰਦਰ ਸਿੰਘ ਆਵਲਾ ਦੇ ਨਾਲ ਕਈ ਸਥਾਨਕ ਆਗੂ ਮੰਗਲ ਸਿੰਘ, ਕਮਲ ਧੂੜੀਆ (ਚੇਅਰਮੈਨ), ਬਿੱਲੂ ਸਿੰਘ (ਸਾਬਕਾ ਸਰਪੰਚ), ਮਹਿੰਦਰ ਸਿੰਘ (ਮੌਜੂਦਾ ਸਰਪੰਚ) ਤੇ ਲੱਖਾ ਸਿੰਘ (ਸਾਬਕਾ ਮੈਂਬਰ) ਆਦਿ ਮੌਜੂਦ ਸਨ।

## 'ਆਪ' ਨੇ ਪੂਜਾ ਲੂਥਰਾ ਸਚਦੇਵਾ ਨੂੰ ਅਬੋਹਰ 'ਚ ਕੋਆਰਡੀਨੇਟਰ ਨਿਯੁਕਤ ਕਰਕੇ ਦਿੱਤੀ ਅਹਿਮ ਜ਼ਿੰਮੇਵਾਰੀ



ਫਾਜ਼ਿਲਕਾ/ਅਬੋਹਰ, 12 ਮਈ (ਬਖ਼ਸ਼ੀਸ਼ ਸਿੰਘ/ ਜਸਪ੍ਰੀਤ ਸਿੰਘ): ਆਮ ਆਦਮੀ ਪਾਰਟੀ ਵੱਲੋਂ ਅਬੋਹਰ 'ਚ ਆਪਣੀ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਤੇ ਵਾਰਡ ਨੰਬਰ 24 ਦੀ ਮੌਜੂਦਾ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੂੰ ਅਬੋਹਰ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਪਾਰਟੀ ਵੱਲੋਂ ਦਿੱਤੀ ਗਈ ਇਸ ਨਵੀਂ ਜ਼ਿੰਮੇਵਾਰੀ ਨਾਲ ਸਿਰਫ਼ ਪੂਜਾ ਲੂਥਰਾ ਸਚਦੇਵਾ ਹੀ ਨਹੀਂ, ਸਗੋਂ ਉਨ੍ਹਾਂ ਦੇ ਸਮਰਥਕਾਂ, ਆਪ ਵਰਕਰਾਂ ਅਤੇ ਸਥਾਨਕ ਆਗੂਆਂ ਵਿੱਚ ਵੀ ਖ਼ੁਸ਼ੀ ਦੀ ਲਹਿਰ ਵੇਖਣ ਨੂੰ ਮਿਲੀ। ਇਸ ਨਿਯੁਕਤੀ 'ਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੇ ਪੂਜਾ ਲੂਥਰਾ ਨੂੰ ਵਧਾਈ ਦਿੱਤੀ। ਉਨ੍ਹਾਂ ਦੀ ਸਿਆਸੀ ਯਾਤਰਾ ਦੀ ਗੱਲ ਕੀਤੀ ਜਾਵੇ ਤਾਂ ਉਹ ਸਦਾ ਹੀ ਸੰਗਠਨ ਵਿੱਚ ਇੱਕ ਸਰਗਰਮ, ਜਾਣੇ ਪਹਿਚਾਣੇ ਚਿਹਰੇ ਦੇ ਤੌਰ 'ਤੇ ਰਹੀਆਂ ਹਨ। ਪੂਜਾ ਲੂਥਰਾ ਸਚਦੇਵਾ ਨੇ ਪਾਰਟੀ ਦੇ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਆਪਣੀ ਕਰਮਠਤਾ ਅਤੇ ਲੀਡਰਸ਼ਿਪ ਦੀ ਝਲਕ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਜਲਾਲਾਬਾਦ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਬਖੂਬੀ ਨਿਭਾਇਆ। ਇਸ ਤੋਂ ਇਲਾਵਾ ਉਹ ਅਬੋਹਰ ਦੇ ਬਲਾਕ ਪ੍ਰਭਾਰੀ ਦੀ ਭੂਮਿਕਾ ਵੀ ਨਿਭਾ ਚੁੱਕੀਆਂ ਹਨ। ਹਾਲੇ ਉਹ ਆਪ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਸੰਭਾਲ ਰਹੇ ਹਨ ਅਤੇ ਪਾਰਟੀ ਦੀ ਔਰਤਾਂ ਨਾਲ ਜੁੜੀ ਨੀਤੀ-ਰਣਨੀਤੀ ਨੂੰ ਮਜ਼ਬੂਤੀ ਦੇਣ ਵਿੱਚ ਯੋਗਦਾਨ ਪਾ ਰਹੇ ਹਨ। ਪੂਜਾ ਲੂਥਰਾ ਸਚਦੇਵਾ ਨੇ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਪਾਰਟੀ ਦੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਦਿੱਤੇ ਅਹੁਦੇ ਦੀ ਮਾਣ-ਮਰਿਆਦਾ ਬਣਾਈ ਰੱਖਣਗੇ।

## ਚਿੰਤਾਜਨਕ ਖ਼ੁਫ਼ੀਆ ਜਾਣਕਾਰੀ ਮਿਲਣ 'ਤੇ ਅਮਰੀਕਾ ਨੇ ਭਾਰਤ-ਪਾਕਿ ਜੰਗਬੰਦੀ ਲਈ ਆਪਣੀ ਭੂਮਿਕਾ ਨਿਭਾਈ

ਸਾਨ ਫਰਾਂਸਿਸਕੋ, 12 ਮਈ (ਚ.ਨ.ਸ.): ਬੀਤੇ ਸ਼ੁੱਕਰਵਾਰ ਵਾਲੇ ਦਿਨ ਅਮਰੀਕਾ ਦੇ ਉੱਚ ਅਧਿਕਾਰੀ ਜਿਨ੍ਹਾਂ ਵਿੱਚ ਉੱਪ-ਰਾਸ਼ਟਰਪਤੀ ਜੇ.ਡੀ.ਵੈਂਸ, ਵਿਦੇਸ਼ ਮੰਤਰੀ ਤੇ ਅੰਤਰਿਮ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਰਕੋ ਰੂਬੀਓ ਤੇ ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਸੂਸੀ ਵਾਈਲਸ ਸ਼ਾਮਿਲ ਹਨ-ਭਾਰਤ ਤੇ ਪਾਕਿਸਤਾਨ ਵਿਚਕਾਰ ਵੱਧਦੇ ਟਕਰਾਅ 'ਤੇ ਨੇੜਿਓਂ ਨਜ਼ਰ ਰੱਖ ਰਹੇ ਸਨ। ਇਸੇ ਦਿਨ ਇਨ੍ਹਾਂ ਅਧਿਕਾਰੀਆਂ ਨੂੰ ਇੱਕ ਚਿੰਤਾਜਨਕ ਖ਼ੁਫੀਆ ਜਾਣਕਾਰੀ ਮਿਲੀ ਸੀ, ਜਿਸ ਨੂੰ ਜਨਤਕ ਨਹੀਂ ਕੀਤਾ ਗਿਆ। ਇਨ੍ਹਾਂ ਤਿੰਨੇ ਅਹਿਮ ਸ਼ਖਸੀਅਤਾਂ ਲਈ ਜਾਣਕਾਰੀ ਦੀ ਸੰਵੇਦਨਾ ਅਨੁਸਾਰ ਮਹੱਤਵਪੂਰਨ ਸੀ ਕਿ ਅਮਰੀਕਾ ਨੂੰ ਆਪਣੀ ਸ਼ਮੂਲੀਅਤ ਵਧਾਉਣੀ ਚਾਹੀਦੀ ਹੈ ਤੇ ਉੱਪ ਰਾਸ਼ਟਰਪਤੀ ਜੇ.ਡੀ.ਵੈਂਸ ਨੇ ਖੁਦ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ ਕੀਤਾ। ਸੀ.ਐਨ.ਐਨ. ਤੇ ਅਧਿਕਾਰੀਆਂ ਅਨੁਸਾਰ ਉੱਪ ਰਾਸ਼ਟਰਪਤੀ ਨੇ ਫਿਰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਯੋਜਨਾ ਬਾਰੇ ਜਾਣਕਾਰੀ ਦਿੱਤੀ, ਜਿਨ੍ਹਾਂ ਸ਼ੁੱਕਰਵਾਰ ਨੂੰ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ ਤੇ ਪ੍ਰਧਾਨ ਮੰਤਰੀ ਨੂੰ ਸਪੱਸ਼ਟ ਕੀਤਾ ਕਿ ਵ੍ਹਾਈਟ ਹਾਊਸ ਦਾ ਮੰਨਣਾ ਹੈ ਕਿ ਇਸ ਟਕਰਾਅ ਦੇ ਵਾਧੇ ਦੀ ਵੱਡੀ ਸੰਭਾਵਨਾ ਹੈ। ਅਧਿਕਾਰੀਆਂ ਨੇ ਕਿਹਾ ਕਿ ਵੈਂਸ ਨੇ ਮੋਦੀ ਨੂੰ ਉਤਸ਼ਾਹਿਤ ਕੀਤਾ ਕਿ ਉਹ ਪਾਕਿਸਤਾਨ ਨਾਲ ਸਿੱਧਾ ਸੰਪਰਕ ਕਰਨ 'ਤੇ ਹਮਰੁਤਬਾ ਨਾਲ ਫ਼ੋਨ 'ਤੇ ਲਗਾਤਾਰ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਸੀ। ਟੀਚਾ ਸਪੱਸ਼ਟ ਸੀ ਕਿ ਭਾਰਤ ਤੇ ਪਾਕਿਸਤਾਨ ਨੂੰ ਆਪਣੇ ਹਮਰੁਤਬਾ ਨਾਲ ਗੱਲ ਕਰਨ 'ਤੇ ਜੰਗਬੰਦੀ ਰਾਹੀਂ ਤਣਾਅ ਘਟਾਉਣ ਦਾ ਰਸਤਾ ਲੱਭਣ ਲਈ ਉਤਸ਼ਾਹਿਤ ਕਰਨਾ ਤੇ ਉਨ੍ਹਾਂ ਗੱਲਬਾਤਾਂ ਦੇ ਦੌਰਾਨ ਅਮਰੀਕੀ ਅਧਿਕਾਰੀ ਇਸ ਗੱਲ ਨੂੰ ਸਮਝਦੇ ਸਨ ਕਿ ਦੋਵੇਂ ਧਿਰਾਂ ਲਈ ਉਹ ਸੰਭਾਵ ਆਫ-ਰੈਂਪ ਕਿਸ ਨਜ਼ਰੀਏ ਨਾਲ ਸਮਝਣ ਤੇ ਗੱਲਬਾਤ ਨੂੰ ਸਿਰੇ ਤੱਕ ਕਿਵੇਂ ਵਧਾਉਣ ਵਿੱਚ ਮਦਦ ਕਰਨ। ਵੈਂਸ ਦੀ ਗੱਲਬਾਤ ਤੋਂ ਇੱਕ ਦਿਨ ਬਾਅਦ ਮੋਦੀ ਦੀ ਪ੍ਰਤੀਕ੍ਰਿਆ ਆਈ ਸੀ ਕਿ ਟਕਰਾਅ ਸਾਡਾ ਕੋਈ ਮਾਮਲਾ ਨਹੀਂ ਹੈ। ਵੈਂਸ ਨੇ ਵੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਦਿੱਲੀ ਨੂੰ ਤਣਾਅ ਘਟਾਉਣ ਲਈ ਸਾਡੇ ਵੱਲੋਂ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਅਸੀਂ ਯੁੱਧ ਦੇ ਵਿਚਕਾਰ ਸ਼ਾਮਿਲ ਨਹੀਂ ਹੋਣ ਜਾ ਰਹੇ। ਜੰਗਬੰਦੀ ਦੇ ਐਲਾਨ ਤੋਂ ਕੁਝ ਘੰਟਿਆਂ ਬਾਅਦ ਭਾਰਤ-ਪ੍ਰਸ਼ਾਸਿਤ ਕਸ਼ਮੀਰ ਤੇ ਪਾਕਿਸਤਾਨ-ਪ੍ਰਸ਼ਾਸਿਤ ਕਸ਼ਮੀਰ ਵਿੱਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਟਰੰਪ ਨੇ ਸ਼ਨਿਚਰਵਾਰ ਸਵੇਰੇ ਸੋਸ਼ਲ ਮੀਡੀਆ 'ਤੇ ਪੂਰੀ ਤੇ ਤੁਰੰਤ ਜੰਗਬੰਦੀ ਦਾ ਐਲਾਨ ਕੀਤਾ।

## ਖ਼ੇਤੀਬਾੜੀ ਵਿਭਾਗ ਵੱਲੋਂ ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਤਹਿਤ ਈ-ਕੇ.ਵਾਈ.ਸੀ. ਲਈ ਚਲਾਈ ਜਾ ਰਹੀ ਮੁਹਿੰਮ



ਬਿਆਸ, 12 ਮਈ (ਰਾਕੇਸ਼ ਸਲਵਾਨ): ਵਿਭਾਗ ਬਾਬਾ ਬਕਾਲਾ ਸਾਹਿਬ ਵੱਲੋਂ ਬਲਾਕ ਖੇਤੀਬਾੜੀ ਅਫ਼ਸਰ ਬਾਬਾ ਬਕਾਲਾ, ਡਾ. ਬਲਵਿੰਦਰ ਸਿੰਘ ਛੀਨਾ ਦੀ ਯੋਗ ਅਗਵਾਈ ਵਿੱਚ ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਤਹਿਤ ਲਾਭਪਾਤਰੀਆਂ ਦੀ ਈ ਕੇ ਵਾਈ ਸੀ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁਹਿੰਮ ਤਹਿਤ ਅੱਜ ਖੇਤੀਬਾੜੀ ਵਿਕਾਸ ਅਫ਼ਸਰ ਰਈਆ, ਡਾ. ਵਿਕਰਮਜੀਤ ਸਿੰਘ ਬਰਾੜ ਅਤੇ ਖੇਤੀਬਾੜੀ ਉਪ ਨਿਰੀਖਕ ਤਰਸੇਮ ਸਿੰਘ ਵੱਲੋਂ ਪਿੰਡ ਕੋਟ ਮਹਿਤਾਬ ਅਤੇ ਚੀਮਾ ਬਾਠ ਵਿਖੇ ਯੋਗ ਲਾਭਪਾਤਰੀਆਂ ਦੀ ਈ ਕੇ ਵਾਈ ਸੀ ਕੀਤੀ ਗਈ। ਇਸ ਮੌਕੇ ਡਾ. ਬਰਾੜ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਪਿੰਡ ਦੇ ਸੂਝਵਾਨ ਕਿਸਾਨ ਰਣਜੀਤ ਸਿੰਘ, ਗੁਰਜੀਤ ਸਿੰਘ, ਗੁਰਨਿੰਦਰਪਾਲ ਸਿੰਘ, ਗਿਆਨ ਸਿੰਘ, ਕੇਵਲ ਸਿੰਘ, ਸੁਖਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹੇ 'ਚ ਅਣ-ਅਧਿਕਾਰਤ ਤੌਰ 'ਤੇ ਧਾਰਮਿਕ ਸਥਾਨਾਂ ਦੀ ਉਸਾਰੀ 'ਤੇ ਰੋਕ



ਸ਼ਹੀਦ ਭਗਤ ਸਿੰਘ ਨਗਰ, 12 ਮਈ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸੰਹਿਤਾ, 2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿਚ ਕਿਸੇ ਵੀ ਜਨਤਕ ਗਲੀ/ਪਾਰਕ/ਸਰਕਾਰੀ ਜ਼ਮੀਨ ਉੱਤੇ ਅਣ-ਅਧਿਕਾਰਤ ਤੌਰ 'ਤੇ ਕਿਸੇ ਵੀ ਮੰਦਰ, ਚਰਚ, ਮਸੀਤ ਜਾਂ ਗੁਰਦੁਆਰਾ ਆਦਿ ਦੀ ਉਸਾਰੀ ਨਾ ਕਰਨ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਅਨੁਸਾਰ ਕਿਸੇ ਵਿਭਾਗ ਦੇ ਅਧਿਕਾਰੀ ਵੱਲੋਂ ਜਨਤਕ ਸਥਾਨ 'ਤੇ ਉਸਾਰੀ ਕਰਨ ਦੀ ਪ੍ਰਵਾਨਗੀ ਵੀ ਨਹੀਂ ਦਿੱਤੀ ਜਾਵੇਗੀ। ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਜਾਰੀ ਹੁਕਮਾਂ ਅਨੁਸਾਰ ਸੁਪਰੀਮ ਕੋਰਟ ਵੱਲੋਂ ਐਸ.ਐਲ.ਪੀ.(ਸਿਵਲ) 8519/2006 ਭਾਰਤ ਸਰਕਾਰ ਬਨਾਮ ਗੁਜਰਾਤ ਸਰਕਾਰ ਵਿਚ ਸਪੱਸ਼ਟ ਤੌਰ 'ਤੇ ਦਿੱਤੇ ਨਿਰਦੇਸ਼ਾਂ ਵਿਚ ਕਿਸੇ ਵੀ ਜਨਤਕ ਸਥਾਨ, ਪਾਰਕ ਜਾਂ ਗਲੀਆਂ ਆਦਿ ਉੱਤੇ ਧਾਰਮਿਕ ਸਥਾਨ ਦੀ ਉਸਾਰੀ ਕਰਨ 'ਤੇ ਸਖ਼ਤੀ ਨਾਲ ਰੋਕ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਵੱਖੋ-ਵੱਖਰੇ ਵਿਭਾਗਾਂ ਦੇ ਮੁਖੀਆਂ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਨ੍ਹਾਂ ਦੇ ਅਧੀਨ ਪੈਂਦੀ ਕਿਸੇ ਵੀ ਅਜਿਹੀ ਥਾਂ 'ਤੇ ਕਿਸੇ ਵੀ ਤਰ੍ਹਾਂ ਦੇ ਧਾਰਮਿਕ ਸਥਾਨ ਦੀ ਉਸਾਰੀ ਨਾ ਹੋਵੇ ਅਤੇ ਉਹ ਇਸ ਦੀ ਬਾਕਾਇਦਾ ਨਜ਼ਰਸਾਨੀ ਕਰਦੇ ਰਹਿਣ। ਉਨ੍ਹਾਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਨਗਰ ਕੌਂਸਲ/ਪੰਚਾਇਤੀ/ਸ਼ਾਮਲਾਟ/ ਮੁਸ਼ਤਰਕਾ ਮਾਲਕਾਂ ਦੀ ਜ਼ਮੀਨ 'ਤੇ ਕਿਸੇ ਵੀ ਧਾਰਮਿਕ ਸਥਾਨ ਦੀ ਅਣ-ਅਧਕਾਰਿਤ ਤੌਰ 'ਤੇ ਉਸਾਰੀ ਨਾ ਹੋਣ ਦੇਣ। ਜੇਕਰ ਕੋਈ ਵਿਅਕਤੀ ਉਲੰਘਣਾ ਕਰਦਾ ਹੈ ਤਾਂ ਉਸ ਬਾਰੇ ਤੁਰੰਤ ਸਬੰਧਤ ਥਾਣੇ ਦੇ ਮੁੱਖ ਥਾਣਾ ਅਫ਼ਸਰ ਨੂੰ ਸਬੰਧਤ ਵਿਅਕਤੀ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਰਿਪੋਰਟ ਕੀਤੀ ਜਾਵੇ। ਉਨ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਪੁਲਿਸ ਕਪਤਾਨ ਨੂੰ ਆਪਣੇ ਇਨ੍ਹਾਂ ਰੋਕ ਦੇ ਹੁਕਮਾਂ ਦੀ ਅਦੂਲੀ ਕਰਨ ਵਾਲੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਖ਼ਿਲਾਫ਼ ਤੁਰੰਤ ਫ਼ੌਜਦਾਰੀ ਪਰਚਾ ਦਰਜ ਕਰਨ ਅਤੇ ਉਸਾਰੀ ਬੰਦ ਕਰਵਾਉਣ ਲਈ ਵੀ ਆਖਿਆ ਹੈ। ਇਹ ਹੁਕਮ 12 ਜੁਲਾਈ, 2025 ਤੱਕ ਜਾਰੀ ਰਹਿਣਗੇ।

## ਪੰਜਾਬ ਦੇ ਪਾਣੀ ਨੂੰ ਲੈ ਕੇ 'ਆਪ' ਦਾ ਕੇਂਦਰ ਖ਼ਿਲਾਫ਼ ਰੋਸ ਧਰਨਾ




ਭੋਗਪੁਰ/ਆਦਮਪੁਰ, 12 ਮਈ (ਜੰਡੀਰ ਸੈਣੀ): ਆਦਮਪੁਰ ਮੰਡੀ ਬੋਰਡ ਦੇ ਚੇਅਰਮੈਨ ਪਰਮਜੀਤ ਸਿੰਘ ਰਾਜ ਵੰਸ ਦੀ ਅਗਵਾਈ ਹੇਠ ਪਾਣੀ ਦੇ ਮਸਲਿਆਂ ਦੇ ਸਬੰਧ ਵਿੱਚ ਸੈਂਟਰ ਸਰਕਾਰ ਦੇ ਖਿਲਾਫ ਰੋਸ ਮਾਰਚ ਲਈ ਵੱਡਾ ਕਾਫਲਾ ਲੈ ਕੇ ਨੰਗਲ ਭਾਖੜੇ ਡੈਮ 'ਤੇ ਪਹੁੰਚਿਆ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਨੰਗਲ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਰੋਸ ਮਾਰਚ ਵਿੱਚ ਹਿੱਸਾ ਲਿਆ। ਆਮ ਆਦਮੀ ਪਾਰਟੀ ਦੇ ਆਗੂਆਂ ਨੇ ਪੰਜਾਬ ਦੇ ਪਾਣੀ ਨੂੰ ਚੋਰੀ ਹੋਣ ਤੋਂ ਰੋਕਣ ਦੀ ਮੰਗ ਕੀਤੀ। ਕਿਹਾ ਕਿ ਪੰਜਾਬ ਦਾ ਪਾਣੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ ਕਿਉਂਕਿ ਪੰਜਾਬ ਦੇ ਕੋਲ ਪਾਣੀ ਦੀ ਇੱਕ ਵੀ ਬੂੰਦ ਵਾਧੂ ਨਹੀਂ ਹੈ। ਇਸ ਮੌਕੇ 'ਤੇ ਹਲਕਾ ਆਦਮਪੁਰ ਦੇ ਇੰਚਾਰਜ ਜੀਤ ਲਾਲ ਭੱਟੀ ਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਨੇ ਵੀ ਪੰਜਾਬ ਪਾਣੀ ਦੇ ਮਸਲਿਆਂ ਬਾਰੇ ਬੋਲਿਆ ਪਾਣੀ ਦੀ ਰੱਖਿਆ ਕਰਨ ਦੀ ਮੰਗ ਲਈ ਕਿਹਾ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਆਗੂ, ਵਰਕਰ ਪਿੰਡਾਂ ਦੇ ਪੰਚ ਸਰਪੰਚ ਤੇ ਬਲਾਕ ਪ੍ਰਧਾਨ ਭਾਰੀ ਗਿਣਤੀ ਵਿੱਚ ਨੰਗਲ ਡੈਮ 'ਤੇ ਪਹੁੰਚੇ।

## ਸਤਿਸੰਗ ਘਰ ਜਾਗਲਾਂ ਵਿਖੇ ਬਾਬਾ ਹਰੀ ਦਾਸ ਜੀ ਦੀ 46ਵੀਂ ਸਾਲਾਨਾ ਬਰਸੀ ਮਨਾਈ

☛ ਸੰਤ ਮਹਾਂਪੁਰਸ਼ ਹਮੇਸ਼ਾ ਸੱਚ ਦਾ ਮਾਰਗ ਦਰਸਾਉਂਦੇ ਨੇ : ਬਾਬਾ ਰਾਜ ਭੁਪਿੰਦਰ ਸਿੰਘ ਰਾਜੂ



ਬਟਾਲਾ, 12 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸੰਤ ਮਹਾਂਪੁਰਸ਼ ਬਾਬਾ ਹਰੀ ਦਾਸ ਜੀ ਦੀ 46ਵੀਂ ਸਲਾਨਾ ਬਰਸੀ ਸਤਸੰਗ ਘਰ ਜਾਂਗਲਾਂ ਵਿਖੇ ਬਾਬਾ ਰਾਜ ਭੁਪਿੰਦਰ ਸਿੰਘ ਜੀ ਦੀ ਯੋਗ ਅਗਵਾਈ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਗਈ। ਰੱਖੇ ਲੜੀਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਮਹਾਨ ਧਾਰਮਿਕ ਸਮਾਗਮ ਕਰਵਾਏ ਗਏ। ਖੁੱਲੇ ਪੰਡਾਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਪੰਥ ਪ੍ਰਸਿੱਧ ਰਾਗੀ-ਢਾਡੀ, ਕਥਾਵਾਚਕ ਰਾਗੀ ਸਿੰਘ ਗਿਆਨੀ ਰਘੁਬੀਰ ਸਿੰਘ ਸਿੰਘ ਸਭਾ ਬਟਾਲਾ, ਬਾਬਾ ਤਿਆਗੀ ਜੀ, ਬਾਬਾ ਪਿਆਰਾ ਸਿੰਘ ਸਿਰਧਲੇ ਵਾਲਿਆਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਤੇ ਬਾਬਾ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ। ਇਸ ਮੌਕੇ ਬਾਬਾ ਰਾਜਭੁਪਿੰਦਰ ਸਿੰਘ ਰਾਜੂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਸੰਤ ਮਹਾਂਪੁਰਸ਼ ਹਮੇਸ਼ਾ ਸੱਚ ਦਾ ਮਾਰਗ ਦਰਸਾਉਂਦੇ ਹਨ ਜਿਸ 'ਤੇ ਅਸੀਂ ਚੱਲ ਕੇ ਆਪਣੇ ਜੀਵਨ ਨੂੰ ਉਸ ਪਰਮਾਤਮਾ ਨਾਲ ਜੋੜ ਕੇ ਆਪਣਾ ਜੀਵਨ ਸਫਲ ਬਣਾ ਸਕਦੇ ਹਾਂ। ਇਸ ਸਮੇਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਦਾਰਾਂ 'ਚ ਬਾਬਾ ਸੁਖਵਿੰਦਰ ਸਿੰਘ ਜੀ ਕਾਦਰਾਬਾਦ ਜਾਂਗਲਾ ਹੈ ਲਵਪ੍ਰੀਤ ਸਿੰਘ ਜਲਾਲਾਬਾਦ, ਜੋਬਨਪ੍ਰੀਤ ਸਿੰਘ ਕਨੇਡਾ, ਅਮਰਜੀਤ ਸਿੰਘ ਰਾਜੂ, ਮਾਸਟਰ ਜਰਨੈਲ ਸਿੰਘ ਘੁੰਮਣ ਬਟਾਲਾ, ਪਨਸਪ ਚੇਅਰਮੈਨ ਬਲਬੀਰ ਸਿੰਘ ਪੰਨੂ, ਸਰਪੰਚ ਗੁਰਪ੍ਰੀਤ ਸਿੰਘ ਗਿੱਲ, ਵੀਰਮ ਸਿੰਘ ਵੋਹਰਾ, ਪਵਨ ਕੁਮਾਰ ਕੁਲਵੰਤ ਸਿੰਘ, ਸੁਭਾਸ਼ ਚੰਦਰ, ਸੁਰਜੀਤ ਸਿੰਘ ਸੰਧੂ, ਕੁਲਬੀਰ ਸਿੰਘ ਸੰਧੂ ਜਗਮੋਹਨ ਸਿੰਘ, ਲਖਵਿੰਦਰ ਸਿੰਘ ਸਰਪੰਚ ਘਾੜਕੀਆਂ, ਸਬ-ਇੰਸਪੈਕਟਰ ਜੋਗਿੰਦਰ ਸਿੰਘ ਜੀਵਨ ਨੰਗਲ, ਸਤਨਾਮ ਸਿੰਘ ਰਿਆਲੀ, ਰਣਜੀਤ ਸਿੰਘ ਬਾਠ, ਦਲਜੀਤ ਸਿੰਘ, ਮਨਪ੍ਰੀਤ ਸਿੰਘ, ਕੁਲਵੰਤ ਸਿੰਘ, ਸਿਮਰਪ੍ਰੀਤ ਸਿੰਘ ਗੋਰਾ, ਹਰਪ੍ਰੀਤ ਸਿੰਘ ਬਟਾਲਾ, ਸਰਵਣ ਸਿੰਘ, ਬਲਦੇਵ ਸਿੰਘ, ਪਰਮਜੀਤ ਸਿੰਘ ਬਾਬਾ ਬਕਾਲਾ, ਸੁਖਜਿੰਦਰ ਸਿੰਘ ਮਜੀਠਾ, ਹਰਪ੍ਰੀਤ ਸਿੰਘ, ਪ੍ਰਤਾਪ ਸਿੰਘ, ਜਗਦੀਪ ਸਿੰਘ ਜਾਂਗਲਾ, ਕਰਨੈਲ ਸਿੰਘ ਰਾਜੂ, ਪ੍ਰਤਾਪ ਸਿੰਘ ਆਦਿ ਸੇਵਾ ਵਿੱਚ ਹਾਜ਼ਰ ਸਨ।

## ਦੇਸ਼ ਭਗਤ ਯੂਨੀਵਰਸਿਟੀ ਨੇ ਕੈਂਪਸ 'ਚ ਸੱਭਿਆਚਾਰਕ ਤੇ ਅਧਿਆਤਮਿਕ ਪ੍ਰੋਗਰਾਮਾਂ ਨਾਲ ਬੁੱਧ ਪੂਰਨਿਮਾ ਮਨਾਈ



ਮੰਡੀ ਗੋਬਿੰਦਗੜ੍ਹ, 12 ਮਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਨੇ ਅੱਜ ਆਪਣੇ ਕੈਂਪਸ ਵਿੱਚ ਬੁੱਧ ਪੂਰਨਿਮਾ, ਜੋ ਕਿ ਭਗਵਾਨ ਬੁੱਧ ਦੇ ਜਨਮ, ਗਿਆਨ ਪ੍ਰਾਪਤੀ ਅਤੇ ਮਹਾਪਰਿਨਿਰਵਾਣ ਦਾ ਪਵਿੱਤਰ ਮੌਕਾ ਹੈ, ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਪ੍ਰੋਗਰਾਮ ਦਾ ਉਦਘਾਟਨ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕੀਤਾ, ਜਿਨ੍ਹਾਂ ਨੇ ਅੱਜ ਦੇ ਸੰਸਾਰ ਵਿੱਚ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ। ਪ੍ਰੋਗਰਾਮ ਵਿੱਚ ਬੋਧੀ ਭਜਨਾਂ ਦਾ ਜਾਪ, ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਇੱਕ ਸ਼ਾਂਤੀ ਮਾਰਚ ਸ਼ਾਮਲ ਸੀ। ਵਿਦਿਆਰਥੀਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਰਵਾਇਤੀ ਨਾਚ ਅਤੇ ਭਗਵਾਨ ਬੁੱਧ ਦੇ ਜੀਵਨ 'ਤੇ ਇੱਕ ਲਘੂ ਨਾਟਕ ਸ਼ਾਮਲ ਸੀ, ਜਿਸ ਨੇ ਦਰਸ਼ਕਾਂ ਨੂੰ ਮੋਹਿਤ ਕੀਤਾ ਅਤੇ ਸ਼ਾਂਤੀ, ਦਇਆ ਅਤੇ ਅਹਿੰਸਾ ਦੇ ਮੁੱਲਾਂ 'ਤੇ ਜ਼ੋਰ ਦਿੱਤਾ। 'ਬੁੱਧ ਦੀਆਂ ਸਿੱਖਿਆਵਾਂ ਸਦੀਵੀ ਹਨ' ਡਾ. ਹਰਸ਼ ਸਦਾਵਰਤੀ ਨੇ ਕਿਹਾ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਸਾਡੇ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਨਾਲ ਇੱਕ ਵਧੇਰੇ ਹਮਦਰਦ ਅਤੇ ਸਦਭਾਵਨਾਪੂਰਨ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਇਹ ਸਮਾਗਮ ਸਾਰੇ ਵਿਦਿਆਰਥੀਆਂ ਅਤੇ ਸਟਾਫ਼ ਲਈ ਇੱਕ ਖੁੱਲ੍ਹੇ ਧਿਆਨ ਸੈਸ਼ਨ ਨਾਲ ਸਮਾਪਤ ਹੋਇਆ, ਜਿਸ ਨੇ ਧਿਆਨ ਅਤੇ ਮਨ ਦੀ ਸ਼ਾਂਤੀ ਨੂੰ ਉਤਸ਼ਾਹਿਤ ਕੀਤਾ। ਦੇਸ਼ ਭਗਤ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਵਿੱਚ ਸੱਭਿਆਚਾਰਕ ਤੇ ਅਧਿਆਤਮਿਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਅਤੇ ਭਾਈਚਾਰਕ ਸ਼ਮੂਲੀਅਤ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਵਾਲੇ ਸਮਾਗਮ ਜਾਰੀ ਰੱਖਦੀ ਹੈ।

## ਲੰਗਰ ਕਮੇਟੀ ਨੇ ਮਾਤਾ ਚਿੰਤਪੂਰਨੀ ਜੈਯੰਤੀ ਦੇ ਸਬੰਧ 'ਚ ਕਰਵਾਇਆ ਕੀਰਤਨ





ਕੋਟ ਈਸੇ ਖਾਂ, 12 ਮਈ (ਗਾਂਧੀ/ ਗੁਰਦੇਵ ਖੁਰਾਣਾ): ਸਥਾਨਕ ਕਸਬੇ ਦੀ ਨਾਮਵਰ ਧਾਰਮਿਕ ਅਤੇ ਸਮਾਜ ਸੇਵੀ ਸੰਸਥਾ ਸ਼੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਕੋਟ ਈਸੇ ਖਾਂ ਵੱਲੋਂ ਮਾਤਾ ਚਿੰਤਪੂਰਨੀ ਜਯੰਤੀ ਦੇ ਸਬੰਧ 'ਚ ਐਤਵਾਰ ਸ਼ਾਮ 4 ਵਜੇ ਤੋਂ 6 ਵਜੇ ਤੱਕ ਸ਼੍ਰੀ ਸ਼ਿਵ ਸ਼ਕਤੀ ਮੰਦਰ, ਦਾਤਾ ਰੋਡ ਵਿਖੇ ਕੀਰਤਨ ਕਰਵਾਇਆ ਗਿਆ। ਇਸ ਮੌਕੇ ਹਰਸ਼ਵਰਧਨ ਅਜ਼ਾਦ ਐਂਡ ਪਾਰਟੀ ਵੱਲੋਂ ਮਾਤਾ ਰਾਣੀ ਦਾ ਗੁਣਗਾਨ ਕਰਕੇ ਸੰਗਤ ਨੂੰ ਝੂਮਣ ਲਾ ਦਿੱਤਾ। ਭਜਨ-ਕੀਰਤਨ ਉਪਰੰਤ ਮਹਾਮਾਈ ਦੀ ਆਰਤੀ ਕੀਤੀ ਗਈ, ਕੇਕ ਕੱਟਿਆ ਗਿਆ, ਕੰਜਕ ਪੂਜਨ ਕੀਤਾ ਗਿਆ ਅਤੇ ਆਈ ਹੋਈ ਸਾਰੀ ਸੰਗਤ ਨੂੰ ਮਾਤਾ ਰਾਣੀ ਦਾ ਪ੍ਰਸ਼ਾਦ ਆਦਿ ਵੰਡਿਆ ਗਿਆ। ਇਸ ਮੌਕੇ ਸ਼੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਕੋਟ ਈਸੇ ਖਾਂ ਵੱਲੋਂ ਸਰਹੱਦਾਂ ਤੇ ਦੇਸ਼ ਦੀ ਰਾਖੀ ਕਰਦੇ ਵੀਰ ਜਵਾਨਾਂ ਦੀ ਚੜ੍ਹਦੀਕਲਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਵੀ ਕਰਵਾਈ ਗਈ। ਇਸ ਮੌਕੇ ਸ਼੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ (ਰਜਿ:) ਦੇ ਮੈਂਬਰਾਂ ਤੋਂ ਇਲਾਵਾ ਬਹੁਤ ਵੱਡੀ ਗਿਣਤੀ 'ਚ ਭਗਤ-ਜਨ ਹਾਜ਼ਰ ਸਨ।

## ਗੋਬਿੰਦਗੜ੍ਹ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਰਾਜ ਤੇ ਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ



ਮੰਡੀ ਗੋਬਿੰਦਗੜ੍ਹ, 12 ਮਈ (ਸੂਦ): ਖੇਡਾਂ ਨਾ ਸਿਰਫ ਸਰੀਰਕ ਤੰਦਰੁਸਤੀ ਲਈ ਮਹੱਤਵਪੂਰਣ ਹਨ ਬਲਕਿ ਇਹ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਲੀਡਰਸ਼ਿਪ ਤੇ ਆਪਸੀ ਸਹਿਯੋਗ ਵਰਗੇ ਗੁਣਾਂ ਨੂੰ ਵੀ ਵਧਾਉਂਦੀਆਂ ਹਨ। ਗੋਬਿੰਦਗੜ੍ਹ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਅਜਿਹੀ ਹੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਗਿਆਰਵੀਂ ਜਮਾਤ ਦੇ ਵਿਓਮ ਨੇ ਚੰਡੀਗੜ੍ਹ ਸਟੇਟ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਭਾਗ ਲੈਂਦਿਆਂ ਪੀ ਆਈ ਫੈਡਰੇਸ਼ਨ ਵੱਲੋਂ ਆਯੋਜਿਤ ਮੁਕਾਬਲੇ ਵਿੱਚ ਸਿਲਵਰ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਰਿਸ਼ਾਂਕ ਵਾਲੀਆ ਨੇ ਦਿੱਲੀ ਵਿਖੇ ਹੋਈ ਸੰਸ਼ਿਕਨ ਕਰਾਟੇ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਕੇ ਚਾਂਦੀ ਦਾ ਤਮਗਾ ਜਿੱਤਿਆ। ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਖੁਸ਼ੀ ਜਤਾਉਂਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਦੀਆਂ ਇਹ ਪ੍ਰਾਪਤੀਆਂ ਸਕੂਲ ਦੇ ਉਦੇਸ਼ ਨੂੰ ਅਮਲ ਵਿੱਚ ਲਿਆਉਂਦੀਆਂ ਹਨ। ਖੇਡਾਂ ਰਾਹੀਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਲੀਡਰਸ਼ਿਪ ਤੇ ਸਮਰਪਣ ਦਾ ਵਿਕਾਸ ਹੁੰਦਾ ਹੈ। ਸਾਨੂੰ ਮਾਣ ਹੈ ਕਿ ਸਾਡੇ ਵਿਦਿਆਰਥੀ ਹਰ ਪੱਖੋਂ ਮਜ਼ਬੂਤ ਬਣ ਰਹੇ ਹਨ। ਸਕੂਲ ਸਟਾਫ਼ ਵੱਲੋਂ ਵਿਓਮ ਤੇ ਰਿਸ਼ਾਂਕ ਨੂੰ ਵਧਾਈ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

## ਲੜਾਈ-ਝਗੜੇ ਦੇ ਮਾਮਲੇ 'ਚ ਭਗੌੜਾ ਗ੍ਰਿਫ਼ਤਾਰ



ਫ਼ਤਹਿਗੜ੍ਹ ਸਾਹਿਬ, 12 ਮਈ (ਸੂਦ): ਪੀਓ ਸਟਾਫ ਫਤਹਿਗੜ੍ਹ ਸਾਹਿਬ ਨੇ ਲੜਾਈ ਝਗੜੇ ਦੇ ਮਾਮਲੇ ਵਿੱਚ ਇਕ ਭਗੌੜੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਪੀਓ ਸਟਾਫ ਫਤਹਿਗੜ੍ਹ ਸਾਹਿਬ ਦੇ ਐਸਐਚਓ ਕੁਲਵੰਤ ਸਿੰਘ ਨੇ ਦੱਸਿਆ ਕਿ ਹਰਮਨ ਸਿੰਘ ਵਾਸੀ ਪਿੰਡ ਰਾਈਏਵਾਲ ਦੇ ਪਿਤਾ ਗੁਰਮੇਲ ਸਿੰਘ ਨੇ ਫਰਵਰੀ 2022 ਵਿੱਚ ਹਰਮਨ ਸਿੰਘ ਦੇ ਖਿਲਾਫ ਥਾਣਾ ਅਮਲੋਹ ਵਿਖੇ ਕੁੱਟਮਾਰ ਦਾ ਮਾਮਲਾ ਦਰਜ ਕਰਵਾਇਆ ਸੀ, ਜਿਸ ਵਿੱਚ ਉਸ ਨੂੰ ਮਾਨਯੋਗ ਅਦਾਲਤ ਨੇ ਭਗੌੜਾ ਕਰਾਰ ਦਿਤਾ ਸੀ। ਪੀਓ ਸਟਾਫ ਦੇ ਸਹਾਇਕ ਥਾਣੇਦਾਰ ਸੱਜਣ ਸਿੰਘ ਅਤੇ ਸਹਾਇਕ ਥਾਣੇਦਾਰ ਗੁਰਬਚਨ ਸਿੰਘ ਨੇ ਪੁਲਿਸ ਪਾਰਟੀ ਸਮੇਤ ਕਾਰਵਾਈ ਕਰਦੇ ਹੋਏ ਉਸ ਨੂੰ ਗ੍ਰਿਫਤਾਰ ਕਰਕੇ ਥਾਣਾ ਅਮਲੋਹ ਦੀ ਪੁਲਿਸ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਉਸ ਨੂੰ ਅਮਲੋਹ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਥੇ ਅਦਾਲਤ ਨੇ ਉਸ ਨੂੰ ਜੂਡੀਸ਼ੀਅਲ ਰਿਮਾਂਡ ਅਧੀਨ ਜੇਲ੍ਹ ਭੇਜ ਦਿੱਤਾ।

## ਪੂਰਨਮਾਸ਼ੀ ਦੇ ਮੌਕੇ 'ਤੇ ਗਊ ਸੇਵਾ ਸੰਮਤੀ ਨੇ ਗਊ ਪੂਜਨ ਕਰਵਾਇਆ



ਅਮਲੋਹ, 12 ਮਈ (ਜਸਵੰਤ ਸਿੰਘ): ਗਊ ਸੇਵਾ ਸਮਿਤੀ ਅਮਲੋਹ ਵਲੋਂ ਪ੍ਰਧਾਨ ਭੂਸ਼ਨ ਸੂਦ ਅਤੇ ਸਰਪਰਸਤ ਪ੍ਰੇਮ ਚੰਦ ਸ਼ਰਮਾ ਦੀ ਅਗਵਾਈ ਹੇਠ ਅੱਜ ਪੂਰਨਮਾਸ਼ੀ ਦਾ ਦਿਹਾੜਾ ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਵਿਚ ਗਊ ਪੂਜਾ ਕਰਵਾ ਕੇ ਮਨਾਇਆ ਗਿਆ। ਇਸ ਮੌਕੇ ਪੰਡਤ ਰਵੀ ਸ਼ਰਮਾ ਨੇ ਮੰਤਰਾਂ ਦਾ ਉਚਾਰਣ ਕੀਤਾ। ਪ੍ਰੋਗਰਾਮ ਵਿਚ ਸ੍ਰੀ ਰਾਮ ਮੰਦਰ ਦੇ ਪ੍ਰਧਾਨ ਸੋਹਨ ਲਾਲ ਅਬਰੋਲ, ਖਜ਼ਾਨਚੀ ਸ਼ਿਵ ਕੁਮਾਰ ਗੋਇਲ, ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਸਮਿੰਤੀ ਦੇ ਜਨਰਲ ਸਕੱਤਰ ਮਾਸਟਰ ਰਜੇਸ਼ ਕੁਮਾਰ, ਮੀਤ ਪ੍ਰਧਾਨ ਸੰਜੀਵ ਧੀਰ, ਐਡਵੋਕੇਟ ਮੋਹਿਤ ਪੁਰੀ, ਪੱਤਰਕਾਰ ਅਜੈ ਕੁਮਾਰ, ਸੁਖਦੇਵ ਕੁਮਾਰ, ਵਿੱਕੀ ਕੁਮਾਰ, ਹਰਵੀਰ, ਵਿੱਕੀ ਗੋਇਲ, ਕੁਲਵੰਤ ਸਿੰਘ ਬਰੌਂਗਾ, ਸੁਖਦੇਵ ਗੋਇਲ, ਅਸ਼ਵਨੀ ਕੁਮਾਰ ਗਰਗ, ਹੈਪੀ, ਡਾ. ਮਨਜੀਤ ਸਿੰਘ ਮਣੀ, ਮੈਨੇਜਰ ਸੁਰਿੰਦਰ ਤੱਗੜ ਪੱਪੀ ਅਤੇ ਸੁੰਦਰ ਲਾਲ ਝੱਟਾ ਆਦਿ ਮੌਜੂਦ ਸਨ। ਸਮਿਤੀ ਦੇ ਪ੍ਰਧਾਨ ਭੂਸ਼ਨ ਸੂਦ ਅਤੇ ਸਰਪ੍ਰਸਤ ਪ੍ਰੇਮ ਚੰਦ ਸ਼ਰਮਾ ਨੇ ਦਸਿਆ ਕਿ ਹਰ ਮਹੀਨੇ ਪੂਰਨਮਾਸ਼ੀ ਅਤੇ ਮੱਸਿਆ ਦਾ ਦਿਹਾੜਾ ਗਊ ਪੂਜਾ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਵੱਧ ਚੜ੍ਹ ਕੇ ਇਨ੍ਹਾਂ ਪ੍ਰੋਗਰਾਮਾਂ ਵਿਚ ਭਾਗ ਲੈਣ ਦੀ ਅਪੀਲ ਕੀਤੀ। ਬਾਅਦ ਵਿਚ ਫ਼ਲਾਂ ਦਾ ਪ੍ਰਸ਼ਾਦ ਵੰਡਿਆ ਗਿਆ।

# ਬੁੱਢੇ ਦਰਿਆ ਦੇ ਸਾਫ਼ ਪਾਣੀ 'ਚ ਨਹਾਉਂਦੇ ਸਮੇਂ ਦੋ ਬੱਚਿਆਂ ਦੀ ਡੁੱਬਣ ਨਾਲ ਮੌਤ

ਲੁਧਿਆਣਾ, 12 ਮਈ (ਚ.ਨ.ਸ): 'ਆਪ' ਦੇ ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸ਼ੁਰੂ ਕੀਤੀ ਗਈ ਬੁੱਢੇ ਦਰਿਆ ਦੀ ਸਫਾਈ ਮੁਹਿੰਮ ਦੌਰਾਨ ਅੱਜ ਤਾਜਪੁਰ ਰੋਡ ਉਪਰ ਕੇਂਦਰੀ ਜੇਲ੍ਹ ਦੀ ਬਾਲਾਜੀ ਪੁਲੀ ਨਜ਼ਦੀਕ ਬਣਾਏ ਗਏ ਇਸ਼ਨਾਨਘਾਟ ਉਪਰ ਕਰਵਾਏ ਜਾ ਰਹੇ ਧਾਰਮਿਕ ਸਮਾਗਮ ਦੌਰਾਨ ਬੁੱਢੇ ਦਰਿਆ ਦੇ ਸਾਫ ਪਾਣੀ 'ਚ ਨਹਾਉਣ ਲਈ ਵੜੇ ਦੋ ਬੱਚਿਆਂ ਦੀ ਡੁੱਬਣ ਨਾਲ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦੋਵੇਂ ਬੱਚੇ ਨੇੜੇ ਹੀ ਸਥਿਤ ਗੁਰੂ ਰਾਮਦਾਸ ਨਗਰ ਦੇ ਰਹਿਣ ਵਾਲੇ ਸਨ। ਜਾਣਕਾਰੀ ਅਨੁਸਾਰ ਬੁੱਢੇ ਦਰਿਆ ਦਾ ਪਾਣੀ ਸਾਫ ਹੋਣ ਦੇ ਚੱਲਦੇ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸਮਾਗਮ ਕਰਵਾਇਆ ਜਾ ਰਿਹਾ ਸੀ, ਜਿੱਥੇ ਵੱਡੀ ਗਿਣਤੀ 'ਚ ਵਾਤਾਵਰਨ ਪ੍ਰੇਮੀ ਤੇ ਸੰਗਤ ਪਹੁੰਚੀ ਹੋਈ ਸੀ। ਇਸ ਦੌਰਾਨ ਦੋਵੇਂ ਬੱਚੇ ਉਥੇ ਪਹੁੰਚੇ ਤੇ ਇਸ਼ਨਾਨਘਾਟ ਕੋਲ ਬੁੱਢੇ ਦਰਿਆ 'ਚ ਨਹਾਉਣ ਲਈ ਵੜ ਗਏ ਪਰ ਡੂੰਘਾਈ ਜ਼ਿਆਦਾ ਹੋਣ ਕਾਰਨ ਗੁਰਜੀਤ ਸਿੰਘ ਤੇ ਅਭੈ ਦੋਵੇਂ ਬੱਚੇ ਡੁੱਬ ਗਏ। ਬੱਚਿਆਂ ਦੇ ਡੁੱਬਣ ਦਾ ਪਤਾ ਚੱਲਦੇ ਹੀ ਉਥੇ ਮੌਜੂਦ ਲੋਕਾਂ ਨੇ ਉਨ੍ਹਾਂ ਨੂੰ ਬਾਹਰ ਕੱਢਣ ਲਈ ਯਤਨ ਕਰਨੇ ਸ਼ੁਰੂ ਕੀਤੇ। ਕਾਫੀ ਦੇਰ ਤੱਕ ਹੱਥ-ਪੈਰ ਮਾਰਨ ਦੇ ਬਾਅਦ ਦੋਵੇਂ ਬੱਚਿਆਂ ਨੂੰ ਬਾਹਰ ਕੱਢ ਲਿਆ ਗਿਆ ਪਰ ਉਦੋਂ ਤੱਕ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਬੱਚਿਆਂ ਦੇ ਡੁੱਬਣ ਦਾ ਪਤਾ ਚੱਲਣ ਦੇ ਬਾਅਦ ਮੌਕੇ 'ਤੇ ਪਹੁੰਚੇ ਪਰਿਵਾਰਕ ਮੈਂਬਰਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤੇ ਇਸ਼ਨਾਨਘਾਟ ਨੇੜੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਨਾ ਹੋਣ ਨੂੰ ਲੈ ਕੇ ਸੰਤ ਸੀਚੇਵਾਲ ਦੀ ਟੀਮ 'ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ। ਉਥੇ ਘਟਨਾ ਦਾ ਪਤਾ ਚੱਲਦੇ ਹੀ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ ਤੇ ਵਿਰੋਧ ਜਤਾ ਰਹੇ ਪਰਿਵਾਰਕ ਮੈਂਬਰਾਂ ਨੂੰ ਸ਼ਾਂਤ ਕੀਤਾ। ਦੋਵਾਂ ਬੱਚਿਆਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ 'ਚ ਭੇਜ ਦਿੱਤਾ ਗਿਆ ਹੈ ਤੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਦਮਦਮੀ ਟਕਸਾਲ ਨੇ 11ਵੇਂ ਦਿਨ ਦੇ ਸ਼ਹੀਦੀ ਦੀਵਾਨ ਗੁ.ਗੁਰੂ ਕੀ ਬੇਰ ਸਾਹਿਬ ਵਿਖੇ ਸਜਾਏ



ਚੌਕ ਮਹਿਤਾ, 12 ਮਈ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਰਹਿਨੁਮਾਈ ਹੇਠ 6 ਜੂਨ ਨੂੰ ਟਕਸਾਲ ਹੈੱਡ ਕੁਆਰਟਰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦੀ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਦੇ ਚੱਲਦਿਆਂ 1 ਮਈ ਤੋਂ ਵੱਖ-ਵੱਖ ਨਗਰਾਂ 'ਚ ਆਰੰਭ ਕੀਤੇ ਗਏ ਸ਼ਬਦ ਕੀਰਤਨ ਤੇ ਕਥਾ ਸਮਾਗਮ ਦੀ ਲੜੀ ਤਹਿਤ ਅੱਜ ਸ਼ਾਮ ਦਾ 11ਵਾਂ ਸ਼ਹੀਦੀ ਦੀਵਾਨ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਾਵਨ ਚਰਨ ਛੋਹ ਪ੍ਰਾਪਤ ਪਵਿੱਤਰ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਅੱਡਾ ਬੋਪਾਰਾਏ ਵਿਖੇ ਸਜਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਦੀਦਾਰ ਸਿੰਘ ਦੇ ਜੱਥੇ ਵੱਲੋਂ ਤੰਤੀ ਸਾਜ਼ਾਂ ਨਾਲ ਬਹੁਤ ਹੀ ਰਸਮਈ ਸ਼ਬਦ ਗਾਇਨ ਕਰਦੇ ਹੋਏ ਕੀਤੀ, ਉਪਰੰਤ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਸੰਗਤਾਂ ਨਾਲ ਕਥਾ ਵਿਚਾਰ ਦੀ ਸਾਂਝ ਪਾਉਂਦੇ ਹੋਏ ਸੰਗਤਾਂ ਨੂੰ ਸੂਰਜ ਪ੍ਰਕਾਸ਼ ਗ੍ਰੰਥ 'ਚੋਂ ਪੰਜਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਜੀਵਨੀ ਤੇ ਉਨ੍ਹਾਂ ਦੀ ਗ੍ਰਿਫਤਾਰੀ ਸਮੇਂ ਦਾ ਪ੍ਰਸੰਗ ਸਰਵਨ ਕਰਵਾਉਂਦੇ ਹੋਏ ਜਹਾਂਗੀਰ ਵੱਲੋਂ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਸਿੰਘ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਨਜ਼ਰਬੰਦ ਕੀਤੇ ਜਾਣ ਤੋਂ ਬਾਅਦ ਚੰਦੂ ਸ਼ਾਹ ਵੱਲੋਂ ਗੁਰੂ ਸਾਹਿਬ ਨੂੰ ਮਾਰਨ ਲਈ ਕੋਝੀਆਂ ਚਾਲਾਂ ਚੱਲਣ ਦਾ ਬਿਰਤਾਂਤ ਸੰਗਤਾਂ ਨਾਲ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨੇ ਬਾਣੀ ਤੇ ਬਾਣੇ ਦੇ ਧਾਰਨੀ ਹੋ ਕੇ ਸ਼ਬਦ ਗੁਰ ਨਾਲ ਜੁੜਨ ਤੇ ਨਾਮ ਸਿਮਰਨ ਕਰਨ ਲਈ ਪ੍ਰੇਰਿਤ ਕਰਦੇ ਹੋਏ ਨਸ਼ਿਆਂ ਤੋਂ ਦੂਰ ਰਹਿਣ ਤੇ ਗੁਰੂ ਸਾਹਿਬਾਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ। ਸਮਾਗਮ ਦੌਰਾਨ ਪਾਠ ਪੋਥੀ ਦੀ ਸੇਵਾ ਭਾਈ ਸਤਨਾਮ ਸਿੰਘ ਤੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ। ਸਮਾਗਮ ਸਮਾਪਤੀ 'ਤੇ ਗੁ. ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੇ ਸਨਮਾਨ 'ਚ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਦੇ ਹੋਏ ਦੀਵਾਨ 'ਚ ਪੁੱਜੀਆਂ ਸਮੂਹ ਸ਼ਖ਼ਸੀਅਤਾਂ ਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਸਮਾਜ ਦੇ ਮੁੱਖ ਬੁਲਾਰੇ ਸੰਤ ਬਾਬਾ ਗੁਰਭੇਜ ਸਿੰਘ ਖੁਜਾਲਾ, ਸੰਤ ਬਾਬਾ ਗੁਰਦੇਵ ਸਿੰਘ ਡੇਰਾ ਭਗਤਾਂ ਤਰਸਿੱਕਾ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲਾ, ਸੰਤ ਬਾਬਾ ਬਾਬਾ ਬੀਰ ਸਿੰਘ ਭੰਗਾਲੀ ਵਾਲੇ, ਸੰਤ ਬਾਬਾ ਕੰਵਲਜੀਤ ਸਿੰਘ ਨਾਗੀਆਨਾ ਸਾਹਿਬ, ਸੰਤ ਬਾਬਾ ਗੁਰਦਿਆਲ ਸਿੰਘ ਕਾਲੇਕੇ, ਗਿਆਨੀ ਮਲਕੀਅਤ ਸਿੰਘ ਜੱਬੋਵਾਲ, ਸੰਤ ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ, ਬਾਬਾ ਸੁਖਵੰਤ ਸਿੰਘ ਚੰਨਣਕੇ, ਗਿਆਨੀ ਪ੍ਰਗਟ ਸਿੰਘ ਭੀਲੋਵਾਲ, ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲੇ, ਭਾਈ ਅਵਤਾਰ ਸਿੰਘ ਬੁੱਟਰ ਤੇ ਭਾਈ ਹਰਸ਼ਦੀਪ ਸਿੰਘ ਰੰਧਾਵਾ (ਦੋਵੇਂ ਮੈਂਬਰ ਚੀਫ਼ ਖ਼ਾਲਸਾ ਦੀਵਾਨ), ਸਰਪੰਚ ਕਸ਼ਮੀਰ ਸਿੰਘ ਮਹਿਤਾ, ਭਾਈ ਤੇਜਬੀਰ ਸਿੰਘ ਭਲਾਈਪੁਰ, ਜਥੇਦਾਰ ਮੇਜਰ ਸਿੰਘ, ਹੈੱਡ ਗ੍ਰੰਥੀ ਭਾਈ ਸੁਲਖਨ ਸਿੰਘ, ਸੰਤ ਬਾਬਾ ਸ਼ਮਸ਼ੇਰ ਸਿੰਘ ਸੈਦੋ ਲੇਹਲ, ਭਾਈ ਸਵਿੰਦਰ ਸਿੰਘ, ਡਾ. ਜਸਮੇਲ ਸਿੰਘ, ਗੁਰਦੇਵ ਸਿੰਘ ਯੂ.ਐੱਸ.ਏ. ਤੇ ਸੰਗਤਾਂ ਨੇ ਹਾਜ਼ਰੀ ਭਰੀ।

# ਜੰਗਬੰਦੀ ਦੇ ਐਲਾਨ ਤੋਂ ਬਾਅਦ ਬਜ਼ਾਰਾਂ 'ਚ ਹੀ ਨਹੀਂ ਸਗੋਂ ਲੋਕਾਂ ਦੇ ਚਿਹਰਿਆਂ 'ਤੇ ਵੀ ਪਰਤ ਆਈ ਰੌਣਕ

ਜਲੰਧਰ, 12 ਮਈ (ਚ.ਨ.ਸ): ਜੰਗਬੰਦੀ ਦੇ ਐਲਾਨ ਤੋਂ ਬਾਅਦ ਜ਼ਿੰਦਗੀ ਪਟੜੀ 'ਤੇ ਪਰਤਣੀ ਸ਼ੁਰੂ ਹੋ ਗਈ ਹੈ ਤੇ ਲੋਕ ਆਪੋ-ਆਪਣੇ ਕੰਮਾਂ-ਕਾਰਾਂ 'ਤੇ ਪਰਤ ਆਏ ਹਨ। ਭਾਰਤ-ਪਾਕਿ ਜੰਗ ਕਾਰਨ ਲੋਕ ਜਿੱਥੇ ਭਾਰੀ ਦਹਿਸ਼ਤ ਦੇ ਸਾਏ ਹੇਠ ਸਨ, ਉਨ੍ਹਾਂ ਨੇ ਜੰਗਬੰਦੀ ਦਾ ਸਵਾਗਤ ਕਰਦੇ ਹੋਏ ਸੁੱਖ ਦਾ ਸਾਹ ਲਿਆ ਹੈ। ਜੰਗ ਕਾਰਨ ਲੋਕ ਆਪਣੇ ਭਵਿੱਖ ਨੂੰ ਲੈ ਕੇ ਡੂੰਘੀ ਚਿੰਤਾ 'ਚ ਸਨ ਪਰ ਸ਼ਾਮ ਸਮੇਂ ਜੰਗਬੰਦੀ ਦੇ ਐਲਾਨ ਤੋਂ ਬਾਅਦ ਬਜ਼ਾਰਾਂ ਵਿੱਚ ਹੀ ਨਹੀਂ ਸਗੋਂ ਲੋਕਾਂ ਦੇ ਚਿਹਰਿਆਂ 'ਤੇ ਵੀ ਰੌਣਕ ਪਰਤ ਆਈ ਹੈ। ਇੱਥੇ ਹੀ ਬੱਸ ਨਹੀਂ ਬਲੈਕਆਊਟ ਕਾਰਨ ਜਿੱਥੇ ਪਿਛਲੇ ਤਿੰਨ ਦਿਨਾਂ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰ ਤੇ ਪਿੰਡ ਰਾਤ ਦੇ ਘੁੱਪ ਹਨ੍ਹੇਰੇ 'ਚ ਗੁਆਚ ਗਏ ਸਨ, ਉਹ ਵੀ ਮੁੜ ਜਗਮਗਾਉਣ ਲੱਗੇ ਹਨ। ਸੀ.ਸੀ.ਟੀ.ਵੀ. ਕੈਮਰਿਆਂ ਤੇ ਸੋਲਰ ਲਾਈਟਾਂ ਤੋਂ ਪਰਦੇ ਹਟਾ ਦਿੱਤੇ ਗਏ ਹਨ ਤੇ ਸਟਰੀਟ ਲਾਈਟਾਂ ਵੀ ਜਗਣ ਲੱਗੀਆਂ ਹਨ। ਸ਼ਾਮ ਸਮੇਂ ਬਾਜ਼ਾਰ ਵੀ ਆਮ ਦੀ ਤਰ੍ਹਾਂ ਖੁੱਲ੍ਹ ਗਏ ਤੇ ਲੋਕਾਂ ਨੇ ਬਿਨਾਂ ਕਿਸੇ ਡਰ ਖੌਫ ਦੇ ਖਰੀਦਦਾਰੀ ਕੀਤੀ। ਹਾਲਾਂਕਿ ਇਸ ਤੋਂ ਪਹਿਲਾਂ ਜੰਗ ਦੇ ਸੰਘਣੇ ਹੁੰਦੇ ਜਾ ਰਹੇ ਬੱਦਲਾਂ ਦੇ ਦਰਮਿਆਨ ਲੋਕਾਂ ਵੱਲੋਂ ਰਾਸ਼ਨ ਤੇ ਹੋਰ ਜ਼ਰੂਰੀ ਸਮਾਨ ਦੀ ਖਰੀਦ ਹੀ ਨਹੀਂ ਕੀਤੀ ਜਾ ਰਹੀ ਸੀ ਬਲਕਿ ਉਨ੍ਹਾਂ ਵੱਲੋਂ ਇਨ੍ਹਾਂ ਵਸਤਾਂ ਦਾ ਭੰਡਾਰ ਵੀ ਕੀਤਾ ਜਾਣ ਲੱਗਾ ਸੀ ਪਰ ਹੁਣ ਜੰਗਬੰਦੀ ਦੇ ਐਲਾਨ ਤੋਂ ਬਾਅਦ ਲੋਕਾਂ ਵੱਲੋਂ ਜ਼ਰੂਰੀ ਵਰਤੋਂ ਦਾ ਸਮਾਨ ਤਾਂ ਖਰੀਦਿਆ ਜਾ ਰਿਹਾ ਹੈ ਪਰ ਹੁਣ ਭੰਡਾਰ ਕਰਨ ਲਈ ਵਾਧੂ ਸਮਾਨ ਨਹੀਂ ਖਰੀਦਿਆ ਜਾ ਰਿਹਾ ਤੇ ਪ੍ਰਸ਼ਾਸਨ ਵੱਲੋਂ ਵੀ ਅਹਿਤਿਆਤ ਦੇ ਤੌਰ 'ਤੇ ਕਈ ਸ਼ਹਿਰਾਂ 'ਚ ਦਿਨ ਵੇਲੇ ਵੀ ਬਾਜ਼ਾਰ ਆਦਿ ਬੰਦ ਰੱਖਣ ਦੇ ਆਦੇਸ਼ ਦਿੱਤੇ ਗਏ ਸਨ ਪਰ ਹੁਣ ਜੰਗਬੰਦੀ ਦੇ ਐਲਾਨ ਤੋਂ ਬਾਅਦ ਜਨ-ਜੀਵਨ ਆਮ ਦੀ ਤਰ੍ਹਾਂ ਹੋ ਗਿਆ ਹੈ ਤੇ ਲੋਕ ਆਪੋ-ਆਪਣੇ ਕੰਮਾਂ ਕਾਰਾਂ 'ਚ ਰੁਝ ਗਏ ਹਨ।

# ਸ਼ੋਅ ਰੂਮ ਮਾਲਕ ਵੱਲੋਂ ਫਿਰੌਤੀ ਦੀ ਆੜ 'ਚ ਸਕਿਓਰਿਟੀ ਲੈਣ ਲਈ ਖੁਦ 'ਤੇ ਗੋਲ਼ੀਆਂ ਚਲਵਾਉਣ ਦੀ ਸਾਜਿਸ਼ ਦਾ ਪਰਦਾਫਾਸ਼



ਬਟਾਲਾ/ਕਾਦੀਆਂ, 12 ਮਈ (ਡਾ. ਨਰਿੰਦਰ ਸਿੰਘ/ਘੁਮਾਣ ਸਿਕੰਦਰ ਸੰਧੂ): ਬਟਾਲਾ ਪੁਲਿਸ ਵੱਲੋਂ ਜਿੱਥੇ ਕਰਾਈਮ ਪੇਸ਼ਾ ਮੁਲਜ਼ਮਾਂ ਵੱਲੋਂ ਉਨ੍ਹਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਨੱਥ ਪਾਉਣ ਵਿੱਚ ਪਹਿਲਾਂ ਹੀ ਚੰਗੀ ਕਾਰਗੁਜ਼ਾਰੀ ਦਿਖਾਈ ਜਾ ਰਹੀ ਹੈ, ਉਥੇ ਹੀ ਅਜਿਹੇ ਕਰਾਈਮ ਪੇਸ਼ਾ ਲੋਕਾਂ ਵੱਲੋਂ ਕੀਤੀ ਗਈ ਇੱਕ ਨਿਵੇਕਲੀ ਕਿਸਮ ਦੀ ਵਾਰਦਾਤ ਨੂੰ ਟਰੇਸ ਕਰਕੇ ਮੁੱਖ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੁਹੇਲ ਕਾਸਿਮ ਮੀਰ, ਐੱਸ.ਐੱਸ.ਪੀ. ਬਟਾਲਾ ਵੱਲੋਂ ਅੱਜ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ 29 ਅਪ੍ਰੈਲ 2025 ਨੂੰ ਫੈਸ਼ਨ ਲੰਡਨ ਸ਼ੋਅ ਰੂਮ ਦੇ ਮਾਲਕ ਵਰਿੰਦਰ ਸਿੰਘ ਉਰਫ ਵਿੱਕੀ ਪੁੱਤਰ ਨਰਿੰਦਰ ਸਿੰਘ ਵਾਸੀ ਨਿਊ ਟੌਪ ਸਿਟੀ ਕਲੋਨੀ, ਬਟਾਲਾ ਨੂੰ ਧਰਮਾ ਸੰਧੂ ਨਾਮ ਦੇ ਗੈਂਗਸਟਰ ਵੱਲੋਂ 50 ਲੱਖ ਦੀ ਫਿਰੌਤੀ ਦੀ ਮੰਗ ਕਰਨ ਸਬੰਧੀ ਕਾਲ ਕੀਤੀ ਗਈ ਸੀ ਐ ਫਿਰੌਤੀ ਦੀ ਰਕਮ ਅਦਾ ਨਾ ਕਰਨ 'ਤੇ ਅਣਪਛਾਤੇ ਮੋਟਰਸਾਈਕਲ ਚਾਲਕਾਂ ਵੱਲੋਂ ਗੋਲ਼ੀਆਂ ਚਲਾਈਆਂ ਗਈਆਂ ਸੀ, ਜਿਸ 'ਤੇ ਉਪਰੋਕਤ ਮਾਲਕ ਵਰਿੰਦਰ ਸਿੰਘ ਉਰਫ ਵਿੱਕੀ ਦੇ ਬਿਆਨ 'ਤੇ ਮੁਕੱਦਮਾ ਨੰਬਰ 70 ਮਿਤੀ 30.04.2025 ਜੁਰਮ 308(2), 351, 125 ਬੀ.ਐੱਨ.ਐੱਸ, 25-54-59 ਅਸਲਾ ਐਕਟ ਥਾਣਾ ਸਿਟੀ ਬਟਾਲਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਗੁਰਪ੍ਰਤਾਪ ਸਿੰਘ ਸਹੋਤਾ, ਐੱਸ.ਪੀ. ਇਨਵੈਸਟੀਗੇਸ਼ਨ ਬਟਾਲਾ ਦੀ ਯੋਗ ਅਗਵਾਈ ਹੇਠ ਸੰਜੀਵ ਕੁਮਾਰ, ਡੀ.ਐੱਸ.ਪੀ. ਸਿਟੀ ਬਟਾਲਾ, ਇੰਸਪੈਕਟਰ ਸੁਖਰਾਜ ਸਿੰਘ, ਇੰਚਾਰਜ ਸੀ.ਆਈ.ਏ. ਬਟਾਲਾ ਤੇ ਹੋਰ ਪੁਲਿਸ ਟੀਮਾਂ ਇਸ ਵਾਰਦਾਤ ਨੂੰ ਟਰੇਸ ਕਰਨ ਵਿੱਚ ਲਗਾਈਆਂ ਗਈਆਂ, ਜੋ ਦੌਰਾਨੇ ਤਫਤੀਸ਼ ਉਪਰੋਕਤ ਸ਼ੋਅਰੂਮ 'ਤੇ ਗੋਲ਼ੀਆਂ ਚਲਾਉਣ ਵਾਲੇ ਗਿਰੋਹ ਨੂੰ ਟਰੇਸ ਕਰਕੇ ਗ੍ਰਿਫਤਾਰ ਕਰਨ ਵਿੱਚ ਸਫਲਤਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਉਪਰੋਕਤ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੇ ਇੰਕਸ਼ਾਫ ਤੋਂ ਇਹ ਪਾਇਆ ਗਿਆ ਕਿ ਰਣਜੋਧ ਸਿੰਘ ਉਰਫ਼ ਜੋਧਾ ਪੁੱਤਰ ਪ੍ਰਗਟ ਸਿੰਘ ਵਾਸੀ ਜੋੜਾ ਸਿੰਘਾ ਥਾਣਾ ਕਿਲਾ ਲਾਲ ਸਿੰਘ ਹਾਲ ਇੰਗਲੈਂਡ ਦਾ ਸਬੰਧ ਫ਼ੈਸ਼ਨ ਲੰਡਨ ਸ਼ੋਅਰੂਮ ਬਟਾਲਾ ਦੇ ਮਾਲਕ ਵਰਿੰਦਰ ਸਿੰਘ ਉਰਫ਼ ਵਿੱਕੀ ਨਾਲ ਹੈ। ਜੋ ਵਰਿੰਦਰ ਸਿੰਘ ਨੇ ਪੁਲਿਸ ਸਕਿਉਰਿਟੀ ਹਾਸਲ ਕਰਨ ਲਈ ਰਣਜੋਧ ਸਿੰਘ ਜੋਧਾ ਨਾਲ ਸਲਾਹ ਕੀਤੀ।

# ਅਨਮਜਯੋਤ ਕੌਰ ਨੇ ਬਤੌਰ ਐੱਸ.ਡੀ.ਐੱਮ. ਨਵਾਂ ਸ਼ਹਿਰ ਦਾ ਅਹੁਦਾ ਸੰਭਾਲਿਆ

## ☛ਪੂਰੀ ਤਨਦੇਹੀ ਨਾਲ ਸੇਵਾਵਾਂ ਨਿਭਾਉਣ ਦਾ ਦਿੱਤਾ ਭਰੋਸਾ



ਨਵਾਂ ਸ਼ਹਿਰ, 12 ਮਈ (ਸੁਖਦੇਵ ਸਿੰਘ ਉੜਾਪੜ): 2016 ਬੈਚ ਦੇ ਪੀ.ਸੀ.ਐੱਸ. ਅਧਿਕਾਰੀ ਅਨਮਜਯੋਤ ਕੌਰ ਨੇ ਐੱਸ.ਡੀ.ਐੱਮ. ਨਵਾਂ ਸ਼ਹਿਰ ਦਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਅਨਮਜਯੋਤ ਕੌਰ ਪਹਿਲਾਂ ਵੀ ਨਵਾਂ ਸ਼ਹਿਰ ਵਿਖੇ ਬਤੌਰ ਸਹਾਇਕ ਕਮਿਸ਼ਨਰ ਸੇਵਾਵਾਂ ਦੇਣ ਤੋਂ ਇਲਾਵਾ ਬਤੌਰ ਐੱਸ.ਡੀ.ਐੱਮ. ਜੈਤੋਂ, ਐੱਸ.ਡੀ.ਐੱਮ. ਖਡੂਰ ਸਾਹਿਬ, ਅਸਟੇਟ ਅਫ਼ਸਰ ਅੰਮ੍ਰਿਤਸਰ ਵਿਕਾਸ ਅਥਾਰਟੀ ਤੇ ਡਿਪਟੀ ਡਾਇਰੈਕਟਰ ਸਥਾਨਕ ਸਰਕਾਰਾਂ ਦੀਆਂ ਸੇਵਾਵਾਂ ਵੀ ਨਿਭਾ ਚੁੱਕੇ ਹਨ। ਅਨਮਜਯੋਤ ਕੌਰ ਨੂੰ ਸਾਫ ਸੁਥਰੀ ਅਕਸ ਵਾਲੇ, ਇਮਾਨਦਾਰ ਤੇ ਮਿਹਨਤੀ ਅਫਸਰ ਵਜੋਂ ਜਾਣਿਆ ਜਾਂਦਾ ਹੈ। ਆਮ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣਨਾ ਤੇ ਉਨ੍ਹਾਂ ਦਾ ਬਣਦਾ ਹੱਲ ਕਰਨ ਵਿੱਚ ਹਮੇਸ਼ਾ ਤਤਪਰ ਰਹਿਣਾ ਹੀ ਉਨ੍ਹਾਂ ਦਾ ਸੁਭਾਅ ਹੈ। ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਨਮਜਯੋਤ ਕੌਰ ਨੇ ਕਿਹਾ ਕਿ ਨਿਰਧਾਰਿਤ ਸਮੇਂ ਵਿੱਚ ਨਾਗਰਿਕ ਸੇਵਾਵਾਂ ਪ੍ਰਦਾਨ ਕਰਨਾ ਹਮੇਸ਼ਾ ਉਨ੍ਹਾਂ ਦੀ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਪਾਰਦਰਸ਼ੀ ਪ੍ਰਸ਼ਾਸਨ ਦੇ ਨਾਲ-ਨਾਲ ਲੋਕ ਮਸਲਿਆਂ ਦੇ ਢੁਕਵੇਂ ਨਿਪਟਾਰੇ ਨੂੰ ਵੀ ਪਹਿਲ ਦੇ ਆਧਾਰ 'ਤੇ ਅਮਲੀ ਜਾਮਾ ਪਹਿਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਲੋਕ ਹਿੱਤਾਂ ਦੇ ਮੱਦੇਨਜ਼ਰ ਵਿਕਾਸ ਕਾਰਜਾਂ ਨੂੰ ਵੀ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਅਨਮਜਯੋਤ ਕੌਰ ਦੇ ਬਤੌਰ ਐੱਸ.ਡੀ.ਐੱਮ. ਨਵਾਂ ਸ਼ਹਿਰ ਦਾ ਅਹੁਦਾ ਸੰਭਾਲਣ 'ਤੇ ਆਮ ਲੋਕਾਂ ਨੇ ਖੁਸ਼ੀ ਪ੍ਰਗਟ ਕੀਤੀ ਹੈ।

# ਨਗਰ ਕੌਂਸਲ ਹਾਊਸ ਦੀ ਹੰਗਾਮੀ ਮੀਟਿੰਗ

## ☛ਸ਼ਮਸ਼ਾਨਘਾਟ 'ਚ ਡੈੱਡ ਬਾਡੀ ਲਿਜਾਣ ਵਾਲੀ ਗੱਡੀ ਦਾ ਮਤਾ ਪਾਸ ਕੀਤਾ



ਫਤਹਿਗੜ੍ਹ ਚੂੜੀਆਂ, 12 ਮਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਨਗਰ ਕੌਂਸਲ ਦੀ ਅਹਿਮ ਮੀਟਿੰਗ ਸ਼ਹਿਰ ਦੀ ਪ੍ਰਧਾਨ ਰਜਵੰਤ ਕੌਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕਾਰਜ ਸਾਧਕ ਅਫਸਰ ਕਿਰਨ ਮਹਾਜਨ ਤੋਂ ਇਲਾਵਾ ਸਮੂਹ ਕੌਂਸਲਰ ਹਾਜ਼ਰ ਸਨ। ਮੀਟਿੰਗ ਵਿਚ ਸ਼ਹਿਰ ਲਈ ਫਾਇਰ ਬ੍ਰਿਗੇਡ ਲਿਆਉਣ ਸਬੰਧੀ ਮਤਾ ਪਾਇਆ ਗਿਆ। ਇਸ ਤੋਂ ਇਲਾਵਾ ਸ਼ਮਸ਼ਾਨਘਾਟ ਤੱਕ ਡੈੱਡ ਬਾਡੀ ਲਿਜਾਣ ਵਾਲੀ ਗੱਡੀ ਖ੍ਰੀਦਣ ਦਾ ਵੀ ਮਤਾ ਪਾਸ ਕੀਤਾ ਗਿਆ, ਜਦ ਕਿ ਬਾਠ ਮਾਰਕੀਟ ਤੋਂ ਸੈਂਟਰ ਗੁਰਦੁਆਰਾ ਸਾਹਿਬ ਤੱਕ ਜਾਣ ਵਾਲੀ ਗਲੀ ਦੇ ਪਾਣੀ ਦੇ ਨਿਕਾਸ ਸਬੰਧੀ ਵੀ ਮਤਾ ਪਾਸ ਕੀਤਾ ਗਿਆ। ਇਸ ਮੌਕੇ ਕਾਂਗਰਸੀ ਕੌਂਸਲਰਾਂ ਤੇ ਕਾਂਗਰਸੀਆਂ ਆਗੂਆਂ ਵੱਲੋਂ ਆਪ ਸਰਕਾਰ ਉਪਰ ਸ਼ਹਿਰ ਦੇ ਵਿਕਾਸ ਲਈ ਸਹਿਯੋਗ ਨਾ ਕਰਨ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਅਨੇਕਾਂ ਵਾਰ ਸ਼ਹਿਰ ਦੇ ਵਿਕਾਸ ਲਈ ਮਤੇ ਪਾ ਚੁੱਕੇ ਹਨ ਪਰ ਅਜੇ ਤੱਕ ਆਪ ਸਰਕਾਰ ਵੱਲੋਂ ਸ਼ਹਿਰ ਦੇ ਵਿਕਾਸ ਲਈ ਇੱਕ ਵੀ ਪੈਸਾ ਨਹੀਂ ਆਇਆ। ਇਸ ਮੌਕੇ ਕੌਂਸਲਰ ਦਵਿੰਦਰਪਾਲ ਸਿੰਘ ਮੱਘਾ, ਕੌਂਸਲਰ ਰਜਿੰਦਰ ਸਿੰਘ ਬਿੰਦੂ, ਕੌਂਸਲਰ ਕੁਲਵਿੰਦਰ ਸਿੰਘ ਲਾਲੀ, ਕੌਂਸਲਰ ਰਣਯੋਧ ਸਿੰਘ ਦਿਓਲ, ਕੌਂਸਲਰ ਪ੍ਰਵੇਜ ਮਸੀਹ, ਕੌਂਸਲਰ ਲਾਲ ਮਸੀਹ, ਕੌਂਸਲਰ ਸੀਮਾ ਰਾਣੀ, ਕੌਂਸਲਰ ਚਰਨਜੀਤ ਕੌਰ, ਕੌਂਸਲਰ ਮਨਦੀਪ ਕੌਰ, ਕੌਂਸਲਰ ਸ਼ਰਨਜੀਤ ਕੌਰ, ਐਡਵੋਕੇਟ ਨਵਤੇਜ ਸਿੰਘ ਰੰਧਾਵਾ, ਸੁਰੇਸ਼ ਬੱਬਲੂ, ਐੱਸ.ਓ. ਪਲਵਿੰਦਰ ਸਿੰਘ, ਹਰਜਿੰਦਰ ਸਿੰਘ, ਦਲੇਰ ਸਿੰਘ, ਸੁਨੀਲ ਗੁਲਾਟੀ ਆਦਿ ਹਾਜ਼ਰ ਸਨ।

# ਪੰਜਾਬ ਦੇ ਪਾਣੀ ਦੀ ਇੱਕ ਵੀ ਵਾਧੂ ਬੂੰਦ ਹੋਰ ਸੂਬਿਆਂ ਨੂੰ ਨਹੀਂ ਦੇ ਸਕਦੇ : ਡਾ. ਚਰਨਜੀਤ ਸਿੰਘ




ਸ੍ਰੀ ਕੀਰਤਪੁਰ ਸਾਹਿਬ, 12 ਮਈ (ਬੀ.ਐੱਸ. ਰਾਣਾ): ਕੇਂਦਰ ਸਰਕਾਰ ਵੱਲੋਂ ਬੀਬੀਐੱਮਬੀ ਨੂੰ ਹਰਿਆਣਾ ਸੂਬੇ ਨੂੰ ਵਾਧੂ ਪਾਣੀ ਛੱਡਣ ਦੇ ਦਿੱਤੇ ਹੁਕਮ ਤੋਂ ਬਾਅਦ ਪੰਜਾਬ ਦੇ ਲੋਕਾਂ ਵੱਲੋਂ ਨਗਰ ਪੰਚਾਇਤ ਸ੍ਰੀ ਕੀਰਤਪੁਰ ਸਾਹਿਬ ਅਧੀਨ ਆਉਂਦੇ ਪਿੰਡ ਕਲਿਆਣਪੁਰ ਲੋਹੰਡ ਖੱਡ ਭਾਖੜਾ ਨਹਿਰ ਦੇ ਗੇਟਾਂ ਨਜ਼ਦੀਕ ਪਿਛਲੇ ਕਈ ਦਿਨਾਂ ਤੋਂ ਨਹਿਰ ਦੇ ਪਾਣੀ ਦੀ ਪਹਿਰੇਦਾਰੀ ਕਰਨ ਲਈ ਪੱਕਾ ਮੋਰਚਾ ਲਗਾਇਆ ਹੋਇਆ ਹੈ। ਅੱਜ ਲੋਹੰਡ ਗੇਟਾਂ 'ਤੇ ਚੱਲ ਰਹੇ ਧਰਨੇ ਵਿੱਚ ਡਾ. ਚਰਨਜੀਤ ਸਿੰਘ ਹਲਕਾ ਵਿਧਾਇਕ ਸ੍ਰੀ ਚਮਕੌਰ ਸਾਹਿਬ ਆਪਣੇ ਸੈਂਕੜੇ ਸਾਥੀਆਂ ਸਮੇਤ ਪੁੱਜੇ। ਇਸ ਮੌਕੇ ਉਨ੍ਹਾਂ ਧਰਨੇ ਉੱਪਰ ਬੈਠੇ ਧਰਨਾਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕ ਵਾਰ-ਵਾਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੇ ਬੀਬੀਐੱਮਬੀ ਨੂੰ ਸਪੱਸ਼ਟ ਸੁਨੇਹਾ ਦੇ ਚੁੱਕੇ ਹਨ ਕਿ ਪਾਣੀ ਪੰਜਾਬ ਦੀ ਆਰਥਿਕਤਾ ਦੀ ਜੀਵਨਧਾਰਾ ਹੈ, ਜਿਸ ਦੀ ਇੱਕ ਵਾਧੂ ਬੂੰਦ ਵੀ ਹੋਰ ਸੂਬਿਆਂ ਨੂੰ ਨਹੀਂ ਦਿੱਤੀ ਜਾ ਸਕਦੀ। ਜਿੱਥੇ ਭਾਰਤ 'ਤੇ ਪਾਕਿਸਤਾਨ ਵਿੱਚ ਤਣਾਅ ਵਧਿਆ ਹੋਇਆ ਹੈ, ਉੱਥੇ ਹੀ ਸਾਜਿਸ਼ ਤਹਿਤ ਕੇਂਦਰ ਦੀ ਸਰਕਾਰ ਤੇ ਬੀਬੀਐੱਮਬੀ ਵੱਲੋਂ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਮਸਲਾ ਵੀ ਕਾਫੀ ਗਰਮਾਇਆ ਜਾ ਰਿਹਾ ਹੈ। ਬੇਸ਼ੱਕ ਕੇਂਦਰ ਸਰਕਾਰ ਦੀ ਸ਼ਹਿ 'ਤੇ ਬੀਬੀਐੱਮਬੀ ਵੱਲੋਂ ਹਰਿਆਣਾ ਸੂਬੇ ਨੂੰ ਵਾਧੂ ਪਾਣੀ ਛੱਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪ੍ਰੰਤੂ ਪੰਜਾਬ ਦੇ ਲੋਕਾਂ ਵੱਲੋਂ ਲਗਾਤਾਰ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਕਹਿਣਾ ਹੈ ਕਿ ਪੰਜਾਬ ਕੋਲ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਫਾਲਤੂ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਇਨਸਾਨੀਅਤ ਦੇ ਨਾਤੇ ਹਰਿਆਣਾ ਨੂੰ ਉਸ ਦੇ ਨਿਰਧਾਰਤ ਕੋਟੇ ਤੋਂ ਵੱਧ 4000 ਕਿਊਸਿਕ ਪਾਣੀ ਦੇ ਰਿਹਾ ਹੈ। ਇਸ ਮੌਕੇ ਕਮਿੱਕਰ ਸਿੰਘ ਡਾਢੀ ਚੇਅਰਮੈਨ ਨੇ ਕਿਹਾ ਕਿ ਚਾਹੇ ਕੇਂਦਰ ਸਰਕਾਰ ਸਾਡੇ ਵਿਰੁੱਧ ਪਰਚੇ ਹੀ ਕਰਵਾ ਦੇਵੇ, ਚਾਹੇ ਸਾਨੂੰ ਜੇਲ੍ਹਾਂ ਵਿੱਚ ਡੱਕ ਦੇਵੇ, ਪਰ ਅਸੀਂ ਪਾਣੀ ਦੀ ਇੱਕ ਬੂੰਦ ਵੀ ਇਥੋਂ ਜਾਣ ਨਹੀਂ ਦੇਵਾਂਗੇ। ਜਦੋਂ ਤੱਕ ਪਾਣੀ ਦਾ ਮਸਲਾ ਹੱਲ ਨਹੀਂ ਹੁੰਦਾ ਤੇ ਪੰਜਾਬ ਨੂੰ ਉਸਦਾ ਬਣਦਾ ਹੱਕ ਨਹੀਂ ਮਿਲਦਾ ਉਦੋਂ ਤੱਕ ਇਹ ਧਰਨਾ ਲੋਹੰਡ ਖੱਡ 'ਤੇ ਇਸੇ ਤਰ੍ਹਾਂ ਜਾਰੀ ਰਹੇਗਾ। ਇਸ ਮੌਕੇ ਡਾ. ਚਰਨਜੀਤ ਸਿੰਘ ਐੱਮ.ਐੱਲ.ਏ. ਸ੍ਰੀ ਚਮਕੌਰ ਸਾਹਿਬ, ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਤੋਂ ਇਲਾਵਾ ਐੱਨ.ਪੀ. ਰਾਣਾ ਚੇਅਰਮੈਨ ਮਾਰਕੀਟ ਕਮੇਟੀ ਮੋਰਿੰਡਾ, ਬਿੱਟੂ ਪ੍ਰਧਾਨ ਨਗਰ ਕੌਂਸਲ ਮੋਰਿੰਡਾ, ਨਵਦੀਪ ਸਿੰਘ ਟੋਨੀ ਜ਼ਿਲ੍ਹਾ ਪ੍ਰਧਾਨ ਐੱਸ.ਸੀ. ਵਿੰਗ ਰੋਪੜ, ਰਜਿੰਦਰ ਸਿੰਘ ਰਾਜਾ, ਪੁਰਸ਼ੋਤਮ ਸਿੰਘ ਮਾਹਲ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਕੇਬਲ ਜੋਸ਼ੀ ਮੜੌਲੀ, ਦਰਸ਼ਨ ਕੁਮਾਰ ਵਰਮਾ, ਨਰਿੰਦਰ ਸਿੰਘ ਫੌਜੀ ਐੱਮ.ਸੀ., ਭੂਰਾ ਐੱਮ.ਸੀ. ਚਮਕੌਰ ਸਾਹਿਬ ਆਦਿ ਵੱਖ-ਵੱਖ ਪਿੰਡਾਂ ਤੋਂ ਪੰਚ-ਸਰਪੰਚ ਹਾਜ਼ਰ ਸਨ।

# ਲਾਇਨਜ਼ ਕਲੱਬ ਨਵਾਂਸ਼ਹਿਰ ਗੋਲਡ ਬੰਦਗੀ ਦੀ ਚੋਣ ਸਰਬਸੰਮਤੀ ਨਾਲ ਹੋਈ

## ☛ਲਖਵਿੰਦਰ ਸਿੰਘ ਸੂਰਾਪੁਰੀ ਤੀਸਰੀ ਵਾਰ ਪ੍ਰਧਾਨ ਬਣੇ



ਨਵਾਂਸ਼ਹਿਰ, 12 ਮਈ (ਸੁਖਦੇਵ ਸਿੰਘ ਉੜਾਪੜ): ਲਾਇਨਜ਼ ਕਲੱਬ ਨਵਾਂਸ਼ਹਿਰ ਗੋਲਡ ਬੰਦਗੀ 321-ਡੀ ਨਵਾਂਸ਼ਹਿਰ ਦੀ ਚੋਣ ਕਲੱਬ ਦੇ ਸਰਪ੍ਰਸਤ ਪਾਲ ਸਿੰਘ ਬੰਗਾ ਤੇ ਚੇਅਰਮੈਨ ਬਲਵੀਰ ਸਿੰਘ ਪੂੰਨੀ ਦੀ ਅਗਵਾਈ 'ਚ ਸਰਬਸੰਮਤੀ ਨਾਲ ਹੋਈ। ਲਖਵਿੰਦਰ ਸਿੰਘ ਸੂਰਾਪੁਰੀ ਤੀਸਰੀ ਵਾਰ ਕਲੱਬ ਦੇ ਪ੍ਰਧਾਨ ਤੇ ਰਜਿੰਦਰ ਸਿੰਘ ਸੈਦਪੁਰੀ ਪੰਜਵੀਂ ਵਾਰ ਕਲੱਬ ਦੇ ਸੈਕਟਰੀ ਬਣੇ, ਬਲਵੀਰ ਸਿੰਘ ਪੂੰਨੀ ਕਲੱਬ ਚੇਅਰਮੈਨ, ਕੁਲਵੰਤ ਸਿੰਘ ਸੈਣੀ ਸੀਨੀਅਰ ਮੀਤ ਪ੍ਰਧਾਨ, ਅਵਤਾਰ ਸਿੰਘ ਯੂ.ਐੱਸ.ਏ., ਪੀ.ਆਰ.ਓ., ਜਸਪਾਲ ਸਿੰਘ ਲੌਂਗੀਆ ਕੈਸ਼ੀਅਰ ਤੇ ਪਾਲ ਸਿੰਘ ਬੰਗਾ ਨੂੰ ਲਾਇਫ ਟਾਈਮ ਲਈ ਕਲੱਬ ਦੇ ਸਰਪ੍ਰਸਤ ਚੁਣਿਆ ਗਿਆ। ਇਸ ਮੌਕੇ ਪ੍ਰਧਾਨ ਲਖਵਿੰਦਰ ਸਿੰਘ ਸੂਰਾਪੁਰੀ ਨੇ ਸਮੂਹ ਮੈਂਬਰਾਂ ਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਜੋ ਵੀ ਮੈਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ ਉਸਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਬਾਕੀ ਚੁਣੇ ਅਹੁਦੇਦਾਰ ਸਤਨਾਮ ਸਿੰਘ ਸਿਬੰਲੀ ਸਹਾਇਕ ਸਕੱਤਰ, ਬਲਵੰਤ ਸਿੰਘ ਲਾਦੀਆ ਲੀਗਲ ਐਡਵਾਈਜ਼ਰ ਚੁਣੇ।

# ਜ਼ਿਲ੍ਹਾ ਗੁਰਦਾਸਪੁਰ 'ਚ 2500 ਹੈਕਟੇਅਰ ਰਕਬਾ ਮੱਕੀ ਦੀ ਕਾਸ਼ਤ ਹੇਠ ਲਿਆਂਦਾ ਜਾਵੇਗਾ : ਮੁੱਖ ਖੇਤੀਬਾੜੀ ਅਫ਼ਸਰ



ਗੁਰਦਾਸਪੁਰ, 12 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਗੁਰਦਾਸਪੁਰ ਜ਼ਿਲ੍ਹੇ ਅੰਦਰ 2500 ਹੈਕਟੇਅਰ ਰਕਬੇ ਵਿਚ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਵਾਉਣ ਦੇ ਉਲੀਕੇ ਗਏ ਟੀਚੇ ਦੀ ਪੂਰਤੀ ਲਈ ਅੱਜ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਨਿਯੁਕਤ ਕਿਸਾਨ ਮਿੱਤਰਾਂ ਨੂੰ ਸਿਖਲਾਈ ਦੇਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਟ੍ਰੇਨਿੰਗ ਹਾਲ ਵਿਚ ਇਕ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕੀਤੀ। ਇਸ ਮੌਕੇ ਸਮੁੱਚੇ ਜ਼ਿਲ੍ਹੇ ਦੇ ਡਾ. ਸਰਬਜੀਤ ਸਿੰਘ ਔਲਖ ਐਸੋਸੀਏਟ ਨਿਰਦੇਸ਼ਕ, ਡਾ. ਮਨਪ੍ਰੀਤ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਗਗਨਦੀਪ ਸਿੰਘ, ਡਾ. ਪਰਮਿੰਦਰ ਕੁਮਾਰ ਸਮੂਹ ਖੇਤੀਬਾੜੀ ਅਫ਼ਸਰ ਸਮੇਤ ਸਮੂਹ ਕਿਸਾਨ ਮਿੱਤਰ ਹਾਜ਼ਰ ਸਨ, ਜਿਨ੍ਹਾਂ ਨੂੰ ਸਿਖਲਾਈ ਦੇਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਸਬੰਧਤ ਖੇਤੀ ਮਾਹਿਰਾਂ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਮੱਕੀ ਦੀ ਕਾਸ਼ਤ ਨਾਲ ਸਬੰਧਤ ਅਹਿਮ ਨੁਕਤੇ ਸਾਂਝੇ ਕੀਤੇ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਸਾਲ 2014-15 ਦੌਰਾਨ ਤਕਰੀਬਨ 28.9 ਹੈਕਟੇਅਰ ਰਕਬੇ ਵਿੱਚ ਝੋਨੇ ਦੀ ਕਾਸ਼ਤ ਕੀਤੀ ਗਈ, ਜਦ ਕਿ 60ਵੇਂ ਦਹਾਕੇ ਦੌਰਾਨ ਝੋਨੇ ਹੇਠ ਰਕਬਾ ਕੇਵਲ 2.27 ਲੱਖ ਹੈਕਟੇਅਰ ਸੀ। ਝੋਨੇ ਦੀ ਕਾਸ਼ਤ ਕਾਰਨ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇਸ ਹੱਦ ਤੱਕ ਨੀਵਾਂ ਜਾ ਚੁੱਕਾ ਹੈ ਕਿ ਕੇਂਦਰੀ ਜ਼ਿਲ੍ਹਿਆਂ ਵਿੱਚ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ। ਪੰਜਾਬ ਦੇ 141 ਬਲਾਕਾਂ ਵਿੱਚੋਂ 110 ਬਲਾਕਾਂ ਨੂੰ ਪਹਿਲਾਂ ਹੀ ਜ਼ਮੀਨਦੋਜ਼ ਪਾਣੀ ਦੇ ਵਧੇਰੇ ਨਿਕਾਸੀ ਕਾਰਨ ਕਾਲੇ ਖੇਤਰ ਐਲਾਨਿਆ ਚੁੱਕਾ ਹੈ ਤੇ ਹੁਣੇ-ਹੁਣੇ ਕੇਂਦਰੀ ਭੂ-ਜਲ ਬੋਰਡ ਵੱਲੋਂ 18 ਬਲਾਕਾਂ ਨੂੰ ਕਾਲੇ ਖੇਤਰ ਵਾਲੇ ਬਲਾਕ ਐਲਾਨ ਕਰਕੇ ਹੋਰ ਟਿਊਬਵੈੱਲ ਲਗਾਉਣ 'ਤੇ ਪਾਬੰਦੀ ਲਗਾ ਦਿੱਤੀ ਹੈ।

# ਵਿਧਾਇਕ ਸ਼ੈਰੀ ਕਲਸੀ ਨੇ ਸ਼ਹਿਰ 'ਚ ਸ.ਫਾਈ ਵਿਵਸਥਾ ਸਬੰਧੀ ਲਿਆ ਸਖ਼ਤ ਨੋਟਿਸ

## ☛ਸ਼ਫਾਈ ਸੇਵਕਾਂ ਨੂੰ ਆਪਣੀ ਡਿਊਟੀ ਪਹਿਲ ਦੇ ਆਧਾਰ 'ਤੇ ਨਿਭਾਉਣ ਦੀ ਕੀਤੀ ਤਾਕੀਦ



ਬਟਾਲਾ, 12 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸ਼ਹਿਰ ਵਿਚਲੀ ਸਫਾਈ ਵਿਵਸਥਾ ਠੀਕ ਨਾ ਹੋਣ ਦਾ ਗੰਭੀਰ ਨੋਟਿਸ ਲੈਂਦਿਆਂ ਸਫਾਈ ਸੇਵਕਾਂ ਨੂੰ ਸਖ਼ਤ ਸ਼ਬਦਾਂ ਵਿੱਚ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਤਾਕੀਦ ਕਰਦਿਆਂ ਕਿਹਾ ਕਿ ਡਿਊਟੀ ਵਿੱਚ ਕਿਸੇ ਪ੍ਰਕਾਰ ਦੀ ਲਾਪ੍ਰਵਾਹੀ ਜਾਂ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਵਿਧਾਇਕ ਸ਼ੈਰੀ ਕਲਸੀ ਨੇ ਅੱਜ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਸਫਾਈ ਸੇਵਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਸਫਾਈ ਸੇਵਕਾਂ ਨੂੰ ਕੰਟਰੈਕਟ ਬੇਸ 'ਤੇ ਕੀਤਾ ਗਿਆ, ਜਿਸ ਦੀ ਉਹ ਦਹਾਕਿਆਂ ਤੋਂ ਮੰਗ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਸਫਾਈ ਸੇਵਕਾਂ ਨੂੰ ਆਪਣੇ ਪਰਿਵਾਰ ਦਾ ਮੈਂਬਰ ਸਮਝਦੇ ਹਨ ਤੇ ਉਨ੍ਹਾਂ ਦੇ ਹਰ ਦੁੱਖ-ਸੁੱਖ ਵਿੱਚ ਭਾਈਵਾਲ ਬਣਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਰ ਸ਼ਹਿਰ ਵਿੱਚ ਲੱਗੇ ਕੂੜੇ ਦੇ ਢੇਰ, ਨਾਲੀਆਂ ਦੀ ਸਫਾਈ ਤੇ ਗਾਰ ਆਦਿ ਸਮੇਂ ਸਿਰ ਨਾ ਚੁੱਕਣ ਕਰਕੇ ਉਨ੍ਹਾਂ ਨੂੰ ਬਹੁਤ ਦੁੱਖ ਲੱਗਾ ਹੈ। ਉਨ੍ਹਾਂ ਕਿਹਾ ਕਿ 425 ਸਫਾਈ ਸੇਵਕਾਂ ਦੇ ਹੋਣ ਦੇ ਬਾਵਜੂਦ ਸ਼ਹਿਰ ਅੰਦਰ ਸਫਾਈ ਵਿਵਸਥਾ ਠੀਕ ਨਾ ਹੋਣਾ ਬਹੁਤ ਮਾੜਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਗਲੇ 10 ਦਿਨਾਂ ਦੇ ਅੰਦਰ ਸ਼ਹਿਰ ਦੀ ਸਫਾਈ ਵਿਵਸਥਾ ਵਿੱਚ ਕੋਈ ਜ਼ਿਕਰਯੋਗ ਸੁਧਾਰ ਨਾ ਹੋਇਆ ਤਾਂ ਉਨ੍ਹਾਂ ਨੂੰ ਮਜਬੂਰਨ ਕੋਈ ਸਖ਼ਤ ਫੈਸਲਾ ਲੈਣਾ ਪਵੇਗਾ, ਜਿਸ ਦੇ ਸਫਾਈ ਸੇਵਕ ਆਪ ਹੀ ਜ਼ਿੰਮੇਵਾਰ ਹੋਣਗੇ। ਇਸ ਮੌਕੇ ਸਫਾਈ ਸੇਵਕਾਂ ਵੱਲੋਂ ਪ੍ਰਧਾਨ ਟੀਨੂੰ ਕਲਿਆਣ ਨੇ ਵਿਧਾਇਕ ਸ਼ੈਰੀ ਕਲਸੀ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸ਼ਹਿਰ ਅੰਦਰ ਸਾਫ-ਸਫਾਈ ਨੂੰ ਪਹਿਲ ਦੇ ਆਧਾਰ 'ਤੇ ਕਰਨ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਹਮੇਸ਼ਾ ਉਨ੍ਹਾਂ ਦੀ ਹਰ ਮੰਗ ਪਹਿਲ ਦੇ ਆਧਾਰ 'ਤੇ ਪੂਰੀ ਕੀਤੀ ਜਾਂਦੀ ਹੈ, ਇਸ ਲਈ ਸਫਾਈ ਸੇਵਕਾਂ ਦੀ ਵੀ ਡਿਊਟੀ ਬਣਦੀ ਹੈ ਕਿ ਉਹ ਸ਼ਹਿਰ ਨੂੰ ਨਿਯਮਿਤ ਤੌਰ 'ਤੇ ਸਾਫ਼ ਸੁਥਰਾ ਰੱਖਣ।

# ਸੀ.ਐੱਮ. ਦੀ ਯੋਗਸ਼ਾਲਾ ਸਕੀਮ ਲੋਕਾਂ ਲਈ ਹੋ ਰਹੀ ਵਰਦਾਨ ਸਾਬਿਤ : ਜਗਰੂਪ ਸਿੰਘ ਸੇਖਵਾਂ



ਗੁਰਦਾਸਪੁਰ, 12 ਮਈ (ਜਗੀਰ ਸਿੰਘ ਮੰਡ/ਜਗਮੋਹਨ ਬਾਗੋਵਾਣੀ): ਸੀ.ਐੱਮ.ਦੀ ਯੋਗਸ਼ਾਲਾ ਪੰਜਾਬ ਸਰਕਾਰ ਦੁਆਰਾ ਸੂਬੇ ਦੇ ਨਾਗਰਿਕਾਂ ਨੂੰ ਮੁਫ਼ਤ ਯੋਗ ਸਿੱਖਿਆ ਦੇਣ ਦੀ ਇੱਕ ਪਹਿਲ ਹੈ। ਇਸ ਯੋਜਨਾ ਤਹਿਤ ਪੰਜਾਬ ਵਿੱਚ ਪ੍ਰਮਾਣਿਤ ਯੋਗ ਟੀਚਰਾਂ ਦੀ ਇੱਕ ਟੀਮ ਸਥਾਪਤ ਕੀਤੀ ਗਈ ਹੈ ਤਾਂ ਜੋ ਯੋਗ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕੇ ਤੇ ਜਨਤਾ ਨੂੰ ਯੋਗ ਟੀਚਰਾਂ ਦੀ ਸੁਵਿਧਾ ਦੇ ਕੇ ਇਸ ਨੂੰ ਇੱਕ ਜਨ ਅੰਦੋਲਨ ਵਿੱਚ ਬਦਲਿਆ ਜਾ ਸਕੇ। ਇਸ ਦਾ ਉਦੇਸ਼ ਨਾਗਰਿਕਾਂ ਦੀ ਸਰੀਰਕ ਤੇ ਮਾਨਸਿਕ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਧਿਆਨ ਤੇ ਯੋਗ ਦੇ ਮਹੱਤਵ ਨੂੰ ਉਜਾਗਰ ਕਰਨਾ ਹੈ। ਇਕ ਪ੍ਰਾਚੀਨ ਅਭਿਆਸ ਦੇ ਰੂਪ ਵਿੱਚ ਯੋਗ ਕਿਸੇ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦਾ ਇੱਕ ਪ੍ਰਭਾਵੀ ਸਾਧਨ ਸਾਬਤ ਹੋਇਆ ਹੈ। ਸੀ.ਐੱਮ. ਦੀ ਯੋਗਸ਼ਾਲਾ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਵੀ ਇਹ ਸਕੀਮ ਯੋਗ ਪ੍ਰਤੀ ਲੋਕਾਂ ਦੀ ਦਿਲਚਸਪੀ ਵਧਾਉਣ ਵਿੱਚ ਲਗਾਤਾਰ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਸੀ.ਐੱਮ. ਦੀ ਯੋਗਸ਼ਾਲਾ ਸਕੀਮ ਦਾ ਲੋਕਾਂ ਨੂੰ ਬਹੁਤ ਸਾਰਾ ਲਾਭ ਮਿਲ ਰਿਹਾ ਹੈ, ਜਿਸ ਦੇ ਤਹਿਤ ਗੁਰਦਾਸਪੁਰ ਜ਼ਿਲ੍ਹੇ ਵਿੱਚ 124 ਕਲਾਸਾਂ ਜ਼ਰੀਏ ਵੱਡੀ ਗਿਣਤੀ ਵਿੱਚ ਲੋਕ ਯੋਗ ਦਾ ਮੁਫ਼ਤ ਲਾਹਾ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਯੋਗਾ ਕਲਾਸਾਂ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ 25 ਯੋਗਾ ਮਾਹਿਰ ਟਰੇਨਰ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਯੋਗ ਦਾ ਅਨੰਦ ਉਠਾਉਂਦੇ ਹੋਏ ਮੈਡੀਟੇਸ਼ਨ, ਸਥੂਲ ਵਿਆਮ, ਯੋਗ-ਆਸਣ, ਪ੍ਰਾਣਾਯਾਮ, ਸੂਰੀਆ ਨਮਸਕਾਰ ਕਰਕੇ ਆਪਣੇ ਆਪ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਇਆ ਜਾ ਸਕਦਾ ਹੈ।

# ਵਿਧਾਇਕ ਕਲਸੀ ਨੇ ਫਾਇਰ ਬ੍ਰਿਗੇਡ ਵਿਭਾਗ ਦੀ ਮੰਗ ਪੂਰੀ ਕਰਦਿਆਂ 'ਅੱਗ ਬੁਝਾਊ ਗੱਡੀ' ਨੂੰ ਦਿੱਤੀ ਹਰੀ ਝੰਡੀ




ਬਟਾਲਾ/ਅਲੀਵਾਲ, 12 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਡਾ.ਸਤਨਾਮ ਸਿੰਘ ਸੰਧੂ): ਬਟਾਲਾ ਦੇ ਨੌਜਵਾਨ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਅੱਜ ਫਾਇਰ ਬ੍ਰਿਗੇਡ ਵਿਭਾਗ ਬਟਾਲਾ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਅਤਿ-ਆਧੁਨਿਕ ਸਹੂਲਤਾਂ ਨਾਲ ਲੈੱਸ ਅੱਗ ਬੁਝਾਊ ਗੱਡੀ ਨੂੰ ਹਰੀ ਝੰਡੀ ਦਿੱਤੀ। ਇਸ ਮੌਕੇ ਵਿਕਰਮਜੀਤ ਸਿੰਘ ਪਾਂਥੇ, ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਤੇ ਚੇਅਰਮੈਨ ਮਾਨਿਕ ਮਹਿਤਾ ਤੇ ਫਾਇਰ ਬ੍ਰਿਗੇਡ ਅਫਸਰ ਨੀਰਜ ਸ਼ਰਮਾ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਫਾਇਰ ਬ੍ਰਿਗੇਡ ਵਿਭਾਗ ਵੱਲੋਂ ਕਾਫੀ ਲੰਮੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਸ਼ਹਿਰ ਦੇ ਅੰਦਰੂਨੀ ਖੇਤਰ ਵਿੱਚ ਜੇ ਕੋਈ ਅਸੁਖਾਵੀਂ ਘਟਨਾ ਵਾਪਰ ਜਾਵੇ ਤਾਂ ਅੱਗ ਬੁਝਾਊ ਗੱਡੀ ਦੀ ਲੋੜ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਬੇਨਤੀ ਕੀਤੀ ਤੇ ਉਨ੍ਹਾਂ ਵੱਲੋਂ ਫਾਇਰ ਬ੍ਰਿਗੇਡ ਵਿਭਾਗ ਨੂੰ ਇਹ ਗੱਡੀ ਮੁਹੱਈਆ ਕਰਵਾਈ ਗਈ, ਜੋ ਇਨ੍ਹਾਂ ਨੂੰ ਸੌਂਪੀ ਗਈ ਹੈ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਹ ਅੱਗ ਬੁਝਾਊ ਗੱਡੀ ਅਤਿ-ਆਧੁਨਿਕ ਸਹੂਲਤਾਂ ਨਾਲ ਲੈੱਸ ਹੈ। ਇਸ ਵਿੱਚ ਲਾਈਟਸ, ਅੱਗ ਵਿਰੋਧੀ ਜੈਕੇਟਾਂ, ਕਟਰ, ਵੱਖ-ਵੱਖ ਕਿਸਮ ਦੇ ਯੰਤਰ ਐ ਕਿਹੜੀ ਗੈਸ ਲੀਕ ਹੋਈ ਹੈ ਦੀ ਪਹਿਚਾਣ ਆਦਿ ਦਾ 40 ਲੱਖ ਰੁਪਏ ਦਾ ਨਵੀਂ ਤਕਨਾਲੌਜੀ ਦਾ ਸਮਾਨ ਉਪਲੱਬਧ ਹੈ। ਉਨ੍ਹਾਂ ਅੱਗੇ ਕਿਹਾ ਕਿ ਉਹ ਬਟਾਲਾ ਸ਼ਹਿਰ ਦੇ ਵਿਕਾਸ ਤੇ ਲੋਕਾਂ ਦੀ ਸਹੂਲਤਾਂ ਨੂੰ ਮੁੱਖ ਰੱਖਦਿਆਂ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਤੇ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸ਼ਹਿਰ ਦਾ ਵਿਕਾਸ ਉਨ੍ਹਾਂ ਦੀ ਮੁੱਖ ਤਰਜੀਹ ਹੈ ਤੇ ਉਹ 24 ਘੰਟੇ ਬਟਾਲਾ ਹਲਕੇ ਦੇ ਚਹੁੰਪੱਖੀ ਵਿਕਾਸ ਲਈ ਤਤਪਰ ਰਹਿੰਦੇ ਹਨ। ਇਸ ਮੌਕੇ ਰਕੇਸ਼ ਕੁਮਾਰ ਐੱਸ.ਐੱਫ.ਓ., ਟਰੱਸਟੀ ਸੰਨੀ ਮਸੀਹ, ਅਮਿਤ ਸੋਢੀ ਵੀ ਮੌਜੂਦ ਸਨ।

# ਸੀਜ਼ਫਾਇਰ ਹੋਣ ਉਪਰੰਤ ਸਕੀਮ 'ਅਗਨੀਵੀਰ' ਦੇ ਕਾਨੂੰਨ ਨੂੰ ਤੁਰੰਤ ਰੱਦ ਕੀਤਾ ਜਾਵੇ : ਸਾਬਕਾ ਫੌਜੀ ਗੁਰਵਿੰਦਰ ਸਿੰਘ



ਚੋਗਾਵਾਂ, 12 ਮਈ (ਸੁਬੇਗ ਸਿੰਘ ਸੋਨਾ) : ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਚੱਕ ਮਿਸ਼ਰੀ ਖਾਂ ਦੇ ਸਾਬਕਾ ਫੌਜੀ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਭਾਰਤ-ਪਾਕਿਸਤਾਨ ਦੋਨਾਂ ਦੇਸ਼ਾਂ ਵਿਚਾਲੇ ਹੋਏ ਤਣਾਅ ਨੂੰ ਦੇਖਦਿਆਂ ਭਾਰਤ ਦੇ 146 ਕਰੋੜ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਸਰਕਾਰਾਂ ਵੱਲੋਂ ਵੱਡੇ-ਵੱਡੇ ਫੈਸਲੇ ਲਏ ਗਏ, ਉਥੇ ਹੀ ਦੇਸ਼ 'ਚ ਸ਼ਾਂਤੀ ਤੇ ਅਮਨ ਕਾਨੂੰਨ ਨੂੰ ਬਹਾਲ ਰੱਖਣ ਲਈ ਕੰਟਰੋਲ ਰੇਖਾ 'ਤੇ ਤੈਨਾਤ ਭਾਰਤੀ ਫ਼ੌਜ ਦੇ ਜਵਾਨਾਂ ਦੀ ਸਾਰੇ ਦੇਸ਼ ਵਾਸੀਆਂ ਨੇ ਸ਼ਲਾਘਾ ਕੀਤੀ ਹੈ, ਇਸ ਤਣਾਅ ਦੌਰਾਨ ਭਾਰਤ ਸਰਕਾਰ ਦੁਆਰਾ ਸਕੀਮ 'ਅਗਨੀਵੀਰ' ਤਹਿਤ ਭਰਤੀ ਕੀਤੇ ਨੌਜਵਾਨਾਂ ਨੇ ਡੱਟ ਕੇ ਮੋਰਚੇ ਸੰਭਾਲੇ ਤੇ ਦੇਸ਼ ਦੀ ਰੱਖਿਆ ਕੀਤੀ। ਉਨ੍ਹਾਂ ਨੇ ਕਿਹਾ ਕਿ ਅਸੀਂ ਕੇਂਦਰ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਭਵਿੱਖ 'ਚ ਕਿਤੇ ਦੇਸ਼ 'ਤੇ ਸੰਕਟ ਦੀ ਘੜੀ ਆਉਂਦੀ ਹੈ ਤਾਂ ਉਸ ਦਾ ਮੁਕਾਬਲਾ ਕਰਨ ਲਈ ਭਾਰਤੀ ਸੈਨਾਵਾਂ ਦੇ ਮਨੋਬਲ ਨੂੰ ਹੋਰ ਮਜ਼ਬੂਤ ਕਰਨ ਲਈ ਸਕੀਮ 'ਅਗਨੀਵੀਰ' ਦੇ ਕਾਨੂੰਨ ਨੂੰ ਤੁਰੰਤ ਰੱਦ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ।

# ਸ਼ਿਵ ਮੰਦਰ 'ਚ ਲਗਾਇਆ ਖ਼ੂਨਦਾਨ ਕੈਂਪ, ਵਿਧਾਇਕ ਰੰਧਾਵਾ ਨੇ ਕੀਤੀ ਸ਼ਿਰਕਤ



ਕਲਾਨੌਰ/ਗੁਰਦਾਸਪੁਰ, 12 ਮਈ (ਇਕਬਾਲ ਵਾਲੀਆ/ਕਮਲਜੀਤ ਸਿੰਘ): ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਤੇ ਬਲੱਡ ਡੋਨਰਜ਼ ਸੁਸਾਇਟੀ ਵੱਲੋਂ ਅੱਜ ਕਲਾਨੌਰ ਵਿਖੇ 145ਵਾਂ ਖ਼ੂਨਦਾਨ ਕੈਂਪ ਲਗਾ ਕੇ ਮਦਰ ਡੇਅ ਮਨਾਇਆ ਗਿਆ ਤੇ ਇਸ ਕੈਂਪ ਨੂੰ ਉਨ੍ਹਾਂ ਮਾਵਾਂ ਦੇ ਨਾਂ ਸਮਰਪਿਤ ਕੀਤਾ ਗਿਆ, ਜਿਨ੍ਹਾਂ ਦੇ ਬਹਾਦਰ ਜਵਾਨ ਪੁੱਤਰ ਸਾਡੇ ਦੇਸ਼ ਦੀ ਸੁਰੱਖਿਆ ਲਈ ਵੱਖ-ਵੱਖ ਸਰਹੱਦਾਂ 'ਤੇ ਸੰਜੀਦਗੀ ਤੇ ਜ਼ਿੰਮੇਵਾਰੀ ਨਾਲ ਡਿਊਟੀ ਨਿਭਾ ਰਹੇ ਹਨ। ਮਾਨਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਤੇ ਸਬ-ਡਵੀਜ਼ਨਲ ਮੈਜਿਸਟਰੇਟ ਜਯੋਤਸਨਾ ਸਿੰਘ ਦੀਆਂ ਹਦਾਇਤਾਂ 'ਤੇ ਪ੍ਰਾਚੀਨ ਸ਼ਿਵ ਮੰਦਰ ਕਲਾਨੌਰ ਵਿੱਚ ਲਗਾਏ ਗਏ ਇਸ ਕੈਂਪ ਦੌਰਾਨ ਬਲੱਡ ਬੈਂਕ ਬਟਾਲਾ ਦੀ ਟੀਮ ਪਹੁੰਚੀ। ਇਸ ਕੈਂਪ ਵਿੱਚ 100 ਤੋਂ ਵੱਧ ਯੂਨਿਟ ਖ਼ੂਨ ਇਕੱਠਾ ਕਰਨ ਦਾ ਟੀਚਾ ਮਿੱਥਿਆ ਗਿਆ। ਇਸ ਦੌਰਾਨ ਸੁਸਾਇਟੀ ਦੇ ਨੁਮਾਇੰਦਿਆਂ ਐਕਸੀਅਨ ਬਲਦੇਵ ਸਿੰਘ ਬਾਜਵਾ, ਗੁਰਸ਼ਰਨਜੀਤ ਸਿੰਘ ਪੁਰੇਵਾਲ, ਸੁਖਵਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਦੋਹਾਂ ਮੁਲਕਾਂ ਦੌਰਾਨ ਬਣੇ ਤਣਾਅ ਦੇ ਮਾਹੌਲ ਦੇ ਮੱਦੇਨਜ਼ਰ ਉਨ੍ਹਾਂ ਵੱਲੋਂ ਪ੍ਰਸ਼ਾਸਨ ਦੇ ਸੁਨੇਹੇ 'ਤੇ 300 ਦੇ ਕਰੀਬ ਯੂਨਿਟ ਖ਼ੂਨ ਇਕੱਠਾ ਕਰਨ ਦਾ ਟੀਚਾ ਮਿੱਥਿਆ ਗਿਆ ਸੀ ਤੇ ਇਸ ਸਮੇਂ ਵੀ ਉਨ੍ਹਾਂ ਕੋਲ ਵੱਡੀ ਸੰਖਿਆ 'ਚ ਖ਼ੂਨ ਦਾਨ ਕਰਨ ਵਾਲੇ ਸਮਾਜ ਸੇਵਕ ਐਮਰਜੈਂਸੀ ਹਾਲਾਤਾਂ 'ਚ ਖ਼ੂਨ ਦਾਨ ਕਰਨ ਲਈ ਤਿਆਰ-ਬਰ-ਤਿਆਰ ਹਨ। ਇਸ ਖ਼ੂਨਦਾਨ ਕੈਂਪ ਵਿੱਚ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ। ਵਿਧਾਇਕ ਰੰਧਾਵਾ ਨੇ ਇਹ ਖ਼ੂਨਦਾਨ ਕੈਂਪ ਲਗਾਉਣ ਲਈ ਸਮਾਜਿਕ ਗਤੀਵਿਧੀਆਂ ਸੇਵਾ ਸੁਸਾਇਟੀ ਤੇ ਬਲੱਡ ਡੋਨਰਜ਼ ਸੁਸਾਇਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਖ਼ੂਨ ਦਾਨ ਕਰਨਾ ਬਹੁਤ ਵੱਡਾ ਦਾਨ ਹੈ ਤੇ ਇਹ ਦੋਵੇਂ ਸੰਸਥਾਵਾਂ ਵੱਲੋਂ ਇਸ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਉਨ੍ਹਾਂ ਹੋਰ ਲੋਕਾਂ ਨੂੰ ਵੀ ਇਨ੍ਹਾਂ ਸੰਸਥਾਵਾਂ ਤੋਂ ਪ੍ਰੇਰਨਾ ਲੈ ਕੇ ਖ਼ੂਨ ਦਾਨ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕਲਾਨੌਰ 'ਚ ਬਲੱਡ ਬੈਂਕ ਦੀ ਸਥਾਪਨਾ ਲਈ ਯਤਨ ਕੀਤੇ ਜਾਣਗੇ। ਇਸ ਮੌਕੇ 'ਤੇ ਸ਼ਿਵਾਲਾ ਸ਼ਿਵ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਖੁੱਲਰ, ਬੌਵੀ ਵਿੱਗ, ਸਰਬੱਤ ਦਾ ਭਲਾ ਲਾਡੀ ਗਰੁੱਪ, ਤਹਿਸੀਲਦਾਰ ਰਜਿੰਦਰ ਸਿੰਘ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਡਾਲਾ ਬਾਂਗਰ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਇਸ ਦੌਰਾਨ ਪ੍ਰਧਾਨ ਇੰਦਰਜੀਤ ਭਾਰਲ, ਪ੍ਰਧਾਨ ਜਤਿੰਦਰ ਸਿੰਘ ਹੈਪੀ ਡੇਅਰੀਵਾਲ ਕਿਰਨ, ਕੰਵਲ ਗੋਰਾਇਆ, ਹਰਕੰਵਲ ਸਿੰਘ ਰੰਧਾਵਾ, ਰਾਜਨ ਆਨੰਦ, ਮੇਜਰ ਸਿੰਘ, ਦਰਸ਼ਨ ਸਿੰਘ ਪੁਰੇਵਾਲ, ਹਰਦੀਪ ਸਿੰਘ ਮਠਾਰੂ, ਜੀਆ ਲਾਲ, ਵਿਜੇ ਕੁਮਾਰ ਸੇਠੀ, ਅਸ਼ਵਨੀ ਕੁਮਾਰ, ਸੁਖਵਿੰਦਰ ਸਿੰਘ ਸੂਬਾ, ਹਰਵੰਤ ਸਿੰਘ ਲੋਪਾ, ਗੁਰਪਿੰਦਰ ਸਿੰਘ ਕਾਹਲੋਂ, ਸੁਰਿੰਦਰ ਸਿੰਘ ਮੱਲ੍ਹੀ, ਗਗਨਦੀਪ ਸਿੰਘ ਗੱਗੂ, ਹਰਮਨ ਲਾਡੀ ਪ੍ਰਧਾਨ, ਕਸ਼ਮੀਰੀ ਲਾਲ, ਸੁਖਨੰਦਨ ਸਿੰਘ ਭਾਰਤੀ, ਹਰੀਸ਼ ਕੁਮਾਰ ਸਮੇਤ ਸਮਾਜ ਸੇਵਕ ਹਾਜ਼ਰ ਰਹੇ।

# ਚੇਅਰਮੈਨ ਰਮਨ ਬਹਿਲ ਨੂੰ ਸਦਮਾ, ਚਾਚੇ ਦਾ ਦੇਹਾਂਤ



ਗੁਰਦਾਸਪੁਰ, 12 ਮਈ (ਜਗੀਰ ਸਿੰਘ ਮੰਡ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੂੰ ਅੱਜ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪੂਜਨੀਕ ਚਾਚਾ ਕੇਸ਼ਵ ਬਹਿਲ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਕੇਸ਼ਵ ਬਹਿਲ ਦੇ ਅਕਾਲ ਚਲਾਣੇ ਨਾਲ ਗੁਰਦਾਸਪੁਰ ਨੂੰ ਇੱਕ ਵੱਡਾ ਘਾਟਾ ਪਿਆ ਹੈ ਤੇ ਗੁਰਦਾਸਪੁਰ ਨੇ ਇੱਕ ਵੱਡਾ ਲੋਕ ਆਗੂ ਤੇ ਸਮਾਜ ਸੇਵੀ ਖੋਹ ਲਿਆ ਹੈ। ਸਵਰਗੀ ਕੇਸ਼ਵ ਬਹਿਲ ਜੋ ਸਵਰਗੀ ਖ਼ੁਸ਼ਹਾਲ ਬਹਿਲ ਦੇ ਛੋਟੇ ਭਰਾ ਸਨ ਤੇ ਉਹ 25 ਸਾਲ ਪਿੰਡ ਹਯਾਤ ਨਗਰ ਦੇ ਸਰਪੰਚ ਰਹੇ। ਇਸ ਤੋਂ ਇਲਾਵਾ ਕੇਸ਼ਵ ਬਹਿਲ 2 ਵਾਰ ਬਲਾਕ ਸੰਮਤੀ ਗੁਰਦਾਸਪੁਰ ਦੇ ਚੇਅਰਮੈਨ, ਲੈਂਡ ਮਾਰਟਗੇਜ਼ ਤੇ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਸਨ। ਇਸ ਦੇ ਨਾਲ ਹੀ ਉਹ ਜੀਵਨ ਭਰ ਸਮਾਜ ਸੇਵਾ ਨਾਲ ਜੁੜੇ ਰਹੇ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨਾਲ ਜੁੜ ਕੇ ਸਮਾਜ ਦੇ ਕਮਜ਼ੋਰ ਤੇ ਗ਼ਰੀਬਾਂ ਵਰਗਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਆਪਣੀਆਂ ਸੇਵਾਵਾਂ ਦਿੰਦੇ ਰਹੇ। ਕੇਸ਼ਵ ਬਹਿਲ ਦੀ ਸਮਾਜ ਸੇਵਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਵੱਲੋਂ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਵੱਲੋਂ ਰਾਜ ਪੱਧਰੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਕੇਸ਼ਵ ਬਹਿਲ ਦੇ ਅਕਾਲ ਚਲਾਣੇ ਨਾਲ ਪੂਰੇ ਗੁਰਦਾਸਪੁਰ ਸ਼ਹਿਰ ਵਿੱਚ ਸੋਗ ਦੀ ਲਹਿਰ ਹੈ ਤੇ ਆਵਾਮ ਇੱਕ ਬੇਹੱਦ ਨੇਕ, ਲੋਕ ਆਗੂ ਤੇ ਸਮਾਜ ਸੇਵੀ ਦੇ ਚਲੇ ਜਾਣ ਤੋਂ ਦੁੱਖੀ ਹੈ। ਕੇਸ਼ਵ ਬਹਿਲ ਦੀਆਂ ਅੰਤਿਮ ਸਸਕਾਰ ਦੀਆਂ ਰਸਮਾਂ ਅੱਜ ਬਾਅਦ ਦੁਪਹਿਰ 4 ਵਜੇ ਗੁਰਦਾਸਪੁਰ ਦੇ ਬਟਾਲਾ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਕੀਤੀਆਂ ਜਾਣਗੀਆਂ।

## ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of Sh. Jagmohan Singh Sanghe Principal Judge, Family Court, Jalandhar**
CNR No. PBJL01-005609-2025
Next Date: 02.07.2025
GW/69/2025
Rajwinder Kaur Virdi W/o Sunil Virdi D/o Sarwan Singh Address: 14 New Dashmesh Nagar Rama Mandi Nangal Shama Jalandhar Now at 21 Wadala Colony, Jalandhar
Versus
1) General Public Address: General Public 2) Sunil Virdi S/o Surjit Virdi Address: 14 New Dashmesh Nagar Rama Mandi Nangal Shama Jalandhar
Peition Under Guardian and wards Act
Notice to; General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 09-05-2025
**Sd/- Principal Judge, Family Court, Jalandhar**

---

**(U/o 5 Rule 20 CPC)**
**In the Court of Hon'ble Gaurav Mittal Civil Judge (Junior Division),**
CNR No. PBSMA0-000141-2025
Next Date: 01.07.2025
CS/85/2025
Jagtar Singh
Versus
General Public and others
Notice to: General Public and others:- General Public and others Gidderbaha
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 09-05-2025
**Sd/- Civil Judge (Junior Division),**

---

**(U/o 5 Rule 20 CPC)**
**(Succession Case)**
**In the Court of Sh. Sachin Yadav Addl. Civil Judge (Sr.Divn.,), Chandigarh**
CNR No. CHCH02-001159-2025
Next Date: 22.07.2025
Parkash Lakshman Hannurkar
Versus
General Public
Petition u/s 372 of Indian Succession Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.**07.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 28-04-2025
**Sd/- Addl. Civil Judge (Sr.Divn.,), Chandigarh**

---

**(U/o 5 Rule 20 CPC)**
**In the Court of Sh. Kapil Dev Singla Addl. Prinicipal Judge, Family Court, Patiala**
CNR No. PBPT01-012889-2024
Next Date: 31.05.2025
Jaspinder Kaur
Versus
Gurjot Singh
Notice to: R-2 Damanpreet Kaur D/o Manpreet Singh R/o B-34 6855/2 Gali No. 1 Naveen Nagar Jassian Raod Habowal Kalan, Ludhiana R-3 Sukhmani D/o Manpreet Singh R/o B-34, 6885/2 Gali No. 1, Naveen Nagar, Jassian Road Habowal Kalan, Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**05.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 29-04-2025
**Sd/- Addl. Prinicipal Judge, Family Court, Patiala**

---

**(U/o 5 Rule 20 CPC)**
**In the Court of Ms. Simranpreet Kaur Civil Judge Junior Division -6 Rajpura,**
CNR No. PBPTA0-000340-2023
Next Date: 31.05.2025
State Bank of India
Versus
Lakhvir Singh
Suit for Recovery
Notice to: Lakhvir Singh son of Ajaib Singh Village Samaspur, P.O. Untsar Sub Tehsil Ghanaur, Tehsil Rajpura, District Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.**05.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 08-05-2025
**Sd/- Civil Judge Junior Division -6 Rajpura,**

---

**(U/o 5 Rule 20 CPC)**
**In the Court of Ms. Navreet Kaur Additional Civil Judge (Senior Division), Dera Bassi**
CNR No. PBSAB0-000249-2023
Next Date: 14.07.2025
CS/225/2023
Poonam Jindal
Versus
M/s Sky Infra Structure Pvt. Ltd & Ors.
Suit for Declaration and PI
Notice to: 1. M/s Sky Infra structure Pvt.Ltd. Village Kishanpura, Tehsil Derabassi, thru its Director Smt. Rajni Goyal wife of Ajay Goyal son of Ramesh Goyal resident of H.No. 8, Ground Floor, Green Field Homes Nirvan City Village Kishanpura, Tehsil Derabassi, District SAS nagar 2nd add: H.No. 8, First Floor Golden Enclave, Village Lohgarh, Tehsil Dera Basi, Distt. SAS Nagar 2. Smt,. payal Bindal W/o Sh. Sanjeev Kumar Bindal R/o H.No. 155, Sector 21, Panchkula, Haryana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 29-04-2025
**Sd/- Additional Civil Judge (Senior Division), Dera Bassi**

---

**(U/o 5 Rule 20 CPC)**
**(Under Guardian and Ward Act)**
**In the Court of Ms. Jaspreet Kaur Simak Additional Civil Judge (Senior Division), Dasuya**
CNR No. PBHOA0-000004-2025
Next Date: 01.07.2025
Sandeep Kaur W/o Late Gobinder Singh S/o Balkar Singh R/o W.No. 2, Village Miani, Tehsil Dasuya, District Hoshiarpur.
Versus
General Public
Peititon for Selling the property of Minor Jaskirat Singh S/o Gobinder Singh and Jasmeen Kaur D/o Gobinder Singh R/o W.NO. 2, Village Miani, Tehsil Dasuya, District Hoshiarpur
Notice to; General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**07.2025 at 10:00 A.M.
For details logon to https://highcourtchd.gov.in/?mod=district_notice&district=hoshiarpur
Dated, this day of 09-04-2025
**Sd/- Additional Civil Judge (Senior Division), Dasuya**

---

**In the Court of Ms. Amita Singh Additional District and Sessions Judge, Sri Muktsar Sahib**
CNR No. PBSM01-004222-2022
Next Date: 02.07.2025
Gurcharan Singh
Versus
Baldev Singh
Notice to: (Respondent No. 14) General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 03-04-2025
**Sd/- Additional District and Sessions Judge, Sri Muktsar Sahib**

---

**(U/o 5 Rule 20 CPC)**
**In the Court of Ms. Rubina Josan Civil Judge Jr. Div., Chandigarh**
CNR No. CHCH02-002633-2024
Next Date: 02.07.2025
Central Bank of India
Versus
Global Infrastructure and Energy
Notice to: Global Infrasturcture and Energy Through its Proprietor Mrs Kanchan Mahajan Shop No. 127 Village Badheri Sector 41 Chandigarh 2. Kanchan Mahajan, R/o House No. 1528 Sector 38-B, Chandigarh 3- Satish Mahajan, House No. 1528 Sector 38-B Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**07.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 28-03-2025
**Sd/- Civil Judge Jr. Div., Chandigarh**

---

**(U/o 5 Rule 20 CPC)**
**In the Court of Ms. Sonali Singh Additional Civil Judge (Senior Division), Barnala**
CNR No. PBBR02-001244-2020
Next Date: 01.07.2025
Balwinder Singh
Versus
Gurpreet Singh
Notice to: 1. Gurpreet Singh S/O Nachhattar Singh S/O Gonda Singh, R/O H.No. 64, Ward No. 8, Green City Dhuri, Distt. Sangrur 3. Manjit Kaur Wife Of Jagtar Singh Son Of Joginder Singh R/O Jodhpur, District Barnala 4. Daljit Kaur W/O Raj Kumar S/O Ram Chand, R/O Patti Sekhwan Road, Model Town, Gali No. 3, Barnala, District Barnala 5. Nanki Kaur W/O Gurpal Singh S/O Bharpur Singh R/O Dhuri, Tehsil Dhuri, District Sangrur 6. Satnam Singh S/O Bhura Singh S/O Karnail Singh, R/O Nangal Kalan, District Mansa 7. Parwinder Kaur W/O Daljit Singh S/O Gurdial Singh R/O Near Bus Stand, Iqbal Colony, Malerkotla, District Sangrur 8. Kulwinder Kaur W/O Sohan Singh S/O Gurdial Singh R/O Near Bus Stand, Iqbal Colony, Malerkotla, District Sangrur 9. Lakhwinder Singh S/O Ajaib Singh S/O Bharpur Singh R/O Village Dhilwan Patiala, Tehsil Tapa, District Barnala 10. Gurwinder Singh S/O Raghvir Singh S/O Gurbhagat Singh R/O Village Dhilwan Patiala, Tehsil Tapa, District Barnala 11. Baljeet Kaur Jaggi Wife Of Jagsir Singh Jaggi S/O Niranjan Singh R/O Village Chungan, Tehsil Tapa, District Barnala 12. Pawanjeet Kaur W/O Surinder Singh S/O Gurdev Singh R/O Azad Nagar, Near Tarksheel Chowk, Barnala, District Barnala 13. Simranjeet Kaur W/O Gurjeet Singh S/O Mehar Singh R/o Near Doon Public School, Patti Road, Barnala 14. Makhan Singh S/O Nachhatar Singh S/O Jang Singh R/o Dalel Singh Wala, Tehsil And District Mansa 16. Shinderpal Singh S/O Mehnga Singh S/o Moti Singh R/o House No. B-8/429, Quilla Mohalla, Barnala, District Barnala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 22-04-2025
**Sd/- Additional Civil Judge (Senior Division), Barnala**

---

### ਬੇਦਖਲੀ ਸੂਚਨਾ

ਅਸੀਂ, ਰਜਿੰਦਰ ਕੁਮਾਰ ਪੁੱਤਰ ਕੇਸ਼ੋ ਰਾਮ, ਰਾਜ ਕੁਮਾਰੀ ਪਤਨੀ ਸ੍ਰੀ ਰਜਿੰਦਰ ਕੁਮਾਰ ਵਾਸੀਆਨ ਨੇੜੇ ਸ਼ੀਤਲਾ ਮਾਤਾ ਮੰਦਰ, ਦਰਸ਼ਨਾ ਕਲੋਨੀ, ਅਬਲੋਵਾਲ, ਸਿਊਵਾਲ ਪਟਿਆਲਾ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕ੍ਰਿਸ਼ਨਾ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਆਪਣੇ ਉਪਰੋਕਤ ਲੜਕੇ ਨੂੰ ਆਪਣੀ ਹਰ ਕਿਸਮ ਦੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਅਗਰ ਕੋਈ ਵੀ ਵਿਅਕਤੀ ਸਾਡੇ ਉਪਰੋਕਤ ਲੜਕੇ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਉਸਦਾ ਜ਼ਿੰਮੇਵਾਰ, ਲੈਣ-ਦੇਣ ਵਾਲਾ ਖੁਦ ਹੀ ਹੋਵੇਗਾ ਅਤੇ ਸਾਡਾ ਜਾਂ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਲੈਣ-ਦੇਣ ਨਹੀਂ ਹੋਵੇਗਾ।

---

ਮੈਂ, ਜਯੰਤੀ ਠਾਕੁਰ ਪਤਨੀ ਲੇਟ ਸ੍ਰੀ ਤੇਜਿੰਦਰ ਸਿੰਘ ਵਾਸੀ ਮ.ਨੰ. 15-ਸੀ, ਵਿਕਾਸ ਕਲੋਨੀ, ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਜੀਤ ਠਾਕੁਰ ਅਤੇ ਉਸਦੀ ਪਤਨੀ ਸ਼ਿਵਾਨੀ ਠਾਕੁਰ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਅਤੇ ਉਸਦੀ ਪਤਨੀ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਜੇਕਰ ਅੱਜ ਤੋਂ ਬਾਅਦ ਕੋਈ ਵੀ ਵਿਅਕਤੀ ਇਹਨਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਰੱਖਦਾ ਹੈ ਤਾਂ ਉਸਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਅਤੇ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

---

ਮੈਂ ਕਰਮਜੀਤ ਸਿੰਘ ਪੁੱਤਰ ਬਸੰਤ ਸਿੰਘ ਪਿੰਡ ਨੰਦਗੜ੍ਹ ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਦਾ ਰਹਿਣ ਵਾਲਾ ਹਾਂ ਮੈਂ ਹਲਫ ਨਾਲ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਸੁਤੰਤਰ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਬੁਰੀ ਸੰਗਤ ਦਾ ਸ਼ਿਕਾਰ ਹੋ ਗਈ ਹੈ ਮੈਂ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਸੁਤੰਤਰ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਸਾਰੇ ਪਰਿਵਾਰ ਦਾ ਉਕਤ ਗੁਰਪ੍ਰੀਤ ਸਿੰਘ ਅਤੇ ਸੁਤੰਤਰ ਕੌਰ ਨਾਲ ਕੋਈ ਤਾਲੁਕ ਵਾਸਤਾ ਨਹੀਂ ਰਿਹਾ ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ !

### ਆਮ ਸੂਚਨਾ

ਮੈਂ, ਸ਼ਿਵ ਕੁਮਾਰ ਪੁੱਤਰ ਲੇਟ ਰਘਬੀਰ ਸਿੰਘ ਵਾਸੀ ਕੁਆਟਰ ਨੰਬਰ 5 ਈ.ਐਸ.ਆਈ. ਡਿਫੈਨਸਰੀ, ਕਪੂਰਥਲਾ ਹਾਲ ਵਾਸੀ ਮਹੁਬਤ ਨਗਰ, ਨੇੜੇ ਗੁਰਦੁਆਰਾ ਸਾਹਿਬ, ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਰਵਿੰਦਰ ਕੁਮਾਰ ਪੁੱਤਰ ਲੇਟ ਰਘਬੀਰ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ, ਮੇਰੇ ਨਾਲ ਲੜਾਈ ਝਗੜਾ ਕਰਦਾ ਹੈ ਤੇ ਮੇਰੇ ਨਾਲ ਕੁੱਟਮਾਰ ਕਰਦਾ ਹੈ। ਮੇਰੇ ਭਰਾ ਰਵਿੰਦਰ ਕੁਮਾਰ ਨਾਲ ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਤੱਲਕ ਵਾਸਤਾ ਨਹੀ ਹੈ। ਜੇਕਰ ਅੱਜ ਤੋਂ ਬਾਅਦ ਮੇਰੇ ਭਰਾ ਨਾਲ ਕੋਈ ਵੀ ਵਿਅਕਤੀ ਕਿਸੇ ਵੀ ਤਰ੍ਹਾਂ ਦਾ ਕੋਈ ਲੈਣ-ਦੇਣ ਕਰਦਾ ਹੈ ਤਾਂ ਉਸਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

### ਬੇਦਖਲੀ ਨੋਟਿਸ

ਮੈਂ, ਤਾਨੀਆ ਪੁੱਤਰੀ ਦਵਿੰਦਰ ਸਿੰਘ ਪਿੰਡ ਪੈਂਸਰਾ, ਡਾਕਖਾਨਾ ਮਜਾਰਾ ਡੀਂਗਰੀਆਂ, ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਤਾਨੀਆ ਕੌਰ ਰੱਖ ਲਿਆ ਹੈ। ਸਬੰਧਤ ਨੋਟ ਕਰਨ।

---

ਮੈਂ, ਕ੍ਰਿਸ਼ਨ ਗੋਪਾਲ ਪੁੱਤਰ ਕਸ਼ਮੀਰ ਸਿੰਘ ਵਾਸੀ ਮਕਾਨ ਨੰ: 214, ਮੁੱਹਲਾ ਕਬੀਰ ਪੰਥੀ, ਬਹਾਦਰਪੁਰ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਅਜੈ ਕੁਮਾਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
**-ਇਸ਼ਤਿਹਾਰ ਮੈਨੇਜਰ**


# ਪੰਜਾਬ ਸਰਕਾਰ ਨੇ ਹਰ ਡਿਸਪੈਂਸਰੀ ਤੇ ਸਰਕਾਰੀ ਹਸਪਤਾਲ 'ਚ ਪਹੁੰਚਾਈ ਮਰੀਜ਼ਾਂ ਲਈ ਮੁਫ਼ਤ ਦਵਾਈ : ਡਾ. ਬਲਬੀਰ ਸਿੰਘ

ਰਾਜਪੁਰਾ, 12 ਮਈ:(ਧਿਆਨ ਸਿੰਘ ਸੈਦਖੇੜੀ) ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰੇਕ ਸਰਕਾਰੀ ਹਸਪਤਾਲ, ਡਿਸਪੈਂਸਰੀ ਤੇ ਸਿਹਤ ਕੇਂਦਰ ਵਿੱਚ ਮਰੀਜ਼ਾਂ ਲਈ ਮੁਫ਼ਤ ਦਵਾਈਆਂ ਉਪਲਬੱਧ ਕਰਵਾ ਦਿੱਤੀਆਂ ਹਨ। ਅੱਜ ਘਨੌਰ ਕਮਿਊਨਿਟੀ ਹੈਲਥ ਸੈਂਟਰ ਅਤੇ ਲੋਹ ਸਿੰਬਲੀ ਪੇਂਡੂ ਡਿਸਪੈਂਸਰੀ ਤੇ ਹੈਲਥ ਵੈਲਨੈਸ ਸੈਂਟਰ ਦਾ ਅਚਨਚੇਤ ਜਾਇਜ਼ਾ ਲੈਂਦਿਆਂ ਸਿਹਤ ਮੰਤਰੀ ਨੇ ਦੂਰ ਦੁਰਾਡੇ ਦੇ ਇਨ੍ਹਾਂ ਸਿਹਤ ਸੇਵਾ ਕੇਂਦਰਾਂ ਦਾ ਜ਼ਮੀਨੀ ਪੱਧਰ 'ਤੇ ਹਾਲ ਜਾਣਿਆ। ਇਸ ਮੌਕੇ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਫੀਡ ਬੈਕ ਹਾਸਲ ਕੀਤੀ ਅਤੇ ਇਸ ਗੱਲ 'ਤੇ ਤਸੱਲੀ ਦਾ ਇਜ਼ਹਾਰ ਕੀਤਾ ਕਿ ਮਰੀਜ਼ ਰਾਜ ਵਿੱਚ ਪ੍ਰਦਾਨ ਕੀਤੀਆਂ ਜਾ ਰਹੀਆਂ ਬਿਹਤਰ ਸਿਹਤ ਸੇਵਾਵਾਂ ਤੋਂ ਖੁਸ਼ ਹਨ। ਉਨ੍ਹਾਂ ਨੇ ਮਰੀਜ਼ਾਂ ਨੂੰ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਸੁਪਨੇ ਮੁਤਾਬਕ ਹੁਣ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇ ਨਾਲ ਨਾਲ ਟੈਸਟਾਂ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾ ਰਹੀ ਹੈ। ਅਗਲੇ ਪੜਾਅ ਵਿੱਚ ਅੱਖ, ਨੱਕ, ਕੰਨ, ਗਲੇ, ਚਮੜੀ, ਬੱਚਿਆਂ, ਔਰਤਾਂ, ਸਰਜਰੀ, ਹੱਡੀਆਂ, ਬੇਹੋਸ਼ ਕਰਨ ਵਾਲੇ ਮਾਹਰ ਡਾਕਟਰਾਂ ਦੀਆਂ ਸੇਵਾਵਾਂ ਵੀ ਲੋਕਾਂ ਦੇ ਘਰਾਂ ਦੇ ਨੇੜਲੇ ਹਸਪਤਾਲਾਂ ਤੇ ਡਿਸਪੈਂਸਰੀਆਂ ਵਿੱਚ ਹਫ਼ਤਾਵਾਰੀ ਰੋਸਟਰ ਬਣਾ ਕੇ ਪ੍ਰਦਾਨ ਕੀਤੀਆਂ ਜਾਣਗੀਆਂ। ਡਾ. ਬਲਬੀਰ ਸਿੰਘ ਨੇ ਘਨੌਰ ਹਸਪਤਾਲ ਵਿਖੇ ਦਵਾਈਆਂ ਵਾਲੀ ਥਾਂ 'ਤੇ ਮਰੀਜ਼ਾਂ ਲਈ ਛਾਂ ਵਾਸਤੇ ਤੁਰੰਤ ਸ਼ੈਡ ਪਾਉਣ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਉਨ੍ਹਾਂ ਨੇ ਲੋਹ ਸਿੰਬਲੀ ਵਿਖੇ ਡਾਕਟਰ ਤੇ ਫਾਰਮਾਸਿਸਟ ਦੀ ਗੈਰ ਮੌਜੂਦਗੀ ਦਾ ਨੋਟਿਸ ਲੈਂਦਿਆਂ ਸਪਸ਼ਟ ਕੀਤਾ ਕਿ ਸਿਹਤ ਸੇਵਾ ਖੇਤਰ ਵਿੱਚ ਕੰਮ ਕਰ ਰਹੇ ਅਮਲੇ ਭਾਵੇਂ ਉਹ ਡਾਕਟਰ, ਨਰਸਿੰਗ ਸਟਾਫ਼ ਜਾਂ ਫਾਰਮਾਸਿਸਟ ਹੋਵੇ ਦੀ ਡਿਊਟੀ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਇਸ ਸਬੰਧੀ ਸਮਰੱਥ ਅਥਾਰਟੀ ਤੋਂ ਰਿਪੋਰਟ ਵੀ ਤਲਬ ਕੀਤੀ। ਡਾ. ਬਲਬੀਰ ਸਿੰਘ ਨੇ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਅੱਗੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਇਕ ਹਜ਼ਾਰ ਡਾਕਟਰਾਂ ਸਮੇਤ ਨਰਸਿੰਗ ਅਮਲੇ ਦੀ ਵੀ ਭਰਤੀ ਕੀਤੀ ਜਾ ਰਹੀ ਹੈ। ਇਸ ਨਾਲ ਮਰੀਜ਼ਾਂ ਨੂੰ ਹੋਰ ਬਿਹਤਰ ਸੇਵਾਵਾਂ ਪ੍ਰਦਾਨ ਹੋਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਉਹ ਇਸੇ ਤਰ੍ਹਾਂ ਹਰ ਇਕ ਸਿਹਤ ਕੇਂਦਰ ਵਿੱਚ ਜਾ ਕੇ ਜਾਇਜ਼ਾ ਲੈਂਦੇ ਰਹਿਣਗੇ।



# ਵਿਦੇਸ਼ ਸਕੱਤਰ 'ਤੇ ਨਫ਼ਰਤੀ ਟਿੱਪਣੀਆਂ ਬੇਹੱਦ ਨਿੰਦਣਯੋਗ, ਅਧਿਕਾਰੀ ਦੇਸ਼ ਲਈ ਕੰਮ ਕਰਦੇ ਹਨ - ਬ੍ਰਹਮਪੁਰਾ

ਤਰਨ ਤਾਰਨ/ ਦਿੱਲੀ 12 ਮਈ : ( ਗੁਰਦਿਆਲ ਸਿੰਘ) ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਭਾਰਤ ਦੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਖ਼ਾਸ ਕਰਕੇ ਉਨ੍ਹਾਂ ਦੀ ਬੇਟੀ ਨੂੰ ਸੋਸ਼ਲ ਮੀਡੀਆ 'ਤੇ ਘਟੀਆ ਟਰੋਲਿੰਗ ਦਾ ਨਿਸ਼ਾਨਾ ਬਣਾਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਪੁਰਜ਼ੋਰ ਨਿੰਦਾ ਕੀਤੀ ਹੈ। ਸ. ਬ੍ਰਹਮਪੁਰਾ ਨੇ ਕਿਹਾ ਕਿ ਅਜਿਹੇ ਨਾਜ਼ੁਕ ਸਮੇਂ ਵਿੱਚ, ਜਦੋਂ ਦੇਸ਼ ਭਾਰਤ-ਪਾਕਿਸਤਾਨ ਵਿਚਾਲੇ ਜੰਗ ਵਰਗੇ ਤਣਾਅਪੂਰਨ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਹੈ, ਸ੍ਰੀ. ਮਿਸਰੀ ਵਰਗੇ ਸੀਨੀਅਰ ਅਧਿਕਾਰੀ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾ ਰਹੇ ਹਨ। ਉਹ ਭਾਰਤ ਸਰਕਾਰ ਦੇ ਇੱਕ ਜ਼ਿੰਮੇਵਾਰ ਅਧਿਕਾਰੀ ਹਨ ਅਤੇ ਇਹ ਸਮਝਣਾ ਚਾਹੀਦਾ ਹੈ ਕਿ ਜੋ ਵੀ ਸਰਕਾਰ ਵੱਲੋਂ ਦੇਸ਼ ਦੇ ਹਿੱਤ ਵਿੱਚ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ, ਹਰ ਅਧਿਕਾਰੀ ਦਾ ਫ਼ਰਜ਼ ਹੁੰਦਾ ਹੈ ਕਿ ਉਨ੍ਹਾਂ ਦੀ ਪਾਲਣਾ ਕਰੇ। ਸ੍ਰੀ. ਮਿਸਰੀ ਨੇ ਵੀ ਉਹੀ ਐਲਾਨ ਕੀਤਾ ਜੋ ਸਰਕਾਰ ਦੁਆਰਾ ਦੇਸ਼ ਦੇ ਹਿੱਤ ਵਿੱਚ ਤੈਅ ਕੀਤਾ ਗਿਆ ਸੀ। ਕਿਸੇ ਅਧਿਕਾਰੀ ਨੂੰ ਨਿੱਜੀ ਤੌਰ 'ਤੇ ਨਿਸ਼ਾਨਾ ਬਣਾਉਣਾ, ਕਿਉਂਕਿ ਉਹ ਸਿਰਫ਼ ਆਪਣੀ ਡਿਊਟੀ ਨਿਭਾ ਰਿਹਾ ਹੈ, ਬੇਹੱਦ ਗ਼ਲਤ ਅਤੇ ਸ਼ਰਮਨਾਕ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿੱਚ ਸਭ ਤੋਂ ਦੁੱਖਦਾਈ ਪਹਿਲੂ ਇਹ ਹੈ ਕਿ ਟਰੋਲ ਕਰਨ ਵਾਲਿਆਂ ਨੇ ਸਾਰੀਆਂ ਹੱਦਾਂ ਪਾਰ ਕਰਦਿਆਂ ਨਾ ਸਿਰਫ਼ ਅਧਿਕਾਰੀ ਨੂੰ ਬੁਰਾ-ਭਲਾ ਕਿਹਾ, ਸਗੋਂ ਉਨ੍ਹਾਂ ਦੇ ਪਰਿਵਾਰ, ਖ਼ਾਸ ਕਰਕੇ ਉਨ੍ਹਾਂ ਦੀ ਬੇਟੀ, ਨੂੰ ਵੀ ਇਸ ਵਿੱਚ ਘਸੀਟਿਆ ਅਤੇ ਉਨ੍ਹਾਂ ਦੇ ਨਿੱਜੀ ਵੇਰਵੇ ਜਿਵੇਂ ਫ਼ੋਨ ਨੰਬਰ ਆਦਿ ਜਨਤਕ ਕੀਤੇ। ਇਹ ਕਾਰਵਾਈ ਨਾ ਸਿਰਫ਼ ਗੈਰ-ਕਾਨੂੰਨੀ ਹੈ, ਸਗੋਂ ਇਹ ਉਨ੍ਹਾਂ ਦੀ ਨਿੱਜਤਾ ਅਤੇ ਸੁਰੱਖਿਆ 'ਤੇ ਸਿੱਧਾ ਹਮਲਾ ਹੈ। ਅਜਿਹੀ ਘਟੀਆ ਮਾਨਸਿਕਤਾ ਵਾਲੀ ਟਰੋਲਿੰਗ ਦੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਸ. ਬ੍ਰਹਮਪੁਰਾ ਨੇ ਕੇਂਦਰ ਸਰਕਾਰ ਨੂੰ ਇਸ ਗੰਭੀਰ ਮਾਮਲੇ ਦਾ ਤੁਰੰਤ ਅਤੇ ਸਖ਼ਤ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਅਜਿਹੀਆਂ ਘਿਨਾਉਣੀਆਂ ਹਰਕਤਾਂ ਕਰਨ ਵਾਲੇ ਸਮਾਜ-ਵਿਰੋਧੀ ਅਨਸਰਾਂ ਦੀ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਦੇਸ਼ ਦੀ ਸੇਵਾ ਕਰਨ ਵਾਲੇ ਅਧਿਕਾਰੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਤਰ੍ਹਾਂ ਪ੍ਰੇਸ਼ਾਨ ਕਰਨ ਜਾਂ ਬਦਨਾਮ ਕਰਨ ਦੀ ਜੁਰਅਤ ਨਾ ਕਰ ਸਕੇ।

# ਹਰਭਜਨ ਸਿੰਘ ਈਟੀਓ ਦੀ ਹਾਜ਼ਰੀ ਵਿੱਚ ਖੱਬੇ ਰਾਜਪੂਤਾਂ ਤੋਂ ਵੱਡੀ ਗਿਣਤੀ ਵਿੱਚ ਲੋਕ 'ਆਪ' ਵਿੱਚ ਸ਼ਾਮਲ



ਚੌਂਕ ਮਹਿਤਾ, 12 ਮਈ: (ਬਲਜਿੰਦਰ ਸਿੰਘ ਰੰਧਾਵਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਲੋਕ ਪ੍ਰਭਾਵਿਤ ਹੋ ਕੇ ਪਿੰਡ ਖੱਬੇ ਰਾਜਪੂਤਾਂ ਤੋਂ ਮਾਰਕੀਟ ਕਮੇਟੀ ਮਹਿਤਾ ਦੇ ਚੇਅਰਮੈਨ ਗੁਰਵਿੰਦਰ ਸਿੰਘ ਖੱਬੇ ਰਾਜਪੂਤਾਂ, ਤੇ ਸਰਪੰਚ ਪ੍ਰਮਜੀਤ ਕੌਰ ਖੱਬੇ ਰਾਜਪੂਤਾਂ ਦੀ ਪ੍ਰੇਰਨਾ ਸਦਕਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਸਮੇਂ ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਅੱਜ ਜੰਡਿਆਲਾ ਗੁਰੂ ਹਲਕੇ ਦੇ ਪਿੰਡ ਖੱਬੇ ਰਾਜਪੂਤਾਂ ਵਿਖੇ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਮੌਜੂਦਾ ਪੰਚਾਇਤ ਮੈਂਬਰ ਸਰਦਾਰ ਜਸਵੰਤ ਸਿੰਘ, ਸੰਦੀਪ ਕੌਰ ਅਤੇ ਮਨਦੀਪ ਸਿੰਘ (ਮਿੰਟੂ), ਰਸ਼ਪਾਲ ਸਿੰਘ, ਅੰਗਰੇਜ ਸਿੰਘ (ਗੇਜਾ) ਬਲਵਿੰਦਰ ਸਿੰਘ ,ਜਗਤਾਰ ਸਿੰਘ, ਸਾਹਿਬ ਸਿੰਘ, ਮੁਖਤਾਰ ਸਿੰਘ , ਅਤੇ ਹੋਰ ਸਾਥੀਆਂ ਦਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ 'ਤੇ ਸਵਾਗਤ ਕਰਦੇ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਸਰਕਾਰ ਦੇ ਕੰਮਾਂ ਤੋ ਪ੍ਰਭਾਵਿਤ ਹੋ ਕੇ ਲੋਕ ਸਾਡੀ ਪਾਰਟੀ ਦਾ ਪੱਲਾ ਫੜ ਰਹੇ ਹਨ। ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲਿਆਂਦੀ ਗਈ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਨਵੇਂ ਸਮਾਰਟ ਕਲਾਸ ਰੂਮ, ਚਾਰ ਦੁਆਰੀ, ਨਵੇਂ ਬਾਥਰੂਮ ਨਵੀਆਂ ਲੈਬਾਂ ਅਤੇ ਹੋਰ ਆਧੁਨਿਕ ਸਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜਿਸ ਨਾਲ ਸਾਡੇ ਬੱਚੇ ਵੀ ਹੁਣ ਵਧੀਆ ਸਿੱਖਿਆ ਪ੍ਰਾਪਤ ਕਰ ਸਕਣਗੇ। ਉਹਨਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਪੰਜਾਬ ਵਿੱਚ ਇੱਕ ਵੱਡਾ ਬਦਲਾਅ ਲੈ ਕੇ ਆਵੇਗੀ। ਉਹਨਾਂ ਕਿਹਾ ਕਿ ਜੰਡਿਆਲਾ ਹਲਕੇ ਵਿੱਚ ਵਿਰੋਧੀ ਪਾਰਟੀਆਂ ਨੂੰ ਛੱਡ ਕੇ ਲੋਕ ਆਮ ਆਦਮੀ ਪਾਰਟੀਆਂ ਦੀ ਨੀਤੀਆਂ ਤੋਂ ਖੁਸ਼ ਹੋ ਕੇ ਸਾਡੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ।

# ਅਕਾਲੀ ਦਲ ਬਾਦਲ ਨੂੰ ਵੱਡਾ ਝਟਕਾ, ਦਿੱਲੀ ਕਮੇਟੀ ਦੇ ਮੈਂਬਰ ਕੁਲਤਾਰਨ ਸਿੰਘ ਕੋਛੜ ਅਕਾਲੀ ਦਲ ਦਿੱਲੀ ਸਟੇਟ ਵਿਚ ਹੋਏ ਸ਼ਾਮਲ

ਨਵੀਂ ਦਿੱਲੀ, 11 ਮਈ: (ਅੰਮਿਤਪਾਲ ਸਿੰਘ) ਕੌਮੀ ਰਾਜਧਾਨੀ ਦਿੱਲੀ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਵਾਰਡ ਨੰਬਰ 32 ਜਨਕਪੁਰੀ ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਤਾਰਨ ਸਿੰਘ ਕੋਛੜ ਪਾਰਟੀ ਛੱਡ ਕੇ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋ ਗਏ। ਕੋਛੜ ਨੂੰ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੀ ਆਇਆਂ ਕਹਿੰਦਿਆਂ ਕਾਲਕਾ ਤੇ ਸਰਦਾਰ ਕਾਹਲੋਂ ਨੇ ਐਲਾਨ ਕੀਤਾ ਕਿ ਕੁਲਤਾਰਨ ਸਿੰਘ ਕੋਛੜ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਸੀਨੀਅਰ ਮੀਤ ਪ੍ਰਧਾਨ ਹੋਣਗੇ।

ਉਹਨਾਂ ਨੇ ਇਹ ਵੀ ਭਰੋਸਾ ਦੁਆਇਆ ਕਿ ਆਉਂਦੇ ਦਿਨਾਂ ਵਿਚ ਉਹਨਾਂ ਨੂੰ ਹੋਰ ਵੀ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ। ਇਸ ਮੌਕੇ ਹਾਜ਼ਰ ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਇਸ ਵੇਲੇ ਦਿੱਲੀ ਵਿਚ ਮੁਕੰਮਲ ਸਫਾਇਆ ਹੋ ਗਿਆ ਹੈ। ਉਹਨਾਂ ਕਿਹਾ ਕਿ ਜਿਹੜੇ ਮਨਜੀਤ ਸਿੰਘ ਜੀ.ਕੇ. ਨੇ ਕਦੇ ਪਰਮਜੀਤ ਸਿੰਘ ਸਰਨਾ 'ਤੇ ਸੰਗਤ ਦੇ ਪੈਸੇ ਦਾ ਗਬਨ ਕਰਨ ਦੇ ਦੋਸ਼ ਲਗਾਏ ਸਨ, ਅੱਜ ਉਹ ਦੋਵੇਂ ਬਾਦਲ ਦਲ ਵਿਚ ਇਕੱਠੇ ਹਨ। ਉਹਨਾਂ ਕਿਹਾ ਕਿ ਜਿਹੜੇ ਸਰਦਾਰ ਸਰਨਾ ਇਕ ਦਹਾਕੇ ਤੋਂ ਵੱਧ ਸਮਾਂ ਬਾਦਲ ਪਰਿਵਾਰ ਨੂੰ ਕੋਸਦੇ ਰਹੇ, ਉਹਨਾਂ ਨੂੰ ਬੇਅਬਦੀਆਂ ਦਾ ਦੋਸ਼ੀ, ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਦਾ ਦੋਸ਼ੀ, 328 ਸਰੂਪ ਗਾਇਬ ਕਰਨ ਦਾ ਦੋਸ਼ੀ ਐਲਾਨਦੇ ਰਹੇ, ਅੱਜ ਉਹ ਬਾਦਲ ਪਰਿਵਾਰ ਦੀ ਝੋਲੀ ਵਿਚ ਬੈਠ ਕੇ ਉਹਨਾਂ ਦਾ ਗੁਣਗਾਣ ਕਰ ਰਹੇ ਹਨ।

ਉਹਨਾਂ ਕਿਹਾ ਕਿ ਬਾਦਲ ਦਲ ਦਿੱਲੀ ਦੀ ਸੰਗਤ ਦੇ ਨਾਲ-ਨਾਲ ਸਮੁੱਚੀ ਕੌਮ ਸਾਹਮਣੇ ਬੇਨਕਾਬ ਹੋ ਚੁੱਕਾ ਹੈ ਤੇ ਇਸ ਲਈ ਸੰਗਤ ਨੇ ਇਹਨਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਉਹਨਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿਚ ਕਮੇਟੀ ਦੀ ਮੌਜੂਦਾ ਟੀਮ ਨੇ ਕਿਵੇਂ ਸੰਗਤ ਦੀ ਸੇਵਾ ਕੀਤੀ ਖਾਸ ਤੌਰ 'ਤੇ ਕੋਰੋਨਾ ਦੇ ਸਮੇਂ ਵਿਚ ਸੰਗਤ ਦੀ ਸੇਵਾ ਕੀਤੀ, ਉਸ ਤੋਂ ਪ੍ਰਭਾਵਤ ਹੋ ਕੇ ਵੱਧ ਤੋਂ ਵੱਧ ਗਿਣਤੀ ਵਿਚ ਸੰਗਤਾਂ ਅੱਜ ਪਾਰਟੀ ਨਾਲ ਜੁੜ ਰਹੀਆਂ ਹਨ ਤੇ ਪਾਰਟੀ ਮਜ਼ਬੂਤ ਹੋ ਰਹੀ ਹੈ।

ਉਹਨਾਂ ਕਿਹਾ ਕਿ ਜਿਥੇ ਅਸੀਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਏ, ਉਥੇ ਹੀ ਸਿਹਤ ਸੇਵਾਵਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਸਿਮਰਨ ਤੇ ਗੁਰਸਿੱਖੀ ਜੀਵਨ ਜਾਚ ਨਾਲ ਜੋੜਨ ਵਾਸਤੇ ਵੱਡੇ ਉਪਰਾਲੇ ਕੀਤੇ ਹਨ ਜਿਹਨਾਂ ਦਾ ਸੰਗਤ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਉਹਨਾਂ ਕਿਹਾ ਕਿ ਅਸੀਂ ਗੁਰੂ ਸਾਹਿਬਾਨ ਤੇ ਭਗਤਾਂ ਨਾਲ ਜੁੜੇ ਦਿਹਾੜੇ ਵੱਡੀ ਪੱਧਰ 'ਤੇ ਮਨਾਏ ਹਨ ਤੇ ਮਨਾ ਵੀ ਰਹੇ ਹਨ ਜਿਸਦੀ ਸੰਗਤ ਹਰ ਪਾਸੇ ਵਡਿਆਈ ਕਰ ਰਹੀ ਹੈ।

ਉਹਨਾਂ ਕਿਹਾ ਕਿ ਅਸੀਂ ਆਪਣੇ ਯਤਨ ਪੁਰਜ਼ੋਰ ਤਰੀਕੇ ਨਾਲ ਜਾਰੀ ਰੱਖਾਂਗੇ ਤੇ ਸੰਗਤਾਂ ਦੇ ਸਹਿਯੋਗ ਨਾਲ ਇਹਨਾਂ ਵਿਚ ਸਫਲ ਵੀ ਹੋਵਾਂਗੇ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ ਦਾ ਕਾਰਨ ਢਿੱਲੀ ਕਾਨੂੰਨੀ ਪੈਰਵਾਈ : ਜੀਕੇ



ਨਵੀਂ ਦਿੱਲੀ 12 ਮਈ: (ਅੰਮਿਤਪਾਲ ਸਿੰਘ) ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਿੱਲੀ ਹਾਈਕੋਰਟ ਦੇ 2 ਮਈ ਨੂੰ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ 'ਤੇ ਆਏ ਹਾਲੀਆ ਹੁਕਮਾਂ ਸਬੰਧੀ ਅੱਜ ਮੀਡੀਆ ਨੂੰ ਸੰਬੋਧਨ ਕੀਤਾ। ਜੀਕੇ ਨੇ ਇਸ ਵਿੱਤੀ ਸੰਕਟ ਲਈ ਮੌਜੂਦਾ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਉਨ੍ਹਾਂ ਦਾ ਰਵੱਈਆ ਸਾਰੀ ਅਦਾਲਤੀ ਕਾਰਵਾਈ ਦੌਰਾਨ ਲਾਪਰਵਾਹੀ ਵਾਲਾ ਰਿਹਾ ਹੈ। ਕਾਨੂੰਨੀ ਪੈਰਵਾਈ ਦੀ ਢਿੱਲ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿੱਤੀ ਸੰਕਟ ਦਾ ਕਾਰਨ ਬਣ ਗਈ ਹੈ। ਪਰ ਫਿਰ ਵੀ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਦੀ ਸਥਿਤੀ ਬਣੀ ਹੋਈ ਸੀ, ਤਾਂ ਉਨ੍ਹਾਂ ਨੇ 2 ਮਈ ਨੂੰ ਅਦਾਲਤੀ ਸੁਣਵਾਈ ਸਬੰਧੀ ਮੇਰੇ ਅਤੇ ਮੇਰੇ ਵਕੀਲ ਨਗਿੰਦਰ ਬੈਨੀਪਾਲ 'ਤੇ ਗੈਰ-ਪ੍ਰਮਾਣਿਤ ਦੋਸ਼ ਲਗਾਏ। ਜਿਸ ਕਾਰਨ ਮੈਨੂੰ ਅੱਜ ਬੋਲਣਾ ਪੈ ਰਿਹਾ ਹੈ। ਜੀਕੇ ਨੇ ਸਕੂਲ ਸਟਾਫ਼ ਦੀ ਲਗਭਗ 400 ਕਰੋੜ ਰੁਪਏ ਦੀ ਦੇਣਦਾਰੀ ਸਬੰਧੀ ਹੁਣ ਤੱਕ ਦੀਆਂ ਸਾਰੀ ਅਦਾਲਤੀ ਕਾਰਵਾਈਆਂ ਦਾ ਸਾਰ ਪੇਸ਼ ਕੀਤਾ ਅਤੇ ਦਾਅਵਾ ਕੀਤਾ ਕਿ ਮੇਰੇ ਵਕੀਲ ਨੇ ਇਸ ਮਾਮਲੇ ਵਿੱਚ ਦਿੱਲੀ ਹਾਈਕੋਰਟ ਵਿੱਚ ਮੇਰਾ ਹਲਫ਼ਨਾਮਾ ਦਾਇਰ ਕੀਤਾ ਸੀ। ਜਿਸ ਵਿੱਚ ਮੈਂ ਗੁਰਦੁਆਰੇ ਜਾਂ ਸਕੂਲ ਦੀ ਕਿਸੇ ਵੀ ਜਾਇਦਾਦ ਦੀ ਵਿਕਰੀ ਦਾ ਵਿਰੋਧ ਕੀਤਾ ਸੀ। ਪਰ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਪ੍ਰੈਸ ਕਾਨਫਰੰਸ ਕਰਕੇ ਮੇਰੇ ਅਤੇ ਮੇਰੇ ਵਕੀਲ ਵਿਰੁੱਧ ਮਨਘੜਤ ਦੋਸ਼ ਲਗਾਏ ਹਨ। ਜੀਕੇ ਨੇ ਕਿਹਾ ਕਿ ਦਿੱਲੀ ਕਮੇਟੀ ਵੱਲੋਂ 30 ਜੂਨ, 2023 ਤੱਕ ਦਾਇਰ ਕੀਤੀ ਗਈ ਕਰਜ਼ਾ ਰਿਪੋਰਟ ਦੇ ਅਨੁਸਾਰ, 30 ਜੂਨ, 2023 ਤੱਕ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ 726 ਸੇਵਾਮੁਕਤ ਕਰਮਚਾਰੀਆਂ ਨੂੰ 77.23 ਕਰੋੜ ਰੁਪਏ ਅਤੇ 1152 ਸੇਵਾਮੁਕਤ ਕਰਮਚਾਰੀਆਂ ਨੂੰ 234.16 ਕਰੋੜ ਰੁਪਏ ਦੇਣਯੋਗ ਸਨ। ਇਸ ਤੋਂ ਇਲਾਵਾ, ਦਿੱਲੀ ਕਮੇਟੀ ਦੇ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਅਤੇ ਈ.ਐਸ.ਆਈ. ਫੰਡ ਵਿੱਚ ਵੀ ਇੱਕ ਵੱਡੀ ਦੇਣਦਾਰੀ ਬਕਾਇਆ ਹੈ। ਪਰ ਅਪਣੇ ਕੰਮਾਂ ਦੀ ਜਵਾਬਦੇਹੀ ਦੇਣ ਦੀ ਬਜਾਏ, ਉਹ ਸਾਨੂੰ ਸਵਾਲ ਕਰ ਰਹੇ ਹਨ। ਜੀਕੇ ਨੇ ਕਿਹਾ ਕਿ ਹਾਈਕੋਰਟ ਨੇ ਉਨ੍ਹਾਂ (ਪ੍ਰਧਾਨ ਅਤੇ ਜਨਰਲ ਸਕੱਤਰ) ਨੂੰ ਵਾਰ-ਵਾਰ ਫਟਕਾਰ ਲਗਾਉਣ ਤੋਂ ਬਾਅਦ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਠਹਿਰਾਇਆ ਹੈ। ਹੁਣ ਉਨ੍ਹਾਂ ਨੇ ਅਦਾਲਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਕਮੇਟੀ ਅਤੇ ਸਕੂਲਾਂ ਦੀਆਂ ਜਾਇਦਾਦਾਂ ਵਿੱਚ ਕੋਈ ਤੀਜੀ ਧਿਰ ਦਾ ਹਿੱਤ ਨਹੀਂ ਪੈਦਾ ਕਰਨਗੇ ਅਤੇ ਹਾਈਕੋਰਟ ਦੁਆਰਾ ਨਿਯੁਕਤ ਕੀਤੇ ਗਏ ਮੁੱਲਕਰਤਾ ਨਾਲ ਵੀ ਪੂਰਾ ਸਹਿਯੋਗ ਕਰਨਗੇ।

# ਝੋਨੇ ਦੀ ਸਿੱਧੀ ਬਿਜਾਈ ਲਈ ਕਿਸਾਨਾਂ ਨੂੰ ਮਿਲਦੀ ਹੈ 1500 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ

ਫ਼ਤਹਿਗੜ੍ਹ ਸਾਹਿਬ, 12 ਮਈ: (ਹਰਪ੍ਰੀਤ ਕੌਰ ਟਿਵਾਣਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਕੁਦਰਤੀ ਸੋਮੇ ਪਾਣੀ ਦੀ ਬੱਚਤ ਲਈ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪ੍ਰੋਤਸ਼ਾਹਨ ਰਾਸ਼ੀ ਦਿੱਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੀ ਅਗਵਾਈ ਹੇਠ ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਗੁਰਨਾਮ ਸਿੰਘ ਨੇ ਦੱਸਿਆ ਕਿ ਜਿਲ੍ਹੇ ਦੇ ਕਿਸਾਨ ਇਸ ਯੋਜਨਾ ਦਾ ਲਾਭ ਪ੍ਰਾਪਤ ਕਰਨ ਲਈ 30 ਜੂਨ ਤੱਕ agrimachinerypb.com ਉਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਨਿਰੰਤਰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿੱਧੀ ਬਿਜਾਈ ਸਬੰਧੀ ਪੋਰਟਲ 'ਤੇ ਕਿਸਾਨਾਂ ਵੱਲੋਂ ਦਿੱਤੀ ਗਈ ਜਾਣਕਾਰੀ ਨੂੰ ਮੌਕੇ 'ਤੇ ਹੀ ਵਿਭਾਗ ਦੇ ਅਧਿਕਾਰੀ ਵੱਲੋਂ ਤਸਦੀਕ ਕੀਤਾ ਜਾਵੇਗਾ। ਇਸ ਉਪਰੰਤ ਵਿਭਾਗ ਵੱਲੋਂ ਕਿਸਾਨਾਂ ਦੀ ਫਿਜੀਕਲ ਵੈਰੀਫਿਕੇਸ਼ਨ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਦਾ ਵਿਸ਼ੇਸ਼ ਮਹੱਤਵ ਹੈ ਅਤੇ ਇਸ ਵਿਧੀ ਨਾਲ ਜਿਥੇ ਸਿੰਚਾਈ ਵਾਲੇ ਪਾਣੀ ਦੀ 15-20 ਫੀਸਦੀ ਬੱਚਤ ਹੁੰਦੀ ਹੈ ਉਥੇ ਹੀ ਜਮੀਨਦੋਜ ਪਾਣੀ ਦਾ 10-20 ਫੀਸਦੀ ਜਿਆਦਾ ਰਿਚਾਰਜ ਹੁੰਦਾ ਹੈ। ਮੁੱਖ ਖੇਤੀਬਾੜੀ ਅਫਸਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਅਨਮੋਲ ਸੋਮੇ ਪਾਣੀ ਨੂੰ ਬਚਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।


**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
ਰਜਿਸਟਰਡ ਦਫ਼ਤਰ : ਪੰ: ਰਾ: ਬਿ: ਬੋਰਡ: ਮੁੱਖ ਦਫ਼ਤਰ ਦੀ ਮਾਲ ਪਟਿਆਲਾ-147001
ਕਾਰਪੋਰੇਟ ਪਹਿਚਾਣ ਨੰਬਰ : U40109PB2010SGC033813 ਵੈਬ ਸਾਈਟ www.pspcl.in
(ਮੋਬਾਇਲ ਨੰ: 096461-22644)
ਈ-ਟੈਂਡਰ ਇਨਕੁਆਰੀ ਨੰ. 03/Sr. Xen/Civil/SPH/2025-26 Date : 12-05-2025

ਸੀਨੀਅਰ ਕਾ.ਕਾ. ਇੰਜੀ./ਸਿਵਲ ਸ਼ਾਨਨ ਪਾਵਰ ਹਾਊਸ, ਪੰ.ਰਾ.ਪਾ:ਕਾ:ਲਿ: ਜੋਗਿੰਦਰ ਨਗਰ ਜ਼ਿਲ੍ਹਾ ਮੰਡੀ (ਹਿ.ਪ੍ਰ.) ਦੇ ਦਫ਼ਤਰ ਵੱਲੋਂ ਸ਼ਾਨਨ ਪਾਵਰ ਹਾਊਸ, ਜੋਗਿੰਦਰ ਨਗਰ ਵਿਖੇ ਬੀਟੂਮੀਨਸ ਕੰਕਰੀਟ 30 ਮਮ ਦੀ ਸੜਕ ਦਾ ਕਾਰਜ ਜੋ ਕਿ ਅਪਰੋਚ ਰੋਡ ਤੋਂ ਚੈਕ ਪੋਸਟ ਨੰ. 2, ਚੈਂਕ ਪੋਸਟ ਨੰ. 1 ਤੋਂ ਸਰਕਲ ਦਫ਼ਤਰ ਅਤੇ ਹੋਰ ਪੈਚ ਵਰਕ ਦੇ ਕੰਮ ਦਾ ਈ-ਟੈਂਡਰ ਕਾਲ ਕੀਤਾ ਜਾਂਦਾ ਹੈ। ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨਾਂ https://eproc.punjab.gov.in ਮਿਤੀ : 13/05/2025 ਸਵੇਰੇ 10:00 ਵਜੇ ਤੋਂ ਵੇਖੇ ਜਾ ਸਕਦੇ ਹਨ।
ਨੋਟ : ਸੋਧ ਸਬੰਧੀ ਵੇਰਵੇ ਜੇਕਰ ਕੋਈ ਹੋਏ ਤਾਂ ਵੈਬਸਾਈਟ https://eproc.punjab.gov.in ਤੇ ਵੇਖੇ ਜਾਣ।
C 339 / 25
RO No. PR Advt. No. 76155 / 12 / 4220 / 2023 / 44343 / Dated CHD 5/12/2025



**SMFG Grihashakti** Nayi Asha. Naya Vishwas.

**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**
*(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)*
ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੇਨ ਰੋਡ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** *(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)* ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ **"ਐਸਐਮਐਚਐਫਸੀ"** ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਅਤੇ ਪਤੇ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **"ਐਸਐਮਐਚਐਫਸੀ"** ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲੜੀ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਸੰਕੇਤਕ ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 617539511577940 1. **ਗੁਰਮੁੱਖ ਨੌਨਿਹਾਲ ਸਿੰਘ** ਸਪੁੱਤਰ ਨਛੱਤਰ ਸਿੰਘ 2. **ਪਰਮਜੀਤ ਸਿੰਘ** ਸੁਪਤਨੀ ਗੁਰਮੁੱਖ ਨੌਨਿਹਾਲ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0 ਕਨਾਲ 6-1/4 ਮਰਲੇ (190 ਵਰਗ ਗਜ਼), ਜਿਸ ਵਿੱਚ ਖੇਵਟ ਨੰਬਰ-66, ਖਤੌਨੀ ਨੰਬਰ-70, ਖਸਰਾ ਨੰਬਰ-195, ਕਿੱਤਾ-1 ਸ਼ਾਮਲ ਹੈ, ਕੁੱਲ ਜ਼ਮੀਨ ਦਾ 25/212 ਹਿੱਸਾ 2 ਕਨਾਲ 13 ਮਰਲੇ, ਸਾਲ 2016-17 ਲਈ ਜਮਾਂਬੰਦੀ, ਐਚਬੀ ਨੰ-338, ਪਿੰਡ-ਪੋਹੀਰ, ਸਬ-ਤਹਿਸੀਲ-ਡੇਹਲੋਂ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿਖੇ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2023-24/109/1/999 ਮਿਤੀ 21-12-2023 ਅਨੁਸਾਰ ਗੁਰਮੁਖ ਨੌਨਿਹਾਲ ਸਿੰਘ ਪੁੱਤਰ ਨਛੱਤਰ ਸਿੰਘ ਦੇ ਨਾਮ 'ਤੇ ਦਰਜ ਹੈ। ਹੇਠਾਂ ਘੇਰਿਆ ਹੋਇਆ: ਪੂਰਬੀ-ਘਰ ਪਰਮਜੀਤ ਸਿੰਘ 9' ਬਾਹਰੀ ਮੋੜ 9'-6"+27' ਬਾਹਰੀ ਮੋੜ 1'-9"+18'-10", ਪੱਛਮੀ-ਸਟਰੀਟ-46', ਉੱਤਰ-ਹੋਰ ਘਰ 29', ਦੱਖਣੀ-ਰੋਡ 20 ਫੁੱਟ ਚੌੜਾ-40'-2"। | **26.02.2025 Rs. 15,95,251.76** (ਰੁਪਏ ਪੰਦਰਾ ਲੱਖ ਪਚਾਨਵੇਂ ਹਜ਼ਾਰ ਦੋ ਸੌ ਇਕਵੰਜਾ ਅਤੇ ਛਿਹੱਤਰ ਪੈਸੇ ਕੇਵਲ) 13.02.2025 ਦੇ ਅਨੁਸਾਰ | 09.05.2025 |
| 2 | LAN :- 610139211763468 1. **ਸਰਵਜੀਤ ਸਿੰਘ** ਮਾਰਫਤ ਬਲਵੀਰ ਸਿੰਘ 2. **ਹਰਕਮਲ ਸਿੰਘ** ਮਾਰਫਤ ਸਰਵਜੀਤ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜਿਸ ਵਿੱਚ ਮਕਾਨ ਨੰਬਰ-148, ਮਾਪ 71.11 ਵਰਗ ਗਜ਼ ਹੈ, ਖਸਰਾ ਨੰਬਰ-175 ਮਿਨ, 187, 289/188, 290/188, 176/1, ਖਾਤਾ ਨੰਬਰ-81/97-98, 82/99-100, ਸਾਲ 2016-17 ਲਈ ਜਮਾਂਬੰਦੀ, ਮਕਾਨ ਨੰਬਰ-264, ਪਿੰਡ-ਬ੍ਰਾਹਮਣ ਮਾਜਰਾ, ਆਬਾਦੀ ਫਰੈਂਡਜ਼ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਸ਼ਾਮਲ ਹਨ, ਵਿਕਰੀ ਡੀਡ ਅਨੁਸਾਰ ਵਸੀਕਾ ਨੰਬਰ-2024-25/103/1/5914 ਮਿਤੀ 29-7-2024 ਨੂੰ ਹਰਕਮਲ ਕੌਰ ਪਤਨੀ ਸਰਵਜੀਤ ਸਿੰਘ ਦੇ ਨਾਮ 'ਤੇ ਦਰਜ ਹੈ। ਇਸ ਤਰ੍ਹਾਂ ਸੀਮਤ:-ਪੂਰਬੀ-ਰਾਸਤਾ, ਪੱਛਮੀ-ਗੁਆਂਢੀ, ਉੱਤਰ-ਗੁਆਂਢੀ, ਦੱਖਣੀ-ਗੁਆਂਢੀ। | **26.02.2025 Rs. 16,77,629.66** (ਰੁਪਏ ਸੋਲਾਂ ਲੱਖ ਸਤੱਤਰ ਹਜ਼ਾਰ ਛੇ ਸੌ ਉਣੱਤੀ ਅਤੇ ਛਿਆਹਠ ਪੈਸੇ ਕੇਵਲ) 13.02.2025 ਦੇ ਅਨੁਸਾਰ | 09.05.2025 |
| 3 | LAN :- 610139511384470 1. **ਸ਼ਿਵ ਬਾਠਲਾ** ਮਾਰਫਤ ਓਮ ਪ੍ਰਕਾਸ਼ 2. **ਨਿਖਿਲ ਬਾਠਲਾ** ਮਾਰਫਤ ਸ਼ਿਵ ਬਾਠਲਾ 3. **ਸੁਨੀਤਾ ਰਾਣੀ** ਮਾਰਫਤ ਸ਼ਿਵ ਕੁਮਾਰ | 302.5 ਵਰਗ ਗਜ਼ ਦੀ ਵਪਾਰਕ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜਿਸ ਵਿੱਚ ਖਸਰਾ ਨੰਬਰ-25//19-20, ਖਾਤਾ ਨੰਬਰ-53/50/58, ਸਾਲ 2009-10 ਲਈ ਜਮਾਂਬੰਦੀ, ਮਕਾਨ ਨੰਬਰ-175, ਪਿੰਡ-ਸ਼ੇਰਪੁਰ ਖੁਰਦ, ਅਬਾਦੀ ਸ਼ੇਰਪੁਰ ਖੁਰਦ ਮਾਰਕੀਟ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਸਥਿਤ ਹੈ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-23854 ਮਿਤੀ 3-1-1994 ਅਤੇ ਟਰਾਂਸਫਰ ਡੀਡ ਬੇਅਰਿੰਗ ਵਸੀਕਾ ਨੰਬਰ-120 ਮਿਤੀ 6-4-2017 ਅਨੁਸਾਰ ਸ਼ਿਵ ਕੁਮਾਰ ਪੁੱਤਰ ਓਮ ਪ੍ਰਕਾਸ਼ ਦੇ ਨਾਮ 'ਤੇ ਦਰਜ ਹੈ। ਇਸ ਤਰ੍ਹਾਂ ਸੀਮਾਬੱਧ:-ਪੂਰਬੀ-ਸੜਕ, ਪੱਛਮੀ-ਮਾਲਕ, ਉੱਤਰੀ-ਮਾਲਕ, ਦੱਖਣੀ-ਗੁਆਂਢੀ। | **26.02.2025 Rs. 49,80,201.68** (ਰੁਪਏ ਉਣੰਜਾ ਲੱਖ ਅੱਸੀ ਹਜ਼ਾਰ ਦੋ ਸੌ ਇੱਕ ਅਤੇ ਅਠਾਹਠ ਪੈਸੇ ਕੇਵਲ) 13.02.2025 ਦੇ ਅਨੁਸਾਰ | 09.05.2025 |
| 4 | LAN :- 610139211724031 1. **ਵਿਨੋਦ ਕੁਮਾਰ** ਸਪੁੱਤਰ ਸੋਮ ਪਾਲ 2. **ਗੀਤਾ ਸੁਪਤਨੀ ਵਿਨੋਦ ਕੁਮਾਰ** | ਜਾਇਦਾਦ ਵਾਲੇ ਘਰ ਦੇ ਸਾਰੇ ਭਾਗ ਅਤੇ ਹਿੱਸੇ, ਪਲਾਟ ਨੰਬਰ-71, ਮਾਪ 50 ਵਰਗ। ਵਿਹੜੇ, ਖਸਰਾ ਨੰਬਰ-12//23, 24, ਖਾਤਾ ਨੰਬਰ-71/73, ਸਾਲ 2013-14 ਲਈ ਜਮਾਂਬੰਦੀ, ਐਚਬੀ ਨੰਬਰ-106, ਪਿੰਡ-ਲਾਦੀਆਂ ਖੁਰਦ, ਆਬਾਦੀ ਖੁਸ਼ੀ ਐਨਕਲੇਵ, ਸਾਈ ਐਨਕਲੇਵ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿੱਚ ਸ਼ਾਮਲ ਹਨ। ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2024-25/101/1/3901 ਮਿਤੀ 22-5-2024 ਗੀਤਾ ਪਤਨੀ ਵਿਨੋਦ ਕੁਮਾਰ ਦੇ ਨਾਮ 'ਤੇ ਦਰਜ ਹੈ। ਸੀਮਾ ਹੇਠ ਲਿਖੇ ਅਨੁਸਾਰ ਹੈ:-ਪੂਰਬੀ-ਗਲੀ, ਪੱਛਮੀ-ਪਲਾਟ ਨੰਬਰ 52, ਉੱਤਰ-ਖੇਤੀਬਾੜੀ, ਦੱਖਣੀ-ਪਲਾਟ ਕਮ ਮਕਾਨ ਨੰਬਰ 70 | **26.02.2025 Rs. 10,98,421.37** (ਰੁਪਏ ਦਸ ਲੱਖ ਅਠਾਨਵੇਂ ਹਜ਼ਾਰ ਚਾਰ ਸੌ ਇੱਕੀ ਅਤੇ ਸੈਂਤੀ ਪੈਸੇ ਕੇਵਲ) 13.02.2025 ਦੇ ਅਨੁਸਾਰ | 09.05.2025 |

ਸਥਾਨ: ਲੁਧਿਆਣਾ, ਪੰਜਾਬ
ਮਿਤੀ : 09.05.2025
ਸਹੀ/-ਅਧਿਕਾਰਤ ਅਧਿਕਾਰੀ,
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**
*(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)*



**SBI | ਸਟੇਟ ਬੈਂਕ ਆਫ ਇੰਡੀਆ**
ਪਿਪਲਾਂਵਾਲਾ ਸ਼ਾਖਾ ਹੁਸ਼ਿਆਰਪੁਰ
**[ਨਿਯਮ (8-1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ, ਪਿਪਲਾਂਵਾਲਾ ਸ਼ਾਖਾ ਹੁਸ਼ਿਆਰਪੁਰ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਵੇਰਵਿਆਂ ਅਨੁਸਾਰ ਹਰੇਕ ਦੇ ਅਧੀਨ ਦਰਸਾਈ ਰਕਮ, ਮਨਫੀ ਵਸੂਲੀ, ਜੇਕਰ ਕੋਈ ਹੈ ਜਮ੍ਹਾਂ ਭਾਵੀ ਵਿਆਜ, ਖਰਚਿਆਂ, ਲਾਗਤਾਂ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ) /ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: 1. ਤਰਲੋਚਨ ਕੁਮਾਰ ਪੁੱਤਰ ਸ਼੍ਰੀ ਅਜੀਤ ਰਾਮ, 2. ਸ਼੍ਰੀ ਧਰਮਿੰਦਰ ਕੁਮਾਰ ਪੁੱਤਰ ਸ਼੍ਰੀ ਅਜੀਤ ਰਾਮ, ਦੋਵੇਂ ਨਿਵਾਸੀ ਪਿੰਡ ਅਤੇ ਡਾਕਖਾਨਾ ਪਿਪਲਾਂਵਾਲਾ, ਹੁਸ਼ਿਆਰਪੁਰ। | ਵਸੀਕਾ ਨੰਬਰ 3559 ਮਿਤੀ 28.07.2010 ਦੇ ਅਧੀਨ ਸ਼੍ਰੀ ਤਰਲੋਚਨ ਕੁਮਾਰ ਪੁੱਤਰ ਸ਼੍ਰੀ ਅਜੀਤ ਰਾਮ ਦੇ ਨਾਮ 'ਤੇ, ਪਿੰਡ ਖਵਾਸਪੁਰ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ 5-1/2 ਮਰਲੇ ਜ਼ਮੀਨ 'ਤੇ ਬਣਿਆ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: 71'6" ਵਿਕਰੇਤਾ, ਪੱਛਮ: 71'6" ਹੋਰ ਮਾਲਕ, ਉੱਤਰ: 22'0" ਰਸਤਾ 20' ਚੌੜਾ, ਦੱਖਣ: 22'0" ਪੀ/ਓ ਸ਼੍ਰੀ ਗੁਰਮੀਤ ਸਿੰਘ। | 24.06.2024 | 09.05.2025 | Rs. 5,65,945/- (ਰੁ. ਪੰਜ ਲੱਖ ਪੈਂਹਠ ਹਜ਼ਾਰ ਨੌਂ ਸੌ ਪੰਤਾਲੀ ਕੇਵਲ) 18.06.2024 ਦੇ ਅਨੁਸਾਰ ਜਮ੍ਹਾਂ ਉਸ 'ਤੇ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ |

ਮਿਤੀ : 12.05.2025 ਸਥਾਨ : ਪਿਪਲਾਂਵਾਲਾ ਅਧਿਕਾਰਤ ਅਧਿਕਾਰੀ



# ਖੇਤੀਬਾੜੀ



## ਸਾਉਣੀ ਰੁੱਤ ਦੀ ਮੱਕੀ ਵਿੱਚ ਸਰਵਪੱਖੀ ਕੀਟ ਪ੍ਰਬੰਧਨ ਲਈ ਜ਼ਰੂਰੀ ਨੁਕਤੇ

ਗੁਰਮੇਲ ਸਿੰਘ ਸੰਧੂ
ਸਿਮਰਨਜੀਤ ਕੌਰ
8146260400

ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ ਅਤੇ ਇਹ ਮੁੱਖ ਤੌਰ 'ਤੇ ਕਣਕ ਅਤੇ ਝੋਨੇ 'ਤੇ ਹੀ ਨਿਰਭਰ ਕਰਦੀ ਹੈ, ਜੋ ਦੇਸ਼ ਦੇ ਅਨਾਜ ਭੰਡਾਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਝੋਨਾ-ਕਣਕ ਫ਼ਸਲ ਪ੍ਰਣਾਲੀ, ਭਾਵੇਂ ਜ਼ਿਆਦਾ ਉਤਪਾਦਕ ਹੈ, ਪਰ ਇਸ ਨੇ ਕਈ ਤਰ੍ਹਾਂ ਦੀਆਂ ਵਾਤਾਵਰਣਕ ਅਤੇ ਹੋਰ ਸਮੱਸਿਆਵਾਂ ਪੈਦਾ ਕੀਤੀਆਂ ਹਨ, ਜਿਵੇਂਕਿ ਧਰਤੀ ਹੇਠਲੇ ਪਾਣੀ ਚ ਗਿਰਾਵਟ, ਫ਼ਸਲ ਦੀ ਰਹਿੰਦ-ਖੂੰਹਦ ਨੂੰ ਸਾੜਨਾ, ਪੌਸ਼ਟਿਕ ਤੱਤਾਂ ਦੀ ਘਾਟ, ਮਿੱਟੀ ਦੀ ਸਿਹਤ ਵਿੱਚ ਵਿਗਾੜ, ਖੇਤੀ ਰਸਾਇਣਾਂ ਦੀ ਬੇਲੋੜੀ ਵਰਤੋਂ ਆਦਿ।ਇਹਨਾਂ ਸਮੱਸਿਆਵਾਂ ਦਾ ਹੱਲ ਫ਼ਸਲੀ ਵਿਭਿੰਨਤਾ ਅਪਨਾਉਣ ਨਾਲ ਹੋ ਸਕਦਾ ਹੈ ਅਤੇ ਸਾਉਣੀ ਰੁੱਤ ਵਿੱਚ ਫ਼ਸਲੀ ਵਿਭਿੰਨਤਾ ਲਿਆਉਣ ਲਈ ਮੱਕੀ ਇੱਕ ਮਹੱਤਵਪੂਰਨ ਫ਼ਸਲ ਹੈ। ਇਸ ਫ਼ਸਲ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਲਈ ਸਿਫ਼ਾਰਿਸ਼ ਉਤਪਾਦਨ ਤਕਨੀਕਾਂ ਨੂੰ ਅਪਨਾਉਣ ਤੋਂ ਇਲਾਵਾ ਕੀੜੇ ਮਕੌੜਿਆਂ ਦੀ ਸਮੇਂ ਸਿਰ ਢੁੱਕਵੀ ਰੋਕਥਾਮ ਬਹੁਤ ਜ਼ਰੂਰੀ ਹੈ। ਸਾਉਣੀ ਰੁੱਤ ਦੀ ਮੱਕੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿੱਚੋਂ ਸਭ ਤੋਂ ਹਾਨੀਕਾਰਕ ਫ਼ਾਲ ਆਰਮੀਵਾਰਮ ਅਤੇ ਮੱਕੀ ਦਾ ਗੜੂੰਆਂ ਹੈ। ਇਸ ਤੋਂ ਇਲਾਵਾ ਕੁੱਝ ਹੋਰ ਕੀੜੇ ਜਿਵੇਂ ਕਿ ਭੱਬੂ ਕੁੱਤਾ, ਸੈਨਿਕ ਸੁੰਡੀ, ਵਾਲਾਂ ਨੂੰ ਕੱਟਣ ਵਾਲੀ ਸੁੰਡੀ, ਤੇਲਾ ਆਦਿ ਵੀ ਕਈ ਵਾਰ ਫ਼ਸਲ ਤੇ ਨੁਕਸਾਨ ਕਰਦੇ ਹਨ।ਮੱਕੀ ਦੇ ਮੁੱਖ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ ਲਈ ਲੋੜੀਦੀ ਜਾਣਕਾਰੀ ਹੇਠ ਦਿੱਤੀ ਗਈ ਹੈ:

**ਫ਼ਾਲ ਆਰਮੀਵਰਮ:** ਇਹ ਕੀੜਾ ਸਾਉਣੀ ਰੁੱਤ ਦੀ ਮੱਕੀ ਵਿੱਚ ਗੰਭੀਰ ਹਮਲਾ ਕਰਦਾ ਹੈ ਅਤੇ ਜੇਕਰ ਇਸ ਦੀ ਢੁੱਕਵੀ ਰੋਕਥਾਮ ਨਾ ਕੀਤੀ ਜਾਵੇ ਤਾਂ ਫ਼ਸਲ ਦਾ ਕਾਫੀ ਨੁਕਸਾਨ ਕਰ ਜਾਂਦਾ ਹੈ।ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿੱਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਦੀਆਂ ਹਨ। ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿੱਚ ਬਿੱਠਾਂ ਕਰਦੀਆਂ ਹਨ। ਇਸ ਸੁੰਡੀ ਦੀ ਪਹਿਚਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ। ਇਸ ਕੀੜੇ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਨਾਉ:

• ਮੱਕੀ ਦੀ ਬਿਜਾਈ ਸ਼ਿਫ਼ਾਰਸ਼ ਸਮੇਂ ਅਨੁਸਾਰ ਕਰੋ ਅਤੇ ਨਾਲ ਲਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫਲਾਅ ਘਟਾਇਆ ਜਾ ਸਕੇ।
• ਖੇਤਾਂ ਦਾ ਸਰਵੇਖਣ ਲਗਾਤਾਰ ਕਰੋ ਅਤੇ ਪੱਤਿਆਂ ਉੱਪਰ ਦਿੱਤੇ ਕੀੜੇ ਦੇ ਆਂਡਿਆਂ ਨੂੰ ਨਸ਼ਟ ਕਰ ਦਿਉ। ਆਂਡਿਆਂ ਦੇ ਝੁੰਡ ਲੂਈ ਨਾਲ ਢੱਕੇ ਹੁੰਦੇ ਹਨ ਅਤੇ ਅਸਾਨੀ ਨਾਲ ਦਿੱਖ ਜਾਂਦੇ ਹਨ।
• ਲੋੜ ਪੈਣ ਤੇ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ ਜਦਕਿ ਇਸ ਤੋਂ ਬਾਅਦ, ਫ਼ਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਉ । ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿੱਚ ਵਧਾਓ।
• ਇਸ ਕੀੜੇ ਦੀ ਢੁੱਕਵੀ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰਨਾ ਬਹੁਤ ਜ਼ਰੂਰੀ ਹੈ।
• ਹਮਲੇ ਵਾਲੀ ਫ਼ਸਲ ਜੇਕਰ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਜਾਂ ਹਮਲਾ ਧੌੜੀਆਂ ਵਿੱਚ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 5 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਜਾਂ 25 ਗ੍ਰਾਮ ਡੇਲਫਿਨ ਡਬਲਯੂ ਜੀ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਜਾਂ 25 ਮਿਲੀਲਿਟਰ ਡਾਈਪਲ 8 ਐੱਲ (ਬੈਸੀਲਸ ਥੁਰੀਨਜਿਐਨਸਿਸ ਕੁਰਸਟਾਕੀ) ਨੂੰ 10 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ। ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਹਿਨੇ ਹੋਣ।

**ਮੱਕੀ ਦਾ ਗੜੂੰਆਂ:** ਅਗੇਤੀ ਬੀਜੀ ਮੱਕੀ ਉੱਪਰ ਮੱਕੀ ਦੇ ਗੜੂਏ ਦਾ ਹਮਲਾ ਜ਼ਿਆਦਾ ਹੁੰਦਾ ਹੈ।ਇਸ ਕੀੜੇ ਦਾ ਹਮਲਾ ਧੋੜੀਆਂ ਵਿੱਚ ਹੁੰਦਾ ਹੈ। ਇਸ ਦੀਆਂ ਸੁੰਡੀਆਂ ਆਂਡਿਆਂ ਵਿੱਚੋ ਨਿਕਲਦਿਆਂ ਸਾਰ ਹੀ ਪੱਤਿਆਂ ਨੂੰ ਖਰੋਚ ਕੇ ਖਾਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਫੇਰ ਗੋਭ ਰਾਹੀ ਤਣੇ ਵਿੱਚ ਵੜ ਜਾਂਦੀਆਂ ਹਨ। ਛੋਟੀਆਂ ਸੁੰਡੀਆਂ ਦੇ ਹਮਲੇ ਕਾਰਨ ਗੋਭਾਂ ਵਿੱਚੋ ਨਵੇ ਨਿਕਲੇ ਪੱਤਿਆਂ ਵਿੱਚ ਨਿੱਕੀਆਂ-ਨਿੱਕੀਆਂ ਮੋਰੀਆਂ (ਲਾਈਨ ਵਿੱਚ) ਬਣ ਜਾਂਦੀਆਂ ਹਨ, ਜਦਕਿ ਵੱਡੀਆਂ ਸੁੰਡੀਆਂ ਦੇ ਹਮਲੇ ਕਾਰਨ ਗੋਭ ਦਾ ਵਿਚਕਾਰਲਾ ਪੱਤਾ ਛਾਣਨੀ ਹੋ ਜਾਂਦਾ ਹੈ। ਹਮਲੇ ਵਾਲੇ ਛੋਟੇ ਬੂਟਿਆਂ ਦੀਆਂ ਗੋਭਾਂ ਸੁੱਕ ਜਾਂਦੀਆਂ ਹਨ। ਸੁੱਕੀ ਗੋਭ ਵਾਲੇ ਬੂਟੇ ਕਈ ਵਾਰ ਫੁੱਟ ਪੈਂਦੇ ਹਨ, ਪਰ ਇਹਨਾਂ ਨੂੰ ਕੋਈ ਛੱਲੀ ਨਹੀ ਪੈਂਦੀ ।ਇਸ ਕੀੜੇ ਦੀ ਰੋਕਥਾਮ ਲਈ ਹੇਠਾਂ ਦੱਸਿਆ ਸਰਵਪੱਖੀ ਪ੍ਰਬੰਧਨ ਅਪਣਾਓ:

• ਬਿਜਾਈ ਸਿਫਾਰਿਸ਼ ਸਮੇ ਦੌਰਾਨ ਹੀ ਕਰੋ।
• ਗੋਡੀ ਕਰਦੇ ਸਮੇਂ ਗੜੂੰਏ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਉ।
• ਇਸ ਦੀ ਰੋਕਥਾਮ ਲਈ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40,000 ਆਂਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ ਵਰਤੋ। ਇਹ ਆਂਡੇ ਗੂੰਦ ਨਾਲ ਟਰਾਈਕੋਕਾਰਡਾਂ ਉਪਰ ਚਿਪਕਾਏ ਹੋਏ ਹੁੰਦੇ ਹਨ। ਟਰਾਈਕੋਕਾਰਡ ਨੂੰ ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫ਼ਤੇ ਬਾਅਦ ਵਰਤੋ। ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ 1000 ਆਂਡੇ ਹੋਣ ਅਤੇ ਕੱਟੇ ਹੋਏ ਹਿੱਸਿਆਂ ਨੂੰ ਗੋਭ ਦੇ ਪੱਤਿਆਂ ਦੇ ਹੇਠਲੇ ਪਾਸੇ ਸ਼ਾਮ ਦੇ ਸਮੇ ਖੇਤ ਵਿੱਚ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰੋ। ਇਹ ਕਾਰਡ ਮੀਹ ਵਾਲੇ ਦਿਨ ਨਹੀ ਵਰਤਣੇ ਚਾਹੀਦੇ।
• ਬਿਜਾਈ ਤੋਂ 2-3 ਹਫ਼ਤੇ ਪਿਛੋਂ ਜਾਂ ਜਿਸ ਵੇਲੇ ਪੱਤਿਆਂ ਉੱਪਰ ਇਸ ਕੀੜੇ ਦਾ ਹਮਲਾ ਦਿਸੇ ਤਾਂ 30 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨੀਲੀਪਰੋਲ) ਨੂੰ 60 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨੈਪਸੈਕ ਪੰਪ ਨਾਲ ਛਿੜਕੋ।
• ਮੱਕੀ ਦੇ ਮੁੱਢਾਂ, ਟਾਂਡਿਆਂ ਅਤੇ ਗੁੱਲਾਂ ਵਿੱਚ ਲੁਕੇ ਹੋਏ, ਗੜੂੰਏ ਦੀਆਂ ਸੁੰਡੀਆਂ ਮਾਰਨ ਲਈ ਮੱਕੀ ਵੱਢਣ ਤੋਂ ਤੁਰੰਤ ਬਾਅਦ ਖੇਤ ਨੂੰ ਵਾਹ ਦਿਉ ਅਤੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ।

**ਸੈਨਿਕ ਸੁੰਡੀ:** ਇਹ ਸੁੰਡੀ ਵੀ ਪੱਤਿਆਂ ਨੂੰ ਖਾਂਦੀ ਹੈ, ਪਰ ਇਹ ਗੜੂੰਏ ਵਾਂਗ ਪੱਤੇ ਵਿੱਚ ਮੋਰੀਆਂ ਨਹੀ ਕੱਢਦੀ, ਸਗੋ ਇਹ ਕਿਨਾਰਿਆਂ ਤੋਂ ਅੰਦਰ ਵੱਲ ਨੂੰ ਖਾਂਦੀ ਹੈ ।ਕਈ ਵਾਰ ਇਹ ਕੀੜਾ ਹਰੀ ਛੱਲੀ ਤੇ ਵੀ ਹਮਲਾ ਕਰਦਾ ਹੈ। ਲੋੜ ਪੈਣ ਤੇ ਇਸ ਕੀੜੇ ਦੀ ਰੋਕਥਾਮ ਲਈ ਮੱਕੀ ਦੇ ਗੜੂੰਏ ਲਈ ਸਿਫਾਰਿਸ਼ ਕੀਟਨਾਸ਼ਕ ਦੀ ਵਰਤੋਂ ਕਰੋ।

**ਵਾਲਾਂ ਨੂੰ ਕੱਟਣ ਵਾਲੀ ਸੁੰਡੀ (ਅਮਰੀਕਣ ਸੁੰਡੀ):** ਜੱਤਲ ਸੁੰਡੀ, ਸੈਨਿਕ ਕੀੜਾ ਅਤੇ ਹੋਰ ਸੁੰਡੀਆਂ, ਹਰੀ ਛੱਲੀ ਦੇ ਵਾਲਾਂ ਨੂੰ ਕੱਟਦੀਆਂ ਪਰ ਜ਼ਿਆਦਾ ਨੁਕਸਾਨ ਅਮਰੀਕਨ ਸੁੰਡੀ ਕਰਦੀ ਹੈ। ਕਿਸੇ-ਕਿਸੇ ਸਾਲ ਕੁਝ ਖੇਤਰਾਂ ਵਿੱਚ ਮੱਕੀ ਉੱਪਰ ਇਸਦਾ ਕਾਫੀ ਹਮਲਾ ਨਜ਼ਰ ਆਉਂਦਾ ਹੈ। ਛੋਟੀਆਂ ਸੁੰਡੀਆਂ ਬਾਬੂ ਝੰਡਿਆਂ ਅਤੇ ਛੱਲੀ ਦੇ ਵਾਲਾਂ ਨੂੰ ਖਾਣ ਤੋਂ ਬਾਅਦ ਛੱਲੀਆਂ ਵਿੱਚ ਪੱਕ ਰਹੇ ਦਾਣਿਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਪੱਕੀਆਂ ਛੱਲੀਆਂ ਉੱਪਰ ਨੁਕਸਾਨ ਘੱਟ ਹੁੰਦਾ ਹੈ, ਪਰ ਸੁੰਡੀਆਂ ਛੱਲੀਆਂ ਉੱਪਰ ਅਪਣਾ ਮਲ-ਮੂਤਰ ਛੱਡ ਦਿੰਦੀਆਂ ਹਨ, ਜਿਸ ਕਾਰਨ ਹਰੀਆਂ ਛੱਲੀਆਂ ਦਾ ਮੰਡੀ ਵਿੱਚ ਘੱਟ ਮੁੱਲ ਮਿਲਦਾ ਹੈ। ਜੇਕਰ ਹਮਲਾ ਜ਼ਿਆਦਾ ਹੋਵੇ ਤਾਂ ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਸਿਫਾਰਸ਼ ਕੀਟਨਾਸ਼ਕ ਦੀ ਵਰਤੋਂ ਕਰੋ। ਜ਼ਿਆਦਾ ਹੋਵੇ ਤਾਂ ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਸਿਫਾਰਸ਼ ਕੀਟਨਾਸ਼ਕ ਦੀ ਵਰਤੋਂ ਕਰੋ।

**ਭੱਬੂ ਕੁੱਤਾ (ਜੱਤਲ ਸੁੰਡੀ):** ਕਦੇ-ਕਦੇ ਜੇਕਰ ਇਸ ਕੀੜੇ ਦੀ ਗਿਣਤੀ ਬਹੁਤ ਵੱਧ ਜਾਵੇ ਤਾਂ ਇਹ ਬਹੁਤ ਨੁਕਸਾਨ ਕਰਦਾ ਹੈ। ਛੋਟੀਆਂ ਸੁੰਡੀਆਂ ਇੱਕਠੀਆਂ ਹੋ ਕੇ ਪੱਤਿਆਂ ਨੂੰ ਖਾਂਦੀਆਂ ਹਨ, ਜਿਸ ਨਾਲ ਪੱਤੇ ਦੀਆਂ ਨਾੜਾਂ ਦਾ ਜਾਲ ਹੀ ਬਚਦਾ ਹੈ, ਜਦਕਿ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਨਾੜੀਆਂ ਸਮੇਤ ਖਾ ਜਾਂਦੀਆਂ ਹਨ ।ਵੱਡੀਆਂ ਸੁੰਡੀਆਂ ਇੱਕ ਖੇਤ ਵਿੱਚੋਂ ਦੂਸਰੇ ਖੇਤ ਵਿੱਚ ਚਲੀਆਂ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਹੇਠਾਂ ਦੱਸੇ ਢੰਗ ਅਪਣਾਉ:

• ਪਤੰਗਿਆਂ ਦੇ ਖਾਤਮੇ ਲਈ ਰੋਸ਼ਨੀ ਯੰਤਰ ਦਾ ਇਸਤੇਮਾਲ ਕਰੋ।
• ਛੋਟੀਆਂ ਸੁੰਡੀਆਂ ਪੱਤਿਆਂ ਉੱਪਰ ਝੁੰਡਾਂ ਵਿੱਚ ਮਿਲਦੀਆਂ ਹਨ, ਅਜਿਹੇ ਪੱਤਿਆਂ ਨੂੰ ਸੁੰਡੀਆਂ ਸਮੇਤ ਤੋੜ ਕੇ ਨਸ਼ਟ ਕਰ ਦਿਉ।
• ਵੱਡੇ ਸੁੰਡ ਪੈਰਾਂ ਹੇਠਾਂ ਮਸਲ ਕੇ ਜਾਂ ਇਕੱਠੇ ਕਰਕੇ ਮਿੱਟੀ ਦੇ ਤੇਲ ਵਾਲੇ ਪਾਣੀ ਵਿੱਚ ਪਾ ਕੇ ਮਾਰੇ ਜਾ ਸਕਦੇ ਹਨ।

ਇਹਨਾਂ ਗੱਲਾਂ ਦਾ ਧਿਆਨ ਰੱਖਕੇ ਕਿਸਾਨ ਵੀਰ ਆਪਣੀ ਸਾਉਣੀ ਦੀ ਮੱਕੀ ਵਿੱਚ ਕੀਟ ਪ੍ਰਬੰਧ ਵਧੀਆ ਤਰੀਕੇ ਨਾਲ ਕਰ ਸਕਦੇ ਹਨ। ਪਰ ਇਸ ਤੋਂ ਇਲਾਵਾ ਜੇਕਰ ਕੋਈ ਮੁਸ਼ਕਿਲ ਆਵੇ ਤਾਂ ਖੇਤੀ ਮਾਹਿਰਾਂ ਦੀ ਰਾਇ ਜ਼ਰੂਰ ਲੈਣੀ ਚਾਹੀਦੀ ਹੈ।

## ਝੋਨੇ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਦੀ ਵਿਉਂਤਬੰਦੀ

ਮਨਿੰਦਰ ਸਿੰਘ
ਜਗਜੋਤ ਸਿੰਘ ਗਿੱਲ

ਕਿਸੇ ਵੀ ਫਸਲ ਤੋਂ ਚੰਗਾ ਝਾੜ ਪ੍ਰਾਪਤ ਕਰਨ ਲਈ ਉਸਦਾ ਮੁੱਢ ਤੋਂ ਹੀ ਨਰੋਆ ਹੋਣਾ ਬਹੁਤ ਜਰੂਰੀ ਹੁੰਦਾ ਹੈ। ਇਸੇ ਲਈ ਬੀਜ ਦਾ ਬਿਮਾਰੀ ਰਹਿਤ, ਨਰੋਆ ਅਤੇ ਚੰਗੇ ਜੰਮ ਵਾਲਾ ਹੋਣਾ ਬਹੁਤ ਜਰੂਰੀ ਹੈ ਅਤੇ ਇਹ ਹੀ ਚੰਗੇ ਝਾੜ ਦਾ ਮੁਢ ਬੰਨਦਾ ਹੈ। ਇਸ ਦੇ ਨਾਲ ਹੀ ਕੁਝ ਫਸਲਾਂ ਜਿਵੇਂ ਕਿ ਝੋਨਾ ਆਦਿ, ਜਿਨਾਂ ਦੀ ਕਾਸ਼ਤ ਲਈ ਪਨੀਰੀ ਤਿਆਰ ਕੀਤੀ ਜਾਂਦੀ ਹੈ, ਉਹਨਾਂ ਲਈ ਤੰਦਰੁਸਤ ਅਤੇ ਨਰੋਈ ਪਨੀਰੀ ਵੀ ਫਸਲ ਦੇ ਚੰਗੇ ਝਾੜ ਨੂੰ ਨਿਰਧਾਰਿਤ ਕਰਦੀ ਹੈ। ਝੋਨੇ ਦੀ ਤੰਦਰੁਸਤ ਪਨੀਰੀ ਤਿਆਰ ਕਰਨ ਲਈ ਕਾਸ਼ਤਕਾਰੀ ਢੰਗਾਂ, ਝੋਨੇ ਦੀ ਕਿਸਮ, ਜਮੀਨ ਦੀ ਬਣਤਰ, ਉਪਲੱਬਧ ਸਾਧਨ ਆਦਿ ਗੱਲਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ। ਝੋਨੇ ਦੀ ਲਵਾਈ ਪ੍ਰਮੁੱਖ ਤੌਰ ਤੇ ਦੋ ਢੰਗਾਂ ਨਾਲ ਕੀਤੀ ਜਾਂਦੀ ਹੈ। ਇੱਕ, ਹੱਥੀ ਪਨੀਰੀ ਲਗਾ ਕੇ ਅਤੇ ਦੂਸਰਾ, ਮਸ਼ੀਨ ਨਾਲ ਪਨੀਰੀ ਲਗਾ ਕੇ । ਇਹਨਾਂ ਦੋਹਾਂ ਢੰਗਾ ਲਈ ਪਨੀਰੀ ਬੀਜਣ ਦਾ ਤਰੀਕਾ ਵੀ ਵੱਖੋ-ਵੱਖ ਹੈ।

### ੳ) ਹੱਥੀ ਲਵਾਈ ਲਈ ਪਨੀਰੀ ਤਿਆਰ ਕਰਨਾ :

**1) ਬਿਜਾਈ ਦਾ ਸਮਾਂ:** ਕਿਸਮਾਂ ਦੀ ਉਮਰ ਅਨੁਸਾਰ ਪਨੀਰੀ ਬੀਜਣ ਦਾ ਢੁੱਕਵਾਂ ਸਮਾਂ 20 ਮਈ ਤੋਂ 20 ਜੂਨ ਹੈ। ਪੀ ਆਰ 132, ਪੀ ਆਰ 121, ਪੀ ਆਰ 122, ਪੀ ਆਰ 128, ਪੀ ਆਰ 131,ਪੀ ਆਰ 114, ਪੀ ਆਰ 113 ਕਿਸਮਾਂ ਦਾ ਪਨੀਰੀ ਬੀਜਣ ਦਾ ਸਮਾਂ: 20-25 ਮਈ। ਪੀ ਆਰ 127, ਪੀ ਆਰ 130, ਐਚ ਕੇ ਆਰ 47 ਕਿਸਮਾਂ ਦਾ ਪਨੀਰੀ ਬੀਜਣ ਦਾ ਸਮਾਂ: 25-31 ਮਈ। ਪੀ ਆਰ 126 ਕਿਸਮ ਦਾ ਪਨੀਰੀ ਬੀਜਣ ਦਾ ਸਮਾਂ: 25 ਮਈ-20 ਜੂਨ।

ਜਿਆਦਾ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ ਪਹਿਲਾਂ ਬੀਜਣਾ ਚਾਹੀਦਾ ਹੈ ਅਤੇ 25-30 ਦਿਨ ਉਮਰ ਦੀ ਪਨੀਰੀ ਨੂੰ ਖੇਤ ਵਿਚ ਲਗਾ ਦੇਣਾ ਚਾਹੀਦਾ ਹੈ। ਖੇਤ ਵਿਚ ਲਗਾਉਣ ਲਈ ਪਨੀਰੀ ਨਰਮ ਹੋਣੀ ਚਾਹੀਦੀ ਹੈ ਅਤੇ ਪੱਕੜ ਪਨੀਰੀ ਨਹੀ ਲਗਾਉਣੀ ਚਾਹੀਦੀ ਇਸ ਨਾਲ ਬੂਟੇ ਖੇਤ ਵਿਚ ਬੂਝਾ ਘੱਟ ਮਾਰਦੇ ਹਨ ਅਤੇ ਜਲਦੀ ਹੀ ਮੁੰਝਰ ਕੱਢ ਲੈਂਦੇ ਹਨ ਜਿਸ ਨਲ ਝਾੜ ਉਤੇ ਮਾੜਾ ਅਸਰ ਪੈਂਦਾ ਹੈ। ਛੋਟੀ ਉਮਰ ਅਤੇ ਜਲਦ ਵਾਧੇ ਵਾਲੀਆਂ ਕਿਸਮਾਂ (ਜਿਵੇ ਕਿ ਪੀ ਆਰ 126) ਦੀ ਪਨੀਰੀ 25 ਦਿਨਾਂ ਵਿਚ ਹੀ ਲਗਾਉਣ ਲਈ ਤਿਆਰ ਹੋ ਜਾਂਦੀ ਹੈ ਅਤੇ ਇਸ ਨੂੰ ਇਸ ਸਮੇ ਲਗਾਉਣ ਨਾਲ ਚੰਗੀ ਪੈਂਦਾਵਾਰ ਲਈ ਜਾ ਸਕਦੀ ਹੈ। ਜੇਕਰ ਝੋਨਾ ਜਿਆਦਾ ਰਕਬੇ ਵਿਚ ਲਗਾਉਣਾ ਹੋਵੇ ਤਾਂ ਸਾਰੀ ਪਨੀਰੀ ਨੂੰ ਇਕੋ ਸਮੇਂ ਨਹੀ ਬੀਜਣਾ ਚਾਹੀਦਾ ਸਗੋ ਪਨੀਰੀ ਨੂੰ ਥੋੜ੍ਹੇ-ਥੋੜ੍ਹੇ ਰਕਬੇ ਉੱਤੇ ਸਮੇਂ ਵਿਚ ਅੰਤਰ ਰੱਖ ਕੇ ਬੀਜਣਾ ਚਾਹੀਦਾ ਹੈ ਤਾਂ ਜੋ ਸਾਰੇ ਰਕਬੇ ਵਿਚ ਲਗਾਉਣ ਲਈ ਨਰਮ ਪਨੀਰੀ ਉਪਲੱਬਧ ਹੋ ਸਕੇ।

**2) ਬੀਜ ਮਾਤਰਾ ਅਤੇ ਸੋਧ :** ਬੀਜ ਦੀ ਸੁਧਾਈ ਲਈ ਬੀਜ ਨੂੰ ਪਾਣੀ ਵਿਚ ਪਾ ਕੇ ਚੰਗੀ ਤਰਾਂ ਹਿਲਾਉਣਾ ਚਾਹੀਦਾ ਹੈ। ਜਿਹੜਾ ਬੀਜ ਪਾਣੀ ਉਤੇ ਤਰ ਜਾਵੇ ਉਸਨੂੰ ਵੱਖ ਕਰ ਲੈਣਾ ਚਾਹੀਦਾ ਹੈ ਅਤੇ ਹੇਠਾਂ ਡੁੱਬੇ ਹੋਏ ਭਾਰੇ ਬੀਜ ਨੂੰ ਹੀ ਬਿਜਾਈ ਲਈ ਵਰਤਣਾ ਚਾਹੀਦਾ ਹੈ। ਅਜਿਹੇ ਭਾਰੇ ਅੱਠ ਕਿਲੋ ਬੀਜ ਨਾਲ ਬੀਜੀ ਪਨੀਰੀ, ਇਕ ਏਕੜ ਦੀ ਲਵਾਈ ਲਈ ਕਾਫੀ ਹੋ ਜਾਂਦੀ ਹੈ। ਬੀਜ ਨੂੰ ਪਾਣੀ ਵਿਚੋਂ ਕੱਢ ਕੇ ਬੀਜਣ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਊ ਐਸ ਨੂੰ 10-12 ਮਿਲੀਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਬੀਜ ਨੂੰ ਚੰਗੀ ਤਰ੍ਹਾਂ ਲਗਾ ਲੈਣੀ ਚਾਹੀਦੀ ਹੈ । ਸੋਧੇ ਹੋਏ ਭਿੱਜੇ ਬੀਜ ਨੂੰ ਛਾਂ ਵਾਲੀ ਜਗ੍ਹਾ ਵਿਚ ਪਟਸਨ ਦੀਆਂ ਗਿੱਲੀਆਂ ਬੋਰੀਆਂ ਉਪਰ 7-8 ਸੈਟੀਮੀਟਰ ਮੋਟੀ ਤਹਿ ਵਿਚ ਖਿਲਾਰ ਕੇ ਉਪਰੋ ਗਿੱਲੀਆਂ ਪਟਸਨ ਦੀਆਂ ਬੋਰੀਆਂ ਨਾਲ ਢੱਕ ਦੇਣਾ ਚਾਹੀਦਾ ਹੈ ਅਤੇ ਢੱਕੇ ਹੋਏ ਬੀਜ ਨੂੰ ਸਮੇ ਸਮੇ ਸਿਰ ਪਾਣੀ ਛਿੜਕ ਕੇ ਗਿੱਲਾ ਰੱਖਣਾ ਚਾਹੀਦਾ ਹੈ। ਬੀਜ ਗਿੱਲਾ ਰੱਖਣ ਲਈ ਪਾਣੀ ਦੀ ਮਾਤਰਾ ਨੂੰ ਢੁੱਕਵਾਂ ਹੀ ਰਖਣਾ ਚਾਹੀਦਾ ਹੈ। ਜਿਆਦਾ ਪਾਣੀ ਲਾਉਣ ਦਾ ਕੋਈ ਫਾਇਦਾ ਨਹੀ ਹੁੰਦਾ। ਇਸ ਤਰਾਂ 24 -36 ਘੰਟੇ ਦੇ ਅੰਦਰ ਬੀਜ ਪੁੰਗਰ ਆਉਦਾ ਹੈ ਅਤੇ ਇਸ ਪੁੰਗਰੇ ਬੀਜ ਨੂੰ ਖੇਤ ਵਿਚ ਛੱਟਾ ਦੇ ਕੇ ਬੀਜ ਦੇਣਾ ਚਾਹੀਦਾ ਹੈ। ਬੀਜ ਨੂੰ ਜਿਆਦਾ ਦੇਰ ਤੱਕ ਨਹੀ ਦਬਾਉਣਾ ਚਾਹੀਦਾ ਜੇਕਰ ਪੁੰਗਾਰ ਜਿਆਦਾ ਵੱਡਾ ਹੋ ਜਾਵੇ ਤਾ ਟੁੱਟਣ ਅਤੇ ਸੁੱਕਣ ਦਾ ਡਰ ਰਹਿੰਦਾ ਹੈ। ਇਸੇ ਤਰ੍ਹਾਂ ਬੀਜ ਨੂੰ ਗਰਮ ਜਗ੍ਹਾ ਜਾਂ ਧੁੱਪ ਵਿਚ ਨਹੀ ਦਬਾਉਣਾ ਚਾਹੀਦਾ। ਇਸ ਨਾਲ ਬੀਜ ਭੜਾਸ ਮਾਰ ਜਾਂਦਾ ਹੈ ਅਤੇ ਪੁੰਗਾਰ ਮਰ ਜਾਂਦਾ ਹੈ।

**3) ਜਮੀਨ ਦੀ ਤਿਆਰੀ ਅਤੇ ਖਾਦਾਂ :** ਖੇਤ ਵਿਚ ਬੀਜ ਬੀਜਣ ਤੋਂ ਪਹਿਲਾਂ 12-15 ਟਨ ਪ੍ਰਤੀ ਏਕੜ ਤਿਆਰ ਰੂੜੀ ਜਾਂ ਕੰਪੋਸਟ ਖਾਦ ਪਾ ਕੇ ਵਾਹੁਣ ਉਪਰੰਤ ਪਾਣੀ ਲਾ ਦੇਣਾ ਚਾਹੀਦਾ ਹੈ ਤਾਂ ਜੋ ਜਮੀਨ ਅਤੇ ਰੂੜੀ ਵਿਚ ਪਏ ਨਦੀਨ ਉੱਗ ਪੈਣ । ਨਦੀਨਾਂ ਦੀ ਰੋਕਥਾਮ ਲਈ ਖੇਤ ਨੂੰ ਦੋ ਵਾਰ ਵਾਹ ਕੇ ਤਿਆਰ ਕਰ ਲੈਣਾ ਚਾਹੀਦਾ ਹੈ ਤਾਂ ਜੋ ਪਨੀਰੀ ਵਿਚ ਨਦੀਨ ਤੰਗ ਨਾ ਕਰਨ । ਪਨੀਰੀ ਬੀਜਣ ਸਮੇਂ 26 ਕਿਲੋ ਯੂਰੀਆ 60 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਜਿੰਕ ਸਲਫੇਟ ਹੈਪਟਾਹਾਈਡੇਟ ਜਾਂ 25.5 ਕਿਲੋ ਜਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਜਮੀਨ ਵਿਚ ਪਾ ਲੈਣਾ ਚਾਹੀਦਾ ਹੈ। ਖੇਤ ਨੂੰ ਕੱਦੂ ਕਰਕੇ ਜਾ ਬਿਨਾਂ ਕੱਦੂ ਕੀਤੇ ਵੀ ਪਨੀਰੀ ਬੀਜੀ ਜਾ ਸਕਦੀ ਹੈ। ਹਲਕੀਆਂ ਜਮੀਨਾਂ ਵਿਚ ਖੇਤ ਨੂੰ ਕੱਦੂ ਕਰਕੇ ਹੀ ਪਨੀਰੀ ਬੀਜਣੀ ਚਾਹੀਦੀ ਹੈ ਇਸ ਨਾਲ ਪਨੀਰੀ ਵਿਚ ਲੋਹੇ ਦੀ ਘਾਟ ਆਉਣ ਦੀ ਸੰਭਾਵਨਾ ਘੱਟ ਜਾਂਦੀ ਹੈ। ਪੁੰਗਰੇ ਹੋਏ ਬੀਜ ਨੂੰ ਖੇਤ ਵਿਚ ਇਕਸਾਰ ਛੱਟਾ ਮਾਰ ਕੇ ਬੀਜ ਦੇਣਾ ਚਾਹੀਦਾ ਹੈ। ਜਮੀਨ ਨੂੰ ਵਾਰ ਵਾਰ ਪਾਣੀ ਲਾ ਕੇ ਗਿੱਲਾ ਰੱਖਣਾ ਚਾਹੀਦਾ ਹੈ। ਪਨੀਰੀ ਬੀਜਣ ਤੋਂ 15 ਦਿਨ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉਣਾ ਚਾਹੀਦਾ ਹੈ ਤਾਂ ਜੋ ਪਨੀਰੀ 25-30 ਦਿਨਾਂ ਵਿਚ ਲਾਉਣ ਲਈ ਤਿਆਰ ਹੋ ਜਾਵੇ। ਜੇਕਰ ਕੁਝ ਕਾਰਨਾਂ ਕਰਕੇ ਪਨੀਰੀ ਦੀ ਉਮਰ 45 ਦਿਨਾਂ ਤੋਂ ਵੱਧ ਹੋਣ ਦੀ ਸੰਭਾਵਨਾ ਹੋਵੇ (ਸਿਰਫ ਲੰਬੀ ਉਮਰ ਦੀਆਂ ਕਿਸਮਾਂ ਵਾਸਤੇ) ਤਾਂ ਬਿਜਾਈ ਤੋ 4 ਹਫਤੇ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉਣਾ ਚਾਹੀਦਾ ਹੈ।

**4) ਨਦੀਨਾ ਦੀ ਰੋਕਥਾਮ :** ਝੋਨੇ ਦੀ ਪਨੀਰੀ ਵਿਚ ਕਈ ਤਰਾਂ ਦੇ ਨਦੀਨ ਸਮੱਸਿਆ ਪੈਦਾ ਕਰ ਸਕਦੇ ਹਨ। ਮੋਸਮੀ ਘਾਹ ਅਤੇ ਸਵਾਂਕ ਆਦਿ ਦੀ ਰੋਕਥਾਮ ਲਈ 1200 ਮਿਲੀਲਿਟਰ ਬੂਟਾਕਲੋਰ 50 ਈ ਸੀ ਦੇ ਸਿਫਾਰਸ਼ ਕੀਤੇ ਵੱਖ ਵੱਖ ਨਦੀਨਨਾਸ਼ਕਾਂ ਵਿਚੋ ਕਿਸੇ ਇਕ ਨੂੰ 60 ਕਿਲੋ ਰੇਤ ਵਿਚ ਮਿਲਾ ਕੇ ਬਿਜਾਈ ਤੋ 7 ਦਿਨਾਂ ਪਿਛੋਂ ਜਾਂ 500 ਮਿਲੀਲਿਟਰ ਸੋਫਿਟ 37.5 ਈ ਸੀ ਨੂੰ ਰੇਤ ਵਿਚ ਮਿਲਾ ਕੇ ਬਿਜਾਈ ਤੋਂ 3 ਦਿਨਾਂ ਬਾਅਦ ਛੱਟਾ ਦੇਣਾ ਚਾਹੀਦਾ ਹੈ ਜਾਂ 100 ਮਿਲੀਲਿਟਰ ਪ੍ਰਤੀ ਏਕੜ ਨੋਮਿਨੀ ਗੋਲਡ, ਵਾਸ਼ਆਊਟ, ਮਾਚੋ, ਤਾਰਕ 10 ਐਸ ਸੀ ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਬਿਜਾਈ ਤੋਂ 15-20 ਦਿਨਾਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ।



### ਅ) ਮਸ਼ੀਨੀ ਲਵਾਈ ਲਈ ਪਨੀਰੀ ਤਿਆਰ ਕਰਨਾ :

**1) ਹੱਥੀ ਮੈਟ ਟਾਈਪ ਪਨੀਰੀ ਤਿਆਰ ਕਰਨਾ :** ਮਸ਼ੀਨੀ ਲਵਾਈ ਲਈ ਪਨੀਰੀ ਤਿਆਰ ਕਰਨ ਲਈ ਪਨੀਰੀ ਦੀ ਬਿਜਾਈ ਝੋਨਾ ਲਗਾਉਣ ਵਾਲੇ ਖੇਤਾਂ ਦੇ ਨੇੜੇ ਕਰੋ। ਪਨੀਰੀ ਬੀਜਣ ਵਾਲੇ ਖੇਤ ਉਪਜਾਊ ਮਿੱਟੀ ਵਾਲੇ ਅਤੇ ਚੰਗੀ ਤਰ੍ਹਾਂ ਪੱਧਰੇ ਹੋਣੇ ਚਾਹੀਦੇ ਹਨ । ਇਹ ਖੇਤ ਟਿਊਬਵੈਲ ਜਾਂ ਦਰੱਖਤਾਂ ਤੋਂ ਘੱਟੋ-ਘੱਟ 20 ਮੀਟਰ ਦੀ ਵਿੱਥ ਤੇ ਹੋਣੇ ਚਾਹੀਦੇ ਹਨ ਤਾਂ ਜੋ ਦਰੱਖਤਾਂ ਤੋਂ ਡਿਗਣ ਵਾਲੇ ਪੱਤੇ ਜਾਂ ਜਾਨਵਰ ਆਦਿ ਪਨੀਰੀ ਦਾ ਨੁਕਸਾਨ ਨਾ ਕਰਨ। ਖੇਤ ਦੀ ਮਿੱਟੀ ਵਿਚ ਕਿਸੇ ਤਰ੍ਹਾਂ ਦੇ ਪੱਥਰ, ਰੋੜੇ ਜਾਂ ਸਖਤ ਚੀਜ ਨਹੀ ਹੋਣੀ ਚਾਹੀਦੀ ਤਾਂ ਕਿ ਬਾਅਦ ਵਿਚ ਪਨੀਰੀ ਠੀਕ ਤਰ੍ਹਾਂ ਲਗਾਈ ਜਾਂ ਸਕੇ ਅਤੇ ਮਸ਼ੀਨ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਾ ਹੋਵੇ। ਖੇਤ ਨੂੰ ਰੌਣੀ ਕਰ ਲੈਣੀ ਚਾਹੀਦੀ ਹੈ ਅਤੇ ਵਤਰ ਆਉਣ ਤੇ ਚੰਗੀ ਵਾਹ ਕੇ ਸੁਹਾਗਾ ਮਾਰ ਲੈਣਾ ਚਾਹੀਦਾ ਹੈ। ਤਿਆਰ ਕੀਤੀ ਹੋਈ ਜਮੀਨ ਉੱਤੇ 50-60 ਗੇਜ ਦੀ ਪਤਲੀ ਅਤੇ 90-100 ਸੈਟੀਮੀਟਰ ਚੋੜੀ ਪਲਾਸਟਿਕ ਦੀ ਚਾਦਰ ਜਿਸ ਵਿਚ 1-2 ਮਿਲੀਮੀਟਰ ਚੋੜੇ ਸੁਰਾਖ ਕੀਤੇ ਹੋਣ, ਵਿਛਾ ਦੇਣੀ ਚਾਹੀਦੀ ਹੈ। ਇਕ ਏਕੜ ਦੀ ਪਨੀਰੀ ਲਈ 15 ਕੁ ਮੀਟਰ ਲੰਬੀ ਚਾਦਰ ਦੀ ਜਰੂਰਤ ਪੈਂਦੀ ਹੈ ਜਿਸਦੀ ਭਾਰ ਲਗਭਗ 270 ਗ੍ਰਾਮ ਹੁੰਦਾ ਹੈ। ਵਿਛਾਈ ਹੋਈ ਸ਼ੀਟ ਉਤੇ ਲੋੜ ਅਨੁਸਾਰ ਫਰੇਮ ਰੱਖ ਕੇ, ਫਰੇਮ ਦੇ ਦੋਨੋ ਪਾਸਿਆਂ ਤੋਂ ਇਕਸਾਰ ਮਿੱਟੀ ਚੁੱਕ ਕੇ ਫਰੇਮ ਵਿਚ ਪਾ ਕੇ ਪੱਧਰ ਕਰ ਦਿਉ। ਫਰੇਮ ਦੇ ਖਾਨੇ ਅਤੇ ਨਾਪ ਮਸ਼ੀਨ ਮੁਤਾਬਕ ਹੋਣੇ ਚਾਹੀਦੇ ਹਨ। ਫਰੇਮ ਦੇ ਇਕ ਖਾਨੇ ਦਾ ਨਾਪ ਇੰਜਣ ਵਾਲੀ ਮਸ਼ੀਨ ਲਈ 45X21X2 ਸੈਟੀਮੀਟਰ ਅਤੇ ਸਵੈਚਲਿਤ ਮਸ਼ੀਨ ਲਈ 58X28X2 ਸੈਟੀਮੀਟਰ ਹੁੰਦਾ ਹੈ। ਪੱਧਰ ਕੀਤੇ ਹਰੇਕ ਖਾਨੇ ਵਿਚ 50-60 ਗ੍ਰਾਮ ਪੁੰਗਰਿਆ ਹੋਇਆ ਬੀਜ ਇਕਸਾਰ ਇਸ ਤਰ੍ਹਾਂ ਖਿਲਾਰ ਦਿਓ ਕਿ ਇਕ ਸੈਟੀਮੀਟਰ ਖੇਤਰਫਲ ਵਿਚ 2-3 ਦਾਣੇ ਆਉਣ । ਬੀਜ ਨੂੰ ਇਕਸਾਰ ਖਿਲਾਰਨ ਲਈ ਬੀਜ ਖਿਲਾਰਨ ਵਾਲਾ ਰੋਲਰ ਵੀ ਵਰਤਿਆ ਜਾ ਸਕਦਾ ਹੈ। ਇਕ ਏਕੜ ਵਿਚ ਪਨੀਰੀ ਦੀ ਲਵਾਈ ਕਰਨ ਲਈ 10-12 ਕਿਲੋ ਬੀਜ ਕਾਫੀ ਹੁੰਦਾ ਹੈ ਅਤੇ ਇਸ ਤੋਂ ਤਕਰੀਬਨ 150 ਮੈਟ ਤਿਆਰ ਹੋ ਜਾਂਦੇ ਹਨ। ਬੀਜ ਨੂੰ ਮਿੱਟੀ ਦੀ ਬਰੀਕ ਪਰਤ ਨਾਲ ਢੱਕਣ ਉਪਰੰਤ ਹੱਥ ਵਾਲੇ ਫੁਆਰੇ ਨਾਲ ਪਾਣੀ ਛਿੜਕ ਦਿਓ ਤਾਂ ਕਿ ਮਿੱਟੀ ਜੰਮ ਜਾਵੇ। ਬੀਜ ਨੂੰ ਢਕਣ ਲਈ ਰੋਲਰ ਵੀ ਵਰਤਿਆ ਜਾ ਸਕਦਾ ਹੈ ਜਿਸ ਵਿਚ ਛਾਣੀ ਹੋਈ ਮਿੱਟੀ ਵਰਤਣੀ ਚਾਹੀਦੀ ਹੈ। ਮਿੱਟੀ ਟਿੱਕ ਜਾਵੇ ਤਾਂ ਫਰੇਮ ਹੋਲੀ ਜਿਹੀ ਚੁੱਕ ਲਵੋ ਅਤੇ ਵਿਛਾਈ ਹੋਈ ਪਲਾਸਟਿਕ ਸ਼ੀਟ ਉਤੇ ਅੱਗੇ ਰੱਖ ਦਿਓ ਅਤੇ ਲੋੜ ਮੁਤਾਬਕ ਉੱਪਰ ਦੱਸੀ ਵਿਧੀ ਦੁਹਰਾਓ। ਪਨੀਰੀ ਦੀ ਬਿਜਾਈ ਤੋਂ ਬਾਅਦ ਖੇਤ ਨੂੰ ਪਾਣੀ ਦਿਓ । ਪਹਿਲੇ 2-3 ਪਾਣੀ ਬਹੁਤ ਧਿਆਨ ਨਾਲ ਲਾਓ, ਪਾਣੀ ਦਾ ਵਹਾਅ ਘੱਟ ਅਤੇ ਇਕਸਾਰ ਹੋਵੇ ਤਾਂ ਕਿ ਨਵੇਂ ਬਣੇ ਮੈਟ ਖਰਾਬ ਨਾ ਹੋਣ । ਹਰ ਰੋਜ਼ ਪਾਣੀ ਲਗਾਉਣਾ ਜਰੂਰੀ ਤਾਂ ਕਿ ਮੈਟ ਹਮੇਸ਼ਾ ਗਿੱਲੇ ਰਹਿਣ। ਇਕ ਏਕੜ ਦੀ ਪਨੀਰੀ ਲਈ 10 ਦਿਨਾਂ ਦੇ ਵਕਫੇ ਮਗਰੋਂ 200 ਗ੍ਰਾਮ ਯੂਰੀਆ 15 ਲੀਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਪਨੀਰੀ ਦੇ ਮੈਟ 25-30 ਦਿਨਾਂ ਪਿਛੋਂ ਲਵਾਈ ਲਈ ਤਿਆਰ ਹੋ ਜਾਂਦੇ ਹਨ । ਪਨੀਰੀ ਪੁੱਟਣ ਤੋਂ ਕੁਝ ਘੰਟੇ ਪਹਿਲਾਂ ਪਾਣੀ ਕੱਢ ਦਿਓ। ਇਸ ਤਰ੍ਹਾਂ ਤਿਆਰ ਕੀਤੇ ਮੈਟ ਅਸਾਨੀ ਨਾਲ ਕਿਸੇ ਤੇਜ ਬਲੇਡ ਜਾਂ ਦਾਤੀ ਨਾਲ ਫਰੇਮ ਦੇ ਪਏ ਨਿਸ਼ਾਨਾਂ ਮੁਤਾਬਿਕ ਕੱਟ ਕੇ ਉਖਾੜੇ ਜਾ ਸਕਦੇ ਹਨ ਅਤੇ ਇਹ ਸਹੀ ਨਾਪ ਵਾਲੇ ਮੈਟ, ਝੋਨਾ ਲਗਾਉਣ ਵਾਲੇ ਖੇਤ ਤੱਕ ਟਰਾਲੀ ਜਾਂ ਰੇਹੜੇ ਦੀ ਮਦਦ ਨਾਲ ਪਹੁੰਚਾਏ ਜਾ ਸਕਦੇ ਹਨ।

**2) ਟਰੈਕਟਰ ਚਲਿਤ ਮਸ਼ੀਨ ਨਾਲ ਮੈਟ ਟਾਈਪ ਪਨੀਰੀ ਤਿਆਰ ਕਰਨਾ :** ਟਰੈਕਟਰ ਚਲਿਤ ਮੈਟ ਟਾਈਪ ਨਰਸਰੀ ਸੀਡਰ 1.0 ਮੀਟਰ ਚੋੜੇ ਮਿੱਟੀ ਦੇ ਬੈਡ ਉੱਤੇ ਪਲਾਸਟਿਕ ਸ਼ੀਟ ਵਿਛਾਉਣ, ਸ਼ੀਟ ਉੱਪਰ 1.0 ਇੰਚ ਮੋਟੀ ਮਿੱਟੀ ਦੀ ਪਰਤ ਪਾਉਣ ਅਤੇ ਨਾਲ ਹੀ ਬੈਡ ਉੱਤੇ ਬੀਜ ਪਾਉਣ ਦਾ ਕੰਮ ਇਕ ਵਾਰ ਵਿਚ ਹੀ ਕਰਦੀ ਹੈ। ਇਸ ਮਸ਼ੀਨ ਨਾਲ ਇਹ ਸਾਰੇ ਕੰਮ ਇਕੋ ਵਾਰ ਵਿਚ ਹੀ ਹੋ ਜਾਂਦੇ ਹਨ ਅਤੇ ਇਸ ਨਾਲ ਇੰਜਨ ਵਾਲੇ ਜਾਂ ਸਵੈਚਲਿਤ ਝੋਨਾ ਟ੍ਰਾਂਸਪਲਾਂਟਰ ਲਈ ਮੈਟ ਵਾਲੀ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ।



## ਹਰੀ ਕ੍ਰਾਂਤੀ ਦੀ ਲਲਕ ਨੇ ਵਿਗਾੜੀ ਪੰਜਾਬ ਦੀ ਆਬੋ ਹਵਾ

ਪਰਮਜੀਤ ਸਿੰਘ ਧੰਜੂ
94171-21199

ਪੰਜਾਬ ਦੀ ਜਰਖੇਜ਼ ਜ਼ਮੀਨ ਅੱਜ ਆਪਣੇ ਪੈਰੀ ਆਪ ਮਾਰੇ ਕੁਹਾੜੇ ਦੇ ਹੈਰਾਨਕੁੰਨ ਤੇ ਤਬਾਹਕੁੰਨ ਨਤੀਜੇ ਭੁਗਤਣ ਲਈ ਮਜਬੂਰ ਹੈ। ਜਦੋਂ ਦੇਸ਼ ਆਜ਼ਾਦ ਹੋਇਆਂ ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਦੇਸ਼ ਦੀ ਵੱਡੀ ਆਬਾਦੀ ਦਾ ਪੇਟ ਭਰਨ ਦੀ ਆਈ। ਸਰਕਾਰ ਨੂੰ ਮੁਲਕ ਦੀ ਵੱਡੀ ਆਬਾਦੀ ਦਾ ਪੇਟ ਭਰਨ ਲਈ ਵਿਦੇਸ਼ਾਂ ਤੋਂ ਕਣਕ ਮੰਗਵਾਉਣੀ ਪੈਂਦੀ ਸੀ, ਜੋ ਕੁਆਲਟੀ ਪੱਖੋਂ ਤਾਂ ਮਾੜੀ ਹੈ ਹੀ ਸੀ ਨਾਲ ਹੀ ਕੇਂਦਰ ਸਰਕਾਰ ਨੂੰ ਸਬੰਧਤ ਮੁਲਕ ਨੂੰ ਕਣਕ ਦੀ ਕੀਮਤ ਉਸ ਮੁਲਕ ਦੀ ਕਰਾਂਸੀ ਵਿਚ ਤਾਰਨੀ ਪੈਂਦੀ ਸੀ। ਜਿਸ ਨਾਲ ਦੇਸ਼ ਨੂੰ ਦੋਹਰੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਇਸ ਸਭ ਦੇ ਬਾਵਜੂਦ ਸਰਕਾਰ ਕੋਲ ਹੋਰ ਕੋਈ ਚਾਰਾ ਵੀ ਨਹੀ ਸੀ। ਫਿਰ ਭਾਰਤ ਦੇ ਸ਼ਾਤਰ ਖੇਤੀ ਵਿਗਿਆਨੀਆਂ ਨੇ ਅਮਰੀਕਾ ਦਾ ਫੇਲ੍ਹ ਖੇਤੀ ਮਾਡਲ ਜਬਰਦਸਤੀ ਦੇਸ਼ ਦੇ ਕਿਸਾਨਾਂ 'ਤੇ ਥੋਪਿਆ, ਜਿਸਨੂੰ ਪੰਜਾਬ ਦੇ ਕਿਸਾਨਾਂ ਨੇ ਬਹੁਤ ਸ਼ਿੱਦਤ ਨਾਲ ਅਪਣਾਇਆ। ਕੁਝ ਕੁ ਸਾਲਾਂ ਵਿਚ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅੰਨ ਦੇ ਖੇਤਰ ਵਿਚ ਤਾਂ ਆਤਮ ਨਿਰਭਰ ਕਰ ਦਿੱਤਾ ਪਰ ਉਹ ਖੁਦ ਹਾਲੋਂ ਬੇਹਾਲ ਹੋ ਗਏ। ਦੱਸ ਦੇਈਏ ਕਿ ਕਿਸਾਨਾਂ ਨੂੰ ਸਸਤੇ ਖੇਤੀ ਕਰਜੇ ਅਤੇ ਸੰਦਾਂ ਦੀ ਖਰੀਦ ਲਈ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗ ਦਿਖਾਏ ਅਤੇ ਦਿੱਤੇ ਵੀ ਗਏ। ਕਿਸਾਨਾਂ ਨੇ ਵੀ ਧੜਾ ਧੜ ਮਸ਼ੀਨਰੀ ਖਰੀਦੀ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਕਰਜੇ ਲਏ। ਬਹੁ ਗਿਣਤੀ ਕਿਸਾਨਾਂ ਨੇ ਖੇਤੀ ਕਰਜੇ ਆਪਣੀਆਂ ਘਰੇਲੂ ਜ਼ਰੂਰਤਾਂ ਵਿਚ ਖਰਚ ਕਰ ਦਿੱਤੇ। ਸਭ ਤੋਂ ਮਾਰੂ ਅਸਰ ਕਿਸਾਨਾਂ 'ਤੇ ਮੜ੍ਹੀਆਂ ਗਈਆਂ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਫਫੂੰਦੀਨਾਸ਼ਕਾਂ ਅਤੇ ਨਦੀਨਨਾਸ਼ਕਾਂ ਨੇ ਕੀਤਾ। ਜਿਸਦਾ ਸਭ ਤੋਂ ਵੱਧ ਖਮਿਆਜ਼ਾ ਵੀ ਪੰਜਾਬ ਦੇ ਕਿਸਾਨਾਂ ਨੇ ਭੁਗਤਿਆ ਅਤੇ ਭੁਗਤ ਰਹੇ ਹਨ। ਕਿਉਂਕਿ ਪੰਜਾਬ ਵਿਚ ਪਹਿਲਾਂ ਦੇਸੀ ਕਪਾਹ ਅਤੇ ਨਰਮੇ ਦੀ ਕਾਸ਼ਤ ਹੁੰਦੀ ਸੀ, ਜਦੋਂ ਤੋਂ ਅਮਰੀਕਨ ਕਿਸਮਾਂ ਹੇਠ ਰਕਬਾ ਵਧਿਆ ਤਾਂ ਸਭ ਤੋਂ ਪਹਿਲਾਂ ਤਾਂ ਪੰਜਾਬ ਦੇ ਕਿਸਾਨਾਂ ਨੂੰ ਇਹ ਬੜਾ ਲਾਹੇਵੰਦ ਲੱਗਾ ਪਰ ਹੌਲੀ ਹੌਲੀ ਇਸਦੇ ਮਾਰੂ ਨਤੀਜਿਆਂ ਨੇ ਕਿਸਾਨਾਂ ਨੂੰ ਹਾਲੋਂ ਬੇਹਾਲ ਕਰ ਦਿੱਤਾ। ਰੂੜੀ ਦੀ ਖਾਦ ਨਾਲ ਇੱਕ ਟਰਾਲੀ ਪ੍ਰਤੀ ਏਕੜ ਪੈਦਾ ਹੋਣ ਵਾਲੀ ਕਣਕ ਦੀ ਫ਼ਸਲ ਡੀ.ਏ.ਪੀ, ਜਿਪਸਮ, ਪੋਟਾਸ਼ ਅਤੇ ਯੂਰੀਏ ਦੀ ਗੁਲਾਮ ਹੋ ਕੇ ਰਹਿ ਗਈ। ਨਤੀਜਾ ਇਹ ਹੋਇਆ ਕਿ ਇੱਕ ਖਾਸ ਪੱਧਰ 'ਤੇ ਜਾ ਕੇ ਪੈਦਾਵਰ ਰੁਕ ਗਈ ਪਰ ਖੇਤੀ ਲਾਗਤਾਂ ਦੁੱਗਣੀਆਂ ਤਿੱਗਣੀਆਂ ਵਧ ਗਈਆਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਝੋਨਾ ਪੰਜਾਬੀਆਂ ਦੀ ਖੁਰਾਕ ਨਹੀ ਹੈ। ਜਦੋਂ 80ਵਿਆਂ ਦੇ ਦਹਾਕੇ ਵਿਚ ਨਰਮੇ ਦੀ ਫਸਲ ਨੂੰ ਅਮਰੀਕਨ ਸੁੰਡੀ ਨੇ ਸਾਹ ਸਤਹੀਣ ਕਰ ਦਿੱਤਾ ਤਾਂ ਮਜਬੂਰਨ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵੱਲ ਪਰਤਣਾ ਪਿਆ। ਅੱਜ ਆਲਮ ਇਹ ਹੈ ਕਿ ਪੰਜਾਬ ਦੀਆਂ ਬਹੁਗਿਣਤੀ ਸਬਡਵੀਜ਼ਨਾਂ ਵਿਚ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤਕ ਹੇਠਾਂ ਚਲਾ ਗਿਆ। ਇਵੇਂ ਹੀ ਪੰਜਾਬ ਵਿਚ ਗੰਨੇ ਦੀ ਕਾਸ਼ਤ ਰਿਕਾਰਡ ਤੋੜ ਹੁੰਦੀ ਸੀ। ਫ਼ਸਲ ਵੀ ਪਾਏਦਰ ਸੀ ਪਰ ਸਰਕਾਰਾਂ ਦੀ ਬੇਰਖੀ ਕਾਰਨ ਅੱਕੇ ਹੋਏ ਕਿਸਾਨ ਇਸ ਫ਼ਸਲ ਤੋਂ ਬੇਮੁੱਖ ਹੋ ਗਏ। ਕਿਉਂਕਿ ਉਨ੍ਹਾਂ ਸਮਿਆਂ ਵਿਚ ਜ਼ਿਆਦਾਤਰ ਕੋਆਪ੍ਰੇਟਿਵ ਸ਼ੂਗਰ ਮਿੱਲਾਂ ਗੰਨੇ ਦੀ ਖਰੀਦ ਕਰਦੀਆਂ ਸਨ ਪਰ ਉਨ੍ਹਾਂ ਦੀ ਪੇਮੈਂਟ ਕਰਨ ਦੀ ਕਾਰਗੁਜ਼ਾਰੀ ਇੰਨੀ ਢਿੱਲੀ ਸੀ ਕਿ ਛੇ ਛੇ ਮਹੀਨੇ ਪੇਮੈਂਟ ਹੀ ਨਹੀ ਸੀ ਕੀਤੀ ਜਾਂਦੀ ਕਿਸਾਨ ਸ਼ੂਗਰ ਮਿੱਲਾਂ ਦੇ ਚੱਕਰ ਕੱਢ-ਕੱਢ ਹਾਲੋਂ ਬੇਹਾਲ ਹੋ ਜਾਂਦੇ ਸਨ ਤੇ ਫਿਰ ਕਿਸਾਨਾਂ ਨੂੰ ਕਿਹਾ ਜਾਂਦਾ ਸੀ ਕਿ ਹਾਲੇ ਪੇਮੈਂਟ ਉਪਲਬਧ ਨਹੀ ਤੇ ਤੁਸੀ ਖੰਡ ਲੈ ਜਾਵੋ। ਅਜਿਹੇ ਬੇਢੰਗੇ ਕਾਰਨਾਮਿਆਂ ਦੇ ਚਲਦਿਆਂ ਕਿਸਾਨਾਂ ਦਾ ਮੋਹ ਗੰਨਾ ਉਗਾਉਣ ਵੱਲੋਂ ਬੇਮੁਖ ਹੋ ਕੇ ਰਹਿ ਗਿਆ। ਇਵੇਂ ਮਸਰ ਅਤੇ ਛੋਲਿਆਂ ਦੀ ਕਾਸ਼ਤ ਵੀ ਬੇਮਿਸਾਲ ਸੀ ਤੇ ਸਰਕਾਰਾਂ ਦੀ ਘਟੀਆਂ ਖ੍ਰੀਦ ਨੀਤੀ ਨੇ ਕਿਸਾਨਾਂ ਦਾ ਮੋਹ ਇਸ ਫ਼ਸਲ ਤੋਂ ਵੀ ਭੰਗ ਕਰਕੇ ਰੱਖ ਦਿੱਤਾ। ਛੋਲੇ ਜੋ ਕਿ ਬਰਾਨੀ ਇਲਾਕੇ ਦੀ ਅਹਿਮ ਫਸਲ ਸੀ ਪਰ ਸਰਕਾਰ ਨੇ ਉਸਦੀ ਅਣਦੇਖੀ ਕਰਕੇ ਕਿਸਾਨਾਂ ਵਿਚ ਉਸਨੂੰ ਉਗਾਉਣ ਦਾ ਚਾਅ ਹੀ ਮਾਰ ਦਿੱਤਾ। ਜੇਕਰ ਹੋਰ ਸੱਚਾਈ ਦੀ ਗੱਲ ਕਰੀਏ ਤਾਂ ਮੁਲਕ ਅੰਦਰ ਵਪਾਰੀ, ਕਾਰਖਾਨੇਦਾਰ ਨੂੰ ਅਨੇਕ ਤਰ੍ਹਾਂ ਦੀਆਂ ਗਾਰੰਟੀਆਂ ਕਾਰੋਬਾਰ ਨੂੰ ਸਾਵਾਂ ਰੱਖਣ ਲਈ ਉਪਲਬਧ ਹਨ। ਇਕ ਕਿਸਾਨ ਹੀ ਹੈ ਜੋ ਰੱਬ ਦੇ ਆਸਰੇ ਜਿਉਂਦਾ ਹੈ ਜਦੋਂ ਤਕ ਉਸਦੀ ਪੱਕੀ ਹੋਈ ਤੇ ਪੁੱਤਾਂ ਵਾਂਗ ਪਾਲੀ ਫ਼ਸਲ ਵਿਕ ਨਹੀ ਜਾਂਦੀ ਉਦੋਂ ਤਕ ਕੁਦਰਤੀ ਆਫਤਾਂ ਦਾ ਡਰ ਸਿਰ 'ਤੇ ਮੰਡਰਾਉਂਦਾ ਰਹਿੰਦਾ ਹੈ। ਹੋਰ ਸਿਤਮ ਦੀ ਗੱਲ ਇਹ ਹੈ ਕਿ ਸਾਲਾਂ ਪਹਿਲਾਂ ਸਵਾਮੀਨਾਥਨ ਰਿਪੋਰਟ ਤਿਆਰ ਹੋਈ ਸੀ ਜੋ ਕਿ ਹਾਲੇ ਤਕ ਲਾਗੂ ਨਹੀ ਹੋਈ ਜਿਸ ਵਿਚ ਕਿਸਾਨ ਹਿਤ ਦੇ ਅਨੇਕਾਂ ਫੈਸਲੇ ਮੌਜੂਦ ਸਨ। ਫ਼ਸਲਾਂ 'ਤੇ ਐਮ.ਐਸ.ਪੀ ਅਤੇ ਖਰੀਦ ਗਾਰੰਟੀ ਜਿਹੀਆਂ ਮੱਦਾਂ ਉਸ ਵਿਚ ਸ਼ਾਮਲ ਸਨ ਪਰ ਅਫਸੋਸ ਕਿ ਸ਼ਾਤਰ ਕਿਸਮ ਦੇ ਸਿਆਸਦਾਨਾਂ ਨੇ ਉਹ ਹਾਲੇ ਤਕ ਲਾਗੂ ਨਹੀ ਕੀਤੀ ਜੋ ਸਿੱਧਾ ਕਿਸਾਨ ਵਰਗ ਨਾਲ ਅਨਿਆਂ ਹੈ। ਸਾਡੀ ਜਾਚੇ ਖੇਤੀ ਵਿਗਿਆਨੀਆਂ ਨੂੰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਲਈ ਵੱਖਰਾ ਖੇਤੀ ਮਾਡਲ ਹੋਂਦ ਵਿਚ ਲਿਆਉਣਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਸੂਬਿਆਂ ਦੀ ਆਬੋ ਹਵਾ ਹੋਰਨਾਂ ਸੂਬਿਆਂ ਤੋਂ ਭਿੰਨ ਹੈ। ਇਹ ਵੀ ਦੱਸ ਦੇਈਏ ਕਿ ਸਾਡਾ ਮੁਲਕ ਖੇਤੀ ਪ੍ਰਧਾਨ ਦੇਸ਼ ਹੈ। ਇਨ੍ਹਾਂ ਦੋਵਾਂ ਸੂਬਿਆਂ ਦਾ ਅਰਥਚਾਰੇ ਦਾ ਮੁੱਖ ਧੁਰਾ ਖੇਤੀਬਾੜੀ ਹੈ। ਇਸ ਲਈ ਦੋਵਾਂ ਸੂਬਿਆਂ ਵਿਚ ਖੇਤੀ ਸਨਅਤਾਂ ਵਿਸ਼ੇਸ਼ ਤਰਜ਼ੀਹ ਦੇ ਅਧਾਰ 'ਤੇ ਲਾਈਆਂ ਜਾਣ, ਕਿਸਾਨਾਂ ਨੂੰ ਖੇਤੀ ਤੋਂ ਇਲਾਵਾ ਸਹਾਇਕ ਧੰਦਿਆਂ ਵੱਲ ਆਕਰਸ਼ਤ ਕੀਤਾ ਜਾਵੇ। ਜਿਸ ਨਾਲ ਉਨ੍ਹਾਂ ਦੀ ਆਮਦਨ ਵਿਚ ਇਜ਼ਾਫ਼ਾ ਹੋਵੇਗਾ ਅਤੇ ਉਨ੍ਹਾਂ ਦੇ ਨੌਜਵਾਨਾਂ ਲਈ ਰੁਜਗਾਰ ਦੇ ਵੀ ਰਾਹ ਖੁੱਲ੍ਹਣਗੇ। ਜਦੋਂ ਕਿਸਾਨਾਂ ਦੀ ਆਮਦਨ ਵਧੇਗੀ ਤਾਂ ਉਨ੍ਹਾਂ ਵਿਚ ਚੱਲ ਰਿਹਾ ਆਤਮ ਹੱਤਿਆ ਦਾ ਰੁਝਾਨ ਖੁਦ ਬਖੁਦ ਠੱਲ੍ਹਿਆ ਜਾਵੇਗਾ। ਪਰ ਇਸ ਲਈ ਸ਼ਾਸਕਾਂ ਦੇ ਨੇਕ ਇਰਾਦੇ ਅਤੇ ਦ੍ਰਿੜ ਇੱਛਾ ਸ਼ਕਤੀ ਦੀ ਲੋੜ ਹੈ। ਜੋ ਕਿਸਾਨਾਂ ਪ੍ਰਤੀ ਸੰਜੀਦਾ ਨਹੀ ਹਨ। ਇਹ ਵੀ ਜਾਣਦੇ ਹੋਏ ਕਿ ਮੁਲਕ ਦੀ ਆਰਥਿਕਤਾ ਦਾ ਧੁਰਾ ਹੀ ਖੇਤੀਬਾੜੀ ਪਰ ਬਾਵਜੂਦ ਇਸਦੇ ਕਿਸਾਨ ਵਰਗ ਅਣਦੇਖੀ ਦਾ ਸ਼ਿਕਾਰ ਹੈ। ਪਿਛਲੇ ਸਾਲਾਂ ਦੌਰਾਨ ਦਿੱਲੀ ਦੀਆਂ ਬਰੂਹਾਂ 'ਤੇ ਉਸਰਿਆ ਕਿਸਾਨ ਅੰਦੋਲਨ ਵੀ ਇਸੇ ਕੜੀ ਦਾ ਹਿੱਸਾ ਸੀ ਜੋ ਗੈਰਸੰਜੀਦਾ ਰਾਜਸੀ ਲੋਕਾਂ ਦੀ ਭੇਟ ਚੜ੍ਹ ਗਿਆ ਅਤੇ ਅੱਜ ਫਿਰ ਕਿਸਾਨ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ। ਇਥੇ ਇਕ ਗੱਲ ਹੋਰ ਵਰਨਣਯੋਗ ਹੈ ਕਿ ਚੌਧਰੀ ਕਿਸਮ ਦੇ ਕਿਸਾਨ ਆਗੂ ਵੀ ਆਪਣੇ ਨਿੱਜੀ ਮੁਫਾਦਾਂ ਨੂੰ ਪੱਠੇ ਪਾਉਣ ਤੋਂ ਅਗਾਂਹ ਨਹੀ ਸੋਚ ਰਹੇ ਤੇ ਅਨੇਕਾਂ ਧੜਿਆਂ ਵਿਚ ਵੰਡੇ ਹੋਏ ਹਨ ਅਤੇ ਆਪਣੀ ਆਪਣੀ ਚੌਧਰ ਚਮਕਾਉਣ ਲਈ ਵੱਖੋ ਵੱਖਰੀ ਡਫਲੀ ਵਜਾ ਰਹੇ ਹਨ। ਜੇਕਰ ਉਹ ਸਚਮੁਚ ਹੀ ਕਿਸਾਨਾਂ ਦੇ ਮਸਲਿਆਂ ਪ੍ਰਤੀ ਸੰਜੀਦਾ ਹਨ ਤਾਂ ਉਨ੍ਹਾਂ ਨੂੰ ਨਿੱਜ ਤੋਂ ਉਪਰ ਉਠਕੇ ਸੋਚਣਾਂ ਪਵੇਗਾ ਅਤੇ ਇਕ ਸਰਵਸਾਂਝਾ ਪਲੇਟਫਾਰਮ ਉਸਾਰਨਾਂ ਪਵੇਗਾ। ਫਿਰ ਹੀ ਉਹ ਕੇਂਦਰ ਅਤੇ ਰਾਜ ਸਰਕਾਰਾਂ 'ਦੇ ਦਬਾਅ ਪਾਉਣ ਦੇ ਸਮਰੱਥ ਹੋ ਸਕਦੇ ਹਨ।

## ਔਸ਼ਧੀ ਗੁਣਾਂ ਨਾਲ ਭਰਪੂਰ ਹਲਦੀ



ਚਰਨਜੀਤ ਕੌਰ
ਅਮਿਤ ਕੌਲ
94172-87920

ਹਲਦੀ ਔਸ਼ਧੀ ਗੁਣਾਂ ਨਾਲ ਭਰਪੂਰ ਫ਼ਸਲ ਹੈ ਜਿਸ ਦੀ ਕਾਸ਼ਤ ਘਰੇਲੂ ਬਗੀਚੀ ਤੋਂ ਲੈ ਕੇ ਵਪਾਰਕ ਪੱਧਰ ਤੱਕ ਕੀਤੀ ਜਾਂਦੀ ਹੈ। ਕਰਕਿਊਮਿਨ ਤੱਤ ਦੀ ਮੌਜੂਦਗੀ ਕਾਰਨ ਹਲਦੀ ਨੂੰ ਵੱਖ-ਵੱਖ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਹਲਦੀ ਵਿੱਚੋਂ ਖ਼ਾਸ ਤਰ੍ਹਾਂ ਦਾ ਤੇਲ (ਟਰਮੋਰੇਲ) ਵੀ ਕੱਢਿਆ ਜਾਂਦਾ ਹੈ, ਜਿਸ ਦੀ ਵਰਤੋਂ ਵੱਖ-ਵੱਖ ਖਾਧ ਪਦਾਰਥਾਂ, ਦਵਾਈਆਂ ਅਤੇ ਹਾਰ ਸ਼ਿੰਗਾਰ ਦੇ ਸਾਮਾਨ ਵਿੱਚ ਕੀਤੀ ਜਾਂਦੀ ਹੈ। ਹਲਦੀ ਦੀ ਫ਼ਸਲ ਦੇ ਵਧਣ-ਫੁੱਲਣ ਲਈ ਗਰਮ ਤੇ ਸਿੱਲੇ ਜਲਵਾਯੂ ਦੀ ਲੋੜ ਹੈ। ਹਲਦੀ ਦੀ ਕਾਸ਼ਤ ਦਰਮਿਆਨੀ ਤੋਂ ਭਾਰੀ ਜ਼ਮੀਨ ਅਤੇ ਚੰਗੇ ਜਲ ਨਿਕਾਸ ਵਾਲੀ ਜ਼ਮੀਨ ਵਿੱਚ ਕੀਤੀ ਜਾ ਸਕਦੀ ਹੈ ਤੇ ਇਸ ਫ਼ਸਲ ਤੋਂ ਬਾਅਦ ਪਿਆਜ਼ ਜਾਂ ਪਛੇਤੀ ਕਣਕ ਦੀ ਫ਼ਸਲ ਲਈ ਜਾ ਸਕਦੀ ਹੈ। ਹਲਦੀ ਦੀ ਫ਼ਸਲ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਲਈ ਕੁੱਝ ਨੁਕਤਿਆਂ ਨੂੰ ਆਪਣਾਉਣਾ ਜ਼ਰੂਰੀ ਹੈ। ਹਲਦੀ ਦੀਆਂ ਉੱਨਤ ਕਿਸਮਾਂ ਵਿੱਚ ਹਨ; **ਪੰਜਾਬ ਹਲਦੀ 1 :** ਇਸ ਦੀਆਂ ਗੰਢੀਆਂ ਲੰਬੀਆਂ ਅਤੇ ਦਰਮਿਆਨੀਆਂ ਹੁੰਦੀਆਂ ਹਨ। ਗੰਢੀਆਂ ਦੇ ਛਿਲਕੇ ਦਾ ਰੰਗ ਭੂਰਾ ਅਤੇ ਗੁੱਦਾ ਗੂੜ੍ਹਾ ਪੀਲਾ ਹੁੰਦਾ ਹੈ। ਇਹ ਕਿਸਮ 215 ਦਿਨਾਂ ਵਿੱਚ ਪੱਕਦੀ ਹੈ ਅਤੇ ਝਾੜ ਔਸਤਨ 108 ਕੁਇੰਟਲ ਪ੍ਰਤੀ ਏਕੜ ਹੈ। **ਪੰਜਾਬ ਹਲਦੀ 2:** ਇਸ ਦੀਆਂ ਗੰਢੀਆਂ ਲੰਬੀਆਂ ਅਤੇ ਮੋਟੀਆਂ ਹੁੰਦੀਆਂ ਹਨ। ਇਸ ਦੀਆਂ ਗੰਢੀਆਂ ਦੇ ਛਿਲਕੇ ਦਾ ਰੰਗ ਭੂਰਾ ਅਤੇ ਗੁੱਦਾ ਪੀਲਾ ਹੁੰਦਾ ਹੈ। ਇਹ ਕਿਸਮ 240 ਦਿਨਾਂ ਵਿੱਚ ਪੱਕਦੀ ਹੈ ਅਤੇ ਇਸ ਦਾ ਝਾੜ ਔਸਤਨ 122 ਕੁਇੰਟਲ ਪ੍ਰਤੀ ਏਕੜ ਹੈ।

**ਜ਼ਮੀਨ ਦੀ ਤਿਆਰੀ:** ਬਿਜਾਈ ਤੋਂ ਪਹਿਲਾਂ ਖੇਤ ਨੂੰ ਦੋ-ਤਿੰਨ ਵਾਰ ਵਾਹ ਕੇ ਅਤੇ ਸੁਹਾਗਾ ਫੇਰ ਕੇ ਚੰਗੀ ਤਰ੍ਹਾਂ ਤਿਆਰ ਕਰ ਲਵੋ ਅਤੇ ਪਿਛਲੀ ਫ਼ਸਲ ਦੇ ਮੁੱਢਾਂ ਜਾਂ ਘਾਹ-ਫੂਸ ਨੂੰ ਖੇਤ ਵਿੱਚੋਂ ਕੱਢ ਦਿਉ।

**ਬਿਜਾਈ ਦਾ ਸਮਾਂ:** ਫ਼ਸਲ ਤੋਂ ਪੂਰਾ ਝਾੜ ਲੈਣ ਲਈ ਗੰਢੀਆਂ ਰਾਹੀ ਬਿਜਾਈ ਅਪਰੈਲ ਦੇ ਅਖੀਰ ਵਿੱਚ ਕਰਨੀ ਚਾਹੀਦੀ ਹੈ। ਉੱਤਰੀ ਜ਼ਿਲ੍ਹਿਆਂ ਅਤੇ ਨੀਮ ਪਹਾੜੀ ਇਲਾਕਿਆਂ ਵਿੱਚ ਇਸ ਦੀ ਬਿਜਾਈ ਮਈ ਦੇ ਪਹਿਲੇ ਹਫ਼ਤੇ ਤੱਕ ਵੀ ਕੀਤੀ ਜਾ ਸਕਦੀ ਹੈ। ਜੇਕਰ ਬਿਜਾਈ ਲੇਟ ਹੋ ਜਾਵੇ ਤਾਂ ਪਨੀਰੀ ਰਾਹੀ ਲੁਆਈ ਅੱਧ ਜੂਨ ਤੱਕ ਵੀ ਕੀਤੀ ਜਾ ਸਕਦੀ ਹੈ। ਇਸ ਲਈ ਗੰਢੀਆਂ ਨੂੰ ਥੋੜ੍ਹੇ-ਥੋੜ੍ਹੇ ਫ਼ਰਕ ਨਾਲ ਬੀਜਣਾ ਚਾਹੀਦਾ ਹੈ ਅਤੇ 35-40 ਦਿਨਾਂ ਬਾਅਦ ਪੁੰਗਰੀਆਂ ਗੰਢੀਆਂ ਨੂੰ ਖੇਤ ਵਿੱਚ ਲਗਾਉ।

**ਬਿਜਾਈ:** ਬਿਜਾਈ ਲਈ ਰੋਗ-ਰਹਿਤ, ਤਾਜ਼ੀਆਂ ਅਤੇ ਇਕਸਾਰ ਆਕਾਰ ਦੀਆਂ 6-8 ਕੁਇੰਟਲ ਪ੍ਰਤੀ ਏਕੜ ਗੰਢੀਆਂ ਵਰਤੋ। ਨਰੋਈਆਂ ਅਤੇ ਰੋਗ ਰਹਿਤ ਗੰਢੀਆਂ ਨੂੰ ਕਤਾਰਾਂ ਵਿੱਚ ਬੀਜੋ। ਹੱਥ ਅਤੇ ਮਸ਼ੀਨ ਨਾਲ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫ਼ਾਸਲਾ 45 ਅਤੇ 67.5 ਸੈਂਟੀਮੀਟਰ ਕ੍ਰਮਵਾਰ ਰੱਖਣਾ ਚਾਹੀਦਾ ਹੈ। ਬੂਟੇ ਤੋਂ ਬੂਟੇ ਦੀ ਦੂਰੀ 15 ਸੈਂਟੀਮੀਟਰ ਰੱਖਣੀ ਚਾਹੀਦੀ ਹੈ। ਪਹਿਲੀ ਸਿੰਚਾਈ ਤੋਂ ਬਾਅਦ ਖੇਤ ਨੂੰ 2.5 ਟਨ ਪਰਾਲੀ ਪ੍ਰਤੀ ਏਕੜ ਨਾਲ ਢੱਕ ਦਿਉ, ਇਸ ਨਾਲ ਗੰਢੀਆਂ ਦਾ ਪੁੰਗਾਰਾ ਜਲਦੀ ਅਤੇ ਜ਼ਿਆਦਾ ਹੁੰਦਾ ਹੈ। ਗੰਢੀਆਂ ਪੁੰਗਰਨ ਤੱਕ ਜ਼ਮੀਨ ਵਿੱਚ ਨਮੀ ਰਹਿਣੀ ਚਾਹੀਦੀ ਹੈ।

**ਜੈਵਿਕ ਖਾਦ:** ਹਲਦੀ ਦੀਆਂ ਗੰਢੀਆਂ ਬੀਜਣ ਸਮੇਂ ਕਨਸ਼ੋਰਸ਼ੀਅਮ ਜੀਵਾਣੂ ਖਾਦ 4 ਕਿਲੋ ਪ੍ਰਤੀ ਏਕੜ ਨੂੰ ਮਿੱਟੀ ਵਿੱਚ ਰਲਾ ਕੇ ਪਾਉਣ ਨਾਲ ਹਲਦੀ ਦਾ ਝਾੜ ਵਧਦਾ ਹੈ ਅਤੇ ਨਾਲ ਹੀ ਜ਼ਮੀਨ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ ।

**ਖਾਦਾਂ:** ਬਿਜਾਈ ਤੋਂ ਪਹਿਲਾਂ 10-12 ਟਨ ਗਲੀ-ਸੜੀ ਰੂੜੀ ਪ੍ਰਤੀ ਏਕੜ ਖੇਤ ਦੀ ਤਿਆਰੀ ਸਮੇਂ ਹੀ ਪਾ ਦੇਣੀ ਚਾਹੀਦੀ ਹੈ। ਹਲਦੀ ਨੂੰ ਨਾਈਟਰੋਜਨ ਖਾਦ ਦੀ ਜ਼ਰੂਰਤ ਨਹੀ, ਪਰ ਬਿਜਾਈ ਦੇ ਸਮੇਂ 60 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ, ਬਿਜਾਈ ਤੋਂ ਪਹਿਲਾਂ ਪੋਰ ਦਿਉ।

**ਨਦੀਨਾਂ ਦੀ ਰੋਕਥਾਮ:** ਗੰਢੀਆਂ ਪੁੰਗਰਨ ਲਈ ਕਾਫ਼ੀ ਸਮਾਂ ਲੈਂਦੀਆਂ ਹਨ। ਇਸ ਲਈ ਪੁੰਗਰਨ ਤੱਕ ਜ਼ਮੀਨ ਨੂੰ ਨਮ ਰੱਖਣ ਲਈ ਕਾਫ਼ੀ ਸਿੰਚਾਈਆਂ ਵੀ ਦੇਣੀਆਂ ਪੈਂਦੀਆਂ ਹਨ ਅਤੇ ਫ਼ਸਲ ਵਿੱਚ ਨਦੀਨਾਂ ਦੀ ਕਾਫ਼ੀ ਸਮੱਸਿਆ ਆ ਜਾਂਦੀ ਹੈ। ਇਸ ਲਈ ਬਿਜਾਈ ਉੱਪਰ 36 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਪਾਉਣ ਨਾਲ ਨਦੀਨਾਂ ਦੀ ਸਮੱਸਿਆ ਕਾਫ਼ੀ ਹੱਦ ਤੱਕ ਘੱਟ ਜਾਂਦੀ ਹੈ। ਲੋੜ ਅਨੁਸਾਰ 1-2 ਗੋਡੀਆਂ ਕੀਤੀਆਂ ਜਾ ਸਕਦੀਆਂ ਹਨ।

**ਪੁਟਾਈ:** ਗੰਢੀਆਂ ਰਾਹੀ ਬੀਜੀ ਫ਼ਸਲ ਆਮ ਤੌਰ 'ਤੇ ਨਵੰਬਰ-ਦਸੰਬਰ ਵਿੱਚ ਤਿਆਰ ਹੋ ਜਾਂਦੀ ਹੈ। ਅਗੇਤੀ ਪੁਟਾਈ ਕਾਰਨ ਝਾੜ ਅਤੇ ਗੁਣਵੱਤਾ ਉੱਪਰ ਮਾੜਾ ਅਸਰ ਪੈਂਦਾ ਹੈ। ਜਦ ਫ਼ਸਲ ਦੇ ਪੱਤੇ ਪੀਲੇ ਪੈ ਕੇ ਸੁੱਕ ਜਾਣ ਤਾ ਪੁਟਾਈ ਕਰ ਲਵੋ। ਉਪਰੰਤ ਗੰਢੀਆਂ ਚੰਗੀ ਤਰ੍ਹਾਂ ਸਾਫ਼ ਕਰ ਲਵੋ।

**ਬੀਜ ਤਿਆਰ ਕਰਨਾ:** ਬੀਜ ਰੱਖਣ ਲਈ ਚੰਗੀ, ਸਿਹਤਮੰਦ ਅਤੇ ਤੰਦਰੁਸਤ ਫ਼ਸਲ ਦੀ ਚੋਣ ਕਰਨੀ ਚਾਹੀਦੀ ਹੈ। ਸਮੇਂ-ਸਮੇਂ ਸਿਰ ਫ਼ਸਲ ਦਾ ਨਿਰੀਖਣ ਕਰਕੇ ਓਪਰੇ (ਗੈਰ) ਬੂਟਿਆਂ ਨੂੰ ਗੰਢੀਆਂ ਸਮੇਤ ਕੱਢਦੇ ਰਹਿਣਾ ਚਾਹੀਦਾ ਹੈ। ਪੁਟਾਈ ਉਪਰੰਤ ਬੀਜ ਨੂੰ ਸਾਫ਼ ਅਤੇ ਛਾਂਟੀ ਕਰਕੇ ਠੰਢੀ ਅਤੇ ਖੁਸ਼ਕ ਜਗ੍ਹਾ (ਕੋਲਡ ਸਟੋਰ) 'ਤੇ ਭੰਡਾਰ ਕਰੋ। ਜੇਕਰ ਕੋਲਡ ਸਟੋਰ ਦੀ ਸਹੂਲਤ ਨਾ ਹੋਵੇ ਤਾਂ ਫ਼ਸਲ ਨੂੰ ਸਰਦੀ ਪੈਣ ਤੱਕ ਖੇਤ ਵਿੱਚ ਹੀ ਰਹਿਣ ਦਿਉ ਅਤੇ ਪੱਤੇ ਪੀਲੇ ਪੈ ਕੇ ਸੁੱਕ ਜਾਣ ਤੋਂ ਬਾਅਦ ਪੁੱਟਣ ਤੱਕ ਸਿੰਚਾਈ ਨਾ ਕਰੋ।

**ਹਲਦੀ ਤਿਆਰ ਕਰਨ ਦਾ ਢੰਗ:** ਗੰਢੀਆਂ ਦੇ ਰੰਗ ਦੀ ਇਕਸਾਰਤਾ ਅਤੇ ਰੇਸ਼ੇ ਨੂੰ ਨਰਮ ਕਰਨ ਲਈ ਗੰਢੀਆਂ ਨੂੰ ਸੁਕਾਉਣ ਤੋਂ ਪਹਿਲਾਂ ਉਬਾਲ ਲਉ। ਉਬਾਲਣ ਲਈ ਤੰਗ ਮੂੰਹ ਵਾਲੇ ਬਰਤਨ ਵਿੱਚ ਪਾ ਕੇ ਇੰਨਾ ਕੁ ਪਾਣੀ ਪਾਉ ਕਿ ਸਾਰੀਆਂ ਗੰਢੀਆਂ ਪਾਣੀ ਵਿੱਚ ਡੁੱਬ ਜਾਣ ਅਤੇ ਗੰਢੀਆਂ ਨੂੰ ਨਰਮ ਹੋ ਜਾਣ ਤੱਕ ਪਾਣੀ ਵਿੱਚ ਉਬਾਲੋ। ਉਬਲੀਆਂ ਹੋਈਆਂ ਗੰਢੀਆਂ ਨੂੰ ਧੁੱਪ ਵਿੱਚ ਸੁਕਾ ਕੇ ਉਪਰੰਤ ਕਿਸੇ ਸਖ਼ਤ ਜਗ੍ਹਾ 'ਤੇ ਰਗੜ ਕੇ ਲਿਸ਼ਕਾ ਲੈਣਾ ਚਾਹੀਦਾ ਹੈ। ਵਪਾਰਕ ਪੱਧਰ 'ਤੇ ਇਸ ਕੰਮ ਲਈ ਢੋਲ ਵਰਤੇ ਜਾ ਸਕਦੇ ਹਨ। ਸੁੱਕਣ ਉਪਰੰਤ ਗੰਢੀਆਂ ਨੂੰ ਪੀਸ ਕੇ ਪਾਊਡਰ ਬਣਾਇਆ ਜਾ ਸਕਦਾ ਹੈ।

# ਡੀ.ਸੀ. ਨੇ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਦੌਰਾਨ ਸਿੱਖਿਆ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦਾ ਜਾਇਜ਼ਾ



ਫ਼ਤਹਿਗੜ੍ਹ ਸਾਹਿਬ, 12 ਮਈ (ਹਰਪ੍ਰੀਤ ਕੌਰ ਟਿਵਾਣਾ) :ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਸਰਵੋਤਮ ਬਣਾਉਣ ਲਈ ਵੱਖ-ਵੱਖ ਸਕੀਮਾਂ ਤਹਿਤ ਜਾਰੀ ਹੋਣ ਵਾਲੀਆਂ ਗਰਾਂਟਾਂ ਦੀ ਵਰਤੋਂ ਮੌਕੇ ਉਚਿਤ ਨਿਗਰਾਨੀ ਨੂੰ ਯਕੀਨੀ ਬਣਾਉਣ। ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਅਤੇ ਬਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਦੀ ਮੌਜੂਦਗੀ ਵਿੱਚ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਕਿਹਾ ਕਿ ਕੇਂਦਰੀ ਅਤੇ ਰਾਜ ਪ੍ਰਾਯੋਜਿਤ ਸਕੀਮਾਂ ਤਹਿਤ ਪ੍ਰਾਪਤ ਹੋਣ ਵਾਲੀਆਂ ਗਰਾਂਟਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕ ਵਰਗ ਦੀਆਂ ਜ਼ਰੂਰਤਾਂ ਅਨੁਸਾਰ ਤਰਜ਼ੀਹੀ ਅਧਾਰ ਉੱਤੇ ਵਰਤਿਆ ਜਾਵੇ ਅਤੇ ਵਿਕਾਸ ਕਾਰਜਾਂ ਵਿਚ ਨਿਰਮਾਣ ਸਮੱਗਰੀ ਦੀ ਗੁਣਵੱਤਾ ਦਾ ਧਿਆਨ ਰੱਖਿਆ ਜਾਵੇ। ਇਸ ਮੌਕੇ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਨੂੰ ਸਵਾਰਨ ਲਈ ਵਿਆਪਕ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਸਰਕਾਰੀ ਸਕੂਲਾਂ ਦੇ ਮਿਆਰ ਨੂੰ ਹੋਰ ਉੱਚਾ ਅਤੇ ਮਜਬੂਤ ਬਣਾਉਣ ਲਈ ਨਿਰੰਤਰ ਉਪਰਾਲੇ ਕਰਦੇ ਰਹਿਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲੀ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਪੜ੍ਹਾਈ ਤਕਨੀਕਾਂ ਰਾਹੀਂ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ।

ਬਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਵੀ ਮੀਟਿੰਗ ਦੌਰਾਨ ਸਰਕਾਰੀ ਸਕੂਲਾਂ ਵਿੱਚ ਬਣਾਏ ਜਾ ਰਹੇ ਨਵੇਂ ਕਮਰਿਆਂ, ਲੈਬ, ਪੀਐਮ ਸ਼੍ਰੀ ਸਕੂਲ ਯੋਜਨਾ ਸਮੇਤ ਹੋਰ ਵੱਖ ਵੱਖ ਨੁਕਤਿਆਂ ਬਾਰੇ ਅਧਿਕਾਰੀਆਂ ਤੋਂ ਜਾਇਜ਼ਾ ਲਿਆ ਅਤੇ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਨੂੰ ਇੰਨ ਬਿੰਨ ਲਾਗੂ ਕਰਨ ਦੇ ਆਦੇਸ਼ ਦਿੱਤੇ।

ਇਸ ਮੀਟਿੰਗ ਦੌਰਾਨ ਸਕੂਲ ਆਫ ਹੈਪੀਨੈਸ, ਸਮੱਗਰਾ, ਨਬਾਰਡ, ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾਉਣ, ਮੁਫਤ ਕਿਤਾਬਾਂ ਦੀ ਵੰਡ, ਸਕੂਲੀ ਵਰਦੀਆਂ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਛਾਣ, ਪੜ੍ਹਾਈ ਕਰਵਾਉਣ, ਖੇਡਾਂ ਵੱਲ ਉਤਸ਼ਾਹਿਤ ਕਰਨ, ਮਿਡ ਡੇ ਮੀਲ ਯੋਜਨਾ, ਗੁਣਵੱਤਾ ਅਧਾਰਤ ਸਿੱਖਿਆ ਪ੍ਰਦਾਨ ਕਰਨ, ਆਰ ਬੀ ਐਸ ਕੇ ਤਹਿਤ ਬੱਚਿਆਂ ਦਾ ਮੁਫਤ ਇਲਾਜ ਕਰਨ ਸਬੰਧੀ ਚੱਲ ਰਹੀਆਂ ਵੱਖ ਵੱਖ ਯੋਜਨਾਵਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਗਿਆ। ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸੁਸ਼ੀਲ ਨਾਥ, ਉਪ ਜਿਲ੍ਹਾ ਸਿੱਖਿਆ ਅਫਸਰ ਦੀਦਾਰ ਸਿੰਘ ਮਾਂਗਟ, ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕੰਵਲਜੀਤ ਕੌਰ ਸਮੇਤ ਹੋਰ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ ਵਿਸ਼ਾਲ ਫ਼ਤਹਿ ਮਾਰਚ ਗੁ. ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਹੋਇਆ ਸਮਾਪਤ

## ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਦੀ ਅਗਵਾਈ ਵਿੱਚ ਗੁਰੂ ਦੀਆਂ ਲਾਡਲੀਆਂ ਫੌਜਾਂ ਨੇ ਇਤਿਹਾਸਿਕ ਥੇਹ 'ਤੇ ਝੁਲਾਏ ਫਤਹਿ ਦੇ ਨਿਸ਼ਾਨ





ਫਤਹਿਗੜ੍ਹ ਸਾਹਿਬ, 12 ਮਈ (ਹਰਪ੍ਰੀਤ ਕੌਰ ਟਿਵਾਣਾ): ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਥਾਪੜਾ ਲੈ ਕੇ ਮੁਗ਼ਲ ਹਕੂਮਤ ਦਾ ਖ਼ਾਤਮਾ ਕਰਨ ਵਾਲੇ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਕੀਤੀ ਸਰਹੰਦ ਫਤਹਿ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਫਤਹਿ-ਏ-ਜੰਗ ਸਾਹਿਬ ਚੱਪੜਚਿੜੀ ਤੋਂ ਆਰੰਭ ਹੋਇਆ ਵਿਸ਼ਾਲ ਫਤਿਹ ਮਾਰਚ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਇਤਿਹਾਸਿਕ ਥੇਹ 'ਤੇ ਪਹੁੰਚ ਕੇ ਸਮਾਪਤ ਹੋਇਆ। ਇਸ ਦੇ ਨਾਲ ਹੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਗੁਰੂ ਦੀਆਂ ਲਾਡਲੀਆਂ ਫੌਜਾਂ ਸਮੇਤ ਇਤਿਹਾਸਿਕ ਫਤਹਿ 'ਤੇ ਪਹੁੰਚ ਕੇ ਫਤਹਿ ਦੇ ਨਿਸ਼ਾਨ ਝੁਲਾਏ ਗਏ। ਖਾਲਸਾਈ ਜਾਹੋ ਜਲਾਲ ਨਾਲ ਸਜਾਏ ਗਏ। ਇਸ ਫਤਹਿ ਮਾਰਚ ਦਾ ਰਸਤੇ ਵਿੱਚ ਸੰਗਤਾਂ ਵੱਲੋਂ ਇਸ ਫਤਹਿ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਸੰਗਤਾਂ ਵੱਲੋਂ ਲੰਗਰਾਂ ਅਤੇ ਠਢੇ ਪਾਣੀ ਦੇ ਛਬੀਲਾਂ ਆਦੀ ਵੀ ਸੇਵਾ ਕੀਤੀ ਗਈ। ਇਸ ਮੌਕੇ 'ਤੇ ਫੁੱਲਾਂ ਨਾਲ ਸਜੀ ਪਾਲਕੀ ਨੂੰ ਸੰਗਤਾਂ ਨਤਮਸਤਕ ਹੋ ਰਹੀਆਂ ਸਨ ਤੇ ਪੰਜ ਪਿਆਰੇ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਸਜਾਏ ਗਏ। ਇਸ ਵਿਸ਼ਾਲ ਫਤਹਿ ਮਾਰਚ ਦਾ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਸੰਗਤਾਂ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਫਤਹਿਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਰਿਆ, ਬੀਜੇਪੀ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ, ਸਰਨਜੀਤ ਸਿੰਘ ਚਨਾਰਥਲ ਜ਼ਿਲ੍ਹਾ ਪ੍ਰਧਾਨ ਦਿਹਾਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ, ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਵੱਲੋਂ ਪੰਜ ਪਿਆਰੇ ਸਾਹਿਬਾਨ ਨੂੰ ਸਿਰੋਪਾਓ ਵੀ ਭੇਂਟ ਕੀਤਾ ਗਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਮਹਾਨ ਸੂਰਬੀਰ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਵੱਲੋਂ ਸਰਹਿੰਦ ਦੇ ਜ਼ਾਬਰ ਹੁਕਮਰਾਨ ਵਜ਼ੀਰ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਕੇ ਸਰਹਿੰਦ ਦੇ ਜ਼ੁਲਮੀ ਰਾਜ ਨੂੰ ਸਮਾਪਤ ਕਰਕੇ 12 ਮਈ ਨੂੰ ਸਰਹਿੰਦ ਫ਼ਤਿਹ ਕੀਤੀ ਅਤੇ 14 ਮਈ, 1710 ਈ: ਨੂੰ ਇਸ ਧਰਤੀ ਉੱਤੇ ਖ਼ਾਲਸਾ ਰਾਜ ਸਥਾਪਤ ਕੀਤਾ, ਤੇ ਖ਼ਾਲਸਾ ਪੰਥ ਦੀ ਇਸ ਗੌਰਵਮਈ ਗਾਥਾ ਅਤੇ ਮਾਣਮੱਤੀ ਵਿਰਾਸਤ ਦੇ ਪਵਿੱਤਰ ਦਿਹਾੜੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਖ਼ਾਲਸਾਈ ਜਾਹ-ਓ-ਜਲਾਲ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ ਨੇ ਕਿਹਾ ਕਿ ਦਸਮ ਪਿਤਾ ਵੱਲੋਂ ਥਾਪੜਾ ਪ੍ਰਾਪਤ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਤੇ ਖਾਲਸਾ ਫੌਜ ਨੇ ਡੱਟ ਕੇ ਜਬਰ ਜ਼ੁਲਮ ਵਿਰੁੱਧ ਲੜਾਈ ਲੜੀ ਅਤੇ ਜਾਲਮਾਂ ਦਾ ਨਾਸ਼ ਕੀਤਾ ਅਤੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਜਾਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਇਸ ਫਤਹਿ ਮਾਰਚ ਵਿੱਚ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਡੀ ਪੱਧਰ 'ਤੇ ਸ਼ਮੂਲੀਅਤ ਕਰਦੀਆਂ ਹਨ । ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੀਪ ਸਿੰਘ ਕੰਗ ਮੈਨੇਜਰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਨੇ ਕਿਹਾ ਕਿ 13 ਮਈ ਨੂੰ ਇੰਟਰਨੈਸ਼ਨਲ ਗੱਤਕਾ ਮੁਕਾਬਲਾ ਸ਼ਾਮ 4:00 ਵਜੇ ਤੋਂ 7:00 ਵਜੇ ਤੱਕ ਕਰਵਾਇਆ ਜਾਵੇਗਾ, ਜਿਸ ਵਿਚ ਦੇਸ਼ਾਂ ਵਿਦੇਸ਼ਾਂ ਤੋਂ ਗਤਕੇ ਦੀਆਂ ਨਾਮਵਰ ਟੀਮਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ ਤੇ ਗੁਰਮਤਿ ਸਮਾਗਮ ਸ਼ਾਮ 7:00 ਵਜੇ ਤੋਂ ਰਾਤ 11:00 ਵਜੇ ਤੱਕ ਤੇ 14 ਮਈ ਮਹਾਨ ਢਾਡੀ ਦਰਬਾਰ ਸਵੇਰੇ 9:00 ਵਜੇ ਤੋਂ 02:00 ਵਜੇ ਤੱਕ ਕਰਵਾਏ ਜਾਣਗੇ। ਇਸ ਮੌਕੇ ਗੁਰਦੀਪ ਸਿੰਘ ਕੰਗ ਮੈਨੇਜਰ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਨਰਿੰਦਰ ਸਿੰਘ ਭਵਾਨੀਗੜ੍ਹ ਮੈਨੇਜਰ ਗੁਰਦੁਆਰਾ ਸ੍ਰੀ ਦੇਗਸਰ ਸਾਹਿਬ ਕਟਾਣਾ ਸਾਹਿਬ, ਜਗਮੀਤ ਸਿੰਘ ਮੀਤ ਮੈਨੇਜਰ, ਕੁਲਵਿੰਦਰ ਸਿੰਘ ਮੀਤ ਮੈਨੇਜਰ, ਬਲਜੀਤ ਸਿੰਘ ਭੁੱਟਾ ਸਾਬਕਾ ਚੇਅਰਮੈਨ, ਬਰਿੰਦਰ ਸਿੰਘ ਸੋਢੀ, ਨਰਿੰਦਰ ਸਿੰਘ ਰਸੀਦਪੁਰ, ਜੈਲਦਾਰ ਸੁਖਮਿੰਦਰ ਸਿੰਘ, ਜਸਵੰਤ ਸਿੰਘ ਮੰਡੋਫਲ, ਅਵਤਾਰ ਸਿੰਘ ਹਲੋਤਾਲੀ ਪ੍ਰਚਾਰਕ ਤੇ ਹੋਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕ ਸਾਹਿਬਾਨ ਵੀ ਹਾਜ਼ਰ ਸਨ।



ਮੋਹਿਤ ਸਿੰਗਲਾ ਤਪਾ
90412-95900

# ਆਪ੍ਰੇਸ਼ਨ ਸਿੰਦੂਰ: ਜਦੋਂ ਸਬਰ ਟੁੱਟਿਆ ਅਤੇ ਭਾਰਤ ਗਰਜਿਆ

ਭਾਰਤ-ਪਾਕਿਸਤਾਨ ਸਬੰਧਾਂ ਵਿੱਚ ਸ਼ਾਂਤੀ ਦੀ ਹਰ ਕੋਸ਼ਿਸ਼ ਅਕਸਰ ਉਸੇ ਬਿੰਦੂ 'ਤੇ ਟੁੱਟ ਜਾਂਦੀ ਹੈ ਜਿੱਥੇ ਇਤਿਹਾਸ ਵਾਰ-ਵਾਰ ਖੂਨ ਨਾਲ ਰੰਗਿਆ ਵਾਪਸ ਆਉਂਦਾ ਹੈ। ਹਰ ਵਾਰ ਜਦੋਂ ਇਹ ਲੱਗਦਾ ਹੈ ਕਿ ਸ਼ਾਇਦ ਗੱਲਬਾਤ ਸਥਿਰਤਾ ਲਿਆਏਗੀ, ਇੱਕ ਨਵਾਂ ਹਮਲਾ ਉਸ ਉਮੀਦ ਨੂੰ ਧੂੰਏਂ ਵਿੱਚ ਬਦਲ ਦਿੰਦਾ ਹੈ। 22 ਅਪ੍ਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨੇ ਇਹ ਇੱਕ ਵਾਰ ਫਿਰ ਸਾਬਤ ਕਰ ਦਿੱਤਾ। ਇੱਕ ਭਾਈਚਾਰੇ ਦੇ 26 ਮਾਸੂਮ ਸੈਲਾਨੀ ਬੇਰਹਿਮੀ ਦਾ ਸ਼ਿਕਾਰ ਹੋ ਗਏ। ਇਹ ਸਿਰਫ਼ ਇੱਕ ਅੱਤਵਾਦੀ ਹਮਲਾ ਨਹੀਂ ਸੀ, ਸਗੋਂ ਭਾਰਤ ਦੀ ਆਤਮਾ 'ਤੇ ਹਮਲਾ ਸੀ। ਇਹ ਸਰਹੱਦ ਪਾਰ ਅੱਤਵਾਦ ਦਾ ਚਿਹਰਾ ਹੈ ਜੋ ਭਾਰਤ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਨੂੰ ਡੂੰਘਾ ਨੁਕਸਾਨ ਪਹੁੰਚਾਉਂਦਾ ਹੈ। ਪਰ ਇਸ ਵਾਰ ਭਾਰਤ ਦਾ ਜਵਾਬ ਸਿਰਫ਼ ਸਖ਼ਤ ਸ਼ਬਦਾਂ ਤੱਕ ਸੀਮਤ ਨਹੀਂ ਸੀ, ਸਗੋਂ ਆਪ੍ਰੇਸ਼ਨ ਸਿੰਦੂਰ ਦੇ ਤਹਿਤ ਪਾਕਿਸਤਾਨ ਨੂੰ ਢੁੱਕਵੇਂ ਢੰਗ ਨਾਲ ਮੂੰਹ ਤੋੜ ਜਵਾਬ ਦਿੱਤਾ ਗਿਆ। ਇਸ ਫੌਜੀ ਕਾਰਵਾਈ ਦਾ ਨਾਮ ਸਿੰਦੂਰ ਭਾਰਤੀ ਸੱਭਿਆਚਾਰ ਵਿੱਚ ਜੀਵਨ, ਸਨਮਾਨ ਅਤੇ ਰੱਖਿਆ ਦਾ ਪ੍ਰਤੀਕ ਸੀ। ਜਦੋਂ ਇਹ ਸਨਮਾਨ ਖ਼ਤਰੇ ਵਿੱਚ ਸੀ ਤਾਂ ਭਾਰਤ ਨੇ ਰਾਫੇਲ ਜਹਾਜ਼, ਬ੍ਰਹਮੋਸ ਸੁਪਰਸੋਨਿਕ ਮਿਜ਼ਾਈਲਾਂ ਅਤੇ ਵਿਸ਼ੇਸ਼ ਕਮਾਂਡੋ ਯੂਨਿਟਾਂ ਰਾਹੀਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਅਤੇ ਪੰਜਾਬ ਸੂਬੇ ਵਿੱਚ ਸਥਿਤ ਅੱਤਵਾਦੀ ਕੈਂਪਾਂ 'ਤੇ ਸਰਜੀਕਲ ਅਤੇ ਰਵਾਇਤੀ ਹਮਲੇ ਕੀਤੇ। ਬੁੱਧੀ, ਸੰਜਮ ਅਤੇ ਸ਼ਕਤੀ ਸੰਤੁਲਨ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਭਾਰਤ ਹੁਣ ਉਡੀਕ ਨਹੀਂ ਕਰਦਾ, ਸਗੋਂ ਜਵਾਬ ਦਿੰਦਾ ਹੈ।

ਭਾਰਤ ਨੇ ਆਪ੍ਰੇਸ਼ਨ ਸਿੰਦੂਰ ਰਾਹੀਂ ਸਿਰਫ਼ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਦੋਂ ਕਿ ਪਾਕਿਸਤਾਨ ਨੇ ਜਵਾਬ ਵਿੱਚ ਭਾਰਤੀ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਆਪਣੀ ਕਾਇਰਤਾ ਦਾ ਪ੍ਰਦਰਸ਼ਨ ਕੀਤਾ। ਇਹ ਦੋਵਾਂ ਦੇਸ਼ਾਂ ਦੇ ਦ੍ਰਿਸ਼ਟੀਕੋਣ ਵਿੱਚ ਬੁਨਿਆਦੀ ਅੰਤਰ ਨੂੰ ਦਰਸਾਉਂਦਾ ਹੈ। ਭਾਰਤ ਬਚਾਅ ਪੱਖੋਂ ਹੈ ਅਤੇ ਨੈਤਿਕ ਹੈ ਜਦੋਂ ਕਿ ਪਾਕਿਸਤਾਨ ਭੜਕਾਹਟ ਅਤੇ ਧੋਖੇ ਵਿੱਚ ਸ਼ਾਮਲ ਹੈ। ਇਸ ਸਿਲਸਿਲੇ ਵਿੱਚ ਜਦੋਂ ਪਾਕਿਸਤਾਨ ਨੇ ਭਾਰਤੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਜਾਰੀ ਰੱਖਦਾ ਹੈ ਤਾਂ ਭਾਰਤ ਨੇ ਸਰਜੀਕਲ ਸਟ੍ਰਾਈਕ ਨਾਲ ਜਵਾਬ ਦਿੱਤਾ, ਜਿਸ ਨਾਲ ਪਾਕਿਸਤਾਨੀ ਲਾਂਚਪੈਡਾਂ ਅਤੇ ਡਰੋਨ ਕੰਟਰੋਲ ਕੇਂਦਰਾਂ ਨੂੰ ਭਾਰੀ ਨੁਕਸਾਨ ਪਹੁੰਚਿਆ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਦੀ ਇਸ ਕਾਰਵਾਈ ਨੇ ਰਾਵਲਪਿੰਡੀ ਤੱਕ ਭਾਰਤ ਦੀ ਗੂੰਜ ਪਵਾ ਦਿੱਤੀ ਅਤੇ ਇਹ ਕੋਈ ਫੌਜੀ ਕਾਰਵਾਈ ਨਹੀਂ ਹੈ, ਸਗੋਂ ਭਾਰਤ ਦੀ ਰਾਜਨੀਤਿਕ, ਸਮਾਜਿਕ ਅਤੇ ਰਣਨੀਤਕ ਇੱਛਾ ਸ਼ਕਤੀ ਦਾ ਪ੍ਰਤੀਬਿੰਬ ਹੈ।

ਇਸ ਤੋਂ ਪਹਿਲਾਂ ਅਤੇ ਪਹਿਲਗਾਮ ਹਮਲੇ ਤੋਂ ਤੁਰੰਤ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਅੰਸ਼ਕ ਤੌਰ 'ਤੇ ਮੁਅੱਤਲ ਕਰਕੇ ਪਾਕਿਸਤਾਨ 'ਤੇ ਕੂਟਨੀਤਕ ਦਬਾਅ ਪਾਇਆ। ਪਾਕਿਸਤਾਨ ਨੇ ਚਨਾਬ ਨਦੀ ਵਿੱਚ ਪਾਣੀ ਦੇ ਵਹਾਅ ਵਿੱਚ ਤੇਜ਼ੀ ਨਾਲ ਗਿਰਾਵਟ ਦਾ ਦੋਸ਼ ਲਗਾਇਆ ਹੈ, ਜਿਸ ਦੋਸ਼ ਨੂੰ ਭਾਰਤ ਨੇ ਰੱਦ ਕਰ ਦਿੱਤਾ ਹੈ, ਜਿਸ ਨੂੰ ਭਾਰਤ ਨੇ ਸਪੱਸ਼ਟ ਤੌਰ 'ਤੇ ਨਕਾਰ ਦਿੱਤਾ ਹੈ, ਇਹ ਕਹਿੰਦੇ ਹੋਏ ਕਿ ਇੱਕ ਦੇਸ਼ ਜੋ ਅੱਤਵਾਦ ਨੂੰ ਉਤਸ਼ਾਹਿਤ ਕਰਦਾ ਹੈ। ਸੰਧੀ ਦੀ ਭਰੋਸੇਯੋਗਤਾ ਧਿਰ ਨਹੀਂ ਰਹਿ ਸਕਦਾ। ਵਿਸ਼ਵ ਬੈਂਕ ਨੇ ਵੀ ਇਸ 'ਤੇ ਭਾਰਤ ਦੇ ਸਟੈਂਡ ਦਾ ਸਮਰਥਨ ਕੀਤਾ ਅਤੇ ਪਾਕਿਸਤਾਨ ਦੀ ਅਪੀਲ ਨੂੰ ਰੱਦ ਕਰ ਦਿੱਤਾ।

ਜਦੋਂ ਦੋਵਾਂ ਦੇਸ਼ਾਂ ਨੇ ਆਪਸੀ ਤਣਾਅ ਦੇ ਵਿਚਕਾਰ 10 ਮਈ ਨੂੰ ਸੀਜ਼ਫਾਇਰ ਦਾ ਐਲਾਨ ਕੀਤਾ ਤਾਂ ਇੱਕ ਵਾਰ ਫਿਰ ਸ਼ਾਂਤੀ ਦੀ ਉਮੀਦ ਜਾਗ ਪਈ। ਪਰ ਇਹ ਸ਼ਾਂਤੀ ਸਿਰਫ਼ ਤਿੰਨ ਘੰਟੇ ਹੀ ਰਹੀ। ਰਾਜੌਰੀ-ਪੁੰਛ ਸੈਕਟਰ ਵਿੱਚ ਡਰੋਨ ਹਮਲਿਆਂ ਅਤੇ ਗੋਲੀਬਾਰੀ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਪਾਕਿਸਤਾਨ ਕਿਸੇ ਵੀ ਸਮਝੌਤੇ ਦੀ ਮਰਿਯਾਦਾ ਦਾ ਸਤਿਕਾਰ ਨਹੀਂ ਕਰਦਾ। ਪਰੰਤੂ ਭਾਰਤ ਦੇ ਸਖ਼ਤ ਰੁਖ਼ ਤੋਂ ਬਾਅਦ ਥੋੜ੍ਹੇ ਸਮੇਂ ਵਿੱਚ ਸਥਿਤੀ ਆਮ ਹੋ ਗਈ ਪਰ ਪੰਜਾਬ, ਜੰਮੂ-ਕਸ਼ਮੀਰ, ਰਾਜਸਥਾਨ ਅਤੇ ਗੁਜਰਾਤ ਦੇ ਕਈ ਇਲਾਕਿਆਂ ਵਿੱਚ ਸ਼ਨੀਵਾਰ-ਐਤਵਾਰ ਰਾਤ ਨੂੰ ਬਲੈਕਆਊਟ ਜਾਰੀ ਰਿਹਾ। ਹਾਲਾਂਕਿ ਐਤਵਾਰ ਨੂੰ ਸਥਿਤੀ ਕਾਫ਼ੀ ਹੱਦ ਤੱਕ ਆਮ ਹੋਣ ਲੱਗੀ। ਇਹ ਜ਼ਿਕਰਯੋਗ ਹੈ ਕਿ ਐਤਵਾਰ ਨੂੰ ਲਖਨਊ ਵਿੱਚ ਬ੍ਰਹਮੋਸ ਮਿਜ਼ਾਈਲ ਨਿਰਮਾਣ ਕੇਂਦਰ ਦੇ ਉਦਘਾਟਨ ਨੇ ਇਹ ਸੰਦੇਸ਼ ਦਿੱਤਾ ਕਿ ਭਾਰਤ ਰੱਖਿਆ ਖੇਤਰ ਵਿੱਚ ਸਵੈ-ਨਿਰਭਰਤਾ ਵੱਲ ਮਜ਼ਬੂਤੀ ਨਾਲ ਵਧ ਰਿਹਾ ਹੈ। ਇਸ ਤੋਂ ਇਲਾਵਾ ਅਧਿਕਾਰਤ ਮੀਡੀਆ ਬ੍ਰੀਫਿੰਗ ਲਈ ਹਵਾਈ ਸੈਨਾ ਅਤੇ ਫੌਜ ਤੋਂ ਮਹਿਲਾ ਅਧਿਕਾਰੀਆਂ ਨੂੰ ਨਾਮਜ਼ਦ ਕਰਨਾ ਦਰਸਾਉਂਦਾ ਹੈ ਕਿ ਭਾਰਤ ਹੁਣ ਹਰ ਖੇਤਰ ਵਿੱਚ ਲੀਡਰਸ਼ਿਪ ਨੂੰ ਮੁੜ ਪਰਿਭਾਸ਼ਿਤ ਕਰ ਰਿਹਾ ਹੈ। ਜੰਗਬੰਦੀ ਦੌਰਾਨ, ਭਾਰਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਇਸਦੀ ਲਕਸ਼ਮਣ ਰੇਖਾ ਖਿੱਚ ਦਿੱਤੀ ਗਈ ਹੈ ਕਿ ਹੁਣ ਕਿਸੇ ਵੀ ਅੱਤਵਾਦੀ ਹਮਲੇ ਨੂੰ ਜੰਗ ਮੰਨਿਆ ਜਾਵੇਗਾ ਅਤੇ ਇਸਦਾ ਜਵਾਬ ਜੰਗ ਦੇ ਕਾਨੂੰਨਾਂ ਅਨੁਸਾਰ ਫੌਜੀ, ਕੂਟਨੀਤਕ ਅਤੇ ਵਿਚਾਰਧਾਰਕ ਮੋਰਚਿਆਂ 'ਤੇ ਦਿੱਤਾ ਜਾਵੇਗਾ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਜੇਕਰ ਪਾਕਿਸਤਾਨ ਵੱਲੋਂ ਇੱਕ ਗੋਲੀ ਚਲਾਈ ਗਈ ਤਾਂ ਭਾਰਤ ਵੱਲੋਂ ਗੋਲਾ ਦਾਗ਼ਿਆ ਜਾਵੇਗਾ। ਦੂਜੇ ਪਾਸੇ ਤਿੰਨਾਂ ਫੌਜਾਂ ਦੇ ਡਾਇਰੈਕਟਰ ਜਨਰਲ ਆਫ ਮਿਲਟਰੀ ਆਪ੍ਰੇਸ਼ਨਜ਼ ਨੇ ਸੋਮਵਾਰ ਨੂੰ ਲਗਾਤਾਰ ਦੂਜੇ ਦਿਨ ਸਾਂਝੇ ਤੌਰ 'ਤੇ ਇੱਕ ਪ੍ਰੈਸ ਕਾਨਫਰੰਸ ਦਾ ਆਯੋਜਨ ਕੀਤਾ ਤਾਂ ਜੋ ਦੇਸ਼ ਅਤੇ ਦੁਨੀਆ ਨੂੰ ਪੂਰੀ ਘਟਨਾ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਅੱਜ ਫੌਜੀ ਅਧਿਕਾਰੀਆਂ ਦੇ ਬਿਆਨ ਤੋਂ ਪਹਿਲਾਂ, ਰਾਸ਼ਟਰੀ ਕਵੀ ਰਾਮਧਾਰੀ ਸਿੰਘ ਦਿਨਕਰ ਦੀ ਇੱਕ ਕਵਿਤਾ - ਕ੍ਰਿਸ਼ਨ ਕੀ ਚੇਤਾਵਨੀ ਦੇ ਅੰਸ਼ਾਂ ਦੀ ਵਰਤੋਂ ਕੀਤੀ ਗਈ।ਹੁਣ ਇਹ ਦੇਖਣਾ ਬਾਕੀ ਹੈ ਕਿ ਕੀ ਦੋਵਾਂ ਦੇਸ਼ਾਂ ਦੇ ਫੌਜੀ ਅਧਿਕਾਰੀਆਂ ਵਿਚਕਾਰ ਹੋਣ ਵਾਲੀ ਗੱਲਬਾਤ ਤਣਾਅ ਨੂੰ ਘਟਾਏਗੀ ਜਾਂ ਇਤਿਹਾਸ ਇੱਕ ਵਾਰ ਫਿਰ ਆਪਣੇ ਆਪ ਨੂੰ ਦੁਹਰਾਏਗਾ? ਭਾਰਤ ਦੀ ਫੌਜੀ ਤਾਕਤ ਅਤੇ ਕੂਟਨੀਤਕ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਹਰ ਪੱਖੋਂ ਸਰਹੱਦ 'ਤੇ ਅਤੇ ਵਿਚਾਰਾਂ ਦੇ ਮੈਦਾਨ ਵਿੱਚ ਵੀ ਤਿਆਰ ਹੈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਰਾਸ਼ਟਰ ਦੇ ਨਾਂਅ ਸੰਬੋਧਨ ਵਿੱਚ ਨਿੱਜੀ ਤੌਰ 'ਤੇ ਦਰਸਾਈ ਪੀੜ੍ਹ ,ਪਾਣੀ ਅਤੇ ਖ਼ੂਨ ਇਕੱਠਾ ਨਹੀਂ ਬਹਿ ਸਕਦੇ,ਨਿਊਕਲੀਅਰ ਬਲੈਕ ਮੇਲਿੰਗ ਨਾ ਝੱਲਣ ਅਤੇ ਸੈਨਾ ਨੂੰ ਸੈਲੂਟ ਕਰਨਾ ਅਤੇ ਅੱਤਵਾਦ ਨੂੰ ਮਿੱਟੀ ਵਿੱਚ ਮਿਲਾਉਣ ਲਈ ਸੈਨਾ ਨੂੰ ਪੂਰੀ ਤਰ੍ਹਾਂ ਛੂਟ ਦੇਣ ਦਾ ਐਲਾਨ ਤਿੰਨਾਂ ਫੌਜਾਂ ਦੇ ਰੱਖਿਆ ਦਸਤਿਆਂ ਪ੍ਰਤੀ ਬਹੁਤ ਵੱਡੀ ਸ਼ਰਧਾ ਅਤੇ ਸਨਮਾਨ ਦਰਸਾਉਂਦਾ ਹੈ। ਉਨ੍ਹਾਂ ਭਾਰਤੀ ਫੌਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਾਕਿਸਤਾਨ ਸਮਝ ਚੁੱਕਾ ਹੈ ਕਿ ਭਾਰਤ ਦੇ ਮੇਡ ਇਨ ਇੰਡੀਆ ਹਥਿਆਰਾਂ ਨੇ ਜਿੱਥੇ ਅਪਣਾ ਦਮ ਦਿਖਾਇਆ ਹੈ ਉੱਥੇ ਹੀ ਆਪਰੇਸ਼ਨ ਸਿੰਦੂਰ ਨਾਲ ਅੱਤਵਾਦੀਆਂ ਦੇ ਠਿਕਾਣੇ ਮਿੱਟੀ ਵਿੱਚ ਮਿਲਾ ਦਿੱਤੇ। ਉਨ੍ਹਾਂ ਇਹ ਵੀ ਕਿਹਾ ਹੀ ਟੈਰਰ- ਟਾਕ ਅਤੇ ਟਰੇਡ ਇਕੱਠੇ ਨਹੀਂ ਚੱਲ ਸਕਦੇ।


ਯੂਨੀਅਨ ਬੈਂਕ ਆਫ ਇੰਡੀਆ — ਭਾਰਤ ਸਰਕਾਰ ਦਾ ਇਕ ਅਦਾਰਾ | Union Bank of India — A Government of India Undertaking

ਖੇਤਰੀ ਦਫਤਰ : 41/1, ਵਾਲੀਆ ਕੰਪਲੈਕਸ, ਆਤਮ ਨਗਰ, ਦੁੱਗਰੀ ਰੋਡ, ਲੁਧਿਆਣਾ

**ਅਚੱਲ ਸੰਪੱਤੀਆਂ/ਅਸਾਸਿਆਂ ਦੀ ਵਿਕਰੀ ਲਈ ਵਿਕਰੀ ਸੂਚਨਾ ;**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 30.05.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**

**ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਈ-ਨਿਲਾਮੀ ਦੀ ਸ਼ੁਰੂਆਤ ਨੂੰ ਜਾਂ ਪਹਿਲਾਂ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ/ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 30.05.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ ਦਾ ਨਾਮ/ਸੰਪਰਕ ਨੰਬਰ ਅਤੇ ਕਰਜ਼ਦਾਰ/ਜ਼ਾਮਨ/ਗਿਰਵੀਕਾਰ ਆਦਿ ਦੇ ਨਾਮ | ਬਕਾਇਆ ਰਕਮ | ਸੰਪੱਤੀਆਂ ਦੇ ਵੇਰਵੇ ਅਤੇ ਮਾਲਕ | ਰਾਖਵੀਂ ਕੀਮਤ<br>ਬਿਆਨਾ ਰਕਮ<br>ਬੋਲੀ ਵਾਧਾ ਰਕਮ |
|---|---|---|---|---|
| 1. | **ਫੀਲਡਗੰਜ, ਲੁਧਿਆਣਾ- - 97859 68601** ਕਰਜ਼ਦਾਰ ਅਤੇ ਗਿਰਵੀਕਾਰ: ਸ਼੍ਰੀ ਅਮਰਜੀਤ ਸਿੰਘ ਪੁੱਤਰ ਬਲਵੰਤ ਸਿੰਘ, ਮਕਾਨ ਨੰ. 55ਏ, ਗਲੀ ਨੰ. 03, ਗੁਰੂਨਾਨਕ ਨਗਰ ਗਿੱਲ, ਲੁਧਿਆਣਾ-141116. ਸਹਿ-ਕਰਜ਼ਦਾਰ: ਸ਼੍ਰੀਮਤੀ ਹਰਵਿੰਦਰ ਕੌਰ ਪਤਨੀ ਅਮਰਜੀਤ ਸਿੰਘ, ਮਕਾਨ ਨੰ. 55ਏ, ਗਲੀ ਨੰ. 03, ਗੁਰੂਨਾਨਕ ਨਗਰ ਗਿੱਲ, ਲੁਧਿਆਣਾ-141116. | Rs. 12,28,576.11 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਸ਼੍ਰੀ ਅਮਰਜੀਤ ਸਿੰਘ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ, ਬੇਰਿੰਗ ਨੰਬਰ 0ਬੀ-0ਬੀ-12.2/3ਬੀ ਪੁਖਤਾ ਯਾਨੀ ਕਿ 2-01ਬੀ-18ਬੀ ਖਾਮ ਯਾਨੀ ਕਿ 94.44 ਵਰਗ ਗਜ਼, ਕੁੱਲ ਖੇਤਰਫਲ ਦਾ 12.2/3/1516 ਹਿੱਸਾ ਹੈ ਜਿਸ ਵਿੱਚ 032-152-162 ਪੁਖਤਾ ਵਾਲਾ ਖਾਤਾ ਖਤੌਨੀ ਨੰਬਰ ਪੁਰਾਣਾ 2566/2506,2567/2506, 2660/3368, 2661/3369 ਨਵਾਂ 2732/3464, 2733/3465 ਸ਼ਾਮਲ ਖਸਰਾ ਨੰ. 1204/1(0-4-1), 1205/1(2-2-18), 1198/1(1-8-17) ਸਾਲ 2000-01, 2005-06 ਮਿਤੀ 04.09.2017 ਦੀ ਜਮ੍ਹਾਂਬੰਦੀ ਅਨੁਸਾਰ ਅਤੇ ਸਾਲ 2010-11 ਮਿਤੀ 05.09.2017 ਅਤੇ 25.10.2017 ਦੀ ਜਮ੍ਹਾਂਬੰਦੀ ਅਨੁਸਾਰ, ਪਲਾਟ ਨੰ. 12, ਗੁਰੂ ਨਾਨਕ ਕਲੋਨੀ, ਗਿੱਲ-99, ਲੁਧਿਆਣਾ ਵਿਖੇ ਸਥਿਤ ਵਿਕਰੀ ਡੀਡ, ਜਿਸਦੀ ਸੀਮਾ ਵਸੀਕਾ ਨੰਬਰ 13105 ਮਿਤੀ 23.01.2012 ਅਤੇ 9786 ਮਿਤੀ 09.02.2017 ਹੈ: ਵਿਕਰੀ ਡੀਡ ਅਨੁਸਾਰ: ਪੂਰਬ-ਸ਼੍ਰੀਮਤੀ ਹਰਬੰਸ ਕੌਰ (34'-0"), ਪੱਛਮ- ਗੁਆਂਢਣ ਸ਼੍ਰੀਮਤੀ ਮਨਜੀਤ ਕੌਰ (34'-0"), ਉੱਤਰ- ਗੁਆਂਢਣ (25'-0"), ਦੱਖਣ- ਗਲੀ 20' ਚੌੜੀ। ਸਾਈਟ ਅਨੁਸਾਰ: ਪੂਰਬ- ਖੁੱਲ੍ਹਾ ਪਲਾਟ (34'-0'), ਪੱਛਮ- ਖੁੱਲ੍ਹਾ ਪਲਾਟ (34'-0"), ਉੱਤਰ- ਗੁਆਂਢਣ (25'-0"), ਦੱਖਣ- ਗਲੀ 20' ਚੌੜੀ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 21,70,000/-<br>Rs. 2,17,000/-<br>Rs. 20,000/- |
| 2. | **ਮਿਲਰਗੰਜ, ਲੁਧਿਆਣਾ- 99585 89440** ਕਰਜ਼ਦਾਰ ਅਤੇ ਗਿਰਵੀਕਾਰ: ਸ੍ਰੀ ਅਮੋਲਕ ਸਿੰਘ ਪੁੱਤਰ ਸ੍ਰੀ ਕੁਲਵੰਤ ਸਿੰਘ ਵਾਸੀ ਮਕਾਨ ਨੰਬਰ. 1, ਪਿੰਡ- ਧੂਰਕੋਟ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ-141204। ਸਹਿ-ਕਰਜ਼ਦਾਰ: ਸ੍ਰੀ. ਜਸਵੀਰ ਸਿੰਘ ਪੁੱਤਰ ਸ. ਜੋਗਿੰਦਰ ਸਿੰਘ ਵਾਸੀ ਪਿੰਡ ਧੂਰਕੋਟ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141204। | Rs. 1,36,76,764.38 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਸ਼੍ਰੀ ਅਮੋਲਕ ਸਿੰਘ ਪੁੱਤਰ ਸ਼੍ਰੀ ਕੁਲਵੰਤ ਸਿੰਘ ਦੀ ਵਪਾਰਕ ਇਮਾਰਤ ਜਿਸ ਵਿੱਚ 110 ਵਰਗ ਗਜ਼ ਦਾ ਖੇਤਰਫਲ ਹੈ ਜਿਸ ਵਿੱਚ ਖਾਤਾ ਨੰਬਰ 1179/1448, ਖਸਰਾ ਨੰਬਰ 74, ਹਦਬਸਤ ਨੰਬਰ 339, ਪੁਰਾਣਾ ਬੱਸ ਸਟੈਂਡ ਮਾਰਕੀਟ, ਧੂਰਕੋਟ ਚੌਂਕ ਦੇ ਨੇੜੇ, ਚੱਪੜ ਰੋਡ, ਮੰਡੀ ਅਹਿਮਦਗੜ੍ਹ, ਤਹਿਸੀਲ-ਅਹਿਮਦਗੜ੍ਹ, ਜ਼ਿਲ੍ਹਾ- ਸੰਗਰੂਰ ਸ਼ਾਮਲ ਹੈ। ਹੱਦਾਂ - ਉੱਤਰ ਵੱਲ: ਗਲੀ, ਦੱਖਣ ਵੱਲ ਮੁੱਖ ਛੱਪੜ ਰੋਡ, ਪੂਰਬ ਵੱਲ: ਗੁਆਂਢੀ, ਪੱਛਮ ਵੱਲ: ਗੁਆਂਢੀ। ਕਬਜ਼ੇ ਦੀ ਕਿਸਮ: ਸੰਕੇਤਕ | Rs. 79,20,000/-<br>Rs. 7,92,000/-<br>Rs. 80,000/- |
| 3. | **ਮਿਲਰਗੰਜ, ਲੁਧਿਆਣਾ- 99585 89440** ਕਰਜ਼ਦਾਰ: 1. ਜਗਤਾਰ ਸਿੰਘ ਪੁੱਤਰ ਸ਼ੇਰ ਸਿੰਘ, ਪਿੰਡ ਅਕਾਲ ਗੜ੍ਹ, ਡਾਕ: ਕਲਸੀਆਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ 141009, 2. ਬਲਦੇਵ ਸਿੰਘ ਪੁੱਤਰ ਸ਼ੇਰ ਸਿੰਘ ਪਿੰਡ ਅਕਾਲ ਗੜ੍ਹ, ਪੋਸਟ ਕਲਸੀਆਂ, ਤਹਿ ਰਾਏਕੋਟ, ਜ਼ਿਲ੍ਹਾ ਲੁਧਿਆਣਾ 141009 ਜ਼ਾਮਨ: ਹਰਜਿੰਦਰ ਕੌਰ ਪੁੱਤਰੀ ਜਗਤਾਰ ਸਿੰਘ ਪਿੰਡ ਅਕਾਲ ਗੜ੍ਹ, ਪੋਸਟ ਕਲਸੀਆਂ, ਤਹਿਸੀਲ। ਰਾਏਕੋਟ, ਜ਼ਿਲ੍ਹਾ ਲੁਧਿਆਣਾ 141009. 2. ਦਲਜੀਤ ਕੌਰ ਨਾਲ ਬਲਦੇਵ ਸਿੰਘ ਪਿੰਡ। ਅਕਾਲ ਗੜ੍ਹ, ਪੋਸਟ ਕਲਸੀਆਂ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ 141009 | Rs. 1,94,94,902.81 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਸ਼੍ਰੀਮਤੀ ਹਰਜਿੰਦਰ ਕੌਰ ਪਤਨੀ ਸ਼੍ਰੀ ਜਗਤਾਰ ਸਿੰਘ ਅਤੇ ਸ਼੍ਰੀਮਤੀ ਦਲਜੀਤ ਕੌਰ ਪਤਨੀ ਸ਼੍ਰੀ ਬਲਦੇਵ ਸਿੰਘ ਦੇ ਨਾਮ 'ਤੇ ਮਿਤੀ 01.03.2016 ਨੂੰ ਵਸੀਕਾ ਨੰਬਰ 2657 ਵਾਲੇ ਤਬਾਦਲਾ ਡੀਡ ਅਨੁਸਾਰ ਪਿੰਡ ਅਕਾਲਗੜ੍ਹ, ਤਹਿਸੀਲ: ਰਾਏਕੋਟ, ਜ਼ਿਲ੍ਹਾ: ਲੁਧਿਆਣਾ ਵਿੱਚ ਸਥਿਤ ਜਮ੍ਹਾਂਬੰਦੀ 2013-14 ਵਿੱਚ ਦਰਜ ਪਿੰਡ ਅਕਾਲਗੜ੍ਹ ਹੱਦਬਸਤ ਨੰਬਰ 374ਪਲਾਟ 4 ਕਨਾਲ -4 ਮਰਲੇ -8 ਸਰਸਾਹੀ (2566 ਵਰਗ ਗਜ਼) 'ਤੇ ਬਣੀ ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਜੋ ਕਿ ਖਾਤਾ ਨੰਬਰ 43/43-104/104-44/44-45/45, ਖਸਰਾ ਨੰਬਰ 141, 142, 17//5, 14//25 ਵਿੱਚ ਸ਼ਾਮਲ ਹੈ, ।ਹੱਦਬੰਦੀ: ਪੂਰਬ: ਬਾਹਰ ਮੋੜ + ਅੰਦਰ ਮੋੜ, ਪੱਛਮ: ਬਾਹਰ ਮੋੜ + ਸਿੱਧੀ ਕੰਧ, ਉੱਤਰ: ਰਣਜੀਤ ਸਿੰਘ, ਦੱਖਣ: ਰਸਤਾ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 1,36,70,000/-<br>Rs. 13,67,000/-<br>Rs. 1,40,000/- |
| 4. | **ਐਸਡੀਪੀਐਸ, ਲੁਧਿਆਣਾ- - 820 950 4502** ਕਰਜ਼ਦਾਰ: ਮੈਸ. ਗਲਾਈਡਰ ਆਟੋ ਇੰਡਸਟਰੀਜ਼ (ਮਾਲਕ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਪੁੱਤਰ ਰਾਮ ਸਿੰਘ ਦੁਆਰਾ ਕਾਲਮ ਨੰਬਰ 2 ਵਿੱਚ ਦੱਸੇ ਗਏ ਕਾਨੂੰਨੀ ਵਾਰਸਾਂ ਰਾਹੀਂ), ਪਲਾਟ ਨੰ. 872. ਗਲੀ ਨੰ. 5 1/2 ਨਿਰੰਕਾਰੀ ਮੁਹੱਲਾ ਮਿੱਲਰ ਗੰਜ, ਲੁਧਿਆਣਾ 141008 ਕਰਜ਼ਦਾਰ/ਗਿਰਵੀਕਾਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਪੁੱਤਰ ਰਾਮ ਸਿੰਘ, ਨਿਵਾਸੀ ਪਲਾਟ ਨੰ. 872, ਗਲੀ ਨੰ. 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008 ਰਾਹੀਂ ਇਸ ਦੇ ਕਾਨੂੰਨੀ ਵਾਰਸਾਂ: (a) ਸ਼੍ਰੀਮਤੀ ਨਿਰਮਲ ਕੌਰ ਵਿਧਵਾ ਪਤਨੀ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਲਾਟ ਨੰਬਰ 872 ਦੀ ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲੀਅਰ ਗੰਜ, ਲੁਧਿਆਣਾ 141008। (b) ਸ਼੍ਰੀ ਭਗਤ ਸਿੰਘ ਪੁੱਤਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲਧਿਆਣਾ 141008। (c) ਸ਼੍ਰੀਮਤੀ ਹਰਮੀਤ ਕੌਰ ਪੁੱਤਰੀ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008·: (d) ਸ਼੍ਰੀ ਰਾਜਿੰਦਰ ਸਿੰਘ ਪੁੱਤਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2 ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008 (ਜ਼ਾਮਨ) (d) ਹੋਰ ਅਣਜਾਣ ਕਾਨੂੰਨੀ ਵਾਰਸ ਜ਼ਾਮਨ: ਸ਼੍ਰੀ ਰਾਜਿੰਦਰ ਸਿੰਘ ਪੁੱਤਰ ਸਵਰਗੀ ਸ਼੍ਰੀ ਹੁਸ਼ਿਆਰ ਸਿੰਘ ਨਿਵਾਸੀ ਪਲਾਟ ਨੰਬਰ 872, ਗਲੀ ਨੰਬਰ 5 1/2ਨਿਰੰਕਾਰੀ ਮੁਹੱਲਾ, ਮਿਲਰ ਗੰਜ, ਲੁਧਿਆਣਾ 141008। ਸ਼੍ਰੀ ਇੰਦਰਜੀਤ ਸਿੰਘ ਪੁੱਤਰ ਸ਼੍ਰੀ ਨਿਹਾਲ ਸਿੰਘ ਨਿਵਾਸੀ 879/5 ਗਲੀ ਨੰਬਰ 5 1/2, ਨਿਰੰਕਾਰੀ ਮੁਹੱਲਾ, ਮਿਲਰ ਗੰਜ ਲੁਧਿਆਣਾ 141010। | Rs. 20,43,779.70 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਅਨੁਸਾਰ ਵਸਿਕਾ ਨੰਬਰ 5996 ਮਿਤੀ 08/08/2014, ਅਤੇ ਵਿਕਰੀ ਡੀਡ ਅਨੁਸਾਰ ਵਸਿਕਾ ਨੰਬਰ 441 ਮਿਤੀ 07/04/1993, ਜੋ ਕਿ ਸ੍ਰੀ ਹੁਸ਼ਿਆਰ ਸਿੰਘ ਪੁੱਤਰ ਸ਼੍ਰੀ ਰਾਮ ਸਿੰਘ ਦੇ ਨਾਮ 'ਤੇ 100 ਵਰਗ ਗਜ਼ ਦੀ ਅਚੱਲ ਜਾਇਦਾਦ ਜੋ ਕਿ ਸਾਲ 2009-2010 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 2630/2369/2138/466, ਖਾਤਾ ਨੰਬਰ 658/942 ਵਿੱਚ ਸ਼ਾਮਲ ਹੈ, ਪਿੰਡ ਢੋਲੇਵਾਲ, ਐਚ.ਬੀ. 174, ਅਬਾਦੀ ਜਿਸਨੂੰ ਮੁਹੱਲਾ ਨਾਰੰਕਾਰੀ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿਖੇ ਸਥਿਤ ਹੈ ਅਤੇ ਹੱਦਬੰਦੀ ਇਸ ਤਰ੍ਹਾਂ ਹੈ: ਪੂਰਬ: ਪਿਆਰਾ ਸਿੰਘ (20'8") ਪੱਛਮ: ਗਲੀ (20'8"), ਉੱਤਰ: ਮਨਮੋਹਨ ਸਿੰਘ (45'6"), ਦੱਖਣ: ਗੁਰਦਿਆਲ ਸਿੰਘ (45'6")। **ਕਬਜ਼ੇ ਦੀ ਕਿਸਮ: ਸੰਕੇਤਕ** | Rs. 39,10,000/-<br>Rs. 3,91,000/-<br>Rs. 40,000/- |
| 5. | **ਸਾਹਨੇਵਾਲ - 79031 19339** ਕਰਜ਼ਦਾਰ: ਮੈਸ. ਇੰਦਰ ਫੈਬਰੀਕੇਸ਼ਨ ਪ੍ਰੋ. ਲਖਵਿੰਦਰ ਕੌਰ ਸੇਂਟ. ਨੰ. 04, ਨਿਊ ਆਜ਼ਾਦ ਨਗਰ ਸ਼ਿਮਲਾਪੁਰੀ-ਲੁਧਿਆਣਾ। ਸ੍ਰੀ ਅਮਰਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਗਲੀ ਨੰ. 04, ਨਿਊ ਆਜ਼ਾਦ ਨਗਰ ਮਿਲਰਗੰਜ, ਲੁਧਿਆਣਾ, ਪੰਜਾਬ-141003. | Rs. 5,79,632.94 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਸਾਲ 2009-10 ਲਈ ਜਮ੍ਹਾਂਬੰਦੀ ਅਨੁਸਾਰ ਅਮਰਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਦੇ ਨਾਮ 'ਤੇ 80 ਵਰਗ ਗਜ਼ ਦੀ ਜ਼ਮੀਨ ਅਤੇ ਇਮਾਰਤ ਦਾ ਉਹ ਸਾਰਾ ਟੁਕੜਾ ਅਤੇ ਪਾਰਸਲ ਜਿਸਦੀ ਮਾਤਰਾ ਖਸਰਾ ਨੰਬਰ 45-46 ਖਾਤਾ ਨੰਬਰ 688/796, ਜੋ ਪਿੰਡ ਲੋਹਾਰਾ ਦੇ ਖੇਤਰ ਵਿੱਚ ਸਥਿਤ ਹੈ, ਹਦਬਸਤ ਨੰ. 260. ਗੁਰੂ ਗੋਬਿੰਦ ਸਿੰਘ ਨਗਰ ਦੇ ਨੇੜੇ ਅਬਾਦੀ ਸੁਖਦੇਵ ਨਗਰ (ਨਵੀਂ ਆਜ਼ਾਦ ਨਗਰ ਗਲੀ ਨੰ. ਲੁਧਿਆਣਾ ਅਤੇ ਹੱਦਬੰਦੀ: ਪੂਰਬ: ਗੁਆਂਢੀ (19'), ਪੱਛਮ: ਗਲੀ (19'), ਉੱਤਰ: ਗੁਆਂਢੀ (38'), ਦੱਖਣ: ਗੁਆਂਢੀ (38')। **ਕਬਜ਼ੇ ਦੀ ਕਿਸਮ: ਸੰਕੇਤਕ।** | Rs. 9,40,000/-<br>Rs. 94,000/-<br>Rs. 10,000/- |
| 6. | **ਸਾਹਨੇਵਾਲ - 79031 19339** **ਕਰਜ਼ਦਾਰ: 1.ਮੈਸ. ਆਰਐਸ ਐਂਟਰਪ੍ਰਾਇਜ਼ਜ਼ ਪ੍ਰੋਪ.ਅਨੁਰਾਧਾ ਦੇਵੀ**, ਮਕਾਨ ਨੰ.ਬੀ-6-1167/30 ਵਾਰਡ ਨੰ. 52, ਸੇਂਟ, ਨੰ. 01, ਨੇੜੇ ਗਊਸ਼ਾਲਾ ਰੋਡ ਹਰਬੰਸਪੁਰਾ ਲੁਧਿਆਣਾ-141008. 2. **ਅਨੁਰਾਧਾ ਦੇਵੀ ਪਤਨੀ ਮਨੋਜ ਕੁਮਾਰ ਗੁਪਤਾ**, ਮਕਾਨ ਨੰ. ਬੀ-6-1167/30 ਵਾਰਡ ਨੰ. 52, ਗਲੀ. ਨੰ. 01, ਨੇੜੇ ਗਊਸ਼ਾਲਾ ਰੋਡ, ਹਰਬੰਸਪੁਰਾ ਲੁਧਿਆਣਾ-141008. **ਜ਼ਾਮਨ: ਮਹਿਮਾ ਗੁਪਤਾ ਪਤਨੀ ਮਨੋਜ ਕੁਮਾਰ ਗੁਪਤਾ**, ਮਕਾਨ ਨੰ. ਬੀ-6-1167/30 ਵਾਰਡ ਨੰ. 52, ਗਲੀ ਨੰ. 01, ਨੇੜੇ ਗਊਸ਼ਾਲਾ ਰੋਡ, ਹਰਬੰਸਪੁਰਾ ਲੁਧਿਆਣਾ-141008. | Rs. 17,89,320.66 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਬੇਅਰਿੰਗ ਵਾਸਿਕਾ ਨੰ. 2019-20/106/1/23511 ਮਿਤੀ 20.01.2020 ਸ਼੍ਰੀਮਤੀ ਅਨੁਰਾਧਾ ਦੇਵੀ ਦੇ ਨਾਮ 'ਤੇ ਰਿਹਾਇਸ਼ੀ ਘਰ ਵਾਲਾ ਪਲਾਟ ਨੰ. 110 ਘੱਟੋ-ਘੱਟ 110 ਵਰਗ ਗਜ਼ ਕੁੱਲ ਖੇਤਰ ਵਿੱਚੋਂ 38 ਕਨਾਲ-05 ਮਰਲੇ ਮਾਪ, ਖਾਤਾ ਖਤੌਨੀ ਨੰ. ਪੁਰਾਣਾ 133/136, 160/163, 164/167, 153/153, 179/179, 182/184, 154/156, 182/184, 187/189, 176/178, 200/202, 203/205, 187/189, 221/223, 223/225 ਨਵਾਂ 194/197, 228/232, 230/235 ਖਸਰਾ ਨੰਬਰ 36/5/1(1-2), 36/25/2(4-13), 35/5/3(5-3), 36/6(8-0), 36/15(8-0), 36/16(8-0), 36/25/1(3-7) ਵਿੱਚ ਸ਼ਾਮਲ ਹੈ ਜੋ ਕਿ ਸਾਲ 1989-90, 1994-95, 1999-2000, 2004-05, 2009-10 ਮਿਤੀ 09/10/2020 ਲਈ ਜਮ੍ਹਾਂਬੰਦੀ ਅਨੁਸਾਰ ਅਮਨ ਐਨਕਲੇਵ, ਪਿੰਡ ਮੇਹਰਬਾਨ, ਤਹਿਸੀਲ ਲੁਧਿਆਣਾ ਪੂਰਬ ਵਿਖੇ ਸਥਿਤ ਹੈ। ਹੱਦਬੰਦੀ : ਪੂਰਬ: ਗੁਆਂਢੀ (22'), ਪੱਛਮ: ਗਲੀ (22'), ਉੱਤਰ: ਗਲੀ (45'), ਦੱਖਣ: ਪਲਾਟ ਨੰ. 110 ਮਿਨ (45')।**ਕਬਜ਼ੇ ਦੀ ਕਿਸਮ: ਸੰਕੇਤਕ।** | Rs. 22,60,000/-<br>Rs. 2,26,000/-<br>Rs. 25,000/- |
| 7. | **ਜ਼ੀਰਾ -79019 04189** **ਕਰਜ਼ਦਾਰ:- ਸ਼੍ਰੀਮਤੀ ਗੁਰਪ੍ਰੀਤ ਕੌਰ** ਸੁਪਤਨੀ ਸਵ. ਸ਼੍ਰੀ ਸ਼ਿਵ ਦੇਵ ਸਿੰਘ, ਕੁਆਟਰ ਨੰ. 9, ਵਾਰਡ ਨੰ. 6, ਮੋਤੀ ਬਾਗ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ। **ਜ਼ਾਮਨ : ਸ਼੍ਰੀ ਕੌਰ ਸਿੰਘ** ਸਪੁੱਤਰ ਗੁਰਾ ਸਿੰਘ, ਵਾਰਡ ਨੰ. 6, ਮੋਤੀ ਬਾਗ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142047 | Rs. 14,53,338.36 30.06.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਆਦਰਸ਼ ਨਗਰ, ਵਾਰਡ ਨੰ. 17, ਫਿਰੋਜ਼ਪੁਰ ਰੋਡ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਪੰਜਾਬ ਵਿਖੇ ਸਥਿਤ ਖੇਵਟ ਨੰ. 1494, ਖਤੌਨੀ ਨੰ. 1816, ਖਸਰਾ ਨੰ. 110 ਐਮ//17/1 (2-0), 17/2 (3-0), 17/4 (0-12), 17/5/1 (0-6) ਦੇ ਅਧੀਨ 5 ਕਨਾਲ 18 ਮਰਲੇ ਮਾਪ ਵਾਲੀ ਜ਼ਮੀਨ ਦੇ 35/1062 ਹਿੱਸੇ ਵਜੋਂ 117.55 ਵਰਗ ਗਜ਼ ਭਾਵ 3 ਮਰਲੇ 8 ਸਰਸਾਹੀ ਮਾਪ ਵਾਲੀ ਜ਼ਮੀਨ 'ਤੇ ਨਿਰਮਿਤ ਮਕਾਨ ਅਤੇ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ : ਉੱਤਰ : ਕਰਨੈਲ ਸਿੰਘ ਦੀ ਸੰਪੱਤੀ, ਦੱਖਣ : ਸਤਨਾਮ ਸਿੰਘ ਦੀ ਸੰਪੱਤੀ, ਪੂਰਬ : ਕੁਲਦੀਪ ਸਿੰਘ ਦੀ ਸੰਪੱਤੀ, ਪੱਛਮ : ਰਸਤਾ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 15,40,000/-<br>Rs. 1,54,000/-<br>Rs. 15,000/- |
| 8. | **ਸਮਰਾਲਾ - 98206 66744** ਕਰਜ਼ਦਾਰ: ਸ੍ਰੀ ਜੋਰਾ ਸਿੰਘ ਪੁੱਤਰ ਜਰਨੈਲ ਸਿੰਘ, ਮਕਾਨ ਨੰ. 155. ਪਿੰਡ ਲੋਪੋਂ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ-141114 (ਗਿਰਵੀਕਾਰ) ਸ਼੍ਰੀਮਤੀ ਦਲਵਿੰਦਰ ਕੌਰ ਪਤਨੀ ਜੋਰਾ ਸਿੰਘ ਘਰ ਨੰ. 155 ਪਿੰਡ ਲੋਪੋਂ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਜ਼ਾਮਨ: ਸ੍ਰੀ ਜਰਨੈਲ ਸਿੰਘ ਪੁੱਤਰ ਸ੍ਰੀ ਦਿਆਲ ਸਿੰਘ, ਪਿੰਡ ਲੋਪੋਂ, ਤਹਿਸੀਲ ਸਮਰਾਲਾ, ਜ਼ਿਲ੍ਹਾ. ਲੁਧਿਆਣਾ। | Rs. 13,60,731.48 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਨੰਬਰ 375 ਮਿਤੀ 08-05-2013 ਦੁਆਰਾ ਸ਼੍ਰੀ ਜੋਰਾ ਸਿੰਘ ਪੁੱਤਰ ਜਰਨੈਲ ਸਿੰਘ ਦੇ ਨਾਮ 'ਤੇ ਪਿੰਡ ਲੋਪੋਂ ਤਹਿਸੀਲ ਸਮਰਾਲਾ ਵਿਖੇ ਰਿਹਾਇਸ਼ੀ ਘਰ ਜੋ ਕਿ 0 ਕਨਾਲ-16 2/3 ਮਰਲੇ (10 ਬਿਸਵਾ) ਮਾਪ 45 ਕਨਾਲ-2 ਮਰਲੇ ਮਾਪ ਵਾਲੀ ਜ਼ਮੀਨ ਵਿੱਚੋਂ 50/3279 ਹਿੱਸੇ ਵਜੋਂ ਸਥਿਤ ਹੈ, ਜਿਸ ਵਿੱਚ ਖੇਵਟ ਨੰਬਰ 316/312 ਮਿਨ, ਖਤੌਣੀ ਨੰਬਰ: 339, ਕਿਲਾ ਨੰਬਰ 32//13, 29, 34//15/2, 16/1, 25/2, 11/2, 12/2, 1920::21/1,22/1 ਅਤੇ 0 ਕਨਾਲ-2.91 ਮਰਲੇ ਮਾਪ ਵਾਲੀ ਜ਼ਮੀਨ ਸ਼ਾਮਲ , ਭਾਵ 9 ਕਨਾਲ-11 ਮਰਲੇ ਮਾਪ ਵਾਲੀ ਜ਼ਮੀਨ ਵਿੱਚੋਂ 50/3279 ਹਿੱਸਾ ਖੇਵਟ ਨੰਬਰ 317/312 ਮਿਨ, ਖਤੌਣੀ ਨੰਬਰ 340, ਕਿਲਾ ਨੰਬਰ 32//18, 23/1, ਸਾਲ 2012-13 ਲਈ ਜਮ੍ਹਾਂਬੰਦੀ ਦੀ ਕਾਪੀ ਦੇ ਅਨੁਸਾਰ ਪਿੰਡ ਲੋਪੋਂ, ਐਚ.ਬੀ. ਨੰਬਰ 334, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਹੱਦਬੰਦੀ: ਪੂਰਬ: ਗੁਰਚੇਤਨ ਸਿੰਘ ਸਾਈਡ 92', ਪੱਛਮ- ਘਰ ਗੁਰਦੇਵ ਸਿੰਘ ਸਾਈਡ 92', ਉੱਤਰ-ਰਸਤਾ ਸਾਈਡ 50', ਦੱਖਣ- ਮਨਜੀਤ ਕੌਰ ਸਾਈਡ 48'। **ਕਬਜ਼ੇ ਦੀ ਕਿਸਮ: ਸੰਕੇਤਕ** | Rs. 10,20,000/-<br>Rs. 1,02,000/-<br>Rs. 10,000/- |
| 9. | **ਜੱਸੋਵਾਲ .-97819 00051** ਕਰਜ਼ਦਾਰ: ਸ੍ਰੀ ਚਰਨਜੀਤ ਸਿੰਘ ਪੁੱਤਰ ਭਗਵੰਤ ਸਿੰਘ, ਪਿੰਡ ਬੀਹਲਾ, ਡਾਕਖਾਨਾ ਦੌਲਣ ਕਲਾਂ, ਤਹਿਸੀਲ ਅਤੇ ਜ਼ਿਲ੍ਹਾ। ਲੁਧਿਆਣਾ, ਪੰਜਾਬ-142029. ਜ਼ਾਮਨ: ਪਾਲ ਸਿੰਘ ਪੁੱਤਰ ਸਾਧੂ ਸਿੰਘ, ਪਿੰਡ ਬੀਹਲਾ, ਡਾਕਖਾਨਾ ਦੋਲੋਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ। ਲੁਧਿਆਣਾ, ਪੀ.ਬੀ.-142029. ਸ਼੍ਰੀ ਪਵਨਜੀਤ ਸਿੰਘ ਪੁੱਤਰ ਸ਼ਮਸ਼ੇਰ ਸਿੰਘ, ਬੀਹਲਾ ਪਿੰਡ, ਦੋਲੋਂ ਕਲਾਂ ਡਾਕਖਾਨਾ, ਤਹਿ। ਅਤੇ ਜਿਲਾ. ਲੁਧਿਆਣਾ, ਪੰਜਾਬ.-142029 | Rs. 2,80,923.42 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਵਸੀਕਾ ਨੰਬਰ 7264 ਮਿਤੀ 03-08-2011 ਦੇ ਆਧਾਰ 'ਤੇ ਸ਼੍ਰੀ ਚਰਨਜੀਤ ਸਿੰਘ ਦੇ ਨਾਮ 'ਤੇ 100 ਵਰਗ ਗਜ਼ (0 ਕਨਾਲ 3-1/3 ਮਰਲਾ) ਦੀ ਰਿਹਾਇਸ਼ੀ ਅਚੱਲ ਜਾਇਦਾਦ ਜੋ ਕਿ ਸਾਲ 2004-05 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 232/1, ਖਸਰਾ ਨੰਬਰ 312/350 ਵਿੱਚ ਸ਼ਾਮਲ ਹੈ, ਪਿੰਡ ਬਿਹਲਾ, ਹੱਦਬਸਤ ਨੰਬਰ 284, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿੱਚ ਸਥਿਤ ਅਤੇ ਹੱਦਾਂ: ਪੂਰਬ-ਸੁਖਦੇਵ ਸਿੰਘ, ਪੱਛਮੀ-ਰਾਸਤਾ, ਉੱਤਰ-ਸ਼ਾਮਲਾਗ ਬੱਸ ਸਟੈਂਡ, ਦੱਖਣ-ਵਿਕਰੇਤਾ। ਕਬਜ਼ੇ ਦੀ ਕਿਸਮ: ਸੰਕੇਤਕ | Rs. 12,20,000/-<br>Rs. 1,22,000/-<br>Rs. 15,000/- |
| 10. | **ਜੱਸੋਵਾਲ .-97819 00051** ਕਰਜ਼ਦਾਰ: ਸ਼੍ਰੀਮਤੀ ਰੇਣੂ ਸ਼ਰਮਾ ਪਤਨੀ ਪ੍ਰਵੀਨ ਕੁਮਾਰ, ਮਕਾਨ ਨੰ. 8,ਗਲੀ ਨੰ. 5, ਸਤਜੋਤ ਨਗਰ, ਧਾਂਦਰਾ ਦੁੱਗਰੀ ਰੋਡ, ਬਸੰਤ ਐਵੀਨਿਊ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141013. ਜ਼ਾਮਨ: 1. ਸ੍ਰੀ ਪਰਵੀਨ ਕੁਮਾਰ ਪੁੱਤਰ ਦਰਸ਼ਨਪਾਲ, ਮਕਾਨ ਨੰ. 8, ਗਲੀ ਨੰ. 5, ਸਤਜੋਤ ਨਗਰ, ਧਾਂਦਰਾ ਦੁੱਗਰੀ ਰੋਡ, ਬਸੰਤ ਐਵੀਨਿਊ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141013. 2. ਸ੍ਰੀ ਨਰੇਸ਼ ਕੁਮਾਰ ਸ਼ਰਮਾ ਪੁੱਤਰ ਲਕਸ਼ਮੀ ਨਰਾਇਣ ਸ਼ਰਮਾ, ਮਕਾਨ ਨੰ. 3, ਸਤਜੋਤ ਨਗਰ, ਧਾਂਦਰਾ ਦੁੱਗਰੀ ਰੋਡ, ਬਸੰਤ ਐਵੀਨਿਊ, ਤਹਿ. ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ 141013 | Rs. 10,53,031.06 31.12.2024 ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ | ਵਾਸੀਕਾ ਨੰਬਰ 1658 ਮਿਤੀ 01.06.2015 ਨੂੰ ਸਬ ਰਜਿਸਟਰਾਰ, ਲੁਧਿਆਣਾ (ਕੇਂਦਰੀ) ਦੇ ਦਫ਼ਤਰ ਨਾਲ ਰਜਿਸਟਰਡ ਵਿਕਰੀ ਡੀਡ ਦੇ ਆਧਾਰ 'ਤੇ, ਸ਼੍ਰੀਮਤੀ ਰੇਣੂ ਸ਼ਰਮਾ ਪਤਨੀ ਪ੍ਰਵੀਨ ਕੁਮਾਰ ਦੀ ਜਾਇਦਾਦ ਪਿੰਡ ਗਿੱਲ ਨੰਬਰ 2, ਹਦਬਸਤ ਨੰਬਰ 263, ਪਿੰਡ ਗਿੱਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨੰਬਰ 2 ਵਿਖੇ ਸਥਿਤ ਸਾਲ 2010-2011 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 1593, 1617, 1552, 1554,1556,1555, 1594,1616,1596,1597, 1595, ਖਾਤਾ ਨੰਬਰ 1958/2601,2602, 1964/2611, 1965/2612, 1966/2613, 1975/2622, 2623, 1995/2643, 2004/2653, 12995/1/12644 ਵਿੱਚ ਸ਼ਾਮਲ 55.55 ਵਰਗ ਗਜ਼ ਦੀ ਅਚੱਲ ਜਾਇਦਾਦ / ਪਲਾਟ ਦੇ ਸਾਰੇ ਭਾਗ ਅਤੇ ਹਿੱਸੇ। ਹੱਦਾਂ: ਪੂਰਬ-ਗੁਆਂਢੀ (20'), ਪੱਛਮ - ਗਲੀ 18' ਚੌੜੀ (20'), ਉੱਤਰ-ਗੁਆਂਢੀ (25'), ਦੱਖਣੀ-ਗੁਆਂਢੀ (25')। **ਕਬਜ਼ੇ ਦੀ ਕਿਸਮ: ਸੰਕੇਤਕ** | Rs. 9,80,000/-<br>Rs. 98,000/-<br>Rs. 10,000/- |
| 11. | **ਜਗਰਾਓਂ \|-8954546896** **ਸਵ. ਸ਼੍ਰੀ ਜਗਰਾਜ ਸਿੰਘ ਪੁੱਤਰ ਗੰਗਾ ਸਿੰਘ (ਕਾਨੂੰਨੀ ਵਾਰਸਾਂ ਰਾਹੀਂ), 1. ਸੁਖਵਿੰਦਰ ਕੌਰ ਪੁੱਤਰੀ ਜਗਰਾਜ ਸਿੰਘ**, ਮਕਾਨ ਨੰ. 2396/1, ਮੁਹੱਲਾ ਮਾਈ ਜੀਨਾ, ਵਾਰਡ ਨੰ. -4, ਕੁਸ਼ਠਾ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਤਹਿਸੀਲ ਜਗਰਾਉਂ, ਲੁਧਿਆਣਾ-142026 (ਪੰਜਾਬ), 2. **ਲਖਵੀਰ ਸਿੰਘ ਪੁੱਤਰ ਸਵਰਗੀ ਜਗਰਾਜ ਸਿੰਘ**, ਮਕਾਨ ਨੰ. 2396/1, ਮੁਹੱਲਾ ਮਾਈ ਜੀਨਾ, ਵਾਰਡ ਨੰ. -4, ਕੁਸ਼ਠਾ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਤਹਿਸੀਲ ਜਗਰਾਉਂ, ਲੁਧਿਆਣਾ-142026 (ਪੰਜਾਬ) 3. **ਸਤਨਾਮ ਸਿੰਘ ਪੁੱਤਰ ਸਵਰਗੀ ਜਗਰਾਜ ਸਿੰਘ**, ਮਕਾਨ ਨੰ. 2396/1, ਮੁਹੱਲਾ ਮਾਈ ਜੀਨਾ, ਵਾਰਡ ਨੰ-4, ਕੁਸ਼ਠਾ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਤਹਿਸੀਲ ਜਗਰਾਉਂ, ਲੁਧਿਆਣਾ-142026 (ਪੰਜਾਬ), 4. **ਮਨਿੰਦਰ ਕੌਰ ਪਤਨੀ ਬਲਦੇਵ ਸਿੰਘ**, ਪਿੰਡ ਅਤੇ ਡਾਕਖਾਨਾ ਲਲਹੇੜੀ, ਤਹਿਸੀਲ ਅਤੇ ਜ਼ਿਲ੍ਹਾ ਖੰਨਾ,**ਜ਼ਾਮਨ: ਜਸਵੰਤ ਸਿੰਘ ਪੁੱਤਰ ਸੁਖਦੇਵ ਸਿੰਘ, ਮਕਾਨ** ਨੰ. 240/5, ਪ੍ਰਤਾਪ ਨਗਰ, ਵਾਰਡ ਨੰ: 14, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ | Rs. 7,39,155.49 **30.09.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ।** | ਵਿਕਰੀ ਡੀਡ ਨੰ. 5959 ਮਿਤੀ 25.03.2011 ਅਧੀਨ ਸਵ. ਸ੍ਰੀ ਜਗਰਾਜ ਸਿੰਘ ਸਪੁੱਤਰ ਸ੍ਰੀ ਗੰਗਾ ਸਿੰਘ ਦੇ ਨਾਮ 'ਤੇ ਕੁਸ਼ਟ ਆਸ਼ਰਮ ਰੋਡ, ਨੇੜੇ ਖਾਲਸਾ ਸਕੂਲ, ਜਗਰਾਓਂ-142026, ਜ਼ਿਲ੍ਹਾ ਲੁਧਿਆਣਾ ਵਿਖੇ ਜਮ੍ਹਾਂਬੰਦੀ ਸਾਲ 2009-2010 ਅਨੁਸਾਰ ਖੇਵਟ/ਖਤੌਨੀ ਨੰ. 876/912 ਅਧੀਨ ਹੱਦਬਸਤ ਨੰ. 126, ਮਕਾਨ ਨੰ. 2396/33, ਪੈਮਾਇਸ਼ 179 ਵਰਗ ਗਜ਼ (0 ਕੇ-4-2/3 ਐਮ ਯਾਨੀ ਜ਼ਮੀਨ 12 ਕੇ-17 ਐਮ ਦਾ 14/771ਵਾਂ ਹਿੱਸਾ) ਰੈਕਟ ਨੰ. 191, ਕਿੱਲਾ ਨੰ. 18 (3-17), 19 (9-0) ਵਾਲਾ ਰਿਹਾਇਸ਼ੀ ਮਕਾਨ। **ਹੱਦਬੰਦੀ: ਉੱਤਰ**: ਗੁਆਂਢੀ ਦੀ ਸੰਪੱਤੀ (37 ਫੁੱਟ-6 ਇੰਚ), **ਪੱਛਮ**: ਗੁਆਂਢੀ ਦੀ ਸੰਪੱਤੀ (30 ਫੁੱਟ-6 ਇੰਚ), **ਪੂਰਬ**: ਗੁਆਂਢੀ ਦੀ ਸੰਪੱਤੀ (41 ਫੁੱਟ), **ਦੱਖਣ**: ਰਸਤਾ (25 ਫੁੱਟ-06 ਇੰਚ)। **ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ।** | Rs. 10,10,000/-<br>Rs. 1,01,000/-<br>Rs. 10,000/- |
| 12. | **ਸੈਕਟਰ 32, ਲੁਧਿਆਣਾ.- 87553 88135** **ਸ਼੍ਰੀਮਤੀ ਮਮਤਾ ਰਾਏ** ਸੁਪਤਨੀ ਵਿਕਾਸ ਰਾਏ, ਮਕਾਨ ਨੰ. 198127, ਗਲੀ ਨੰ. 16, ਗੁਰੂ ਗੋਬਿੰਦ ਸਿੰਘ ਨਗਰ, ਸ਼ਿਮਲਾਪੁਰੀ, ਲੁਧਿਆਣਾ, ਪੰਜਾਬ-141008, **ਜ਼ਾਮਨ: ਕਮਲਾ ਰਾਏ** ਸੁਪਤਨੀ ਸੋਹਣ ਲਾਲ, ਮਕਾਨ ਨੰ. 198127, ਗਲੀ ਨੰ. 16, ਗੁਰੂ ਗੋਬਿੰਦ ਸਿੰਘ ਨਗਰ, ਸ਼ਿਮਲਾਪੁਰੀ, ਲੁਧਿਆਣਾ, ਪੰਜਾਬ-141008 | Rs. 12,73,952.90 **30.09.2024 ਨੂੰ ਜਮ੍ਹਾਂ ਵਿਆਜ ਅਤੇ ਹੋਰ ਖਰਚੇ।** | ਸ਼੍ਰੀਮਤੀ ਕਮਲਾ ਰਾਏ ਸੁਪਤਨੀ ਸ਼੍ਰੀ ਸੋਹਣ ਰਾਏ ਦੇ ਨਾਮ 'ਤੇ ਐਮਸੀ ਨੰਬਰ ਬੀ-1-1981/27, ਗਲੀ ਨੰ. 16, ਗੁਰੂ ਗੋਬਿੰਦ ਸਿੰਘ ਨਗਰ, ਬਰੋਟਾ ਰੋਡ, ਸ਼ਿਮਲਾਪੁਰੀ, ਗਿੱਲ ਨੰ. 2, ਲੁਧਿਆਣਾ ਵਿਖੇ ਸਥਿਤ 125 ਵਰਗ ਗਜ਼ ਮਾਪ ਵਾਲੀ ਰਿਹਾਇਸ਼ੀ ਜ਼ਮੀਨ ਅਤੇ ਇਮਾਰਤ ਅਤੇ **ਹੱਦਬੰਦੀ : ਪੂਰਬ** : ਹੋਰ ਦੀ ਸੰਪੱਤੀ, **ਪੱਛਮ** : ਗਲੀ ਨੰ. 16, **ਉਤਰ** : ਸ੍ਰੀ ਚੰਦਰ ਮੋਹਨ, **ਦੱਖਣ** : ਸ੍ਰੀ ਰਤਨ ਸਿੰਘ। **ਕਬਜ਼ੇ ਦੀ ਕਿਸਮ : ਸੰਕੇਤਕ**। | Rs. 16,20,000/-<br>Rs. 1,62,000/-<br>Rs. 15,000/- |
| 13. | **ਸੈਕਟਰ 32, ਲੁਧਿਆਣਾ.- 87553 88135** **ਕਰਜ਼ਦਾਰ**: ਮੈਸ. ਭਾਮੀਆਂ ਬਿਲਡਿੰਗ ਮਟੀਰੀਅਲ ਸਟੋਰ ਪ੍ਰੋਪ ਸ. ਧਰਮਪਾਲ ਸਿੰਘ ਪੁੱਤਰ ਮਨਸਾ ਸਿੰਘ, ਭਾਮੀਆਂ ਰੋਡ, ਸਰਕਾਰੀ ਸਕੂਲ ਨੇੜੇ, ਪਲਾਟ ਨੰ 206, ਭਾਮੀਆਂ ਕਲਾਂ ਲੁਧਿਆਣਾ, ਸ੍ਰੀ ਧਰਮਪਾਲ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਪਿੰਡ ਭਾਮੀਆਂ ਕਲਾਂ, ਪਾਣੀ ਦੀ ਟੈਂਕੀ ਨੇੜੇ, ਤਾਜਪੁਰ ਰੋਡ ਲੁਧਿਆਣਾ। **ਜ਼ਾਮਨ**: ਸ. ਜਸਪਾਲ ਸਿੰਘ ਪੁੱਤਰ ਮਨਸਾ ਸਿੰਘ ਵਾਸੀ ਪਿੰਡ ਭਾਮੀਆਂ ਕਲਾਂ, ਪਾਣੀ ਦੀ ਟੈਂਕੀ ਨੇੜੇ, ਤਾਜਪੁਰ ਰੋਡ ਲੁਧਿਆਣਾ। | Rs. 15,11,844.91 30.06.2024 **ਦੇ ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਖਰਚੇ।** | ਵਿਕਰੀ ਡੀਡ 779 ਮਿਤੀ 19.04.2001 ਦੇ ਅਧੀਨ ਸ੍ਰੀ ਧਰਮਪਾਲ ਸਿੰਘ ਪੁੱਤਰ ਮਨਸਾ ਸਿੰਘ ਦੇ ਨਾਮ 'ਤੇ ਖਾਤਾ ਖਤੌਨੀ ਨੰਬਰ 203/248, 251/298, 274/323, 324, 303/341, 342, 303/341, 342, 16333, 323, 324, 303/341, 342, 303/341 /400, 401 ਸਾਲ 1983-84, 1988-89, 1993-94, 1998-99, 2003-04 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 40//25/7-8, 47//5/7-8 ਵਿੱਚ ਸ਼ਾਮਲ ਹੈ। ਮਿਤੀ 18.07.2016 ਅਤੇ ਸਾਲ 2008-09 ਦੀ ਜਮਾਂਬੰਦੀ ਮਿਤੀ 11.05.2017 ਨੂੰ ਕ੍ਰਮਵਾਰ ਪਿੰਡ ਭਾਮੀਆਂ ਕਲਾਂ, ਤਹਿਸੀਲ ਲੁਧਿਆਣਾ ਵਿਖੇ ਸਥਿਤ ਹੈ।ਪੂਰਬੀ, ਜ਼ਿਲ੍ਹਾ ਲੁਧਿਆਣਾ ਦੇ ਅਨੁਸਾਰ ਅਤੇ **ਹੱਦਬੰਦੀ**: ਪੂਰਬ-ਸਟ੍ਰੀਟ, ਪੱਛਮ: ਗੁਆਂਢੀ, ਉੱਤਰ: ਗਲੀ, ਦੱਖਣ : ਗੁਆਂਢੀ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 18,00,000/-<br>Rs. 1,80,000/-<br>Rs. 20,000/- |
| 14. | **ਸੈਕਟਰ 32, ਲੁਧਿਆਣਾ - 87553 88135** ਕਰਜ਼ਦਾਰ:- ਮੈਸ. ਖੁਸ਼ ਗਾਰਮੈਂਟਸ ਪ੍ਰੋਪ ਸ੍ਰੀ ਸਾਬੀ ਸਿੰਘ, ਹਰਵਿੰਦਰ ਨਗਰ, ਬਹਾਦਰ ਕੇ ਰੋਡ, ਲੁਧਿਆਣਾ ਪੰਜਾਬ। ਸ੍ਰੀ ਸੱਬੀ ਸਿੰਘ ਪੁੱਤਰ ਅਨੋਖ ਸਿੰਘ, ਮਕਾਨ ਨੰ: 755 (ਨਵਾਂ) ਪਲਾਟ ਨੰ: 60 ਮਿਨ ਗਲੀ ਨੰ: 1, ਸਰੂਪ ਨਗਰ, ਲੁਧਿਆਣਾ। ਜ਼ਾਮਨ:- ਸ਼੍ਰੀਮਤੀ ਕੁਲਜੀਤ ਕੌਰ ਪਤਨੀ ਸ੍ਰੀ ਸਾਬੀ ਸਿੰਘ, ਮਕਾਨ ਨੰ: 755 (ਨਵਾਂ) ਪਲਾਟ ਨੰ: 60 ਮਿਨ ਗਲੀ ਨੰ: 1, ਸਰੂਪ ਨਗਰ, ਲੁਧਿਆਣਾ। ਸ੍ਰੀ ਅਨੋਖ ਸਿੰਘ ਪੁੱਤਰ ਸ੍ਰੀ ਆਤਮਾ ਸਿੰਘ, ਮਕਾਨ ਨੰ: 755 (ਨਵਾਂ) ਪਲਾਟ ਨੰ: 60 ਮਿਨ ਗਲੀ ਨੰ: 1, ਸਰੂਪ ਨਗਰ, ਲੁਧਿਆਣਾ। | Rs. 11,33,157.65 30.06.2024 **ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਬਣਦੇ ਖਰਚੇ।** | ਵਿਕਰੀ ਡੀਡ ਨੰ: 37502 ਮਿਤੀ 14.02.1995 ਅਤੇ ਅਸਲ ਵਿਕਰੀ ਡੀਡ ਨੰ: 37810 ਮਿਤੀ 14.02.1995 ਦੇ ਅਧੀਨ ਸ਼੍ਰੀ ਅਨੋਖ ਸਿੰਘ ਪੁੱਤਰ ਆਤਮਾ ਸਿੰਘ ਦੇ ਨਾਮ 'ਤੇ ਪਲਾਟ ਨੰਬਰ 60 'ਤੇ ਬਣਿਆ ਰਿਹਾਇਸ਼ੀ ਘਰ 150.00 ਵਰਗ ਗਜ਼ ਦੇ ਕੁੱਲ ਖੇਤਰ ਵਿੱਚੋਂ 26K-10M ਖਾਤਾ ਖਟੌਨੀ ਨੰਬਰ 458/483, 468/494, 578/594, 615/632 ਨਵੇਂ, 684/7070, 684/7070 ਵਿੱਚ ਨਵਾਂ ਨੰਬਰ 25//11/1/2(4-5), 20(8-0), 11/2(3-1), 12/1(2-2), 26//15/2/1(1 -0), 26/2(7-5), 17/2(0-18) ਸਾਲ 1987-88, 1992-93, 1997-98, 2002-03 ਮਿਤੀ 18-05-2016 ਅਤੇ 20 ਲਈ ਜਮ੍ਹਾਂਬੰਦੀ ਅਨੁਸਾਰ -04-2017 ਅਤੇ ਸਾਲ 2007-08 ਲਈ ਜਮ੍ਹਾਂਬੰਦੀ ਲਈ ਮਿਤੀ 16-05-2017 ਅਤੇ 06-06-2017 ਪਿੰਡ ਜੱਸੀਆਂ ਵਿਖੇ ਸਥਿਤ ਅਤੇ ਹੱਦਬੰਦੀ: ਈਸਟ-ਸਟ੍ਰੀਟ, ਵੈਸਟ-ਨੇਬਰ, ਉੱਤਰ-ਜਰਨੈਲ ਸਿੰਘ, ਦੱਖਣ- ਪਲਾਟ ਨੰਬਰ 59।**ਕਬਜ਼ੇ ਦੀ ਕਿਸਮ: ਸੰਕੇਤਕ** | Rs. 38,30,000/-<br>Rs. 3,83,000/-<br>Rs. 40,000/- |
| 15. | **ਸੈਕਟਰ 32, ਲੁਧਿਆਣਾ .- 87553 88135** **ਕਰਜ਼ਦਾਰ: 1.ਮੈਸ. ਆਰਕੇ ਇੰਡਸਟਰੀਜ਼ ਪ੍ਰੋਪਰਾਈਟਰ ਸ੍ਰੀ ਰਾਕੇਸ਼ ਕੁਮਾਰ**, ਰਜਿ. ਵਪਾਰਕ ਪਤਾ 3553, ਓਪ. ਟਰਾਂਸਪੋਰਟ ਨਗਰ, ਹੀਰਾ ਨਗਰ, ਲੁਧਿਆਣਾ 141003. 2. ਰਾਕੇਸ਼ ਕੁਮਾਰ ਪੁੱਤਰ ਤਿਲਕ ਕੁਮਾਰ, (i) ਮਕਾਨ ਨੰ .ਈ 10/830, ਸ਼ਨੀ ਦੇਵ ਮੰਦਰ ਨੇੜੇ, ਬਸੰਤ ਵਿਹਾਰ, ਨੂਰਵਾਲਾ, ਲੁਧਿਆਣਾ, ਪੰਜਾਬ 141008. (ii) ਬੀ-XXX -1137/21-ਏ//7, ਗਲੀ ਨੰ 3, ਅਬਾਦੀ ਬਾਬਾ ਨਾਮ ਦੇਵ ਕਾਲੋਨੀ, ਪਿੰਡ ਜਗੀਰਪੁਰ, ਟਿੱਬਾ ਰੋਡ ਪੁਲਿਸ ਚੌਂਕ ਨੇੜੇ, ਭਾਈ ਦਇਆ ਸਿੰਘ ਚੈਰੀਟੇਬਲ ਹਸਪਤਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, **ਜ਼ਾਮਨ:- ਸ਼੍ਰੀਮਤੀ ਨੇਹਾ ਸ਼ਰਮਾ ਸੁਪਤਨੀ ਰਾਕੇਸ਼ ਕੁਮਾਰ**, ਮਕਾਨ ਨੰ: 5-14 830 ਨੇੜੇ ਸ਼ਨੀ ਦੇਵ ਮੰਦਰ, ਬਸੰਤ ਵਿਹਾਰ ਨੂਰਵਾਲਾ, ਲੁਧਿਆਣਾ, ਪੰਜਾਬ 141008 | Rs. 24,21,048.37 30.06.2024 **ਅਨੁਸਾਰ ਜਮ੍ਹਾਂ ਵਿਆਜ ਅਤੇ ਹੋਰ ਬਣਦੇ ਖਰਚੇ।** | ਰਿਹਾਇਸ਼ੀ ਪਲਾਟ/ਮਕਾਨ: 2-XXX9-1137/21ਏ//7 ਗਲੀ ਨੰ 3, ਅਬਾਦੀ ਬਾਬਾ ਨਾਮ ਦੇਵ ਕਾਲੋਨੀ, ਪਿੰਡ ਜਗੀਰਪੁਰ ਟਿੱਬਾ ਰੋਡ/ਪੁਲਿਸ ਚੌਂਕੀ ਨੇੜੇ/ਭਾਈ ਦਇਆ ਸਿੰਘ ਚੈਰੀਟੇਬਲ ਹਸਪਤਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪਲਾਟ ਏਰੀਆ 104.00 ਵਰਗ ਗਜ਼ ਸਿੰਗਲ ਸਟੋਰੀ ਬਿਲਡਿੰਗ ਦਾ ਨਿਰਮਾਣ ਸ੍ਰੀ ਰਾਕੇਸ਼ ਕੁਮਾਰ ਦੇ ਨਾਮ 'ਤੇ ਕੀਤਾ ਗਿਆ ਹੈ। ਪੂਰਬੀ-ਗੁਆਂਢੀ 37 ਫੁੱਟ, ਪੱਛਮੀ-ਗੁਆਂਢੀ 37 ਫੁੱਟ, ਉੱਤਰ-ਗੁਆਂਢੀ 25 ਫੁੱਟ, ਦੱਖਣੀ-ਗਲੀ 18 ਫੁੱਟ ਚੌੜੀ।**ਕਬਜ਼ੇ ਦੀ ਕਿਸਮ: ਸੰਕੇਤਕ** | Rs. 16,30,000/-<br>Rs. 1,63,000/-<br>Rs. 15,000/- |

**ਨਿਯਮ ਅਤੇ ਸ਼ਰਤਾਂ:**

ਵਿਕਰੀ SARFAESIACT ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:

1. ਜਾਇਦਾਦਾਂ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਅਤੇ ਜੋ ਵੀ ਉਥੇ ਹੈ ਦੇ ਆਧਾਰ 'ਤੇ ਵੇਚੀਆਂ ਜਾ ਰਹੀਆਂ ਹਨ।
2. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ।
3. ਵਿਕਰੀ ਅਧਿਕਾਰਤ ਅਧਿਕਾਰੀ ਦੁਆਰਾ https://baanknet.com ਵੈੱਬਸਾਈਟ 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 30.05.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 5.00 ਵਜੇ ਦੇ ਵਿਚਕਾਰ ਕੀਤੀ ਜਾਵੇਗੀ। ਉਪਰੋਕਤ ਜਾਇਦਾਦਾਂ ਸੰਬੰਧੀ ਕਿਸੇ ਵੀ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ ਸਬੰਧਤ ਸ਼ਾਖਾ ਪ੍ਰਬੰਧਕ। 4. ਵਿਕਰੀ ਦੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ।
5. ਬੈਂਕ, ਸੁਰੱਖਿਅਤ ਲੈਣਦਾਰ, ਬਿਨਾਂ ਕੋਈ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਸਵੀਕਾਰ/ਅਸਵੀਕਾਰ ਕਰਨ ਜਾਂ ਵਿਕਰੀ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।
6. ਰਜਿਸਟ੍ਰੇਸ਼ਨ ਅਤੇ ਲੌਗਇਨ ਅਤੇ ਬੋਲੀ ਨਿਯਮਾਂ ਲਈ https://www.unionbankofindia.co.in/auction-property/view-auction-property.aspx ਅਤੇ www.unionbankofindia.co.in ਲੌਗਇਨ ਅਤੇ ਰਜਿਸਟ੍ਰੇਸ਼ਨ ਲਈ ਖਰੀਦਦਾਰ ਗਾਈਡ 'ਤੇ ਜਾਓ।

**ਇਸਨੂੰ ਉਪਰੋਕਤ ਕਰਜ਼ੇ ਦੇ ਕਰਜ਼ਦਾਰ/ਜ਼ਾਮਨਾਂ/ਗਿਰਵੀਕਾਰਾਂ ਨੂੰ ਉਪਰੋਕਤ ਦੱਸੀ ਗਈ ਮਿਤੀ 'ਤੇ ਈ-ਨਿਲਾਮੀ ਵਿਕਰੀ ਰੱਖਣ ਬਾਰੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮ 8 (6), ਨਿਯਮ 9(1) ਦੇ ਤਹਿਤ 15 ਦਿਨਾਂ ਦੇ ਨੋਟਿਸ ਵਜੋਂ ਵੀ ਮੰਨਿਆ ਜਾ ਸਕਦਾ ਹੈ।**

**ਸੰਪੱਤੀਆਂ ਦੇ ਵੇਰਵੇ ਲਈ ਇਛੁੱਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।**

ਮਿਤੀ : 13.05.2025
ਸਥਾਨ : ਲੁਧਿਆਣਾ

ਅਧਿਕਾਰਤ ਅਧਿਕਾਰੀ
ਯੂਨੀਅਨ ਬੈਂਕ ਆਫ ਇੰਡੀਆ



ਰੋਜ਼ਾਨਾ ਚੜ੍ਹਦੀਕਲਾ
# ਸਿਹਤ ਖ਼ਬਰਨਾਮਾ



## ਫ਼ਲਾਂ ਦਾ ਜੂਸ ਬਿਮਾਰੀਆਂ ਤੋਂ ਰੱਖੇਗਾ ਦੂਰ

ਸਿਹਤ ਲਈ ਫਲਾਂ ਦਾ ਰਸ ਬਹੁਤ ਹੀ ਲਾਭਦਾਇਕ ਹੁੰਦਾ ਹੈ। ਇਸ ਹਕੀਕਤ ਤੋਂ ਸਾਰੇ ਚੰਗੀ ਤਰ੍ਹਾਂ ਜਾਣੂ ਹਨ। ਅਮਰੀਕਾ ਦੇ ਵਿਗਿਆਨੀਆਂ ਨੇ ਹੁਣੇ ਜਹੇ ਜਿਹੜੀ ਖੋਜ ਕੀਤੀ ਹੈ, ਉਸ ਵਿਚ ਉਨ੍ਹਾਂ ਨੇ ਵੱਖ-ਵੱਖ ਫਲਾਂ ਦੇ ਜੂਸਾਂ ਦੀਆਂ ਵਿਸ਼ੇਸ਼ਤਾਵਾਂ ਦਸੀਆਂ ਹਨ।



**ਗਾਜਰ ਦਾ ਜੂਸ** : ਨੀਊ ਕੈਸਲ ਯੂਨੀਵਰਸਟੀ ਦੇ ਖੋਜਕਾਰਾਂ ਅਨੁਸਾਰ ਗਾਜਰ, ਕੈਂਸਰ ਤੋਂ ਬਚਾਅ ਸਕਦੀ ਹੈ। ਇਸ ਵਿਚ ਫ਼ੈਲਕੇਰੀਨਾਲ ਨਾਂ ਦਾ ਤੱਤ ਕੋਲੋਨ ਕੈਂਸਰ ਦੀ ਸੰਭਾਵਨਾ ਨੂੰ ਰੋਕਦਾ ਹੈ। ਇਹ ਸਰੀਰ ਵਿਚ ਬੀਮਾਰੀਆਂ ਨੂੰ ਰੋਕਣ ਦੀ ਸਮਰੱਥਾ ਵਧਾਉਂਦਾ ਹੈ ਅਤੇ ਅੱਖਾਂ ਲਈ ਵੀ ਗੁਣਕਾਰੀ ਹੈ। ਇਸ ਵਿਚ ਵਿਟਾਮਿਨ 'ਏ' ਅਤੇ 'ਸੀ' ਹੁੰਦੇ ਹਨ।

**ਸੇਬ ਦਾ ਜੂਸ** : ਇਹ ਜੂਸ ਅਸੇਟਾਲਕੋਲੀਨ ਨਾਂ ਦੇ ਬਰੇਨ ਕੈਮੀਕਲ ਨੂੰ ਬਰਕਰਾਰ ਰੱਖਣ ਵਿਚ ਸਹਾਇਕ ਹੁੰਦਾ ਹੈ। ਇਹ ਯਾਦ-ਸ਼ਕਤੀ ਨੂੰ ਤੇਜ਼ ਕਰਦਾ ਹੈ ਅਤੇ ਦਿਮਾਗ਼ ਦੀ ਕਾਰਜ-ਪ੍ਰਣਾਲੀ ਨੂੰ ਵੀ ਸਹੀ ਰਖਦਾ ਹੈ। ਚੂਹਿਆਂ 'ਤੇ ਕੀਤੀ ਖੋਜ ਤੋਂ ਪਤਾ ਲੱਗਾ ਹੈ ਕਿ ਇਸ ਨਾਲ ਭੁੱਲਣ ਦੀ ਬੀਮਾਰੀ ਦੀ ਸੰਭਾਵਨਾ ਵੀ ਘਟਦੀ ਹੈ। ਰੋਜ਼ਾਨਾ ਦੋ ਗਲਾਸ ਸੇਬ ਦਾ ਜੂਸ (500 ਐਮ.ਐਲ.) ਪੀਣਾ ਸਿਹਤ ਲਈ ਲਾਭਕਾਰੀ ਹੁੰਦਾ ਹੈ। ਇਸ ਵਿਚਲੇ ਫ਼ਾਈਬਰ, ਕੋਲੇਸਟ੍ਰੋਲ ਦੇ ਪੱਧਰ 'ਤੇ ਕੰਟਰੋਲ ਰਖਦੇ ਹਨ।

**ਨਾਰੀਅਲ ਪਾਣੀ** : ਇਸ ਨੂੰ ਨੈਚੁਰਲ ਸਪੋਰਟਸ ਡਰਿੰਕ ਵੀ ਕਹਿੰਦੇ ਹਨ। ਕੰਮ ਦੀ ਥਕਾਵਟ ਪਿੱਛੋਂ ਨਾਰੀਅਲ ਪੀਣਾ ਐਨਰਜੀ ਡਰਿੰਕ ਦੇ ਬਰਾਬਰ ਹੈ। ਸਖ਼ਤ ਮਿਹਨਤ ਕਾਰਨ ਪਸੀਨੇ ਦੀ ਵਧੇਰੇ ਮਾਤਰਾ ਨਾਲ ਸਰੀਰ ਵਿਚ ਹੋਣ ਵਾਲੀ ਕਮੀ ਨੂੰ ਵੀ ਇਹ ਦੂਰ ਕਰਦਾ ਹੈ।

**ਅਨਾਰ ਦਾ ਜੂਸ** : ਅਨਾਰ ਵਿਚ ਸ਼ਾਮਲ ਰਸਾਇਣ, ਸਰੀਰ ਦੀਆਂ ਕੋਸ਼ਿਕਾਵਾਂ ਨੂੰ ਹਰ ਤਰ੍ਹਾਂ ਦੇ ਨੁਕਸਾਨ ਤੋਂ ਬਚਾਉਂਦੇ ਹਨ। ਅਨਾਰ ਦਾ ਜੂਸ ਕੈਂਸਰ-ਗ੍ਰਸਤ ਕੋਸ਼ਿਕਾਵਾਂ ਨੂੰ ਨਸ਼ਟ ਕਰਦਾ ਹੈ। ਇਹ ਕੈਂਸਰ ਦੇ ਮਰੀਜ਼ਾਂ ਲਈ ਬਹੁਤ ਲਾਭਦਾਇਕ ਹੈ। ਦਿਲ ਦੇ ਰੋਗਾਂ ਤੋਂ ਬਚਣ ਲਈ ਵੀ ਇਹ ਬਹੁਤ ਉਪਯੋਗੀ ਸਮਝਿਆ ਜਾਂਦਾ ਹੈ।

**ਸੰਤਰੇ ਦਾ ਰਸ** : ਇਸ ਨਾਲ ਦਿਲ ਦੇ ਰੋਗਾਂ ਦੀ ਸੰਭਾਵਨਾ ਘਟਦੀ ਹੈ। ਅਮਰੀਕੀ ਖੋਜੀਆਂ ਅਨੁਸਾਰ ਜਿਹੜੇ ਲੋਕ ਰੋਜ਼ਾਨਾ 500 ਐਮ.ਐਲ. ਸੰਤਰੇ ਦਾ ਜੂਸ ਪੀਂਦੇ ਹਨ, ਉਨ੍ਹਾਂ ਦੇ ਸਰੀਰ ਵਿਚ 292 ਐਮ.ਜੀ. ਹੇਸਪੇਰੀਡਿਨ ਮਿਲਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ।

# ਖ਼ਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਅਪ੍ਰੀਲੀਆ ਵਿਖੇ ਸਜਾਇਆ ਨਗਰ ਕੀਰਤਨ

ਰੋਮ ਇਟਲੀ, 12 ਮਈ (ਗੁਰਸ਼ਰਨ ਸਿੰਘ ਸੋਨੀ) : ਇਟਲੀ ਵਿੱਚ ਇਹਨੀਂ ਦਿਨੀਂ ਖਾਲਸਾ ਸਿਰਜਣਾ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਏ ਜਾ ਰਹੇ ਹਨ। ਦਸ਼ਮੇਸ਼ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਿਰਪਾ ਸਦਕਾ ਅਮਰੀਕਾ,ਕਨੇਡਾ ਅਤੇ ਇੰਗਲੈਂਡ ਤੋਂ ਬਾਅਦ ਇਟਲੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਫੁਲਵਾੜੀ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਇਟਲੀ ਦੇ ਵੱਖ ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸਾਹਿਬਾਨਾਂ ਦੀ ਸਥਾਪਨਾ ਹੋ ਚੁੱਕੀ ਹੈ। ਜਿੱਥੇ ਗੁਰਪੁਰਬ ਅਤੇ ਹੋਰ ਵਿਸ਼ੇਸ਼ ਦਿਹਾੜੇ ਬਹੁਤ ਹੀ ਸ਼ਰਧਾ ਨਾਲ ਮਨਾਏ ਜਾਂਦੇ ਹਨ। ਉੱਥੇ ਹੀ ਇਲਾਕਾ ਨਿਵਾਸੀ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਖਾਲਸੇ ਦੇ ਸਿਰਜਣਾ ਦਿਹਾੜੇ ਅਤੇ ਵਿਸਾਖੀ ਦਾ ਇੰਤਜ਼ਾਰ ਰਹਿੰਦਾ ਹੈ । ਇਸ ਲੜੀ ਨੂੰ ਸਮਰਪਿਤ ਰਾਜਧਾਨੀ ਰੋਮ ਦੇ ਨਜ਼ਦੀਕ ਤੇ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਗੁਰਦੁਆਰਾ ਬਾਬਾ ਦੀਪ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵੱਲੋਂ ਸਮੂਹ



ਸੰਗਤਾਂ ਦੇ ਸਹਿਯੋਗ ਨਾਲ ਅਲੌਕਿਕ ਵਿਸ਼ਾਲ ਨਗਰ ਕੀਰਤਨ ਸਜਾਏ ਗਏ।ਇਸ ਮੌਕੇ ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਤੋਂ ਪੰਜ ਨਿਸ਼ਾਨਚੀ ਸਿੰਘਾਂ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਅਤੇ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਚਾਲੇ ਪਾਏ ਗਏ ।ਜਿਸ ਪਾਰਕ ਵਾਲੀ ਜਗ੍ਹਾ ਤੋ ਨਗਰ ਕੀਰਤਨ ਦੀ ਆਰੰਭਤਾ ਹੋਣੀ ਸੀ ।ਪਾਰਕੋ ਮਿੱਲੈ ਪਾਰਕ ਪਹੁੰਚਣ ਉਪਰੰਤ ਪੜਾਅ ਸਜਾਏ ਗਏ ਤੇ ਇਸ ਮੌਕੇ ਭਾਈ ਮੰਗਲਜੀਤ ਸਿੰਘ ਤੇ ਭਾਈ ਗੁਰਭੇਜ ਸਿੰਘ ਅੰਨਦਪੁਰੀ ਦੇ ਢਾਡੀ ਜੱਥੇ ਤੇ ਕੀਰਤਨੀ ਜਥਿਆਂ ਵੱਲੋਂ ਖ਼ਾਲਸਾ ਸਾਜਨਾ ਦਿਹਾੜੇ ਦਾ ਇਤਿਹਾਸ ਸੰਗਤਾਂ ਨੂੰ ਜੋਸ਼ੀਲੇ ਅੰਦਾਜ਼ ਵਿੱਚ ਸੁਣਾ ਕੇ ਨਿਹਾਲ ਕੀਤਾ ਗਿਆ ਤੇ ਗੱਤਕੇ ਵਾਲੇ ਜਥੇ ਵੱਲੋਂ ਗੱਤਕੇ ਦੇ ਹੈਰਤ ਮਈ ਜੌਹਰ ਦਿਖਾਏ ਗਏ।ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੇਵਾਦਾਰਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਭਾਰਤੀਆਂ ਨੂੰ ਝਟਕਾ, ਯੂ.ਕੇ. ਵਿੱਚ ਇਮੀਗ੍ਰੇਸ਼ਨ ਨਿਯਮ ਹੋਏ ਸਖ਼ਤ

## ਡਾਕਟਰ, ਨਰਸਾਂ, ਇੰਜੀਨੀਅਰ ਅਤੇ ਏ.ਆਈ. ਪ੍ਰਤਿਭਾ ਦੀ ਭਰਤੀ ਨੂੰ ਤੇਜ਼ ਕਰੇਗਾ

ਲੰਡਨ, 12 ਮਈ (ਚ.ਨ.ਸ.) : ਯੂ.ਕੇ ਜਾਣ ਦੇ ਚਾਹਵਾਨ ਅਤੇ ਉੱਥੇ ਵਸਣ ਦਾ ਸੁਪਨਾ ਦੇਖਣ ਵਾਲੇ ਭਾਰਤੀਆਂ ਨੂੰ ਵੱਡਾ ਝਟਕਾ ਲੱਗਾ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਭਾਵ ਸੋਮਵਾਰ ਨੂੰ ਨਵੇਂ ਸਖ਼ਤ ਨੀਤੀਗਤ ਉਪਾਵਾਂ ਦਾ ਐਲਾਨ ਕੀਤਾ, ਜਿਸ ਵਿੱਚ ਨਾਗਰਿਕਤਾ ਦੀ ਇੱਛਾ ਰੱਖਣ ਵਾਲੇ ਪ੍ਰਵਾਸੀਆਂ ਲਈ ਉਡੀਕ ਸਮਾਂ ਪੰਜ ਸਾਲਾਂ ਤੋਂ ਵਧਾ ਕੇ 10 ਸਾਲ ਕਰਨਾ ਸ਼ਾਮਲ ਹੈ। ਇਸ ਕਦਮ ਦਾ ਉਦੇਸ਼ ਅਗਲੇ ਪੰਜ ਸਾਲਾਂ ਵਿੱਚ ਇਮੀਗ੍ਰੇਸ਼ਨ ਦੇ ਅੰਕੜਿਆਂ ਵਿੱਚ ਮਹੱਤਵਪੂਰਨ ਕਮੀ ਨੂੰ ਯਕੀਨੀ ਬਣਾਉਣਾ ਹੈ। ਸੰਸਦ ਵਿੱਚ ਇਮੀਗ੍ਰੇਸ਼ਨ ਤੇ ਲੇਬਰ ਸਰਕਾਰ ਦੇ ਬਹੁ-ਉਡੀਕ ਵਾਲੇ ਵ੍ਹਾਈਟ ਪੇਪਰ ਪੇਸ਼ ਕੀਤੇ ਜਾਣ ਤੋਂ ਪਹਿਲਾਂ ਡਾਊਨਿੰਗ ਸਟਰੀਟ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸਟਾਰਮਰ ਨੇ ਪਿਛਲੀ ਕੰਜ਼ਰਵੇਟਿਵ ਸਰਕਾਰ ਤੇ ਸਰਹੱਦਾਂ ਨੂੰ ਖੁੱਲ੍ਹਾ ਰੱਖਣ



ਦੀ ਨੀਤੀ ਦੀ ਵਰਤੋਂ ਕਰਕੇ ਗੜਬੜੀ ਕਰਨ ਦਾ ਦੋਸ਼ ਲਗਾਇਆ। ਸਟਾਰਮਰ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਸਖ਼ਤ ਉਪਾਅ ਇੱਕ ਇਮੀਗ੍ਰੇਸ਼ਨ ਪ੍ਰਣਾਲੀ ਬਣਾਉਣਗੇ ਜੋ ਨਿਯੰਤਰਿਤ, ਚੋਣਵੀਂ ਅਤੇ ਨਿਰਪੱਖ ਹੋਵੇਗੀ। ਸਟਾਰਮਰ ਮੁਤਾਬਕ,ਇਸ ਯੋਜਨਾ ਦਾ ਮਤਲਬ ਹੈ ਕਿ ਪ੍ਰਵਾਸ ਘਟੇਗਾ। ਵ੍ਹਾਈਟ ਪੇਪਰ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ, ਇਮੀਗ੍ਰੇਸ਼ਨ ਪ੍ਰਣਾਲੀ ਦੇ ਹਰ ਖੇਤਰ ਨੂੰ ਸਖ਼ਤ ਕੀਤਾ ਜਾਵੇਗਾ ਤਾਂ ਜੋ ਸਾਡਾ ਵਧੇਰੇ ਨਿਯੰਤਰਣ ਹੋਵੇ। ਨਿਰਪੱਖ ਨਿਯਮਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।ਨਵੀਂ ਪ੍ਰਣਾਲੀ ਪੰਜ ਸਾਲਾਂ ਤੋਂ ਬ੍ਰਿਟੇਨ ਵਿੱਚ ਰਹਿ ਰਹੇ ਭਾਰਤੀਆਂ ਸਮੇਤ ਕਿਸੇ ਵੀ ਵਿਅਕਤੀ ਲਈ ਆਟੋਮੈਟਿਕ ਸੈਟਲਮੈਂਟ ਅਤੇ ਨਾਗਰਿਕਤਾ ਦੀ ਮੌਜੂਦਾ ਵਿਵਸਥਾ ਨੂੰ ਖ਼ਤਮ ਕਰ ਦੇਵੇਗੀ। ਇਸ ਦੀ ਬਜਾਏ ਸਾਰੇ ਪ੍ਰਵਾਸੀਆਂ ਨੂੰ ਸਥਾਈ ਨਿਵਾਸ ਲਈ ਅਰਜ਼ੀ ਦੇਣ ਤੋਂ ਪਹਿਲਾਂ ਯੂ.ਕੇ ਵਿੱਚ ਇੱਕ ਦਹਾਕਾ ਬਿਤਾਉਣਾ ਹੋਵੇਗਾ ਜਦੋਂ ਤੱਕ ਕਿ ਉਹ ਅਰਥਵਿਵਸਥਾ ਅਤੇ ਸਮਾਜ ਵਿੱਚ ਸੱਚਾ ਅਤੇ ਸਥਾਈ ਯੋਗਦਾਨ ਨਹੀਂ ਦਿਖਾਉਂਦੇ। ਇਹ ਨਵਾਂ ਢਾਂਚਾ ਯੂ.ਕੇ ਦੀ ਆਰਥਿਕਤਾ ਵਿੱਚ ਯੋਗਦਾਨ ਪਾਉਣ ਵਾਲੇ ਉੱਚ ਹੁਨਰਮੰਦ ਅਤੇ ਮਹੱਤਵਪੂਰਨ ਲੋਕਾਂ ਜਿਵੇਂ ਕਿ ਡਾਕਟਰ, ਨਰਸਾਂ, ਇੰਜ਼ੀਨੀਅਰ ਅਤੇ ਏਆਈ ਪ੍ਰਤਿਭਾ ਦੀ ਭਰਤੀ ਨੂੰ ਤੇਜ਼ ਕਰੇਗਾ। ਡਾਊਨਿੰਗ ਸਟ੍ਰੀਟ ਨੇ ਕਿਹਾ ਕਿ ਨਵੇਂ ਨਿਯਮ ਅੰਗਰੇਜ਼ੀ ਦੇ ਉੱਚ ਮਿਆਰ ਨੂੰ ਯਕੀਨੀ ਬਣਾਉਣ ਲਈ ਹਰੇਕ ਇਮੀਗ੍ਰੇਸ਼ਨ ਰੂਟ ਤੇ ਭਾਸ਼ਾ ਦੀਆਂ ਜ਼ਰੂਰਤਾਂ ਨੂੰ ਵੀ ਸਖ਼ਤ ਕਰਨਗੇ।

# ਅਮਰੀਕਾ ਤੇ ਚੀਨ ਵਿਚਾਲੇ ਵਪਾਰ ਸਮਝੌਤੇ 'ਤੇ ਬਣੀ ਸਹਿਮਤੀ, ਦੋਵਾਂ ਦੇਸ਼ਾਂ ਨੇ ਟੈਰਿਫ਼ 'ਚ 115% ਕਟੌਤੀ ਦਾ ਕੀਤਾ ਐਲਾਨ

ਜੇਨੇਵਾ , 12 ਮਈ (ਚ.ਨ.ਸ.) : ਅਮਰੀਕਾ ਤੇ ਚੀਨ ਵਿਚ ਜੇਨੇਵਾ ਵਿਚ ਟ੍ਰੇਡ ਡੀਲ 'ਤੇ ਸਹਿਮਤੀ ਬਣ ਗਈ ਹੈ। ਦੋਵੇਂ ਦੇਸ਼ਾਂ ਨੇ ਟੈਰਿਫ ਵਿਚ 115% ਕਟੌਤੀ ਦਾ ਐਲਾਨ ਕੀਤਾ ਹੈ। ਦੋਵਾਂ ਦੇਸ਼ਾਂ ਵਿਚ ਹੋਏ ਸਮਝੌਤੇ ਮੁਤਾਬਕ ਅਮਰੀਕਾ ਚੀਨੀ ਸਾਮਾਨ 'ਤੇ 30% ਟੈਰਿਫ ਲਗਾਏਗਾ ਦੂਜੇ ਪਾਸੇ ਚੀਨ ਅਮਰੀਕੀ ਸਾਮਾਨ 'ਤੇ 10% ਟੈਰਿਫ ਲਗਾਏਗਾ।ਦੋਵੇਂ ਦੇਸ਼ਾਂ ਵਿਚ ਟੈਰਿਫ ਵਿਚ ਇਹ ਕਟੌਤੀ ਫਿਲਹਾਲ 90 ਦਿਨਾਂ ਲਈ ਹੋਈ ਹੈ। ਦੋ ਦਿਨਾਂ ਦੀ ਗੱਲਬਾਤ ਦੇ ਬਾਅਦ ਦੋਵੇਂ ਦੇਸ਼ਾਂ ਵਿਚ ਇਹ ਸਮਝੌਤਾ ਹੋਇਆ ਹੈ। ਚੀਨ ਨਾਲ ਚੱਲ ਰਹੇ ਟ੍ਰੇਡ ਵਾਰ ਵਿਚ ਇਸ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵੱਡੀ ਜਿੱਤ ਮੰਨਿਆ ਜਾ ਰਿਹਾ ਹੈ।ਵ੍ਹਾਈਟ ਹਾਊਸ ਨੇ 11 ਮਈ ਨੂੰ ਇਕ ਬਿਆਨ ਵਿਚ ਚੀਨ ਵਪਾਰ ਸਮਝੌਤੇ ਦਾ ਐਲਾਨ ਕੀਤਾ ਸੀ। ਹਾਲਾਂਕਿ ਵ੍ਹਾਈਟ ਹਾਊਸ ਨੇ ਉਦੋਂ ਇਸ ਦੀ ਜਾਣਕਾਰੀ ਨਹੀਂ ਦਿੱਤੀ ਸੀ। ਅਮਰੀਕੀ ਅਧਿਕਾਰੀਆਂ ਨੇ ਇਸ ਨੂੰ ਵਪਾਰ ਘਾਟਾ ਘੱਟ ਕਰਨ ਲਈ ਇਕ



ਡੀਲ ਦੱਸਿਆ ਜਦੋਂ ਕਿ ਚੀਨੀ ਅਧਿਕਾਰੀਆਂ ਨੇ ਕਿਹਾ ਕਿ ਦੋਵੇਂ ਪੱਖਾਂ ਵਿਚ ਸਹਿਮਤੀ ਬਣੀ ਹੈ ਤੇ ਨਵੇਂ ਸਿਰੇ ਤੋਂ ਆਰਥਿਕ ਗੱਲਬਾਤ ਸ਼ੁਰੂ ਕਰਨ 'ਤੇ ਸਹਿਮਤੀ ਹੋਈ ਹੈ।ਦੱਸ ਦੇਈਏ ਕਿ ਪਿਛਲੇ ਮਹੀਨੇ ਟਰੰਪ ਨੇ ਚੀਨੀ ਸਮਾਨ 'ਤੇ 145% ਟੈਰਿਫ ਲਗਾ ਦਿੱਤੇ ਸਨ ਜਿਸ ਦੇ ਬਦਲੇ ਚੀਨ ਨੇ ਵੀ ਅਮਰੀਕੀ ਸਾਮਾਨ 'ਤੇ 125% ਤੱਕ ਦਾ ਟੈਰਿਫ ਲਗਾ ਦਿੱਤਾ ਸੀ ਜਿਸ ਨਾਲ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿਚ ਸਾਲਾਨਾ 600 ਅਰਬ ਡਾਲਰ ਦਾ ਵਪਾਰ ਲਗਭਗ ਰੁਕ ਗਿਆ ਸੀ।

# ਵਿਰਾਟ ਕੋਹਲੀ ਨੇ ਟੈਸਟ ਕ੍ਰਿਕਟ ਤੋਂ ਲਿਆ ਸੰਨਿਆਸ

ਨਵੀਂ ਦਿੱਲੀ, 12 ਮਈ (ਚ.ਨ.ਸ.) : ਭਾਰਤੀ ਕ੍ਰਿਕਟ ਨੂੰ ਇੱਕ ਹਫ਼ਤੇ ਦੇ ਅੰਦਰ ਦੋ ਵੱਡੇ ਝਟਕੇ ਲੱਗੇ ਹਨ। ਰੋਹਿਤ ਸ਼ਰਮਾ ਤੋਂ ਬਾਅਦ ਹੁਣ ਵਿਰਾਟ ਕੋਹਲੀ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਸੋਮਵਾਰ ਨੂੰ ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਪੋਸਟ ਕਰਕੇ ਇਹ ਜਾਣਕਾਰੀ ਦਿੱਤੀ।ਪਿਛਲੇ ਕੁਝ ਦਿਨਾਂ ਤੋਂ ਮੀਡੀਆ ਵਿੱਚ ਇਹ ਚਰਚਾ ਸੀ ਕਿ ਕੋਹਲੀ ਨੇ ਬੀਸੀਸੀਆਈ ਨੂੰ ਆਪਣੀ ਸੰਨਿਆਸ ਬਾਰੇ ਸੂਚਿਤ ਕਰ ਦਿੱਤਾ ਹੈ, ਪਰ ਬੀਸੀਸੀਆਈ ਨੇ ਉਨ੍ਹਾਂ ਨੂੰ ਆਉਣ ਵਾਲੀ ਇੰਗਲੈਂਡ ਟੈਸਟ ਲੜੀ ਦੇ ਮੱਦੇਨਜ਼ਰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਸੀ।ਹਾਲਾਂਕਿ, ਕੋਹਲੀ ਨੇ ਟੈਸਟ ਤੋਂ ਸੰਨਿਆਸ ਲੈਣ ਦਾ ਫ਼ੈਸਲਾ ਕੀਤਾ। ਇਹ ਭਾਰਤ ਲਈ ਇੱਕ ਵੱਡਾ ਝਟਕਾ ਹੈ ਕਿਉਂਕਿ 8 ਮਈ ਨੂੰ ਨਿਯਮਤ ਕਪਤਾਨ ਰੋਹਿਤ ਨੇ ਵੀ ਟੈਸਟ ਤੋਂ ਸੰਨਿਆਸ ਲੈ ਲਿਆ ਸੀ। ਇੱਕ ਹਫ਼ਤੇ ਦੇ ਅੰਦਰ ਦੋ ਮਹਾਨ ਖਿਡਾਰੀਆਂ ਦੇ ਸੰਨਿਆਸ ਲੈਣ ਤੋਂ ਪ੍ਰਸ਼ੰਸਕ ਹੈਰਾਨ ਹਨ। ਇਸ ਦੇ ਨਾਲ ਹੀ ਭਾਰਤੀ ਟੈਸਟ ਕ੍ਰਿਕਟ ਦੇ ਇੱਕ ਅਧਿਆਏ ਦਾ ਅੰਤ ਹੋ ਗਿਆ। ਭਾਰਤ ਅਗਲੇ ਮਹੀਨੇ ਇੰਗਲੈਂਡ ਦਾ ਦੌਰਾ ਕਰਨ ਵਾਲਾ ਹੈ। ਇਸ ਸਮੇਂ ਦੌਰਾਨ ਟੀਮ ਪੰਜ ਮੈਚਾਂ ਦੀ ਟੈਸਟ ਲੜੀ ਖੇਡੇਗੀ।



# ਗਾਜ਼ਾ 'ਚ ਅਕਾਲ ਦਾ ਖ਼ਤਰਾ !

## ਲਗਭਗ ਪੰਜ ਲੱਖ ਫਲਸਤੀਨੀ ਨਾਗਰਿਕ ਭੁੱਖਮਰੀ ਦੇ ਵਿਨਾਸ਼ਕਾਰੀ ਕੰਢੇ 'ਤੇ

ਤੇਲ ਅਵੀਵ, 12 ਮਈ (ਚ.ਨ.ਸ.) : ਖੁਰਾਕ ਸੁਰੱਖਿਆ ਮਾਹਿਰਾਂ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਇਜ਼ਰਾਈਲ ਆਪਣੀ ਨਾਕਾਬੰਦੀ ਨਹੀਂ ਹਟਾਉਂਦਾ ਅਤੇ ਆਪਣੀ ਫੌਜੀ ਕਾਰਵਾਈ ਖਤਮ ਨਹੀਂ ਕਰਦਾ ਤਾਂ ਗਾਜ਼ਾ ਪੱਟੀ ਵਿੱਚ ਅਕਾਲ ਦਾ ਖ਼ਤਰਾ ਵੱਧ ਸਕਦਾ ਹੈ। ਭੁੱਖਮਰੀ ਦੇ ਸੰਕਟ ਦੀ ਗੰਭੀਰਤਾ ਤੇ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਅਥਾਰਟੀ, ਏਕੀਕ੍ਰਿਤ ਖੁਰਾਕ ਸੁਰੱਖਿਆ ਪੜਾਅ ਵਰਗੀਕਰਣ ਦੇ ਨਤੀਜਿਆਂ ਅਨੁਸਾਰ ਜਦੋਂ ਤੱਕ ਹਾਲਾਤ ਨਹੀਂ ਬਦਲਦੇ, ਉਦੋਂ ਤੱਕ ਅਕਾਲ ਪੈਣ ਦੀ ਸੰਭਾਵਨਾ ਸਭ ਤੋਂ ਵੱਧ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਗਭਗ ਪੰਜ ਲੱਖ



ਫਲਸਤੀਨੀ ਨਾਗਰਿਕ ਭੁੱਖਮਰੀ ਦੇ ਵਿਨਾਸ਼ਕਾਰੀ ਕੰਢੇ 'ਤੇ ਹਨ, ਜਦੋਂ ਕਿ ਹੋਰ 10 ਲੱਖ ਲੋਕ ਐਮਰਜੈਂਸੀ ਸਥਿਤੀ ਵਿੱਚ ਜੀਅ ਰਹੇ ਹਨ। ਇਜ਼ਰਾਈਲ ਨੇ ਪਿਛਲੇ 10 ਹਫ਼ਤਿਆਂ ਤੋਂ ਫਲਸਤੀਨੀ ਖੇਤਰ ਵਿੱਚ ਕਿਸੇ ਵੀ ਭੋਜਨ, ਆਸਰਾ, ਦਵਾਈ ਜਾਂ ਹੋਰ ਸਮਾਨ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ ਜਦੋਂ ਉਹ ਹਵਾਈ ਹਮਲੇ ਅਤੇ ਜ਼ਮੀਨੀ ਕਾਰਵਾਈ ਕਰਦਾ ਹੈ। ਗਾਜ਼ਾ ਦੀ ਲਗਭਗ 23 ਲੱਖ ਦੀ ਆਬਾਦੀ ਜਿਉਂਦੇ ਰਹਿਣ ਲਈ ਲਗਭਗ ਪੂਰੀ ਤਰ੍ਹਾਂ ਬਾਹਰੀ ਸਹਾਇਤਾ 'ਤੇ ਨਿਰਭਰ ਹੈ, ਕਿਉਂਕਿ ਇਜ਼ਰਾਈਲ ਦੀ 19 ਮਹੀਨਿਆਂ ਦੀ ਫੌਜੀ ਮੁਹਿੰਮ ਨੇ ਗਾਜ਼ਾ ਦੇ ਅੰਦਰ ਜ਼ਿਆਦਾਤਰ ਭੋਜਨ ਉਤਪਾਦਨ ਸਮਰੱਥਾ ਨੂੰ ਤਬਾਹ ਕਰ ਦਿੱਤਾ ਹੈ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਨੇ ਆਈਪੀਸੀ ਰਿਪੋਰਟ 'ਤੇ ਟਿੱਪਣੀ ਲਈ ਕੀਤੀ ਗਈ ਬੇਨਤੀ ਦਾ ਜਵਾਬ ਨਹੀਂ ਦਿੱਤਾ। ਫੌਜ ਨੇ ਕਿਹਾ ਹੈ ਕਿ ਦੋ ਮਹੀਨਿਆਂ ਦੀ ਜੰਗਬੰਦੀ ਦੌਰਾਨ ਗਾਜ਼ਾ ਵਿੱਚ ਕਾਫ਼ੀ ਸਹਾਇਤਾ ਪਹੁੰਚੀ, ਜਿਸ ਨੂੰ ਇਜ਼ਰਾਈਲ ਨੇ ਮਾਰਚ ਦੇ ਅੱਧ ਵਿੱਚ ਆਪਣਾ ਫੌਜੀ ਕਾਰਵਾਈ ਦੁਬਾਰਾ ਸ਼ੁਰੂ ਕਰਕੇ ਤੋੜ ਦਿੱਤਾ ਸੀ। ਇਜ਼ਰਾਈਲ ਦਾ ਕਹਿਣਾ ਹੈ ਕਿ ਇਸ ਨਾਕੇਬੰਦੀ ਦਾ ਉਦੇਸ਼ ਹਮਾਸ 'ਤੇ ਦਬਾਅ ਪਾਉਣਾ ਹੈ ਕਿ ਉਹ ਉਨ੍ਹਾਂ ਬੰਧਕਾਂ ਨੂੰ ਰਿਹਾਅ ਕਰੇ ਜੋ ਉਸ ਕੋਲ ਅਜੇ ਵੀ ਹਨ।

# ਕਰਿਸ਼ਮਾ ਸਾਨਿਲ ਨੇ ਐਥਲੈਟਿਕਸ ਵੁਮੈਂਸ ਗਾਲਾ ਦੇ ਜੈਵਲਿਨ ਥ੍ਰੋਅ ਮੁਕਾਬਲੇ ਵਿੱਚ ਜਿੱਤਿਆ ਸੋਨ ਤਮਗ਼ਾ

ਦੁਬਈ, 12 ਮਈ (ਚ.ਨ.ਸ.) : ਭਾਰਤ ਦੀ ਕਰਿਸ਼ਮਾ ਸਾਨਿਲ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਐਥਲੈਟਿਕਸ ਵੁਮੈਂਸ ਗਾਲਾ 2025 ਵਿੱਚ ਜੈਵਲਿਨ ਥ੍ਰੋਅ ਮੁਕਾਬਲੇ ਵਿੱਚ ਸੋਨ ਤਮਗ਼ਾ ਜਿੱਤਿਆ। ਇਸ ਦੌਰਾਨ, ਐਂਸੀ ਸੋਜਨ ਅਤੇ ਸ਼ੈਲੀ ਸਿੰਘ ਲੰਬੀ ਛਾਲ ਮੁਕਾਬਲੇ ਵਿੱਚ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ। ਐਤਵਾਰ ਨੂੰ ਮਦਰਜ਼ ਡੇਅ 'ਤੇ ਦੁਬਈ ਪੁਲਿਸ ਕਲੱਬ ਸਟੇਡੀਅਮ ਵਿੱਚ ਮੁਕਾਬਲਾ ਕਰਦੇ ਹੋਏ, 24 ਸਾਲਾ ਕਰਿਸ਼ਮਾ ਸਾਨਿਲ ਨੇ 53.33 ਮੀਟਰ ਦੀ ਕੋਸ਼ਿਸ਼ ਨਾਲ ਤਿੰਨਾਂ ਐਥਲੀਟਾਂ ਵਿੱਚ ਸਿਖਰਲਾ ਸਥਾਨ ਪ੍ਰਾਪਤ ਕੀਤਾ। ਯੂਏਈ ਦੀ ਅਲਿਆਜ਼ਿਆ ਤਾਰਿਕ 31.04 ਮੀਟਰ ਦੇ ਥਰੋਅ ਨਾਲ ਦੂਜੇ ਸਥਾਨ ਤੇ ਰਹੀ, ਜਦੋਂ ਕਿ ਭਾਰਤ ਦੀ ਹਰਸ਼ਿਤਾ ਸਹਿਰਾਵਤ 16.77 ਮੀਟਰ ਦੇ ਥਰੋਅ ਨਾਲ ਤੀਜੇ ਸਥਾਨ 'ਤੇ ਰਹੀ।



ਔਰਤਾਂ ਦੀ ਲੰਬੀ ਛਾਲ ਵਿੱਚ, ਏਸ਼ੀਆਈ ਖੇਡਾਂ ਦੀ ਚਾਂਦੀ ਦਾ ਤਮਗ਼ਾ ਜੇਤੂ ਭਾਰਤੀ ਅਥਲੀਟ ਐਂਸੀ ਸੋਜਨ 6.54 ਮੀਟਰ ਦੇ ਸੀਜ਼ਨ ਦੇ ਸਭ ਤੋਂ ਵਧੀਆ ਯਤਨ ਨਾਲ ਦੂਜੇ ਸਥਾਨ 'ਤੇ ਰਹੀ। ਭਾਰਤ ਦੀ ਸ਼ੈਲੀ ਸਿੰਘ ਨੇ 6.48 ਮੀਟਰ ਦੇ ਸਮੇਂ ਨਾਲ ਲੰਬੀ ਛਾਲ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਕਾਂਸੀ ਦਾ ਤਮਗ਼ਾ ਜਿੱਤਿਆ। ਇਸ ਮੁਕਾਬਲੇ ਵਿੱਚ ਅਰਬ ਖੇਡਾਂ ਦੀ ਚੈਂਪੀਅਨ ਇਸਰਾ ਓਵੈਸ ਨੇ 6.66 ਮੀਟਰ ਦੀ ਛਾਲ ਮਾਰ ਕੇ ਸੋਨ ਤਮਗ਼ਾ ਜਿੱਤਿਆ।

# ਰੂਸ ਦੀ ਸਾਜ਼ਿਸ਼ ਤੋਂ ਨਾਰਾਜ਼ ਪੋਲੈਂਡ ਨੇ ਕ੍ਰਾਕੋ 'ਚ ਰੂਸੀ ਕੌਂਸਲੇਟ ਬੰਦ

ਮਾਸਕੋ , 12 ਮਈ (ਚ.ਨ.ਸ.) : ਪੋਲੈਂਡ ਦੇ ਵਿਦੇਸ਼ ਮੰਤਰੀ ਰੋਡੇਕ ਸਿਕੋਰਸਕੀ ਨੇ ਸੋਮਵਾਰ ਨੂੰ ਕਿਹਾ ਕਿ ਉਹ ਦੱਖਣੀ ਸ਼ਹਿਰ ਕ੍ਰਾਕੋ 'ਚ ਰੂਸੀ ਕੌਂਸਲੇਟ ਨੂੰ ਬੰਦ ਕਰਨ ਦੇ ਆਦੇਸ਼ ਦੇ ਰਹੇ ਹਨ। ਇਸ ਤੋਂ ਪਹਿਲਾਂ, ਪੋਲਿਸ਼ ਅਧਿਕਾਰੀਆਂ ਨੇ ਕਿਹਾ ਸੀ ਕਿ ਪਿਛਲੇ ਸਾਲ ਵਾਰਸਾ ਵਿੱਚ ਇੱਕ ਵਪਾਰਕ ਕੇਂਦਰ ਨੂੰ ਤਬਾਹ ਕਰਨ ਵਾਲੀ ਅੱਗ ਲਈ ਰੂਸ ਜ਼ਿੰਮੇਵਾਰ ਹੈ।ਸਿਕੋਰਸਕੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਗੱਲ ਦੇ ਸਬੂਤਾਂ ਦੇ ਮੱਦੇਨਜ਼ਰ ਕਿ ਰੂਸੀ ਵਿਸ਼ੇਸ਼ ਸੇਵਾਵਾਂ ਨੇ ਮੈਰੀਵਿਲਸਕ ਸਟਰੀਟ ਤੇ ਸ਼ਾਪਿੰਗ ਸੈਂਟਰ ਦੇ ਖਿਲਾਫ ਸਾਜ਼ਿਸ਼ ਦੀ ਇੱਕ ਨਿੰਦਣਯੋਗ ਕਾਰਵਾਈ ਕੀਤੀ ਹੈ, ਮੈਂ ਕ੍ਰਾਕੋਵ ਵਿੱਚ ਰੂਸੀ ਸੰਘ ਦੇ ਕੌਂਸਲੇਟ ਦੇ ਸੰਚਾਲਨ ਲਈ ਆਪਣੀ ਸਹਿਮਤੀ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਮੈਰੀਵਿਲਸਕਾ 44 ਸ਼ਾਪਿੰਗ ਸੈਂਟਰ, ਜਿਸ ਵਿੱਚ ਲਗਭਗ 1,400 ਦੁਕਾਨਾਂ ਅਤੇ ਸੇਵਾ ਕੇਂਦਰ ਸਨ, ਨੂੰ 12 ਮਈ, 2024 ਨੂੰ ਅੱਗ ਲੱਗ ਗਈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਕਰੇਤਾ ਵੀਅਤਨਾਮ ਦੇ ਸਨ, ਅਤੇ ਇਹ ਘਟਨਾ ਵਾਰਸਾ ਵਿੱਚ ਵੀਅਤਨਾਮੀ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਲਈ ਇੱਕ ਦੁਖਾਂਤ ਸਾਬਤ ਹੋਈ।



# ਬੰਗਲਾਦੇਸ਼ ਦੇ ਖਿਡਾਰੀ ਰਿਸ਼ਾਦ ਹੁਸੈਨ ਨੇ ਕੀਤਾ ਖ਼ੁਲਾਸਾ

## ਮੈਂ ਕਦੇ ਦੁਬਾਰਾ ਪਾਕਿਸਤਾਨ ਵਿੱਚ ਖੇਡਣ ਨਹੀਂ ਜਾਵਾਂਗਾ: ਡੈਰਿਲ ਮਿਸ਼ੇਲ

ਯੂਏਈ, 12 ਮਈ (ਚ.ਨ.ਸ.) : ਭਾਰਤ-ਪਾਕਿਸਤਾਨ ਜੰਗ ਕਾਰਨ ਪਾਕਿਸਤਾਨ ਸੁਪਰ ਲੀਗ ਅਤੇ ਇੰਡੀਅਨ ਪ੍ਰੀਮੀਅਰ ਲੀਗ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਜਦੋਂ ਪੀਐਸਐਲ ਲਈ ਪਾਕਿਸਤਾਨ ਗਏ ਵਿਦੇਸ਼ੀ ਖਿਡਾਰੀ ਜੰਗ ਦੇ ਵਿਚਕਾਰ ਘਰ ਪਰਤ ਰਹੇ ਸਨ, ਤਾਂ ਬੰਗਲਾਦੇਸ਼ ਦੇ ਇੱਕ ਕ੍ਰਿਕਟਰ ਨੇ ਉਨ੍ਹਾਂ ਵਿਦੇਸ਼ੀ ਖਿਡਾਰੀਆਂ ਬਾਰੇ ਵੱਡਾ ਖੁਲਾਸਾ ਕੀਤਾ ਹੈ।ਪੀਐਸਐਲ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਤੋਂ ਬਾਅਦ, ਵਿਦੇਸ਼ੀ



ਖਿਡਾਰੀਆਂ ਨੂੰ ਯੂਏਈ ਲਿਜਾਇਆ ਗਿਆ, ਜਿੱਥੋਂ ਉਹ ਕਨੈਕਟਿੰਗ ਉਡਾਣਾਂ ਰਾਹੀਂ ਆਪਣੇ-ਆਪਣੇ ਦੇਸ਼ਾਂ ਲਈ ਰਵਾਨਾ ਹੋ ਗਏ। ਇਸ ਤੋਂ ਪਹਿਲਾਂ, ਬੰਗਲਾਦੇਸ਼ ਦੇ ਸਪਿਨਰ ਰਿਸ਼ਾਦ ਹੁਸੈਨ ਨੇ ਖੁਲਾਸਾ ਕੀਤਾ ਕਿ ਵਿਦੇਸ਼ੀ ਖਿਡਾਰੀ ਦੁਬਈ ਪਹੁੰਚਣ ਤੱਕ ਘਬਰਾਹਟ ਵਿੱਚ ਸਨ।ਨਿਊਜ਼ੀਲੈਂਡ ਦੇ ਆਲਰਾਊਂਡਰ ਡੈਰਿਲ ਮਿਸ਼ੇਲ ਨੇ ਕਦੇ ਵੀ ਕ੍ਰਿਕਟ ਖੇਡਣ ਲਈ ਪਾਕਿਸਤਾਨ ਵਾਪਸ ਨਾ ਆਉਣ ਦੀ ਸਹੁੰ ਖਾਧੂ, ਜਦੋਂ ਕਿ ਇੰਗਲੈਂਡ ਦੇ ਤੇਜ਼ ਗੇਂਦਬਾਜ਼ ਟੌਮ ਕੁਰਨ ਨੂੰ ਜਦੋਂ ਪਤਾ ਲੱਗਾ ਕਿ ਹਵਾਈ ਅੱਡਾ ਬੰਦ ਹੈ, ਤਾਂ ਉਹ ਬੱਚੇ ਵਾਂਗ ਰੋ ਪਏ।ਰਿਸ਼ਹਾਦ ਨੇ ਕਿਹਾ, ਸੈਮ ਬਿਲਿੰਗਸ, ਡੈਰਿਲ ਮਿਸ਼ੇਲ, ਕੁਸਲ ਪਰੇਰਾ, ਡੇਵਿਡ ਵੀਸ, ਟੌਮ ਕਰੇਨ ਵਰਗੇ ਵਿਦੇਸ਼ੀ ਖਿਡਾਰੀ ਬਹੁਤ ਡਰੇ ਹੋਏ ਸਨ।

# ਪੋਪ ਲੀਓ XIV ਨੇ ਜੇਲ੍ਹ 'ਚ ਬੰਦ ਪੱਤਰਕਾਰਾਂ ਪ੍ਰਤੀ ਜਤਾਈ ਇਕਜੁੱਟਤਾ

ਵੈਟੀਕਨ ਸਿਟੀ, 12 ਮਈ (ਚ.ਨ.ਸ.) : ਪੋਪ ਲਿਓ XIV ਨੇ ਸੋਮਵਾਰ ਨੂੰ ਜੇਲ੍ਹ ਵਿੱਚ ਬੰਦ ਪੱਤਰਕਾਰਾਂ ਪ੍ਰਤੀ ਇਕਜੁੱਟਤਾ ਪ੍ਰਗਟ ਕੀਤੀ ਅਤੇ ਸੁਤੰਤਰ ਭਾਸ਼ਣ ਅਤੇ ਪ੍ਰੈਸ ਦੇ ਕੀਮਤੀ ਤੋਹਫ਼ੇ ਨੂੰ ਬਰਕਰਾਰ ਰੱਖਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ। ਉਸਨੇ 6,000 ਪੱਤਰਕਾਰਾਂ ਨਾਲ ਗੱਲ ਕੀਤੀ ਜੋ ਪਹਿਲੇ ਅਮਰੀਕੀ ਪੋਪ ਵਜੋਂ ਉਸਦੀ ਚੋਣ ਦੀ ਰਿਪੋਰਟਿੰਗ ਕਰਨ ਲਈ ਰੋਮ ਆਏ ਸਨ। ਲੀਓ ਦਾ ਆਮ ਜਨਤਾ ਦੇ ਨੁਮਾਇੰਦਿਆਂ ਨਾਲ ਆਪਣੀ ਪਹਿਲੀ ਮੁਲਾਕਾਤ ਲਈ ਵੈਟੀਕਨ ਹਾਲ ਵਿੱਚ ਦਾਖਲ ਹੋਣ 'ਤੇ ਖੜ੍ਹੇ ਹੋ ਕੇ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਪਿਛਲੇ ਹਫ਼ਤੇ 24 ਘੰਟੇ ਚੱਲੀ ਕਾਨਫਰੰਸ ਵਿੱਚ ਚੁਣੇ ਗਏ 69 ਸਾਲਾ ਆਗਸਟੀਨੀਅਨ ਮਿਸ਼ਨਰੀ ਨੇ ਪੱਤਰਕਾਰਾਂ ਨੂੰ ਸ਼ਾਂਤੀ ਲਈ ਸ਼ਬਦਾਂ ਦੀ ਵਰਤੋਂ ਕਰਨ, ਯੁੱਧ ਨੂੰ ਰੱਦ ਕਰਨ ਅਤੇ ਹਾਸ਼ੀਏ ਤੇ ਧੱਕੇ ਗਏ ਲੋਕਾਂ ਲਈ ਆਵਾਜ਼ ਬਣਨ ਦਾ ਸੱਦਾ ਦਿੱਤਾ।



# ਉੱਤਰ-ਪੱਛਮੀ ਓਂਟਾਰੀਓ ਵਿੱਚ 1 ਲੱਖ 85 ਹਜ਼ਾਰ ਡਾਲਰ ਦੇ ਨਸ਼ੀਲੇ ਪਦਾਰਥਾਂ ਬਰਾਮਦ

ਓਂਟਾਰੀਓ, 12 ਮਈ (ਚ.ਨ.ਸ.) : ਓਂਟਾਰੀਓ ਵਿੱਚ ਦੋ ਮਹੀਨਿਆਂ ਦੀ ਜਾਂਚ ਤੋਂ ਬਾਅਦ ਕੋਕੀਨ, ਮੇਥਾਮਫੇਟਾਮਾਈਨ ਅਤੇ ਨੁਸਖ਼ੇ ਵਾਲੀਆਂ ਦਵਾਈਆਂ ਜ਼ਬਤ ਕਰਨ ਤੋਂ ਬਾਅਦ ਉੱਤਰੀ ਓਂਟਾਰੀਓ ਦੇ ਇੱਕ 64 ਸਾਲਾ ਵਿਅਕਤੀ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਲੱਗੇ ਹਨ। ਓਨਟਾਰੀਓ ਪ੍ਰੋਵਿੰਸ਼ੀਅਲ ਓਂਟਾਰੀਓ ਪੁਲਸ ਸੇਵਾ ਨੇ ਵਿਨੀਪੈਗ ਪੁਲਿਸ ਸੇਵਾ ਅਤੇ ਟ੍ਰੀਟੀ ਥ੍ਰੀ ਪੁਲਿਸ ਨਾਲ ਬੀਤੇ ਮਾਰਚ ਵਿੱਚ ਕੇਨੋਰਾ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਕਥਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਸ਼ੁਰੂ ਕੀਤੀ ਸੀ।6 ਮਈ ਨੂੰ, ਅਧਿਕਾਰੀਆਂ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਅਤੇ ਇੱਕ ਰਿਹਾਇਸ਼ ਅਤੇ ਵਾਹਨ ਦੇ ਸਰਚ ਵਾਰੰਟ ਜਾਰੀ ਕੀਤੇ। ਜਿਸ ਤੋਂ ਬਾਅਦ ਮੁਲਜ਼ਮ ਦੀ ਅਪਰਾਧ ਨਾਲ ਸਬੰਧਤ ਜਾਇਦਾਦ ਵੀ ਜ਼ਬਤ ਕੀਤੀ। ਪੁਲਿਸ



ਨੇ ਲਗਭਗ 370 ਗ੍ਰਾਮ ਸ਼ੱਕੀ ਕੋਕੀਨ, 350 ਗ੍ਰਾਮ ਸ਼ੱਕੀ ਮੇਥਾਮਫੇਟਾਮਾਈਨ, 235 ਸ਼ੱਕੀ ਆਕਸੀਕੋਡੋਨ ਗੋਲੀਆਂ, 3 ਹਜ਼ਾਰ ਸ਼ੱਕੀ ਹਾਈਡ੍ਰੋਮੋਰਫੋਨ ਗੋਲੀਆਂ ਅਤੇ 5,630 ਡਾਲਰ ਨਕਦ ਬਰਾਮਦ ਕੀਤੇ। ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਅਨੁਮਾਨਤ ਕੀਮਤ 1 ਲੱਖ 85 ਹਜ਼ਾਰ ਡਾਲਰ ਹੈ। ਮੁਲਜ਼ਮ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ।

# ਪੂਤਿਨ ਦੁਵੱਲੀ ਗੱਲਬਾਤ ਲਈ ਭਾਰਤ ਆਉਣਗੇ

ਮਾਸਕੋ, 12 ਮਈ (ਚ.ਨ.ਸ.) : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਟੈਲੀਫੋਨ 'ਤੇ ਗੱਲਬਾਤ ਕੀਤੀ। ਇਹ ਜਾਣਕਾਰੀ ਰੂਸੀ ਰਾਸ਼ਟਰਪਤੀ ਦੀ ਅਧਿਕਾਰਤ ਵੈੱਬਸਾਈਟ ਨੇ ਨਸ਼ਰ ਕੀਤੀ ਹੈ। ਦੋਵਾਂ ਆਗੂਆਂ ਨੇ ਰੂਸ-ਭਾਰਤ ਸਬੰਧਾਂ ਦੀ ਰਣਨੀਤਕ ਮਜ਼ਬੂਤੀ 'ਤੇ ਗੱਲ ਕੀਤੀ।ਰਾਸ਼ਟਰਪਤੀ ਪੂਤਿਨ ਨੇ ਪਹਿਲਗਾਮ ਵਿੱਚ ਹਾਲ ਹੀ ਵਿੱਚ ਹੋਏ ਅਤਿਵਾਦੀ ਹਮਲੇ ਉੱਤੇ ਆਪਣੀ ਸੰਵੇਦਨਾ ਨੂੰ ਦੁਹਰਾਇਆ ਅਤੇ ਦੋਵਾਂ ਧਿਰਾਂ ਨੇ ਅਤਿਵਾਦ ਦਾ ਮੁਕਾਬਲਾ ਕਰਨ ਵਿੱਚ ਨਿਰੰਤਰ ਸਹਿਯੋਗ ਦੀ ਤੁਰੰਤ ਲੋੜ ਉੱਤੇ ਜ਼ੋਰ ਦਿੱਤਾ।ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਪੂਤਿਨ ਅਤੇ ਰੂਸ ਦੇ ਲੋਕਾਂ ਨੂੰ ਦੂਜੇ ਵਿਸ਼ਵ ਯੁੱਧ ਵਿੱਚ ਜਿੱਤ ਦੀ 80ਵੀਂ ਵਰ੍ਹੇਗੰਢ 'ਤੇ ਵਧਾਈ ਦਿੱਤੀ। ਸ੍ਰੀ ਮੋਦੀ ਨੇ ਪੂਤਿਨ ਨੂੰ ਰਵਾਇਤੀ ਸਾਲਾਨਾ ਦੁਵੱਲੇ ਸੰਮੇਲਨ ਲਈ ਭਾਰਤ ਆਉਣ ਦਾ ਸੱਦਾ ਵੀ ਦਿੱਤਾ ਜਿਸ ਨੂੰ ਉਨ੍ਹਾਂ ਗਰਮਜੋਸ਼ੀ ਨਾਲ ਸਵੀਕਾਰ ਕੀਤਾ। ਜ਼ਿਕਰਯੋਗ ਹੈ ਕਿ ਦੂਜੇ ਵਿਸ਼ਵ ਯੁੱਧ (1941-45) ਵਿੱਚ ਸੋਵੀਅਤ ਲੋਕਾਂ ਦੀ ਜਿੱਤ ਦੀ 80ਵੀਂ ਵਰ੍ਹੇਗੰਢ ਮਨਾਉਣ ਲਈ ਮਾਸਕੋ ਵਿੱਚ 9 ਮਈ ਨੂੰ ਜਸ਼ਨ ਮਨਾਏ ਗਏ ਸਨ।



# ਚੰਡੀਗੜ੍ਹ ਦੀ ਧੀ ਸਬੀਨਾ ਦਾ ਕੈਨੇਡਾ ਵਿੱਚ ਸਨਮਾਨ

ਬਰੈਂਪਟਨ, 12 ਮਈ (ਚ.ਨ.ਸ.) : ਕੈਨੇਡਾ ਵਿੱਚ ਸੱਤ ਰੰਗ ਥੀਏਟਰ ਦੀ ਐਕਟਰ, ਡਾਇਰੈਕਟਰ ਅਤੇ ਰਾਈਟਰ ਸਬੀਨਾ ਸਿੰਘ ਦਾ ਸਥਾਨਕ ਸਰਕਾਰ ਵੱਲੋਂ ਸਨਮਾਨ ਕੀਤਾ ਗਿਆ ਹੈ। ਸਬੀਨਾ ਵੱਲੋਂ ਕੈਨੇਡਾ ਵਿੱਚ ਪੰਜਾਬੀਆਂ ਅਤੇ ਏਸ਼ਿਆਈ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪਿਛਲੇ ਇੱਕ ਦਹਾਕੇ ਤੋਂ ਨਾਟਕ ਖੇਡੇ ਜਾ ਰਹੇ ਹਨ।ਸਬੀਨਾ ਨੇ ਸੱਤ ਰੰਗ ਥੀਏਟਰ ਦੇ ਨਾਂ ਹੇਠ ਪੰਜਾਬੀ ਤੇ ਏਸ਼ਿਆਈ ਕਲਾਕਾਰਾਂ ਇੱਕ ਵੱਡਾ ਕਾਫ਼ਲਾ ਬਣਾਇਆ ਹੈ, ਜਿਸ ਵੱਲੋਂ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਨਾਟਕ ਖੇਡੇ ਜਾਂਦੇ ਹਨ। ਇਸ ਥੀਏਟਰ ਨੂੰ ਸਿਟੀ ਆਫ ਬਰੈਪਟਨ ਵੱਲੋਂ ਸਾਲਾਨਾ ਵੱਡੀ




ਰਾਸ਼ੀ ਗ੍ਰਾਂਟ ਵਜੋਂ ਦਿੱਤੀ ਜਾਂਦੀ ਹੈ। ਇਸ ਸੰਸਥਾ ਵੱਲੋਂ ਮੁੱਖ ਤੌਰ 'ਤੇ ਪੰਜਾਬੀ ਲਈ ਕੰਮ ਕੀਤਾ ਜਾ ਰਿਹਾ ਹੈ ਅਤੇ ਹੋਰ ਏਸ਼ਿਆਈ ਭਾਸ਼ਾਵਾਂ ਵਿਚ ਵੀ ਨਾਟਕ ਖੇਡੇ ਜਾਂਦੇ ਹਨ।ਬੀਤੇ ਦਿਨ ਗਰੁੱਪ ਦੀ ਐਕਟਰ ਡਾਇਰੈਕਟਰ ਸਬੀਨਾ ਸਿੰਘ ਨੂੰ ਸਿਟੀ ਆਫ ਬਰੈਪਟਨ ਵੱਲੋਂ ਰੋਜ਼ ਥੀਏਟਰ ਬਰੈਪਟਨ ਵਿਚ ਸਮਾਗਮ ਕਰਕੇ ਸਨਮਾਨਤ ਕੀਤਾ ਗਿਆ ਜੋ ਪੰਜਾਬੀ ਕਲਾ ਲਈ ਵੱਡੇ ਫ਼ਖਰ ਦੀ ਗੱਲ ਹੈ। ਸਬੀਨਾ ਚੰਡੀਗੜ੍ਹ ਤੋਂ ਸਾਬਕਾ ਡਿਪਟੀ ਡਾਇਰੈਕਟਰ ਚੰਚਲ ਸਿੰਘ ਦੀ ਧੀ ਹੈ, ਜਿਸ ਨੇ ਸੱਤ ਸਮੁੰਦਰ ਪਾਰ ਕੈਨੇਡਾ ਦੀ ਧਰਤੀ 'ਤੇ ਪੰਜਾਬੀ ਰੰਗਮੰਚ ਦੀ ਪਛਾਣ ਬਣਾਈ ਹੈ।

## ਜਨਮ ਦਿਨ ਮੁਬਾਰਕ



ਅੰਬਰਵੀਰ ਸਿੰਘ



ਮਨਜੀਤ ਕੌਰ



ਸੁਸ਼ੀਲ ਧੁੰਨਾ ਅਤੇ ਨੀਤੂ ਧੁੰਨਾ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ



ਸੁਨੀਲ ਨਾਹਰ ਅਤੇ ਹਰਜਿੰਦਰ ਨਾਹਰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

## ਸੰਤ ਬਾਬਾ ਅਮੀਰ ਸਿੰਘ ਵੱਲੋਂ ਕਾਨਫ਼ਰੰਸ ਦੀ ਸਫ਼ਲਤਾ 'ਚ ਸਹਿਯੋਗ ਦੇਣ ਬਦਲੇ ਸੰਗਤ ਦਾ ਧੰਨਵਾਦ



ਲੁਧਿਆਣਾ 12 ਮਈ (ਕਰਨੈਲ ਸਿੰਘ ਐੱਮ.ਏ.) ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਸਾਲਾਂ ਗੁਰਤਾਗੱਦੀ ਨੂੰ ਸਮਰਪਿਤ ਜਵੱਦੀ ਟਕਸਾਲ ਵੱਲੋਂ ਕਰਵਾਈ ਦੋ ਰੋਜ਼ਾ ਕਾਂਨਫਰੰਸ ਦੀ ਸਮਾਪਤੀ ਉਪਰੰਤ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਾਨ ਕੋਟ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਜੀ ਨੇ ਸਵੱਲੀ ਨਜ਼ਰ ਦੀ ਦ੍ਰਿਸ਼ਟੀ ਪਾ ਕੇ ਨਿਮਾਣਿਆਂ ਨੂੰ ਮਾਣ ਬਖਸ਼ਦਿਆਂ ਧਰਮ ਖੇਤਰ ਨਾਲ ਸੰਬੰਧਿਤ ਕਾਰਜ ਕਰਵਾ ਰਹੇ ਹਨ। ਉਨ੍ਹਾਂ ਕਾਨਫਰੰਸ ਸੰਬੰਧੀ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਕਾਨਫਰੰਸ ਤਿੰਨ ਦਿਨ ਲਈ ਉਲੀਕੀ ਗਈ ਸੀ, ਪਰ ਗੁਆਢੀ ਮੁਲਕ ਨਾਲ ਦੀ ਬਣੇ ਤਨਾਅ ਦੇ ਹਾਲਾਤਾਂ ਕਾਰਣ ਸਾਨੂੰ ਦੋ ਦਿਨਾਂ ਵਿੱਚ ਸੰਕੋਚਣਾ ਲਈ ਮਜਬੂਰ ਹੋਣਾ ਪਿਆ। ਬਾਬਾ ਜੀ ਨੇ ਦੱਸਿਆ ਕਿ ਅਤਿ ਹਗਾਮੀ ਹਾਲਾਤਾਂ ਦੇ ਬਾਵਜੂਦ, ਸੰਤ ਮਹਾਂਪੁਰਸਾਂ, ਯੂਨੀਵਰਸਿਟੀ ਦੇ ਮੌਜੂਦਾ ਤੇ ਸਾਬਕਾ ਵਾਈਸ ਚਾਂਸਲਰਾਂ, ਧਰਮ ਅਧਿਐਨ/ਖੋਜ ਖੇਤਰ ਨਾਲ ਸੰਬੰਧਿਤ ਵਿਦਵਾਨ ਡਾਕਟਰ, ਪ੍ਰੋਫੈਸਰ, ਰਿਸਰਚ ਸਕਾਲਰ ਸਾਹਿਬਾਨ ਆਦਿ ਅਹਿਮ ਸ਼ਖਸ਼ੀਅਤਾਂ ਨੇ ਦਿਲਚਸਪੀ ਨਾਲ ਉਚੇਚੇ ਤੌਰ ਤੇ ਸਮੂਲੀਅਤ ਕਰਕੇ ਕਾਨਫਰੰਸ ਦੀ ਸ਼ੋਭਾ ਵਧਾਈ। ਉਥੇ ਵੱਡੇ ਮਹਾਂਪੁਰਸ਼ਾਂ ਦੇ ਵੇਲੇ ਤੋਂ ਜਵੱਦੀ ਟਕਸਾਲ ਨਾਲ ਜੁੜੀਆਂ ਸੰਗਤਾਂ ਨੇ ਅਤੇ ਜਵੱਦੀ ਟਕਸਾਲ ਦੇ ਵਿਦਿਆਰਥੀਆਂ ਨੇ ਕਾਨਫਰੰਸ ਦੀ ਸਫਲਤਾ ਲਈ ਅਣਥੱਕ ਸੇਵਾਵਾਂ ਨਿਭਾਈਆਂ। ਬਾਬਾ ਜੀ ਨੇ ਸ਼ਹੀਦੀ ਕਾਨਫਰੰਸ ਦੀ ਸਫਲਤਾ ਲਈ ਸਹਿਯੋਗ ਨਿਭਾਉਣ ਵਾਲੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵੱਡੇ ਮਹਾਂਪੁਰਸ਼ਾਂ ਵੱਲੋਂ ਦਰਸਾਏ ਮਾਰਗ ਅਨੁਸਾਰ ਧਰਮ ਖੇਤਰ ਨਾਲ ਸੰਬੰਧਿਤ ਨਿਰੰਤਰ ਕਾਰਜਸ਼ੀਲ ਰਹਾਂਗੇ। ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ ਨੇ ਧਰਮ ਦੀ ਆਜ਼ਾਦੀ ਬਚਾਉਣ ਲਈ ਆਪਣੀ ਸ਼ਹੀਦੀ ਦਿੱਤੀ। ਇਹ ਵਰ੍ਹਾ ਉਨ੍ਹਾਂ ਦੀ ਸ਼ਹੀਦੀ ਦੇ 350 ਸਾਲਾ ਹੈ। ਇਸ ਲਈ ਦ੍ਰਿੜਤਾ ਨਾਲ ਪ੍ਰਣ ਕਰੀਏ ਕਿ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ਅਨੁਸਾਰ ਹੀ ਜੀਵਨ ਬਸਰ ਕਰੀਏ। ਏਧਰ-ਓਧਰ ਨਿਗ$ਹਾ ਵੀ ਮਾਰੀਏ ਕਿ ਕੋਈ ਸਿੱਖੀ ਤੋਂ ਦੂਰ ਨਾ ਜਾਵੇ, ਨਸ਼ਿਆਂ ਦੀ ਦਲ-ਦਲ 'ਚ ਨਾ ਫਸੇ।

# ਰੋਜ਼ ਗਾਰਡਨ ਤੇ ਜੋਗਰ ਪਾਰਕ ਵਿੱਚ ਪ੍ਰੋਗਰਾਮ ਕਰਵਾਉਣ 'ਤੇ ਨਿਗਮ ਨੂੰ ਦੇਣੀ ਹੋਵੇਗੀ ਫੀਸ

### ਸ਼ਹਿਰ ਦੀਆਂ ਮਾਰਕੀਟਾਂ, ਸੜਕਾਂ ਅਤੇ ਬਜ਼ਾਰਾਂ ਵਿੱਚ ਵੀ ਸਟਾਲ ਲਾਉਣ ਲਈ ਲੈਣੀ ਹੋਵੇਗੀ ਮਨਜ਼ੂਰੀ

ਬਠਿੰਡਾ, 12 ਮਈ (ਦੀਪਕ ਸ਼ਰਮਾ) :ਪਿਛਲੇ ਕੁਝ ਸਮੇਂ ਤੋਂ ਨਗਰ ਨਿਗਮ ਦੇ ਪਾਰਕਾਂ ਵਿੱਚ ਸਮਾਜਿਕ ਸੰਗਠਨਾਂ ਦੇ ਨਾਂਅ 'ਤੇ ਹੋ ਰਹੇ ਪ੍ਰਾਈਵੇਟ ਸਮਰੋਹਾਂ ਵਿੱਚ ਇਸ਼ਤਿਹਾਰਾਂ ਦੇ ਨਾਂਅ 'ਤੇ ਪੈਸੇ ਇਕੱਠੇ ਕਰਨ ਅਤੇ ਨਿਗਮ ਨੂੰ ਕਿਸੇ ਵੀ ਕਿਸਮ ਦੀ ਰਕਮ ਨਾ ਦੇਣ ਦੀਆਂ ਸ਼ਿਕਾਇਤਾਂ ਆ ਰਹੀਆਂ ਸਨ। ਇਸ ਦੇ ਮੱਦੇਨਜ਼ਰ ਹੁਣ ਨਗਰ ਨਿਗਮ ਨੇ ਫੈਸਲਾ ਕੀਤਾ ਹੈ ਕਿ ਨਿਗਮ ਦੇ ਅਧੀਨ ਆਉਣ ਵਾਲੇ ਪਾਰਕਾਂ — ਜਿਵੇਂ ਕਿ ਰੋਜ਼ ਗਾਰਡਨ, ਜੋਗਰ ਪਾਰਕ ਵਰਗੇ ਵੱਡੇ ਪਾਰਕਾਂ ਤੋਂ ਇਲਾਵਾ, ਸ਼ਹਿਰ ਦੀਆਂ ਸੜਕਾਂ, ਮਾਰਕੀਟਾਂ ਅਤੇ ਹੋਰ ਖੁੱਲ੍ਹੇ ਮੈਦਾਨਾਂ ਵਿੱਚ ਜੇ ਕੋਈ ਸੰਸਥਾ ਕੋਈ ਪ੍ਰੋਗਰਾਮ ਕਰਦੀ ਹੈ ਅਤੇ ਉਸ ਵਿੱਚ ਪ੍ਰਾਈਵੇਟ ਫਰਮਾਂ, ਕੰਪਨੀਆਂ ਜਾਂ ਸੰਸਥਾਵਾਂ ਦੇ ਇਸ਼ਤਿਹਾਰ ਜਾਂ ਸਟਾਲ ਲਗਦੇ ਹਨ, ਤਾਂ ਨਿਗਮ ਵੱਲੋਂ ਵੱਖ-ਵੱਖ ਦਰਾਂ ਅਨੁਸਾਰ ਫੀਸ ਵਸੂਲ ਕੀਤੀ ਜਾਵੇਗੀ।ਇਸ ਸਬੰਧੀ ਨਿਗਮ ਦੀ ਤਹਬਾਜ਼ਾਰੀ ਬ੍ਰਾਂਚ ਵੱਲੋਂ ਹਾਲ ਹੀ ਵਿੱਚ ਹੋਈ ਨਿਗਮ ਦੀ ਫਾਈਨੈਂਸ ਐਂਡ ਕਾਂਟ$ਰੈਕਟ ਕਮੇਟੀ ਦੀ ਮੀਟਿੰਗ ਵਿੱਚ ਇੱਕ ਪ੍ਰਸਤਾਵ ਰੱਖਿਆ ਗਿਆ ਸੀ। ਜਿਸ ਵਿੱਚ ਸਮਾਜਿਕ ਸੰਸਥਾਵਾਂ ਜਾਂ ਨਿੱਜੀ ਕੰਪਨੀਆਂ ਵੱਲੋਂ ਆਪਣੇ ਪਰਚਾਰ ਲਈ ਲਗਾਏ ਜਾਣ ਵਾਲੇ ਸਟਾਲ ਜਾਂ ਬੋਰਡਾਂ ਦੀ ਸਰਕਾਰੀ ਦਰ ਤੈਅ ਕੀਤੀ ਗਈ, ਤਾਂ ਜੋ ਉਨ੍ਹਾਂ ਦਰਾਂ ਦੇ ਆਧਾਰ 'ਤੇ ਫੀਸ ਵਸੂਲ ਕਰਕੇ ਸਰਕਾਰੀ ਰਸੀਦ ਜਾਰੀ ਕੀਤੀ ਜਾ ਸਕੇ। ਹਾਲਾਂਕਿ ਨਿਗਮ ਦੀ ਐਫਐਂਡਸੀਸੀ (6×33) ਕਮੇਟੀ ਨੇ ਇਹ ਮਾਮਲਾ ਨਿਗਮ ਦੀ ਆਮਦਨ ਨਾਲ ਜੁੜਿਆ ਹੋਣ ਕਰਕੇ ਪ੍ਰਸਤਾਵ ਨੂੰ ਮਨਜ਼ੂਰ ਕਰ ਲਿਆ ਹੈ ਅਤੇ ਇਸਨੂੰ ਤੁਰੰਤ ਅਸਰ ਨਾਲ ਲਾਗੂ ਕਰਨ ਦੀ ਹਿਦਾਇਤ ਦਿੱਤੀ ਗਈ ਹੈ। ਹੁਣ ਤੱਕ ਨਗਰ ਨਿਗਮ ਬਠਿੰਡਾ ਵੱਲੋਂ ਰੋਜ਼ ਗਾਰਡਨ ਅਤੇ ਜੋਗਰ ਪਾਰਕ ਵਿੱਚ ਕਿਸੇ ਵੀ ਕਿਸਮ ਦੇ ਸਮਾਜਿਕ ਜਾਂ ਹੋਰ ਕਾਰਜਕ੍ਰਮ ਕਰਵਾਉਣ ਲਈ ਕੋਈ ਵੀ ਫੀਸ ਨਹੀਂ ਲਈ ਜਾਂਦੀ ਸੀ।ਨਿਗਮ ਦੀ ਫਾਈਨੈਂਸ ਐਂਡ ਕਾਂਟ$ਰੈਕਟ ਕਮੇਟੀ ਨੂੰ ਤਹਬਾਜ਼ਾਰੀ ਬ੍ਰਾਂਚ ਵੱਲੋਂ ਦਿੱਤੀ ਗਈ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ਼ਤਿਹਾਰ ਸ਼ਾਖਾ ਵੱਲੋਂ ਸ਼ਹਿਰ ਦੇ ਵੱਖ-ਵੱਖ ਸਥਾਨਾਂ ਜਿਵੇਂ ਕਿ ਰੋਜ਼ ਗਾਰਡਨ, ਜੋਗਰ ਪਾਰਕ, ਦਾਦੀ-ਪੋਤੀ ਪਾਰਕ ਆਦਿ ਵਿੱਚ ਹੋਣ ਵਾਲੀਆਂ ਗਤਿਵਿਧੀਆਂ ਲਈ ਵੱਖ ਵੱਖ ਸੰਗਠਨਾਂ ਅਤੇ ਸੰਸਥਾਵਾਂ ਵੱਲੋਂ ਅਰਜ਼ੀਆਂ ਮਿਲ ਰਹੀਆਂ ਹਨ। ਇਨ੍ਹਾਂ ਸਥਾਨਾਂ ਵਿੱਚ ਮੈਡੀਕਲ ਜਾਂਚ ਸ਼ਿਵਿਰ, ਵਾਹਨ ਰੋਡ ਸ਼ੋਅ, ਮੈਰਾਥਨ ਦੌੜ, ਯੋਗਾ ਤੇ ਸਿਹਤ ਜਾਗਰੂਕਤਾ ਕਾਰਜਕ੍ਰਮ ਵਰਗੀਆਂ ਗਤਿਵਿਧੀਆਂ ਦਾ ਇਸ਼ਤਿਹਾਰ ਨਿੱਜੀ ਫਰਮਾਂ ਵੱਲੋਂ ਕੀਤਾ ਜਾਂਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਇਨ੍ਹਾਂ ਗਤਿਵਿਧੀਆਂ ਵਿੱਚ ਇਸ਼ਤਿਹਾਰਾਂ ਲਈ ਨਿਗਮ ਵੱਲੋਂ ਕੋਈ ਵੀ ਸ਼ੁਲਕ ਤੈਅ ਨਹੀਂ ਕੀਤਾ ਗਿਆ ਸੀ, ਕਿਉਂਕਿ ਸਰਕਾਰ ਵੱਲੋਂ ਅਜੇ ਤੱਕ ਕਿਸੇ ਵੀ ਨੀਤੀ ਜਾਂ ਨੋਟੀਫਿਕੇਸ਼ਨ ਰਾਹੀਂ ਇਹ ਦਰਾਂ ਤੈਅ ਨਹੀਂ ਕੀਤੀਆਂ ਗਈਆਂ। ਇਸ ਲਈ ਨਿਗਮ ਦੇ ਵਿੱਤੀਆ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਐਫਐਂਡਸੀਸੀ(6×33) ਕਮੇਟੀ ਨੇ ਇਨ੍ਹਾਂ ਗਤਿਵਿਧੀਆਂ ਦੀਆਂ ਦਰਾਂ ਤੈਅ ਕਰ ਦਿੱਤੀਆਂ ਹਨ।ਨਿਗਮ ਵੱਲੋਂ ਤੈਅ ਕੀਤੀਆਂ ਦਰਾਂ ਅਨੁਸਾਰ, ਸ਼ਹਿਰ ਦੀ ਕਿਸੇ ਵੀ ਸੜਕ, ਮਾਰਕੀਟ ਜਾਂ ਪਾਰਕ ਵਿੱਚ ਸਟਾਲ ਲਗਾ ਕੇ ਪਰਚਾਰ ਕਰਨ ਲਈ 10'⊘10' ਤੱਕ ਦੇ ਇਸ਼ਤਿਹਾਰੀ ਕੈਨੋਪੀ ਲਈ ਪ੍ਰਤੀ ਦਿਨ 2000 ਰੁਪਏ ਫੀਸ ਤੈਅ ਕੀਤੀ ਗਈ ਹੈ, ਜਦਕਿ 10'⊘10' ਤੋਂ ਵੱਧ ਮਾਪ ਵਾਲੀ ਕੈਨੋਪੀ ਦੀ ਫੀਸ 4000 ਰੁਪਏ ਪ੍ਰਤੀ ਦਿਨ ਹੋਵੇਗੀ। ਇਸੇ ਤਰ੍ਹਾਂ ਟੈਂਟ ਲਾਉਣ ਲਈ 20 ਰੁਪਏ ਪ੍ਰਤੀ ਵਰਗ ਫੁੱਟ, ਬੈਨਰ, ਹੋਰਡਿੰਗ, ਪੋਸਟਰ ਜਾਂ ਫਲੈਕਸ ਲਈ 10 ਰੁਪਏ ਪ੍ਰਤੀ ਵਰਗ ਫੁੱਟ, ਚਾਰ ਪਹੀਏ ਵਾਹਨ ਲਈ 2000 ਰੁਪਏ ਅਤੇ ਦੋ ਪਹੀਏ ਵਾਹਨ ਲਈ 300 ਰੁਪਏ ਪ੍ਰਤੀ ਵਾਹਨ ਫੀਸ ਵਸੂਲ ਕੀਤੀ ਜਾਵੇਗੀ।ਇਸ ਸਬੰਧੀ ਐਕਸੀਅਨ ਵੱਲੋਂ ਦਿੱਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਰੋਜ਼ ਗਾਰਡਨ, ਜੋਗਰ ਪਾਰਕ, ਦਾਦੀ-ਪੋਤੀ ਪਾਰਕ ਜਾਂ ਕਿਸੇ ਹੋਰ ਪਾਰਕ ਦੇ ਅੰਦਰ ਇਸ ਕਿਸਮ ਦੇ ਸਮਾਗਮਾਂ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇ। ਪ੍ਰਸਤਾਵਤ ਦਰਾਂ ਦੇ ਅਧਾਰ 'ਤੇ ਇਨ੍ਹਾਂ ਜਾਇਦਾਦਾਂ ਦੇ ਸੜਕ ਕੰਡਿਆਂ, ਪਾਰਕਿੰਗ ਜਾਂ ਵਪਾਰਿਕ ਖੇਤਰਾਂ ਵਿੱਚ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਹਾਲਾਂਕਿ ਜੇਕਰ ਕੋਈ ਜਾਗਰੂਕਤਾ ਮੁਹਿੰਮ, ਫੇਟਲ ਕੈਂਸਰ ਜਾਗਰੂਕਤਾ, ਮੈਡੀਕਲ ਜਾਂਚ ਸ਼ਿਵਿਰ, ਯੋਗਾ ਸ਼ਿਵਿਰ ਜਾਂ ਹੋਰ ਕਿਸੇ ਸਮਾਜਿਕ ਗਤਿਵਿਧੀ ਦੇ ਨਾਂਅ 'ਤੇ ਕਿਸੇ ਵੀ ਕਮਰਸ਼ੀਅਲ ਇਸ਼ਤਿਹਾਰ ਦਾ ਉਪਯੋਗ ਕਰਦਾ ਹੈ ਤਾਂ ਉਸਨੂੰ ਨਿਰਧਾਰਤ ਦਰ ਦੀ 10 ਗੁਣਾ ਫੀਸ ਦੇਣੀ ਹੋਵੇਗੀ।

## ਸਲਾਨਾ ਬਰਸੀ ਮੌਕੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



ਬਟਾਲਾ,12 ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਭਗਵਾਨ ਬਾਬਾ ਸ੍ਰੀ ਚੰਦ ਜੀ ਦੇ ਤਪੋ ਭੂਮੀ ਮੰਦਰ ਭਗਵਾਨ ਬਾਬਾ ਸ੍ਰੀ ਚੰਦ ਨਾਨਕ ਚੱਕ ਵਿਖੇ ਬ੍ਰਹਮਲੀਨ ਮਹੰਤ ਬਾਬਾ ਹਰੀ ਦਾਸ ਜੀ ਮਹੰਤ ਬਾਬਾ ਭਗਵਾਨ ਦਾਸ ਜੀ ਮਹੰਤ ਬਾਬਾ ਰਘੂਨਾਥ ਜੀ ਮਹੰਤ ਬਾਬਾ ਅਨੰਤਾ ਨੰਦ, ਮਹੰਤ ਤਿਲਕ ਦਾਸ ਜੀ ਦੀ ਬਰਸੀ ਸਮਾਗਮ ਕਰਵਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ ਉਪਰੰਤ ਧਾਰਮਿਕ ਸਮਾਗਮ ਕਰਵਾਏ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਗਿਆਨੀ ਹਰਪ੍ਰੀਤ ਸਿੰਘ ਭਾਲੋਵਾਲੀ ਵਾਲਿਆਂ ਵੱਲੋਂ ਬਾਣੀ ਅਤੇ ਬਾਬਾ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਵੈਲਫੇਅਰ ਸੁਸਾਇਟੀ ਪਿੰਡ ਗੁਜਰਪੁਰਾ ਤੇ ਐਨ ਆਰ ਆਈ ਨੌਜਵਾਨਾਂ ਵੀਰਾਂ ਵੱਲੋਂ ਸੰਤਾਂ ਦੀ ਬਰਸੀ ਨੂੰ ਮੁੱਖ ਰੱਖਦਿਆਂ ਹੋਇਆ ਪਿੰਡ ਗੁਜਰਪੁਰਾ ਦੀ ਸਾਧ ਸੰਗਤ ਵੱਲੋਂ ਨਾਨਕਚੱਕ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ, ਛੋਲੇ ਅਤੇ ਕੜਾਹ ਪ੍ਰਸ਼ਾਦ ਦਾ ਅਟੁੱਟ ਲੰਗਰ ਵਰਤਾਇਆ ਗਿਆ।ਜਿਸ ਦੀ ਆਰੰਭਤਾ ਭਗਵਾਨ ਬਾਬਾ ਸ੍ਰੀ ਚੰਦ ਮੰਦਰ ਨਾਨਕ ਚੱਕ ਦੇ ਗੱਦੀ ਨਸ਼ੀਨ ਮਹੰਤ ਹਰੀ ਕੁੰਭ ਜੀ ਵੱਲੋਂ ਕੀਤੀ ਗਈ। ਠੰਡੇ ਮਿੱਠੇ ਜਲ ਦੀ ਛਬੀਲ ਵਿੱਚ ਐਨਆਰਆਈ ਵੀਰ ਤੇ ਮੁੱਖ ਸੇਵਾਦਾਰਾਂ ਤੋਂ ਇਲਾਵਾ ਸਮੂਹ ਪਿੰਡ ਗੁਜਰਪੁਰਾ ਨੌਜਵਾਨ ਸਭਾ, ਗੁਰਲਾਲ ਸਿੰਘ, ਗੁਰਬੀਰ ਸਿੰਘ , ਮਲਕੀਤ ਸਿੰਘ, ਜਗਜੀਤ ਸਿੰਘ, ਭਵਨਦੀਪ ਸਿੰਘ, ਜਤਿੰਦਰ ਸਿੰਘ, ਜਗਰੂਪ ਸਿੰਘ, ਗੁਰਜੋਤ ਸਿੰਘ, ਕਰਨਦੀਪ ਸਿੰਘ, ਗੁਰਵਿੰਦਰ ਸਿੰਘ ਗੋਰਾ ਕਾਕੂ, ਪ੍ਰਿੰਸ, ਕ੍ਰਿਸ਼, ਜੈਦੀਪ ਸਿੰਘ, ਆਦਿ ਹਾਜ਼ਰ ਸਨ।

## ਏਐਸਆਈ ਕੁਲਬੀਰ ਰਾਜ ਨੇ ਸਿਵਲ ਹਸਪਤਾਲ ਚੌਕੀ ਦਾ ਚਾਰਜ ਸੰਭਾਲਿਆ



ਲੁਧਿਆਣਾ, 12 ਮਈ (ਕਰਨੈਲ ਸਿੰਘ ਐੱਮ.ਏ.): ਲੁਧਿਆਣਾ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਹਾਲ ਹੀ ਵਿੱਚ ਡਿਵੀਜ਼ਨ ਨੰਬਰ ਚਾਰ ਦੇ ਏਐਸਆਈ ਕੁਲਬੀਰ ਰਾਜ ਦੀ ਬਦਲੀ ਕਰ ਕੇ ਸਿਵਲ ਹਸਪਤਾਲ ਚੌਕੀ ਦਾ ਇੰਚਾਰਜ ਲਗਾਇਆ ਗਿਆ । ਗੱਲਬਾਤ ਕਰਦੇ ਹੋਏ ਚੌਕੀ ਇੰਚਾਰਜ ਕੁਲਬੀਰ ਰਾਜ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾ ਫਰਜ਼ ਲੋਕਾਂ ਦੀ ਸੁਰੱਖਿਆ ਨੂੰ ਪਹਿਲ ਦੇਣਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਡੀਜੀਪੀ ਪੰਜਾਬ ਅਤੇ ਸੀਪੀ ਲੁਧਿਆਣਾ ਦੇ ਹੁਕਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਅਪਰਾਧਿਕ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਦਾ ਸੁਨੇਹਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਵਿੱਚ ਕਿਸੇ ਵੀ ਤਰ੍ਹਾਂ ਦੀ ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸੁਨੇਹਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਹਸਪਤਾਲ ਏਰੀਏ ਦੇ ਵਿੱਚ ਗੰਦਗੀ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ



ਸ੍ਰੀ ਕੀਰਤਪੁਰ ਸਾਹਿਬ 12 ਮਈ (ਬੀ ਐਸ ਰਾਣਾ) ਰੇਲਵੇ ਪੁਲਿਸ ਨੂੰ ਰੇਲਵੇ ਸਟੇਸ਼ਨ ਸ੍ਰੀ ਕੀਰਤਪੁਰ ਸਾਹਿਬ ਦੇ ਮੁੱਖ ਗੇਟ ਦੇ ਨਜ਼ਦੀਕ ਤੋਂ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ ਹੈ।ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਜੀ.ਆਰ.ਪੀ. ਪੁਲਿਸ ਚੌਂਕੀ ਸ੍ਰੀ ਅਨੰਦਪੁਰ ਸਾਹਿਬ ਦੇ ਇੰਚਾਰਜ ਏ.ਐੱਸ.ਆਈ. ਜਗਜੀਤ ਸਿੰਘ ਨੇ ਦੱਸਿਆ ਕਿ ਐਤਵਾਰ ਨੂੰ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਰੇਲਵੇ ਸਟੇਸ਼ਨ ਸ੍ਰੀ ਕੀਰਤਪੁਰ ਸਾਹਿਬ ਦੇ ਮੁੱਖ ਗੇਟ ਦੇ ਨੇੜੇ ਇੱਕ ਅਣਪਛਾਤੇ ਨੌਜਵਾਨ ਦੀ ਲਾਸ਼ ਪਈ ਹੋਈ ਹੈ। ਜਿਸ ਤੋਂ ਬਾਅਦ ਉਹ ਆਪਣੀ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਦੀ ਮੌਤ ਕੁਦਰਤੀ ਤਰੀਕੇ ਨਾਲ ਹੋਈ ਜਾਪਦੀ ਹੈ। ਜਿਸ ਦੀ ਉਮਰ ਕਰੀਬ 30 ਤੋਂ 35 ਸਾਲ, ਸਿਰ ਤੋਂ ਮੋਨਾ, ਮੁੱਲਾ ਫੈਸ਼ਨ ਕੱਟਵੀਂ ਦਾੜ੍ਹੀ, ਮੁੱਛ ਰੱਖੀ ਹੋਈ ਹੈ ਉਹ ਤੋਂ ਨੌਜਵਾਨ ਦਾ ਰੰਗ ਸਾਂਵਲਾ, ਸਰੀਰ ਪਤਲਾ ਹੈ। ਅਤੇ ਸੱਜੀ ਅੱਖ ਤੋਂ ਥੋੜ੍ਹਾ ਉੱਪਰ ਪੁਰਾਣੀ ਸੱਟ ਦਾ ਨਿਸ਼ਾਨ ਹੈ। ਨੌਜਵਾਨ ਨੇ ਸਫੈਦ ਰੰਗ ਦੀ ਟੀ-ਸ਼ਰਟ ਅਤੇ ਕਾਲੇ ਰੰਗ ਦਾ ਲੋਅਰ ਪਾਇਆ ਹੋਇਆ ਹੈ।ਉਨ੍ਹਾਂ ਦੱਸਿਆ ਕਿ ਨੌਜਵਾਨ ਦੀ ਪਹਿਚਾਣ ਨਾ ਹੋਣ ਕਾਰਨ ਰੇਲਵੇ ਪੁਲਿਸ ਵੱਲੋਂ ਬੀਐਨਐਸ ਦੀ ਧਾਰਾ 194 ਦੇ ਤਹਿਤ ਕਾਰਵਾਈ ਕਰਕੇ ਹੋਏ ਲਾਸ਼ ਨੂੰ 72 ਘੰਟਿਆਂ ਦੀ ਸਨਾਖਤ ਲਈ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਮੁਰਦਾ ਘਰ 'ਚ ਰੱਖਵਾਇਆ ਗਿਆ ਹੈ। ਜੇਕਰ ਕਿਸੇ ਨੂੰ ਉਕਤ ਨੌਜਵਾਨ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਚੌਂਕੀ ਜੀਆਰਪੀ ਸ੍ਰੀ ਅਨੰਦਪੁਰ ਸਾਹਿਬ ਨਾਲ ਸੰਪਰਕ ਕਰ ਸਕਦਾ ਹੈ।

## ਨੈਸ਼ਨਲ ਖੇਡਾਂ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦਾ ਵਿਧਾਇਕ ਗਿਆਸਪੁਰਾ ਵੱਲੋਂ ਸਨਮਾਨ



ਪਾਇਲ ,12 ਮਈ (ਨਰਿੰਦਰ ਸ਼ਾਹਪੁਰ) : ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਬਾਬਾ ਜ਼ੋਰਾਵਰ ਸਿੰਘ ਬਾਬਾ ਫ਼ਤਿਹ ਸਿੰਘ ਸੀਨੀਅਰ ਸੈਕੰਡਰੀ ਸਕੂਲ ਮੰਜੀ ਸਾਹਿਬ ਕੋਟਾਂ ਦੇ ਨੈਸ਼ਨਲ ਖੇਡਾਂ ਵਿੱਚ ਅੰਡਰ-19 ਫੁੱਟਬਾਲ ਖੇਡਣ ਵਾਲੇ ਖਿਡਾਰੀ ਜਤਿੰਦਰ ਸਿੰਘ ਪੁੱਤਰ ਲਖਵੀਰ ਸਿੰਘ ਪਿੰਡ ਦਾਉਮਾਜਰਾ ਜਮਾਤ ਬਾਰਵੀਂ ਤੇ ਹਰਮਨਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ ਪਿੰਡ ਚੀਮਾ ਜਮਾਤ ਗਿਆਰ੍ਹਵੀਂ ਦਾ ਆਮ ਆਦਮੀ ਪਾਰਟੀ ਦੇ ਮੁੱਖ ਦਫ਼ਤਰ ਵਿਖੇ ਹਲਕਾ ਪਾਇਲ ਦੇ ਵਿਧਾਇਕ ਇੰਜ ਮਨਵਿੰਦਰ ਸਿੰਘ ਗਿਆਸਪੁਰਾ ਨੇ ਸਨਮਾਨ ਕੀਤਾ ਤੇ ਉਹਨਾਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਸ਼ੁਭਕਾਮਨਾਵਾਂ ਅਤੇ ਵਧਾਈ ਦਿੱਤੀ। ਇਸ ਸਮੇਂ ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਹਲਕਾ ਪਾਇਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਦੋਵੇ ਖ਼ ?ਡਾਰੀਆਂ ਨੇ ਜਿਥੇ ਸਕੂਲ, ਮਾਤਾ ਪਿਤਾ ਦਾ ਨਾਮ ਰੌਸਨ ਕੀਤਾ ਉੱਥੇ ਹਲਕੇ ਦੇ ਪਿੰਡਾਂ ਦਾਊਮਾਜਰਾ ਤੇ ਚੀਮਾ ਦਾ ਨਾਮ ਵੀ ਚਮਕਾਇਆ ਹੈ। ਉਹਨਾਂ ਕਿਹਾ ਕਿ ਉਹ ਇਹਨਾਂ ਖ਼ ?ਡਾਰੀਆਂ ਦੇ ਅੱਗੇ ਵਧਣ ਲਈ ਹਰ ਤਰਾ ਦੀ ਮੱਦਦ ਤੇ ਸਹਿਯੋਗ ਕਰਨਗੇ। ਇਸ ਮੌਕੇ ਮਨਜੀਤ ਸਿੰਘ ਪੀ ਏ, ਮੰਗਾ ਜਰਮਨ ਆਦਿ ਹਾਜਰ ਸਨ।

## ਡੇਂਗ-ਮਲੇਰੀਆ ਖ਼ਿਲਾਫ਼ ਸਿਹਤ ਵਿਭਾਗ ਨੇ ਕਸੀ ਕਮਰ



ਬਠਿੰਡਾ, 12 ਮਈ (ਦੀਪਕ ਸ਼ਰਮਾ) :ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਤੇ ਡਾ ਰਮਨਦੀਪ ਸਿੰਗਲਾ ਕਾਰਜਕਾਰੀ ਸਿਵਲ ਸਰਜਨ ਬਠਿੰਡਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ ਊਸ਼ਾ ਗੋਇਲ ਦੀ ਅਗਵਾਈ ਹੇਠ ਡੇਂਗੂ ਅਤੇ ਮਲੇਰੀਆ ਬੁਖਾਰ ਤੋ ਬਚਾਅ ਲਈ ਜਾਗਰੂਕਤਾ ਸਮਾਗਮ ਅਤੇ ਡੇਂਗੂ ਮਲੇਰੀਏ ਵਿਰੋਧੀ ਮਹਿਮਾ ਚਲਾਈਆਂ ਜਾ ਰਹੀਆਂ ਹਨ । ਇਸੇ ਤਹਿਤ ਅੱਜ ਜਿਲ੍ਹੇ ਦੀ ਬਿਰਲਾ ਮਿੱਲ ਕਲੋਨੀ ਵਿਖੇ ਡੇਂਗੂ ਮਲੇਰੀਆਂ ਦਾ ਸਰਵੇ ਕੀਤਾ ਗਿਆ ਅਤੇ ਸਪਰੇਅ ਕਰਵਾਈ ਗਈ । ਜਿਲ੍ਹਾ ਸਿਹਤ ਅਫਸਰ ਡਾ ਊਸ਼ਾ ਗੋਇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹੇ ਵਿੱਚ ਡੇਂਗੂ ਨੂੰ ਖਤਮ ਕਰਨ ਲਈ ਲਗਾਤਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।ਜਿਸ ਦੇ ਚਲਦੇ ਘਰ-ਘਰ ਜਾ ਕੇ ਲਾਰਵੇ ਦੀ ਭਾਲ ਕੀਤੀ ਜਾ ਰਹੀ ਹੈ ।ਅੱਜ ਅਰਬਨ ਐਂਟੀ ਲਾਰਵਾ ਟੀਮਾਂ ਵੱਲੋ ਜਿਲ੍ਹੇ ਦੇ ਵੱਖ-ਵੱਖ ਏਰੀਆ ਵਿੱਚ ਲਾਰਵੇ ਦੀ ਭਾਲ ਕੀਤੀ ਗਈ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਸਬੰਧ ਵਿੱਚ ਬਿਰਲਾ ਮਿੱਲ ਕਲੋਨੀ ਵਿਖੇ ਸਰਵੇ ਕੀਤਾ ਗਿਆ ਅਤੇ ਸਪਰੇਅ ਕਰਵਾਈ ਗਈ । ਇਸ ਮੌਕੇ ਭੁਪਿੰਦਰ ਸਿੰਘ ਮਲਟੀਪਰਪਜ ਹੈਲਥ ਵਰਕਰ ਨੇ ਦੱਸਿਆ ਕਿ ਇਸ ਮੌਸਮ ਵਿੱਚ ਮੱਛਰਾਂ ਦੀ ਪੈਦਾਵਾਰ ਵਿੱਚ ਵਾਧਾ ਹੋ ਜਾਂਦਾ ਹੈ । ਜਿਸ ਕਾਰਨ ਡੇਂਗੂ ਬੁਖਾਰ ਦੇ ਫੈਲਣ ਦਾ ਖਤਰਾ ਵੱਧ ਜਾਂਦਾ ਹੈ ਸੋ ਡੇਂਗੂ ਬੁਖਾਰ ਤੋ ਖੁਦ ਨੂੰ, ਆਪਣੇ ਪਰਿਵਾਰ ਅਤੇ ਸਮਾਜ ਨੂੰ ਬਚਾਉਣ ਲਈ ਸਾਡੀ ਸਾਰਿਆਂ ਦੀ ਜਿਮੇਵਾਰੀ ਬਣਦੀ ਹੈ ਕਿ ਆਪਣੇ ਆਲੇ—ਦੁਆਲੇ ਦੀ ਸਫਾਈ ਰੱਖੀ ਜਾਵੇ ਘਰ ਵਿੱਚ ਮੌਜੂਦ ਕੂਲਰਾਂ, ਫਰਿਜ਼ ਦੀ ਟਰੇਅ, ਪੰਛੀਆਂ ਲਈ ਰਖੇ ਪਾਣੀ ਦੇ ਕਟੋਰੇ ਆਦਿ ਦੀ ਸਫਾਈ ਕੀਤੀ ਜਾਵੇ ਅਤੇ ਘਰ ਵਿੱਚ ਵਾਧੂ ਪਏ ਕਬਾੜ ਦਾ ਸਮਾਨ ਆਦਿ ਦਾ ਨਿਪਟਾਰਾ ਕੀਤਾ ਜਾਵੇ।ਇਸ ਤੋ ਇਲਾਵਾ ਘਰ ਦੇ ਨੇੜੇ ਖੜੇ ਪਾਣੀ ਅਤੇ ਛੱਪੜਾ ਆਦਿ ਵਿੱਚ ਹਰ ਹਫਤੇ ਕਾਲੇ ਤੇਲ ਦਾ ਛਿੜਕਾ ਕੀਤਾ ਜਾਵੇ ਤਾਂ ਜ਼ੋ ਮੱਛਰ ਦੇ ਲਾਰਵੇ ਨੂੰ ਖਤਮ ਕੀਤਾ ਜਾ ਸਕੇ। ਪਾਣੀ ਖੜ੍ਹਨ ਵਾਲੇ ਸੋਮਿਆਂ ਤੇ ਸਪਰੇ ਕਰਵਾਈ ਜਾਵੇ ।ਜੇਕਰ ਕਿਸੇ ਵਿਅਕਤੀ ਨੂੰ ਡੇਂਗੂ ਬੁਖਾਰ ਦੇ ਲੱਛਣ ਜਿਸ ਵਿੱਚ ਇਕ ਦਮ ਤੇਜ਼ ਬਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਅੱਖਾ ਦੇ ਪਿਛਲੇ ਹਿਸੇ ਵਿੱਚ ਦਰਦ, ਚਮੜੀ ਤੇ ਦਾਣੇ ਆਦਿ ਨਜਰ ਆਉਣ ਤਾ ਤੁਰੰਤ ਸਿਹਤ ਸੰਸਥਾ ਵਿੱਚ ਜਾਕੇ ਜਾਂਚ ਕਰਵਾਈ ਜਾਵੇ। ਰਾਜ ਦੇ ਸਾਰੇ ਸਰਕਾਰੀ ਹਸਪਤਾਲਾ ਵਿੱਚ ਡੇਂਗੂ ਬੁਖਾਰ ਦੇ ਟੇਸਟ ਅਤੇ ਇਲਾਜ ਮੁਫਤ ਕੀਤਾ ਜਾਂਦਾ ਹੈ ।ਉਹਨਾ ਸਮੂਹ ਸਮਾਜ ਸੇਵੀ ਸੰਸਥਾਵਾ ਦੇ ਨੁਮਾਇੰਦਿਆ ਅਤੇ ਜਿਲ੍ਹਾ ਵਾਸੀਆ ਨੂੰ ਅਪੀਲ ਕੀਤੀ ਡੇਂਗੂ ਬੁਖਾਰ ਦੀ ਰੋਕ ਥਾਮ ਲਈ ਸਿਹਤ ਵਿਭਾਗ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਐਮ.ਸੀ ਮੈਡਮ ਰੀਨਾ ਗੁਪਤਾ, ਸਿਹਤ ਕਰਮਚਾਰੀ ਜਗਜੀਤ ਸਿੰਘ, ਨਵਜੋਤ ਸਿੰਘ ਅਤੇ ਜਗਦੀਪ ਸਿੰਘ ਹਾਜਰ ਸਨ ।

## ਪੰਜਾਬੀ ਲਿਖਾਰੀ ਸਭਾ ਮਕਸੂਦੜਾ ਵੱਲੋਂ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਟ



ਪਾਇਲ 12 ਮਈ( ਨਰਿੰਦਰ ਸ਼ਾਹਪੁਰ) ਇਥੋਂ ਥੋਰੀ ਦੂਰ ਪਿੰਡ ਮਕਸੂਦੜਾ ਵਿਖੇ ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੀ ਮਹੀਨਾਵਾਰ ਇਕੱਤਰਤਾ, ਬਲਿਹਾਰ ਸਿੰਘ ਗੋਬਿੰਦਗੜ੍ਹੀਆ ਦੀ ਪ੍ਰਧਾਨਗੀ ਹੇਠ, ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਿਖੇ ਹੋਈ।ਜਿਸ ਵਿੱਚ ਮਹਾਨ ਸ਼ਾਇਰ ਸਰਵ ਸ੍ਰੀ ਸੁਰਜੀਤ ਪਾਤਰ ਨੂੰ ਉਹਨਾਂ ਦੀ ਸਲਾਨਾ ਬਰਸੀ ਮੌਕੇ ਅਤੇ ਭਾਰਤ ਪਾਕਿ ਜੰਗ ਦਰਮਿਆਨ ਜਾਨਾਂ ਵਾਰਨ ਵਾਲੇ ਭਾਰਤੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਭਾਰਤ ਪਾਕਿ ਜੰਗ ਨੂੰ ਰੁਕਵਾਉਣ ਲਈ, ਅਮਰੀਕਾ ਦੇ ਰਾਸ਼ਟਰਪਤੀ ਡੋਨਾਲ ਟਰੰਪ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਜਰਨਲ ਸਕੱਤਰ ਗੁਰਮੀਤ ਸਿੰਘ ਗਿੱਲ ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ,ਇਹ ਹਰ ਹਾਲਤ ਵਿੱਚ ਰੁਕਣੀ ਚਾਹੀਦੀ ਹੈ।ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਗੁਰਮੀਤ ਸਿੰਘ ਗਿੱਲ ਨੇ ਕਵਿਤਾ,ਹੱਸਦੇ ਚਿਹਰੇ ਸੁਣਾ ਕੇ ਕੀਤੀ। ਫਿਰ ਚਮਕੌਰ ਸੱਲ੍ਹਣ,ਪੱਪੂ ਬਲਵੀਰ, ਜਗਦੇਵ ਮਕਸੂਦੜਾ, ਹਰਜੀਤ ਕੈੜੇ, ਮਨਜੀਤ ਘਣਗਸ, ਅਰਸ਼ ਮੁਹੰਮਦ, ਹਰਬੰਸ ਸ਼ਾਨ ਬਗਲੀ, ਮੁਮਤਾਜ਼ ਅਲੀ, ਪ੍ਰੀਤ ਸਿੰਘ ਸੰਦਲ, ਬਲਿਹਾਰ ਸਿੰਘ ਗੋਬਿੰਦਗੜ੍ਹੀਆ ਨੇ ਇੱਕ ਇੱਕ ਗੀਤ ਅਤੇ ਸ਼ਾਇਰ ਰਾਮ ਸਿੰਘ ਭੀਖੀ ਵੱਲੋਂ ਇੱਕ ਗ਼ਜ਼ਲ ਸੁਣਾਈ ਗਈ। ਪ੍ਰਸਿੱਧ ਕਾਲਮ ਨਵੀਸ ਬੁੱਧ ਸਿੰਘ ਨੀਲੋਂ ਵੱਲੋਂ ਲੇਖ, ਮਹਾਂਨਗਰ ਵੱਲੋਂ ਪਿੰਡ ਵੱਲ ਪਰਤਦਿਆਂ ਸੁਣਾਇਆ।

## ਗੈਰ ਕਾਨੂੰਨੀ ਰਸਤੇ ਨੂੰ ਬੰਦ ਕਰਵਾਉਣ ਲਈ ਜੰਗਲਾਤ ਵਿਭਾਗ ਨੂੰ ਦਿੱਤਾ ਪੱਤਰ



ਗੜ੍ਹਸ਼ੰਕਰ 12 ਮਈ (ਅਜਮੇਰ ਸਿੰਘ ਭਨੋਟ)ਇਲਾਕੇ ਦੇ ਵਾਤਾਵਰਣ ਪ੍ਰੇਮੀਆਂ ਵੱਲੋਂ ਮਾਈਨਿੰਗ ਮਾਫੀਆ ਵੱਲੋਂ ਪਿੰਡ ਸਦਰਪੁਰ ਤੋਂ ਚਾਂਦਪੁਰ ਰੁੜਕੀ ਦੇ ਜੰਗਲਾਤ ਰਕਬੇ ਦੇ ਵਿੱਚ ਬਣਾਏ ਗਏ ਗੈਰ ਕਾਨੂੰਨੀ ਰਸਤੇ ਨੂੰ ਬੰਦ ਕਰਵਾਉਣ ਦੇ ਲਈ ਇੱਕ ਮੰਗ ਪੱਤਰ ਰੇਂਜ ਅਫ਼ਸਰ ਵਣ ਮੰਡਲ ਗੜ੍ਹਸ਼ੰਕਰ ਨੂੰ ਬਲਾਕ ਅਫ਼ਸਰ ਸੁਭਾਸ਼ ਚੰਦਰ ਰਾਹੀਂ ਦਿੱਤਾ ਗਿਆ। ਇਸ ਮੰਗ ਪੱਤਰ ਰਾਹੀਂ ਵਣ ਮੰਡਲ ਗੜ੍ਹਸ਼ੰਕਰ ਤੋਂ ਮੰਗ ਕੀਤੀ ਗਈ ਕਿ ਪਿੰਡ ਸਦਰਪੁਰ ਤੋਂ ਚਾਂਦਪੁਰ ਰੁੜਕੀ ਤੱਕ ਕਰੈਸ਼ਰ ਚਾਲਕਾਂ ਵੱਲੋਂ ਓਵਰਲੋਡ ਟਿੱਪਰਾਂ ਦੇ ਲਾਂਘੇ ਲਈ 7 ਕਿਲੋਮੀਟਰ ਲੰਬਾ ਅਤੇ 22 ਫੁੱਟ ਚੌੜਾ ਰਸਤਾ ਬਿਨਾਂ ਕਿਸੇ ਮਨਜ਼ੂਰੀ ਤੋਂ ਬਣਾਇਆ ਗਿਆ ਹੈ ਜਿਸ ਦੇ ਕਾਰਨ ਜੰਗਲਾਤ ਰਕਬੇ ਦਾ ਵੱਡਾ ਖ਼ੇਤਰ ਤਬਾਹ ਹੋ ਰਿਹਾ ਹੈ ਅਤੇ ਪੰਜਾਬ ਸਰਕਾਰ ਵਲੋਂ ਹਰਾ ਭਰਾ ਬਣਾਉਣ ਦੀ ਮੁਹਿੰਮ ਨੂੰ ਵੀ ਛੀਕੇ ਟੰਗਿਆ ਜਾ ਰਿਹਾ ਹੈ ਜਿਸ ਨੂੰ ਤੁਰੰਤ ਬੰਦ ਕੀਤਾ ਜਾਵੇ। ਗੱਲਬਾਤ ਕਰਦੇ ਹੋਏ ਸੁਖਵਿੰਦਰ ਸਿੰਘ ਸੰਧੂ, ਓਂਕਾਰ ਸਿੰਘ, ਸੰਦੀਪ ਸਿੰਘ ਅਤੇ ਹੋਰਾਂ ਨੇ ਦੱਸਿਆ ਕਿ ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਵਾਤਾਵਰਣ ਨੂੰ ਹਰਾ ਭਰਾ ਬਣਾਉਣ ਦੇ ਲਈ ਕਈ ਤਰ੍ਹਾਂ ਦੇ ਉਪਰਾਲੇ ਕਰ ਰਹੀ ਹੈ ਹੈ ਉੱਥੇ ਹੀ ਗੜ੍ਹਸ਼ੰਕਰ ਦੇ ਵਿੱਚ ਮਾਈਨਿੰਗ ਮਾਫੀਆ ਵੱਲੋਂ ਆਪਣੇ ਨਿਜੀ ਹਿੱਤ ਦੇ ਲਈ ਸਰਕਾਰ ਦੇ ਹੁਕਮਾਂ ਦੀ ਉਲੰਘਣਾ ਕਰਕੇ ਜੰਗਲਾਤ ਰਕੱਬੇ ਵਿੱਚ ਵੱਡੇ ਪੱਧਰ ਤੇ ਗੈਰ ਕਾਨੂਨੀ ਰਸਤਾ ਬਣਾ ਕੇ ਜਿੱਥੇ ਜੰਗਲ ਨੂੰ ਤਬਾਹ ਕੀਤਾ ਜਾ ਰਿਹਾ, ਉੱਥੇ ਹੀ ਸ਼ਿਵਾਲਿਕ ਦੀਆਂ ਪਹਾੜੀਆਂ ਨੂੰ ਵੀ ਤਬਾਹ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਜੰਗਲਾਤ ਵਿਭਾਗ ਵਲੋ ਇਸ ਗੈਰ ਕਾਨੂੰਨੀ ਰਸਤੇ ਤੇ ਕੋਈ ਕਾਰਵਾਈ ਨਾਂ ਕਰਨਾ ਮਿਲਿਭਗਤ ਦਾ ਸਬੂਤ ਦਿੰਦਾ ਹੈ।ਇਸ ਮੌਕੇ ਉਹਨਾਂ ਨੇ ਜੰਗਲਾਤ ਵਿਭਾਗ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਇਸ ਗੈਰ ਕਾਨੂੰਨੀ ਰਸਤੇ ਨੂੰ ਤੁਰੰਤ ਬੰਦ ਨਾ ਕੀਤਾ ਗਿਆ ਤਾਂ ਉਹ ਆਲੇ ਦੁਆਲੇ ਪਿੰਡਾਂ ਦੇ ਲੋਕਾਂ ਨੂੰ ਲਾਮਵੰਦ ਕਰਕੇ ਵੱਡਾ ਸੰਘਰਸ਼ ਕਰਨਗੇ।

## ਸੀਜ ਫਾਇਰ ਹੋਣ ਤੋਂ ਬਾਅਦ ਲੋਕਾਂ 'ਚ ਖੁਸ਼ੀ ਦਾ ਮਾਹੌਲ



ਕਾਦੀਆਂ 12 ਮਈ (ਸਲਾਮ ਤਾਰੀ/ ਸਿਕੰਦਰ ਸੰਧੂ) ਬੀਤੇ ਦਿਨ ਦੇਰ ਸ਼ਾਮ ਨੂੰ ਭਾਰਤ ਪਾਕ ਦੇ ਵਿਚਕਾ*ਰ ਹੋ ਰਹੇ ਤਨਾਅ ਤੋਂ ਲੋਕਾਂ ਨੂੰ ਬੜੀ ਰਾਹਤ ਮਿਲੀ , ਜਦੋਂ ਸੀਜ ਫਾਇਰ ਦੀ ਘੋਸ਼ਣਾ ਕੀਤੀ ਗਏ। ਸੀਜ ਫਾਇਰ ਹੋਣ ਤੋਂ ਬਾਅਦ ਅੱਜ ਜਦੋਂ ਸਵੇਰੇ ਬਾਜ਼ਾਰ ਖੁੱਲੇ ਤਾਂ ਲੋਕਾਂ ਦੇ ਚਿਹਰਿਆਂ ਤੇ ਰੌਣਕ ਵੇਖਣ ਨੂੰ ਮਿਲੀ ਜਦੋਂ ਵੱਖ-ਵੱਖ ਲੋਕਾਂ ਤੋਂ ਗੱਲਬਾਤ ਕੀਤੀ ਗਈ ਤਾਂ ਉਹਨਾਂ ਲੋਕਾਂ ਨੇ ਇਸ ਗੱਲ ਦਾ ਇਜ਼ਹਾਰ ਕੀਤਾ ਕਿ ਸੀਜ ਫਾਇਰ ਦਾ ਅਸੀਂ ਸਵਾਗਤ ਕਰਦੇ ਹਾਂ, ਇਸ ਮੌਕੇ ਲੱਖ ਦਾਤਾ ਦਰਬਾਰ ਕਮੇਟੀ ਦੇ ਜੋਗਿੰਦਰ ਪਾਲ ਭੁੱਟੋ ਨੇ ਕਿਹਾ ਕਿ ਕਿਉਂਕਿ ਇਸ ਜੰਗ ਵਰਗੇ ਮਾਹੌਲ ਵਿੱਚ ਵਿੱਚ ਚੈਨ ਸ਼ਾਂਤੀ ਸਮਾਪਤ ਹੋ ਗਈ ਸੀ ਅਤੇ ਬਾਜ਼ਾਰਾਂ ਵਿੱਚ ਵੀ ਰੌਣਕ ਗਾਇਬ ਹੋ ਗਈ ਸੀ ਅੱਜ ਜਦੋਂ ਕਿ ਇਤਵਾਰ ਦਾ ਦਿਨ ਸੀ ਫਿਰ ਵੀ ਦੁਕਾਨਾਂ ਖੁੱਲੀਆਂ ਅਤੇ ਬਾਜ਼ਾਰ ਵਿੱਚ ਹਲਕੀ ਫੁਲਕੀ ਚਹਿਲ ਪਹਿਲ ਦੇਖਣ ਨੂੰ ਮਿਲੀ, ਇਸ ਮੌਕੇ ਸਥਾਨਕ ਦੁਕਾਨਦਾਰਾਂ ਅਤੇ ਲੋਕਾਂ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਦੋਵਾਂ ਦੇਸ਼ਾਂ ਵਾਸਤੇ ਉਹਨਾਂ ਕਿਹਾ ਇਸ ਫੈਸਲੇ ਦਾ ਅਸੀਂ ਸਵਾਗਤ ਕਰਦੇ ਹਾਂ। ਉਹਨਾਂ ਕਿਹਾ ਕਿ ਅਚਾਨਕ ਬਲੈਕ ਆਊਟ ਹੋ ਜਾਣਾ ਅਤੇ ਡਰ ਖੌਫ ਦਾ ਮਾਹੌਲ ਸੀ ਜਿਸ ਤੋਂ ਸਾਨੂੰ ਰਾਹਤ ਮਿਲੀ ਹੈ ।

# ਯਾਦਗਾਰੀ ਹੋ ਨਿੱਬੜਿਆ ਮਿਲਡੂਰੇ ਦਾ ਖੇਡ ਮੇਲਾ











ਕਰਨੈਲ ਸਿੰਘ ਐੱਮ.ਏ.

ਵਿਕਟੋਰੀਆ ਦਾ ਬਾਗਾਂ ਵਾਲਾ ਸ਼ਹਿਰ ਮਿਲਡੂਰਾ ਜਿੱਥੇ ਪੰਜਾਬੀਆਂ ਦੀ ਵਸੋ ਥੋੜੀ ਜਿਹੀ ਘੱਟ ਹੀ ਹੈ ਪਰ ਚਰਚਾ ਪੂਰੇ ਆਸਟ$ਰੇਲੀਆ ਵਿੱਚ ਹੈ।ਪੰਜਾਬੀ ਵੱਡੇ ਵੱਡੇ ਖੇਤੀਬਾੜੀ ਫਾਰਮਾਂ ਹਾਊਸਾ ਦੇ ਮਾਲਕ ਹਨ ਅਤੇ ਹੋਰ ਵਪਾਰਾਂ ਵਿੱਚ ਆਪਣੀ ਦਸਾਂ ਨਹੁੰਆਂ ਦੀ ਕਿਰਤ ਸਦਕਾ ਅਮੀਰਜ਼ਾਦੇ ਹਨ। ਬੀਤੇ ਦਿਨੀ ਸ਼ਹੀਦ ਊਧਮ ਸਿੰਘ ਕਲੱਬ ਮਿਲਡੂਰਾ ਵੱਲੋਂ ਕਰਵਾਇਆ ਗਿਆ ਤੀਸਰਾ ਖੇਡ ਮੇਲਾ ਇੱਕ ਯਾਦਗਾਰੀ ਸਮਾਗਮ ਹੋ ਨਿਬੜਿਆ ।ਮੈਨੂੰ ਪਹਿਲੀ ਵਾਰ ਮਿਲਡੂਰਾ ਦਾ ਖੇਡ ਮੇਲਾ ਵੇਖਣ ਨੂੰ ਮਿਲਿਆ। ਮਿਲਡੂਰਾ ਸਪੋਰਟਿੰਗ ਪਰੀਸੈਂਟ ਆਲੀਸ਼ਾਨ ਖੇਡ ਸਟੇਡੀਅਮ ਦੀਆਂ ਹਰੇ ਭਰੇ ਘਾਹ ਨਾਲ ਲਸ਼ਕਦੀਆਂ ਗਰਾਊਂਡਾਂ ਵਿੱਚ ਖੇਡਾਂ ਦੀ ਸ਼ੁਰੂਆਤ ਬੜੇ ਸੁਹਾਵਣੇ ਮਾਹੌਲ ਵਿੱਚ ਹੋਈ। ਜਿੱਥੇ ਇੱਕ ਪਾਸੇ ਗੁਰੂ ਘਰ ਦੇ ਲੰਗਰ ਦੀ ਪ੍ਰਥਾ ਚੱਲ ਰਹੀ ਸੀ ਦੂਜੇ ਪਾਸੇ ਐਡੀਲੇਡ ਤੋਂ ਆਏ ਕਰਨ ਬਰਾੜ ਦੀ ਸਿੱਖ ਇਤਿਹਾਸ ਨਾਲ ਪੁਰਾਤਨ ਪ੍ਰਦਰਸ਼ਨੀ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਸੀ । ਖੱਬੇ ਪਾਸੇ ਬੱਚਿਆਂ ਦੇ ਫੁੱਟਬਾਲ ਦੇ ਮੈਚ ਚੱਲ ਰਹੇ ਸਨ । ਦੂਜੇ ਪਾਸੇ ਰੱਸਾਕਸ਼ੀ ਵਾਲੇ ਆਪਣੀਆਂ ਤਿਆਰੀਆਂ ਵਿੱਚ ਜੁਟੇ ਹੋਏ ਸਨ ,ਪਰ ਕਬੱਡੀ ਦਾ ਰਾਮਰੌਲਾ ਉਹੀ ਸੀ ਕਿ ਕਿਸੇ ਵੀ ਟੂਰਨਾਮੈਂਟ ਵਿੱਚ ਕਬੱਡੀ ਦੇ ਮੈਚ 3 ਵਜੇ ਤੋਂ ਪਹਿਲਾਂ ਕਦੇ ਵੀ ਸਟਾਰਟ ਨਹੀਂ ਹੁੰਦੇ ,ਚਲੋ ਗੱਲ ਕਰੀਏ ਖੇਡ ਮੇਲੇ ਦੀ ਜੇਕਰ ਦੇਖਿਆ ਜਾਵੇ ਕਿ ਕਿ ਰੱਸਾਕਸ਼ੀ ਵਿੱਚ ਸ਼ੈਪਟਨ ਦੇ ਗੱਭਰੂ ਪਹਿਲੇ ਨੰਬਰ ਤੇ, ਕੋਬਰਿਮ ਦੇ ਨੌਜਵਾਨ ਦੂਜੇ ਨੰਬਰ ਤੇ ਰਹੇ । ਫੁੱਟਬਾਲ ਸੀਨੀਅਰ ਵਰਗ ਮੁੰਡਿਆਂ ਵਿੱਚ ਮਿਲਡੂਰਾ ਯੂਨਾਈਟਡ ਪਹਿਲੇ ਨੰਬਰ ਤੇ , ਸ਼ਹੀਦ ਊਧਮ ਸਿੰਘ ਕਲੱਬ ਮਿਲਦੂਰਾ ਦੂਜੇ ਨੰਬਰ ਤੇ ਰਹੀ। ਫੁੱਟਬਾਲ ਕੁੜੀਆਂ ਵਿੱਚ ਟੀਡਾਸ ਕਲੱਬ ਪਹਿਲੇ ਨੰਬਰ ਤੇ ਨਿਕਲਸ ਪੁਆਇੰਟ ਦੂਜਾ ਨੰਬਰ ਤੇ ਰਹੇ , ਫੁੱਟਬਾਲ ਅੰਡਰ 14 ਸਾਲ ਵਰਗ ਵਿੱਚ ਰਿੰਪਲ ਨਾਈਟ ਪਹਿਲੇ ਨੰਬਰ ਤੇ ਮਿਲਡੂਰਾ ਯੂਨਾਇਟੇਡ ਦੂਜੇ ਨੰਬਰ ਤੇ ਰਹੇ । ਅੰਡਰ 12 ਸਾਲ ਫੁੱਟਬਾਲ ਵਿੱਚ ਨਿਕਲਸ ਪੁਆਇੰਟ ਪਹਿਲੇ ਨੰਬਰ ਤੇ ਸ਼ਹੀਦ ਊਧਮ ਸਿੰਘ ਕਲੱਬ ਮਿੱਲਡੂਰਾ ਦੂਜੇ ਨੰਬਰ ਤੇ ਰਹੀ । ਕਬੱਡੀ ਵਿੱਚ ਯੰਗ ਕਬੱਡੀ ਕਲੱਬ ਨੇ ਸ਼ਹੀਦ ਊਧਮ ਸਿੰਘ ਕਲੱਬ ਮਲੂਰਾ ਨੂੰ 43 - 37 ਅੰਕਾਂ ਹਰਾ ਕੇ ਪਹਿਲਾਂ ਸਥਾਨ ਹਾਸਿਲ ਕੀਤਾ । ਮਿਲਡੂਰਾ ਦਾ ਮਹੈਸ਼ੀ ਹਰਖੋਵਾਲ 19 ਪੁਆਇੰਟਾਂ ਨਾਲ ਸਰਵੋਤਮ ਰੇਡਰ ਬਣਿਆ, ਜਦ ਕਿ ਮੈਲਬੌਰਨ ਦਾ ਗੁਰਵਿੰਦਰ ਘਾਗੇਂਵਾਲ ਵਧੀਆ ਜਾਫੀ ਚੁਣਿਆ ਗਿਆ। ਇਸ ਮੌਕੇ ਬੀਬੀਆਂ ਦੀ ਮਿਉਜੀਕਲ ਚੇਅਰ ਰੇਸ ਮੁੱਖ ਖਿੱਚ ਦਾ ਕੇਂਦਰ ਰਹੀ। ਬੱਚਿਆਂ ਦੀਆਂ ਦੌੜਾਂ ਵੀ ਕਾਬਲੇਤਰੀਫ ਸੀ। ਅੰਗਰੇਜ਼ਾਂ ਦੇ ਬੱਚਿਆਂ ਨੇ ਵੀ ਇਸ ਖੇਡ ਮੇਲੇ ਵਿੱਚ ਵੀ ਵੱਡੀ ਗਿਣਤੀ ਵਿੱਚ ਭਾਗ ਲਿਆ। ਟੂਰਨਾਮੈਂਟ ਦੌਰਾਨ ਜਿੱਥੇ ਮਿਲਡੂਰਾ ਦੀ ਮੇਅਰ ਹੈਲੀ ਹੈਲਨ ਨੇ ਹਾਜਰੀ ਭਰੀ ਉਥੇ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਵਿੱਚ ਤੇ ਮੈਂਬਰ ਪਾਰਲੀਮੈਂਟ ਐਨ ਵੈਬਸਟਰ ਨੇ ਖੇਡਾਂ ਦਾ ਉਦਘਾਟਨ ਕੀਤਾ ਅਤੇ ਉਦਘਾਟਨੀ ਮੈਚਾ ਦੀਆਂ ਫੁੱਟਬਾਲ ਅਤੇ ਕਬੱਡੀ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕਰਦੇ ਦੱਸਿਆ ਕਿ ਮਿਲਡੂਰਾ ਦੇ ਵਿਕਾਸ ਵਿੱਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਪੰਜਾਬੀ ਹੁਣ ਖੇਡਾਂ ਦੇ ਖੇਤਰ ਵਿੱਚ ਵੀ ਵਿਲੱਖਣ ਪਹਿਚਾਣ ਬਣਾਉਣਗੇ ।ਉਸ ਤੋਂ ਬਾਅਦ ਸ਼ਾਮ ਦੇ ਟਾਈਮ ਖੇਡਾਂ ਦੇ ਫਾਈਨਲ ਦੌਰਾਨ ਮਿਲਡੂਰਾ ਦੀ ਐਮ ਐਲ ਏ ਜੇਡ ਬੇਨਮ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਹਨਾਂ ਨੇ ਕਬੱਡੀ ਟੀਮਾਂ ਨਾਲ ਜਾਣ ਪਹਿਚਾਣ ਕੀਤੀ । ਐਮ ਐਲ ਏ ਸਾਹਿਬਾ ਜੇਡ ਬੇਨਮ ਨੇ ਟੂਰਨਾਮੈਂਟ ਦੇ ਪ੍ਰਬੰਧਕਾਂ ਖਾਸ ਕਰਕੇ ਮੁੱਖ ਪ੍ਰਬੰਧਕ ਬੌਬੀ ਗਿੱਲ ਅਤੇ ਕਮਲਜੀਤ ਸਿੰਘ ਗਰੇਵਾਲ ਨੂੰ ਉਚੇਚੇ ਤੌਰ ਤੇ ਵਧਾਈ ਦਿੱਤੀ।ਇਸ ਮੌਕੇ ਖੇਡਾਂ ਦੇ ਗੋਲਡ ਸਪੋਂਸਰ ਮੇਜਰ ਸਿੰਘ, ਭਗਵੰਤ ਸਿੰਘ ਚੰਦੀ, ਸਨੀ ਗਰੇਵਾਲ ਨਾਰੰਗਵਾਲ,ਜਦਕਿ ਟੂਰਨਾਮੈਂਟ ਦੇ ਪਲਾਟੀਨਮ ਸਪਾਂਸਰ ਕਮਲਜੀਤ ਸਿੰਘ ਮਨਸੂਰਾ ਗਰੇਵਾਲ ਆਟਾ ਚੱਕੀ ਵਾਲੇ, ਮਨਜਿੰਦਰ ਸਿੰਘ ਗਰੇਵਾਲ, ਵਿਕਰਮ ਸਿੰਘ, ਹਰਮੇਸ਼ ਸਿੰਘ ਰੋਡਾ , ਚੈਰੀ ਗਰੇਵਾਲ ਗੁੱਜਰਵਾਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਿਲਵਰ ਸਪਾਂਸਰ ਤੇਜੀ ਗਰੇਵਾਲ, ਸਤਨਾਮ ਸਿੰਘ ਦਿਓਲ, ਮਾਝੇ ਵਾਲੇ ਭਾਓ , ਹਿਰਦੇਪ੍ਰੀਤ ਸਿੰਘ ਮਲਹਾਂਸ ਟਰਾਂਸਪੋਰਟ, ਰਘਬੀਰ ਸਿੰਘ ਕਰੀ ਐਂਡ ਤੰਦੂਰ ਰੈਸਟੋਰੈਂਟ , ਸਿਮਰਨਜੀਤ ਸਿੰਘ ਅਰਲੀ ਆਸਟਰੇਲੀਅਨ ਮੋਟਲ , ਹਰਵਿੰਦਰ ਸਿੰਘ ਚੌਧਰੀ, ਗੋਲਡੀ ਸਿੰਘ ਹੈਲੋ ਟੈਕਸੀ, ਨੂੰ ਵੀ ਉਨਾਂ ਦੀਆਂ ਤਨ ਮਨ ਧਨ ਦੀਆਂ ਵਧੀਆਂ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ। ਖੇਡ ਮੈਦਾਨਾਂ ਵਿੱਚ ਮਨਿੰਦਰ ਬਰਾੜ ਅਤੇ ਨਿਉਜੀਲੈਂਡ ਤੋਂ ਅਮਨ ਰੰਧਾਵਾ ਨੇ ਆਪਣੀ ਖੇਡ ਕਮੈਂਟਰੀ ਦੇ ਰੰਗ ਬੰਨਿਆ। ਮੈਲਬਰਨ ਤੋਂ ਆਏ ਨਵਦੀਪ ਸਿੰਘ ਬੱਲ ਬਤਾਲਾ ਨੇ ਆਪਣੀ ਫੋਟੋ ਕਲਾਕਾਰੀ ਨਾਲ ਖੇਡ ਮੇਲੇ ਦਾ ਰੰਗ ਆਪਣੇ ਕੈਮਰੇ ਚ ਕੈਦ ਕੀਤਾ। ਅੰਤ ਵਿੱਚ ਬੌਬੀ ਗਿੱਲ ਨੇ ਆਏ ਮਹਿਮਾਨਾ ਖਿਡਾਰੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਅਤੇ ਐਲਾਨ ਕੀਤਾ ਕਿ ਅਗਲੇ ਵਰ੍ਹੇ ਮਿਲਡੂਰੇ ਦਾ ਖੇਡ ਮੇਲਾ ਅਪਰੈਲ ਮਹੀਨੇ 18-19 ਅਪ੍ਰੈਲ 2026 ਦੇ ਆਖਰੀ ਹਫਤੇ ਹੋਵੇਗਾ। **ਵੇਖਣ ਯੋਗ ਹੈ ਬਾਗਾਂ ਦਾ ਸ਼ਹਿਰ ਹੈ ਮਿਲਡੂਰਾ** ਵਿਕਟੋਰੀਆ ਸਟੇਟ ਵਿੱਚ ਪੈਂਦਾ ਮੈਲਬੋਰਨ ਤੋਂ 550 ਕਿਲੋਮੀਟਰ ਦੂਰ ਮਿਲਡੂਰਾ ਸਿਟੀ, ਜਿਸ ਦੀ ਆਬਾਦੀ ਲਗਭਗ 35000 ਹਜ਼ਾਰ ਦੇ ਕਰੀਬ ਹੈ , ਇਹ 1934 ਵਿੱਚ ਸਥਾਪਿਤ ਹੋਇਆ। ਮਿਲਡੂਰਾ ਸ਼ਹਿਰ ਨੂੰ ਬਾਗਾਂ ਦਾ ਸ਼ਹਿਰ ਮੰਨਿਆ ਜਾਂਦਾ ਹੈ। ਜਿੱਥੇ ਵੱਡੀ ਗਿਣਤੀ ਵਿੱਚ ਅੰਗੂਰਾਂ ,ਬਦਾਮਾਂ ,ਸੰਗਤਰੇ ਅਤੇ ਖੇਤੀਬਾੜੀ ਦੇ ਨਾਲ ਸੰਬੰਧਿਤ ਫਾਰਮ ਹਾਊਸ ਹਨ । ਇਥੋਂ ਦਾ ਦੇ 2 ਚਰਚਿਤ ਦਰਿਆ ਆਸਟਰੇਲੀਆ ਦੀ ਸਭ ਤੋਂ ਲੰਬੀ ਰਿਵਰ ਮਰੀ , ਸਾਊਥ ਵੇਲਜ ਵੱਲੋਂ ਆ ਰਹੀ ਡਾਰਲਿੰਗ ਰਿਵਰ ਜੋ ਇੱਕ ਥਾਂ ਤੇ ਇਕੱਠੇ ਹੁੰਦੇ ਹਨ ,ਦੋ ਰੰਗਾਂ ਦਾ ਪਾਣੀ ਆਪਸ ਵਿੱਚ ਮਿਲਦਾ ਹੈ ।ਜਿਸ ਦਾ ਨਜ਼ਾਰਾ ਵੇਖਣ ਯੋਗ ਹੈ। ਮਿਲਡੂਰਾ ਸ਼ਹਿਰ ਦੇ ਆਲੇ ਦੁਆਲੇ ਨਿੱਕੇ ਨਿੱਕੇ ਕਸਬੇ ਨਿਕਲਿਸ ਪੁਆਇੰਟ, ਰਿੰਪਲ , ਮਰਬਿਨ, ਰੈੱਡਕਲਿਫ, ਕੇਬਾਰਿਟਾ ਆਦਿ ਵਿੱਚ ਘਿਰਿਆ ਹੋਇਆ ਹੈ। **ਮਿਲਡੂਰਾ ਵਿੱਚ ਪੰਜਾਬੀਆਂ ਦੀ ਪਹਿਚਾਣ ਵੱਖਰੀ** ਮਿਲਡੂਰਾ ਸ਼ਹਿਰ ਵਿੱਚ ਵੱਖ ਵੱਖ ਮੁਲਕਾਂ ਦੇ ਪ੍ਰਵਾਸੀ ਅਤੇ ਵੱਖ ਵੱਖ ਧਰਮਾਂ ਦੇ ਲੋਕ ਵਸਦੇ ਹਨ। ਉਥੇ ਇਸ ਸ਼ਹਿਰ ਵਿੱਚ ਪੰਜਾਬੀਆਂ ਦੀ ਪਹਿਚਾਣ ਵੱਖਰੀ ਹੀ ਹੈ। ਪੰਜਾਬੀਆਂ ਨੇ ਆਪਣੀ ਹੱਡ ਤੋੜਵੀਂ ਮਿਹਨਤ ਨਾਲ ਵੱਡੇ ਵੱਡੇ ਫਾਰਮ ਹਾਊਸ ਅਤੇ ਕਾਰੋਬਾਰ ਸਥਾਪਤ ਕੀਤੇ ਹਨ। ਮਨਸੂਰਾਂ ਵਾਲੇ ਕਮਲਜੀਤ ਸਿੰਘ ਗਰੇਵਾਲ ,ਮਨਜਿੰਦਰ ਸਿੰਘ ਗਰੇਵਾਲ ਭਰਾਵਾਂ ਨੇ ਖਾਣ ਪੀਣ ਦੀਆਂ ਵਸਤੂਆਂ ਤਿਆਰ ਕਰਨ ਵਿੱਚ ਆਪਣਾ ਵੱਖਰੀ ਪਹਿਚਾਣ ਬਣਾਈ ਹੈ। ਉਹ ਗਰੇਵਾਲ ਆਟਾ ਚੱਕੀ ਵਾਲੇ ਵਜੋਂ ਜਾਣੇ ਜਾਂਦੇ ਹਨ ।ਇਸ ਤੋਂ ਇਲਾਵਾ ਭਗਵੰਤ ਸਿੰਘ ਚੰਦੀ ਅਤੇ ਮੇਜਰ ਸਿੰਘ ਸੰਤਰਿਆਂ ਦੇ ਬਾਗਾਂ ਦੇ ਬਾਦਸ਼ਾਹ ਹਨ। ਬਿਕਰਮ ਸਿੰਘ ਬਾਈ ਨੇ ਵੱਡੇ ਪੱਧਰ ਤੇ ਸਬ ਵੇਅ ਖੋਲ੍ਹੇ ਹਨ । ਸਾਡੇ ਪੱਤਰਕਾਰ ਭਾਈਚਾਰੇ ਦਾ ਸਾਥੀ, ਛੋਟਾ ਭਰਾ ਬੌਬੀ ਗਿੱਲ, ਚੈਰੀ ਗਰੇਵਾਲ 10 ਨੌਹਾਂ ਦੀ ਕਿਰਤ ਕਮਾਈ ਕਰਕੇ 200 ਏਕੜ ਦੇ ਮਾਲਕ ਬਣ ਗਏ ਹਨ, ਅਤੇ ਸਮਾਜ ਸੇਵੀ ਕੰਮਾਂ ਲਈ ਵਧੀਆ ਦਸੌਂਦ ਕੱਢਦੇ ਹਨ । ਮਿਲਡੂਰਾ ਦੇ ਪੰਜਾਬੀ ਭਾਈਚਾਰੇ ਅਤੇ ਸਿੱਖ ਸੰਗਤਾਂ ਵੱਲੋਂ 14 ਏਕੜ ਵਿੱਚ ਗੁਰੂ ਘਰ ਦੀ ਸਥਾਪਨਾ ਕੀਤੀ ਜਾ ਰਹੀ ਹੈ।

# ਅਮਰਵੀਰ ਸਿੰਘ ਸਿਧਾਨਾ ਨੂੰ ਜੇ.ਈ. ਪਦਉੱਨਤ ਹੋਣ 'ਤੇ ਸ਼ਾਨਦਾਰ ਪਾਰਟੀ



ਭਗਤਾ ਭਾਈ ਕਾ, 12 ਮਈ (ਸਵਰਨ ਸਿੰਘ ਭਗਤਾ): ਪੀਡਬਲਯੂਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਬਰਾਂਚ ਰਾਮਪੁਰਾ ਵੱਲੋਂ ਪ੍ਰਧਾਨ ਧਰਮ ਸਿੰਘ ਕੋਠਾ ਗੁਰੂ ਦੀ ਪ੍ਰਧਾਨਗੀ ਵਿੱਚ ਕੈਸ਼ੀਅਰ ਅਮਰਵੀਰ ਸਿੰਘ ਸਿਧਾਨਾ ਨੂੰ ਜੇਈ ਪਦਉੱਨਤ ਹੋਣ 'ਤੇ ਬਰਾਂਚ ਰਾਮਪੁਰਾ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਕੀਤੀ ਗਈ। ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਸਾਥੀ ਵੱਲੋਂ 2015 ਤੋਂ ਭਰਤੀ ਹੋ ਕੇ ਜਥੇਬੰਦੀ ਦੀ ਜਿੰਮੇਵਾਰੀ ਅਹੁਦਿਆਂ 'ਤੇ ਕੀਤੀ ਗਈ ਅਣਥੱਕ ਸੇਵਾ ਤੇ ਸੰਘਰਸ਼ਾਂ 'ਚ ਪਾਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਗੁਰਜੰਟ ਸਿੰਘ ਮਾਨ ਵੱਲੋਂ ਸਨਮਾਨ ਪੱਤਰ ਵੀ ਪੜ੍ਹਿਆ ਗਿਆ ਅਤੇ ਸੂਬਾਈ ਆਗੂ ਅਤੇ ਜ਼ਿਲ੍ਹਾ ਕਮੇਟੀ ਦੀ ਸ਼ਮੂਲੀਅਤ ਨਾਲ ਸਾਥੀ ਨੂੰ ਸਨਮਾਨ ਪੱਤਰ ਭੇਂਟ ਕੀਤਾ ਗਿਆ। ਇਸ ਮੌਕੇ ਗੁਰਮੀਤ ਸਿੰਘ ਭੋਡੀਪੁਰਾ ਨੇ ਬੋਲਦਿਆਂ ਕਿਹਾ ਜੋ 20 ਮਈ 2025 ਨੂੰ ਕੇਂਦਰੀ ਟਰੇਡ ਯੂਨੀਅਨਾਂ ਤੇ ਫੈਡਰੇਸ਼ਨਾਂ ਵੱਲੋਂ ਮੁਲਾਜ਼ਮ ਮੰਗਾਂ ਨੂੰ ਲੈਕੇ ਦੇਸ਼ ਵਿਆਪੀ ਹੜਤਾਲ ਤੇ ਜਥੇਬੰਦੀ ਦੀ ਸਰਕਲ ਪੱਧਰ 'ਤੇ ਪੰਚਾਇਤੀ ਕਰਨ ਦੇ ਅਤੇ ਮੁਲਾਜ਼ਮ ਮੰਗਾਂ ਸਬੰਧੀ ਧਰਨੇ ਦੇਕੇ ਨਿਗਰਾਨ ਇੰਜੀਨੀਅਰ ਦੇ ਦਫਤਰਾਂ ਰਾਹੀਂ ਮੰਗ ਪੱਤਰ ਦੇਣ ਸਮੇਂ 23 ਮਈ 2025 ਨੂੰ ਰਾਮਪੁਰਾ ਬਰਾਂਚ ਭਰਵੀਂ ਸ਼ਮੂਲੀਅਤ ਨਾਲ ਸਰਕਾਰਾਂ ਖਿਲਾਫ ਸੰਘਰਸ਼ 'ਚ ਪਹੁੰਚੇਗੀ। ਇਸ ਮੌਕੇ ਸੂਬਾਈ ਆਗੂ ਬਲਰਾਜ ਮੌੜ ਨੇ ਬੋਲਦਿਆਂ ਕਿਹਾ ਕਿ ਸਰਕਾਰਾਂ ਕਿਵੇਂ ਪੰਚਾਇਤਾਂ ਨੂੰ ਵੱਧ ਅਧਿਕਾਰਾਂ ਦੇ ਸੋਸੇ ਛੱਡ ਕੇ ਕਿਵੇਂ ਲੋਕਾਂ ਦੀ ਸੇਵਾ ਤੋਂ ਭੱਜਕੇ ਪੰਚਾਇਤੀ ਕਰਨ ਵਾਲੇ ਪਾਸੇ ਜਾ ਰਹੀ ਹੈ। ਜਦੋਂ ਕਿ ਪਿਛਲੀਆਂ ਸਰਕਾਰਾਂ ਵੱਲੋਂ ਚਾਲੀ ਚਾਲੀ ਸਾਲਾਂ ਤੋ ਜੋ ਸਕੀਮਾਂ ਚੱਲਦੀਆਂ ਪੰਚਾਇਤਾਂ ਨੂੰ ਦਿੱਤੀਆਂ ਗਈਆਂ ਸੀ ਉਹ ਅੱਜ 99% ਹੈਂਡ ਓਵਰ ਕਰਨ ਤੋਂ ਬਾਅਦ ਬੰਦ ਪਈਆਂ ਹਨ। ਲੋਕ ਮਜਬੂਰੀ ਵਸ ਆਪਣੇ ਸੋਰਸਾਂ ਰਾਹੀ ਪਾਣੀ ਪੀ ਰਹੇ ਹਨ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਲਖਵੀਰ ਸਿੰਘ ਭਾਗੀਵਾਂਦਰ, ਹਰਨੇਕ ਸਿੰਘ ਗਹਿਰੀ,ਗੁਰਚਰਨ ਸਿੰਘ ਜੌੜਕੀਆ,ਸਖਚੈਨ ਸਿੰਘ ਬਠਿੰਡਾ, ਹੰਸਰਾਜ ਧਾਲੀਵਾਲ, ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਸਾਥੀ ਅਮਰਵੀਰ ਸਿੰਘ ਨੂੰ ਕੈਸ਼ੀਅਰ ਦੇ ਅਹੁਦੇ ਤੋਂ ਭਾਰ ਮੁਕਤ ਕਰਦੇ ਹੋਏ। ਸਰਬਸੰਮਤੀ ਨਾਲ ਸਹਾਇਕ ਕੈਸ਼ੀਅਰ ਸਾਥੀ ਸੁਖਦੇਵ ਰਾਮ ਸੂਚ ਨੂੰ ਬਰਾਂਚ ਦਾ ਹੈਂਡ ਕੈਸ਼ੀਅਰ ਅਤੇ ਰਾਮ ਰੱਖਾ ਚੌਕੇ ਨੂੰ ਸਹਾਇਕ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਸਮੇਂ ਸ਼ਾਮਲ ਸਾਥੀ ਪਰਮਜੀਤ ਸਿੰਘ ਪੂਹਲਾ ,ਹਰਬੰਸ ਸਿੰਘ ਗੁੰਮਟੀ ਚਮਕੌਰ ਭਾਈਰੂਪਾ, ਹਰਵੰਤ ਸਿੰਘ, ਜੰਟਾਂ ਸਿੰਘ, ਛਬੀਲ ਭਾਈਰੂਪਾ, ਸੁਖਮਿੰਦਰ ਸਿੰਘ ਫੂਲ,ਮਲਕੀਤ ਸਿੰਘ ਕਾਲਾ, ਮਹਿੰਦਰਪਾਲ, ਬਲਵੰਤ ਸਿੰਘ ਸੂਚ ,ਸਮਸੇਰ ਸਿੰਘ ਵਾਲਿਆਂਵਾਲੀ ,ਰਾਜ ਕੁਮਾਰ ਕੋਟੜਾ, ਦੁੱਲਾ ਸਿੰਘ ਕਿਸਨਪੁਰਾ, ਮੇਜਰ ਸਿੰਘ , ਬਲਵੰਤ ਸਿੰਘ, ਬਲਵੀਰ ਸਿੰਘ ਭੱਟੀ, ਬਲਜਿੰਦਰ ਸਿੰਘ ਜਨਰਲ ਸਕੱਤਰ ਬਰਾਂਚ ਬਠਿੰਡਾ,ਕਰਨ ਸਿੰਘ ਰਾਮਪੁਰਾ,ਅਮਰਜੀਤ ਸਿੰਘ ਮਹਿਰਾਜ, ਮੇਵਾ ਸਿੰਘ ਢਿਪਾਲੀ ,ਪ੍ਰੀਤਮ ਸਿੰਘ, ਘੰਡਾਬੰਨਾਂ, ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਗੁਰਮੀਤ ਸਿੰਘ ਭੋਡੀਪੁਰਾ ਨੇ ਦਿੱਤੀ।

# ਪੰਜਾਬ ਸਰਕਾਰ ਸਮੂਹ ਵਰਗਾਂ ਦੇ ਸਮਾਨਾਂਤਰ ਵਿਕਾਸ ਲਈ ਯਤਨਸ਼ੀਲ: ਡਾ. ਬਲਜੀਤ ਕੌਰ



ਮਲੋਟ, 12 ਮਈ (-ਐਚ ਐਸ ਕਪੂਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਮਲੋਟ ਸ਼ਹਿਰ ਦੇ ਸਥਾਨਕ ਮੇਨ ਬਾਜ਼ਾਰ ਵਿੱਚ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਮੁਸ਼ਕਿਲਾਂ ਦਾ ਹੱਲ ਕਰਨ ਲਈ ਲੋਕ ਮਿਲਣੀ ਕੀਤੀ। ਲੋਕ ਮਿਲਣੀ ਦੌਰਾਨ ਕੈਬਨਿਟ ਮੰਤਰੀ ਵੱਲੋਂ ਸਾਹਮਣੇ ਆਏ ਮਸਲਿਆਂ ਦਾ ਮੌਕੇ ਉੱਤੇ ਨਿਪਟਾਰਾ ਕੀਤਾ ਗਿਆ ਅਤੇ ਕੁਝ ਮਸਲਿਆਂ ਸਬੰਧੀ ਮੌਕੇ ਉੱਤੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਹਨਾਂ ਮਸਲਿਆਂ ਦਾ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਕੋਸ਼ਿਸ਼ ਹੈ ਕਿ ਲੋਕਾਂ ਦੇ ਮਸਲੇ ਉਹਨਾਂ ਦੇ ਦਰਾਂ ਉੱਤੇ ਜਾ ਕੇ ਸੁਲਝਾਏ ਜਾਣ। ਇਸੇ ਕਰ ਕੇ ਹੀ ਲੋਕ ਨੁਮਾਇੰਦਿਆਂ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਲੋਕਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ ਉੱਤੇ ਹੱਲ ਕੀਤਾ ਜਾਵੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸਮੂਹ ਵਰਗਾਂ ਦੇ ਸਮਾਨਾਂਤਰ ਵਿਕਾਸ ਲਈ ਯਤਨਸ਼ੀਲ ਹੈ। ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਹਾਲ ਸੂਬੇ ਦੇ ਲੋਕਾਂ ਤੇ ਦੇਸ਼ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਭਲਾਈ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਮਾਨਦਾਰੀ ਅਤੇ ਪੂਰੇ ਪਾਰਦਰਸ਼ੀ ਢੰਗ ਨਾਲ ਵਿਕਾਸ ਪ੍ਰੋਜੈਕਟ ਅਤੇ ਭਲਾਈ ਸਕੀਮਾਂ ਘੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰਾਂ 'ਤੇ ਸਭ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਚਲਾਇਆ ਜਾ ਰਿਹਾ ਹੈ ਜਿਸ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਨੂੰਨੀ ਕਾਰਵਾਈਆਂ ਤੋਂ ਇਲਾਵਾ ਇਸ ਕਾਲੇ ਕਾਰੋਬਾਰ ਨਾਲ ਖੜ੍ਹੀਆਂ ਕੀਤੀਆਂ ਇਮਾਰਤਾਂ ਨੂੰ ਵੀ ਢਾਹਿਆ ਜਾ ਰਿਹਾ ਹੈ

# ਸ਼ਾਕਿਆ ਸਭਾ ਵੈਲ.ਫੇਅਰ ਸੁਸਾਇਟੀ ਬਰਨਾਲਾ ਵੱਲੋਂ ਮਹਾਤਮਾ ਬੁੱਧ ਜੀ ਦਾ ਜਨਮ ਦਿਹਾੜਾ ਮਨਾਇਆ



ਬਰਨਾਲਾ, 12 ਮਈ (ਚਮਕੌਰ ਸਿੰਘ ਗੱਗੀ): ਸ਼ਾਕਿਆ ਸਭਾ ਵੈਲਫੇਅਰ ਸੋਸਾਇਟੀ ਬਰਨਾਲਾ ਵੱਲੋਂ ਮਹਾਤਮਾ ਬੁੱਧ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਸ਼ੁਭ ਦਿਹਾੜੇ ਮੌਕੇ ਸੁਸਾਇਟੀ ਵੱਲੋਂ ਹਰ ਸਾਲ ਦੀ ਤਰਾਂ ਖੀਰ ਦਾ ਲੰਗਰ ਲਾਇਆ ਗਿਆ। ਇਸ ਮੌਕੇ ਸ਼ਾਕਿਆ ਸਭਾ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵੇਦ ਪ੍ਰਕਾਸ਼ ਵੇਦੀ ਨੇ ਜਾਣਕਾਰੀ ਦਿੰਦਿਆ ਕਿਹਾ ਕਿ ਮਹਾਤਮਾ ਗੌਤਮ ਬੁੱਧ ਜੀ ਦਾ ਜਨਮ ਦਿਨ ਹਰੇਕ ਸਾਲ ਪੂਰਨਿਮਾ ਨੂੰ ਮਨਾਇਆ ਜਾਂਦਾ ਹੈ। ਓਹਨਾਂ ਕਿਹਾ ਕਿ ਮਹਾਤਮਾ ਗੌਤਮ ਬੁੱਧ ਜੀਬੁੱਧ ਧਰਮ ਦੇ ਮੋਢੀ ਅਤੇ ਧਾਰਮਿਕ ਗੁਰੂ ਸਨ। ਉਹਨਾਂ ਦਾ ਜਨਮ 567 ਈਸਾ ਪੂਰਵ ਨੂੰ ਵਿਸਾਖ ਪੂਰਨਮਾਸ਼ੀ ਨੂੰ ਲੁੰਬਨੀ ਵਿੱਚ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਮ ਮਹਾਮਾਇਆ ਅਤੇ ਪਿਤਾ ਦਾ ਨਾਮ ਸੁਧੋਦਨ ਸੀ। ਮਹਾਤਮਾ ਬੁੱਧ ਦਾ ਅਸਲੀ ਨਾਮ ਸਿਧਾਰਥ ਅਤੇ ਗੋਤ ਗੌਤਮ ਸੀ। ਬੁੱਧ ਮੱਤ ਵਿੱਚ ਉਨ੍ਹਾਂ ਨੂੰ ਸਾਕਯ ਮੁਨੀ, ਗੌਤਮ, ਸਾਕਯ ਸਿੰਹ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਮਹਾਤਮਾ ਗੌਤਮ ਬੁੱਧ ਜੀ ਇੱਕ ਮਹਾਨ ਗਿਆਨੀ ਸਨ, ਜਿਨਾਂ ਨੂੰ ਇਹ ਗਿਆਨ 35 ਵਰ੍ਹਿਆਂ ਦੀ ਉਮਰ ਵਿੱਚ ਪ੍ਰਾਪਤ ਹੋਇਆ ਸੀ। ਮਹਾਮਾਨਵ ਗੌਤਮ ਬੁੱਧ ਨੇ ਆਪਣੇ ਭਟਕਣਾ ਦੇ ਸਮੇਂ ਦੌਰਾਨ ਇੱਕ ਰੁੱਖ ਜਿਸ ਨੂੰ ਹੁਣ ਬੋਧੀ ਰੁੱਖ ਆਖਿਆ ਜਾਂਦਾ ਹੈ ਹੇਠ ਬੈਠ ਕੇ ਘੋਰ ਚਿੰਤਨ ਕੀਤਾ। ਇਸ ਚਿੰਤਨ ਤੋਂ ਬਾਅਦ ਉਹ ਇਸ ਪੱਕੇ ਨਤੀਜੇ 'ਤੇ ਪਹੁੰਚੇ ਕਿ ਆਦਮੀ ਦੀਆਂ ਇੱਛਾਵਾਂ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹਨ। ਇਸ ਵਿਚਾਰ 'ਤੇ ਹੀ ਉਨ੍ਹਾਂ ਆਪਣੇ ਚਾਰ ਆਦਰਸ਼ ਸੱਚ ਤੇ ਅਸ਼ਟ ਮਾਰਗ ਦੀ ਰਚਨਾ ਕੀਤੀ। ਬੁੱਧ ਦੇ 2500 ਸਾਲ ਪਹਿਲਾਂ ਕਹੇ ਇਹ ਸ਼ਬਦ ਉਸ ਸਮੇਂ ਵੀ ਸਾਰਥਕ ਸਨ, ਅੱਜ ਵੀ ਉਨੇ ਹੀ ਸਾਰਥਕ ਹਨ ਅਤੇ ਆਉਣ ਵਾਲੀਆਂ ਸਦੀਆਂ ਤੱਕ ਸਾਰਥਕ ਰਹਿਣਗੇ ਕਿਉਂਕਿ ਬੁੱਧ ਦਰਸ਼ਨ ਵਿੱਚ ਹੀ ਇੱਕ ਅਜਿਹੀ ਗੰਭੀਰ ਤੇ ਗੁਣਾਤਮਕ ਦ੍ਰਿਸ਼ਟੀ ਹੈ। ਜਿਸਦਾ ਸਿੱਧਾ ਸੰਬੰਧ ਮਨੁੱਖ ਤੇ ਸਮਾਜਿਕ ਵਿਵਸਥਾ ਨਾਲ ਹੈ। ਇਸ ਮੌਕੇ ਮੀਤ ਪ੍ਰਧਾਨ ਪੱਪੂ, ਜਨਰਲ ਸਕੱਤਰ ਰਵੀ ਕੁਮਾਰ ਖਜਾਨਚੀ ਪਿਆਰਾ ਲਾਲ, ਅਮਰ ਚੰਦ, ਮੋਹਨ ਲਾਲ, ਰਾਮ ਪ੍ਰਕਾਸ਼, ਸੋਹਣ ਲਾਲ, ਰਾਮ ਜੀ ਦਾਸ, ਤੇਜ ਰਾਮ , ਨਰੇਸ਼ ਕੁਮਾਰ, ਮੋਹਨ ਲਾਲ ਪੱਪੂ, ਈਸ਼ਰ ਕੁਮਾਰ, ਤਰਸੇਮ ਕੁਮਾਰ, ਗਗਨਪ੍ਰੀਤ , ਕਾਲੀ ਚਰਨ, ਸੰਜੇ ਕੁਮਾਰ, ਦੇਵ ਲਾਲ,ਅਮਰਚੰਦ, ਦੇਵ ਲਾਲ, ਤੇਜ ਰਾਮ, ਸੰਜੇ ਕੁਮਾਰ ਕਾਲੂ,ਰਣਜੀਤ ਸਿੰਘ ਜੀਤਾ ਮੋਰ, ਰਾਮਰਤਨ, ਸਮੇਤ ਵੱਡੀ ਗਿਣਤੀ ਵਿੱਚ ਸੁਸਾਇਟੀ ਦੇ ਮੈਂਬਰ ਹਾਜਰ ਸਨ।

# ਡੈਮੋਕਰੇਟਿਕ ਪ੍ਰੈਸ ਕਲੱਬ ਦੇ ਪ੍ਰਧਾਨ ਸੰਜੀਵ ਝਨੇੜੀ ਦਾ ਸਨਮਾਨ



ਭਵਾਨੀਗੜ੍ਹ, 12 ਮਈ (ਅਮਨਦੀਪਸਿੰਘ ਮਾਝਾ) : ਡੈਮੋਕਰੇਟਿਕ ਪ੍ਰੈਸ ਕਲੱਬ ਭਵਾਨੀਗੜ੍ਹ ਦੀ ਹੋਈ ਮੀਟਿੰਗ ਵਿਚ ਸਰਬਸੰਮਤੀ ਨਾਲ ਸੰਜੀਵ ਝਨੇੜੀ ਨੂੰ ਪ੍ਰਧਾਨ ਚੁਣਿਆ ਗਿਆ। ਸੰਜੀਵ ਝਨੇੜੀ ਵਲੋਂ ਸਮੁੱਚੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਚਰਨਜੀਵ ਕੌਸ਼ਲ (ਲਵਲੀ) ਨੂੰ ਸੀਨੀਅਰ ਮੀਤ ਪ੍ਰਧਾਨ, ਮਨੋਜ ਸ਼ਰਮਾ ਨੂੰ ਜਨਰਲ ਸਕੱਤਰ, ਰਾਜੀਵ ਸ਼ਰਮਾ ਨੂੰ ਖਜ਼ਾਨਚੀ, ਜਗਵਿੰਦਰ ਸਿੰਘ ਨੂੰ ਜੁਆਇੰਟ ਸਕੱਤਰ ਅਤੇ ਯੁਵਰਾਜ ਹਸਨ ਨੂੰ ਸਕੱਤਰ ਚੁਣਿਆ ਗਿਆ। ਕਲੱਬ ਦੇ ਪ੍ਰਧਾਨ ਸੰਜੀਵ ਝਨੇੜੀ ਨੇ ਕਿਹਾ ਕਿ ਉਹ ਕਲੱਬ ਵੱਲੋਂ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਉਪਰੰਤ ਪ੍ਰੈਸ ਕਲੱਬ ਰਜਿ. ਵੱਲੋਂ ਉਕਤ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ, ਇਸ ਸਮੇਂ ਪ੍ਰਧਾਨ ਗੁਰਵਿੰਦਰ ਸਿੰਘ ਰੋਮੀ, ਸਰਪ੍ਰਸਤ ਮੇਜਰ ਸਿੰਘ ਮੱਟਰਾਂ, ਗੁਰਦਰਸ਼ਨ ਸਿੰਘ ਸਿੱਧੂ ਚੇਅਰਮੈਨ, ਭੀਮਾ ਭੱਟੀਵਾਲ, ਇਕਬਾਲ ਸਿੰਘ ਫੁੱਗਵਾਲਾ, ਅਮਨਦੀਪ ਸਿੰਘ ਮਾਝਾ, ਵਿਜੇ ਸਿੰਗਲਾ, ਕ੍ਰਿਸ਼ਨ ਗਰਗ, ਮਨਦੀਪ ਅੱਤਰੀ, ਸੋਹਨ ਸਿੰਘ ਸੋਢੀ, ਰਸ਼ਪਿੰਦਰ ਸਿੰਘ, ਜਤਿੰਦਰ ਕੁਮਾਰ ਸ਼ੈਂਟੀ, ਹੈਪੀ ਸ਼ਰਮਾ, ਹਰਜੀਤ ਸਿੰਘ ਨਿਰਮਾਣ ਆਦਿ ਹਾਜਰ ਸਨ।

# ਵਿਧਾਨ ਸਭਾ ਚੋਣ ਲੜ ਚੁੱਕੇ ਕਿਸਾਨ ਆਗੂ ਦਾ ਪੁੱਤ ਨੇ ਕੀਤਾ ਕਤਲ

## ਪਿਓ-ਪੁੱਤ ਦਰਮਿਆਨ ਜ਼ਮੀਨੀ ਵਿਵਾਦ ਬਣਿਆ ਕਤਲ ਦੀ ਵਜ੍ਹਾ



ਬਠਿੰਡਾ, 12 ਮਈ (ਦੀਪਕ ਸ਼ਰਮਾ) :ਜ਼ਿਲ੍ਹੇ ਦੇ ਪਿੰਡ ਗੁਰਸਰ ਜੱਗਾ ਵਿੱਚ ਜ਼ਮੀਨੀ ਵਿਵਾਦ ਦੇ ਚੱਲਦੇ ਕਲਯੁੱਗੀ ਪੁੱਤ ਵੱਲੋਂ ਦੋ ਸਾਥੀਆਂ ਨਾਲ ਮਿਲ ਕੇ ਆਪਣੇ ਕਿਸਾਨ ਆਗੂ ਪਿਤਾ ਦਾ ਕਤਲ ਕਰਨ ਦਾ ਮੰਦਭਾਗਾ ਮਾਮਲਾ ਸਾਹਮਣੇ ਆਇਆ। ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਆਪਣੇ ਸਾਥੀਆਂ ਸਮੇਤ ਮੌਕੇ ਤੋਂ ਫਰਾਰ ਹੋ ਗਿਆ। ਉਕਤ ਮਾਮਲੇ ਵਿੱਚ ਥਾਣਾ ਤਲਵੰਡੀ ਸਾਬੋ ਪੁਲਿਸ ਨੇ ਮ੍ਰਿਤਕ ਕਿਸਾਨ ਆਗੂ ਦੀ ਪਤਨੀ ਦੇ ਬਿਆਨਾਂ 'ਤੇ ਮੁਲਜ਼ਮ ਪੁੱਤ ਅਤੇ ਉਸ ਦੇ ਦੋ ਸਾਥੀਆਂ ਖ਼ਿਲਾਫ ਕਤਲ ਦਾ ਮੁਕੱਦਮਾ ਦਰਜ ਕਰਕੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਮ੍ਰਿਤਕ ਕਿਸਾਨ ਆਗੂ ਦਵਿੰਦਰ ਸਿੰਘ ਨੇ ਸਾਲ 2022 ਵਿੱਚ ਤਲਵੰਡੀ ਸਾਬੋ ਹਲਕੇ ਤੋਂ ਕਿਸਾਨ ਸੰਗਠਨਾਂ ਵੱਲੋਂ ਵਿਧਾਨ ਸਭਾ ਚੋਣ ਲੜੀ ਸੀ। ਥਾਣਾ ਤਲਵੰਡੀ ਸਾਬੋ ਪੁਲਿਸ ਨੂੰ ਬਿਆਨ ਦੇ ਕੇ ਪਿੰਡ ਗੁਰਸਰ ਜੱਗਾ ਦੀ ਰਹਿਣ ਵਾਲੀ ਸੁਖਵਿੰਦਰ ਕੌਰ ਨੇ ਦੱਸਿਆ ਕਿ ਕਥਿਤ ਦੋਸ਼ੀ ਅਮਨਿੰਦਰ ਸਿੰਘ ਉਸਦਾ ਪੁੱਤ ਹੈ, ਜਿਸਦਾ ਆਪਣੇ ਪਿਤਾ ਅਤੇ ਕਿਸਾਨ ਆਗੂ ਦਵਿੰਦਰ ਸਿੰਘ ਨਾਲ ਜ਼ਮੀਨ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਇਹ ਝਗੜਾ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਚੱਲ ਰਿਹਾ ਸੀ। 10 ਮਈ ਨੂੰ ਉਸਦਾ ਪਤੀ ਦਵਿੰਦਰ ਸਿੰਘ ਆਪਣੇ ਖੇਤਾਂ ਵਿੱਚ ਕੰਮ ਕਰ ਰਿਹਾ ਸੀ। ਇਸ ਦੌਰਾਨ ਅਮਨਿੰਦਰ ਸਿੰਘ, ਆਪਣੇ ਦੋ ਸਾਥੀਆਂ ਤ੍ਰਿਲੋਕ ਸਿੰਘ ਅਤੇ ਹੈਮਲੀ ਸਿੰਘ ਨਿਵਾਸੀ ਪਿੰਡ ਭਾਗੀਵਾਂਦਰ, ਜ਼ਿਲ੍ਹਾ ਬਠਿੰਡਾ ਨੂੰ ਨਾਲ ਲੈ ਕੇ ਖੇਤ ਵਿੱਚ ਆਇਆ ਅਤੇ ਦਵਿੰਦਰ ਸਿੰਘ ਉੱਤੇ ਕੱਸੀ ਨਾਲ ਵਾਰ ਕਰਕੇ ਉਸਨੂੰ ਗੰਭੀਰ ਜ਼ਖਮੀ ਕਰ ਦਿੱਤਾ ਅਤੇ ਮੌਕੇ ਤੋਂ ਭੱਜ ਗਏ। ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਗੰਭੀਰ ਹਾਲਤ ਵਿੱਚ ਦਵਿੰਦਰ ਸਿੰਘ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਸੋਮਵਾਰ ਸਵੇਰੇ ਉਸਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਸਬੰਧੀ ਡੀਐਸਪੀ ਤਲਵੰਡੀ ਸਾਬੋ ਰਾਜੇਸ਼ ਸਨੇਹੀ ਨੇ ਦੱਸਿਆ ਕਿ ਪੁਲਿਸ ਨੇ ਮ੍ਰਿਤਕ ਕਿਸਾਨ ਆਗੂ ਦੀ ਪਤਨੀ ਦੇ ਬਿਆਨਾਂ 'ਤੇ ਅਮਨਿੰਦਰ ਸਿੰਘ ਅਤੇ ਉਸਦੇ ਦੋ ਸਾਥੀਆਂ ਤ੍ਰਿਲੋਕ ਸਿੰਘ ਅਤੇ ਹੈਮਲੀ ਸਿੰਘ ਖ਼ਿਲਾਫ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ। ਉਨ੍ਹਾਂ ਦੀ ਗ੍ਰਿਫਤਾਰੀ ਲਈ ਥਾਣਾ ਤਲਵੰਡੀ ਸਾਬੋ ਦੀ ਪੁਲਿਸ ਟੀਮ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਹੁਣ ਤੱਕ ਦੀ ਜਾਂਚ 'ਚ ਕਤਲ ਦੀ ਵਜ੍ਹਾ ਜ਼ਮੀਨੀ ਵਿਵਾਦ ਸਾਹਮਣੇ ਆਈ ਹੈ।

# ਸਕਾਊਟਸ ਅਤੇ ਗਾਈਡਜ਼ ਕੈਂਪਾਂ ਦੌਰਾਨ ਬੱਚਿਆਂ 'ਚ ਪੈਦਾ ਹੁੰਦੀ ਐ ਆਦਰਸ਼ ਨਾਗਰਿਕ ਬਣਨ ਦੀ ਭਾਵਨਾ : ਪ੍ਰਿੰ. ਰਾਜ ਸਿੰਘ ਬਾਘਾ



ਬਠਿੰਡਾ, 12 ਮਈ (ਇੰਦਰਪਾਲ ਬਾਂਸਲ):ਦਾ ਪੋਲਰ ਸਟਾਰ ਸਕੂਲ ਢੱਡੇ ਵਿਖੇ ਗਰੁੱਪ ਆਫ ਮਾਤਾ ਸੁੰਦਰੀ ਇਸਟੀਚਿਊਸ਼ਨਜ਼ ਚੇਅਰਮੈਨ ਕੁਲਵੰਤ ਸਿੰਘ ਦੇ ਸਹਯੋਗ ਨਾਲ ਅਤੇ ਸਟੇਟ ਆਰਗਨਾਈਜਿੰਗ ਕਮਿਸ਼ਨਰ ਓਂਕਾਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸਕੈਂਡਰੀ) ਸ਼੍ਰੀਮਤੀ ਅਮਨਿੰਦਰਪਾਲ ਕੌਰ, ਜ਼ਿਲ੍ਹਾ ਆਰਗੇਨਾਈਜਿੰਗ ਕਮਿਸ਼ਨਰ ਅੰਮ੍ਰਿਤਪਾਲ ਸਿੰਘ ਬਰਾੜ, ਜ਼ਿਲ੍ਹਾ ਟਰੇਨਿੰਗ ਕਮਿਸ਼ਨਰ ਰਜਨੀਸ਼ ਬਾਂਸਲ, ਅਤੇ ਸਹਾਇਕ ਜ਼ਿਲ੍ਹਾ ਟਰੇਨਿੰਗ ਕਮਿਸ਼ਨਰ ਅਮਨਿੰਦਰ ਸਿੰਘ ਕੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜ ਰੋਜ਼ਾ ਤ੍ਰਿਤੀਆ ਸੋਪਾਨ ਟਰੇਨਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਦੇ ਪਹਿਲੇ ਦਿਨ ਕੁਲਵੰਤ ਸਿੰਘ ਚੇਅਰਮੈਨ ਗਰੁੱਪ ਆਫ ਮਾਤਾ ਸੁੰਦਰੀ ਇੰਸਟੀਚਿਊਟ, ਡਾਇਰੈਕਟਰ ਪਰਮਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਵਿਸ਼ੇਸ਼ ਤੌਰ 'ਤੇ ਕੈਂਪ ਵਿਖੇ ਸ਼ਿਰਕਤ ਕੀਤੀ। ਇਸ ਦੌਰਾਨ ਚੇਅਰਮੈਨ ਕੁਲਵੰਤ ਸਿੰਘ ਜੀ ਵੱਲੋਂ ਵੱਖ ਵੱਖ ਸਕੂਲਾਂ ਵਿੱਚੋਂ ਆਏ ਸਕਾਊਟ ਗਾਈਡ ਅਤੇ ਅਧਿਆਪਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਇਸ ਤੋਂ ਬਾਅਦ ਵਿੱਚ ਪ੍ਰਿੰਸੀਪਲ ਰਾਜ ਸਿੰਘ ਬਾਘਾ ਵੱਲੋਂ ਸਕਾਊਟ ਗਾਈਡ ਨੂੰ ਇਸ ਕੈਂਪ ਦੀ ਮਹੱਤਤਾ ਬਾਰੇ ਦੱਸਿਆ ਗਿਆ ਅਤੇ ਕਿਹਾ ਸਕਾਊਟਸ ਅਤੇ ਗਾਈਡਜ਼ ਕੈਂਪਾ ਨਾਲ ਬੱਚਿਆਂ 'ਚ ਆਦਰਸ਼ ਨਾਗਰਿਕ ਬਣਨ ਦੀ ਭਾਵਨਾ ਪੈਦਾ ਹੁੰਦੀ ਹੈ। ਹਰ ਇੱਕ ਦੇ ਮੱਦਦਗਾਰ ਬਣਦੇ ਹਨ। ਇਸ ਕੈਂਪ ਦੇ ਅੰਤਿਮ ਦਿਨ ਮੁੱਖ ਮਹਿਮਾਨ ਵਜੋਂ ਡਾਇਰੈਕਟਰ ਪਰਮਿੰਦਰ ਸਿੰਘ ਸਿੱਧੂ ਗਰੁੱਪ ਆਫ ਮਾਤਾ ਸੁੰਦਰੀ ਇੰਸਟੀਚਿਊਟ ਢੱਡੇ ਬਠਿੰਡਾ ਨੇ ਵਿਸੇਸ ਤੌਰ 'ਤੇ ਸ਼ਿਰਕਤ ਕੀਤੀ। ਇਹਨਾਂ ਦੇ ਨਾਲ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ ਦ ਪੋਲਰ ਸਟਾਰ ਸਕੂਲ ਢੱਡੇ, ਅੰਗਰੇਜ਼ ਸਿੰਘ ਪ੍ਰੋਫੈਸਰ ਮਾਤਾ ਸੁੰਦਰੀ ਕਾਲਜ ਅਤੇ ਚਰਨਜੀਤ ਰਾਮ ਸ਼ਰਮਾ ਵਾਈਸ ਪ੍ਰਧਾਨ ਭਾਰਤ ਸਕਾਊਟਸ ਅਤੇ ਗਾਈਡਜ਼ ਬਠਿੰਡਾ ਜੀ ਵੱਲੋਂ ਇਸ ਕੈਂਪ ਵਿੱਚ ਸ਼ਿਰਕਤ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਟਰੇਨਿੰਗ ਕਮਿਸ਼ਨਰ ਸ੍ਰੀ ਰਜਨੀਸ਼ ਬਾਂਸਲ, ਸੁਰਿੰਦਰ ਸਿੰਘ ਬਲਾਕ ਟਰੇਨਿੰਗ ਕੌਂਸਲਰ, ਗਗਨਦੀਪ ਸਿੰਘ ਟਰੇਨਿੰਗ ਇੰਚਾਰਜ ਅਤੇ ਅੰਮ੍ਰਿਤਪਾਲ ਕੌਰ ਟਰੇਨਿੰਗ ਇੰਚਾਰਜ ਵੱਲੋਂ ਮੁੱਖ ਮਹਿਮਾਨ ਅਤੇ ਨਾਲ ਆਈਆਂ ਸ਼ਖ਼ਸੀਅਤਾਂ ਦੇ ਸਕਾਊਟ ਸਕਾਰਫ਼ ਪਾ ਕੇ ਸਵਾਗਤ ਕੀਤਾ ਗਿਆ। ਟਰੇਨਿੰਗ ਇੰਚਾਰਜ ਗਗਨਦੀਪ ਸਿੰਘ, ਸੁਰਿੰਦਰ ਸਿੰਘ, ਸ਼੍ਰੀਮਤੀ ਅਮ੍ਰਿਤਪਾਲ ਕੌਰ ਵੱਲੋਂ ਡਰਾਈਕਟਰ ਪਰਮਿੰਦਰ ਸਿੰਘ ਸਿੱਧੂ ਨੂੰ ਜਦ ਕੈਂਪ ਨਿਰੀਖਣ ਲਈ ਲਿਜਾਇਆ ਗਿਆ। ਤਦ ਸਕਾਊਟਸ ਅਤੇ ਗਾਈਡਜ਼ ਵੱਲੋਂ ਆਪਣੇ ਅੰਦਾਜ਼ ਨਾਲ ਜ਼ੋਰਦਾਰ ਸਵਾਗਤ ਕੀਤਾ ਗਿਆ। ਨਿਰੀਖਣ ਕਰਦੇ ਸਮੇਂ ਡਾਇਰੈਕਟਰ ਸਾਹਿਬ ਵੱਲੋਂ ਸਕਾਊਟਸ ਅਤੇ ਗਾਈਡਜ਼ ਵੱਲੋਂ ਤਿਆਰ ਕੀਤੇ ਗੈਜੇਟ ਅਤੇ ਟੈਂਟ ਦੇਖਦਿਆਂ ਹੈਰਾਨੀ ਜ਼ਾਹਿਰ ਕੀਤੀ ਕਿ ਛੋਟੇ ਛੋਟੇ ਬੱਚਿਆਂ ਨੇ ਬਹੁਤ ਵਧੀਆ ਕੰਮ ਕੀਤਾ ਹੋਇਆ ਹੈ। ਇਸ ਦੇ ਨਾਲ ਟਰੇਨਿੰਗ ਟੀਮ ਦੀ ਵੀ ਸ਼ਲਾਘਾ ਕੀਤੀ। ਇਸ ਮੌਕੇ ਸਟੇਜ ਸੈਕਟਰੀ ਦੀ ਭੂਮਿਕਾ ਗਗਨਦੀਪ ਸਿੰਘ ਵੱਲੋਂ ਨਿਭਾਈ ਗਈ। ਅਤੇ ਮੁੱਖ ਮਹਿਮਾਨ ਜੀ ਨੂੰ ਇਸ ਚਾਰ ਰੋਜ਼ਾ ਕੈਂਪ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰਿੰਸੀਪਲ ਕਨਵਦੀਪ ਸਿੰਘ ਗਿੱਲ ਅਤੇ ਅੰਗਰੇਜ਼ ਸਿੰਘ ਨੇ ਦੱਸਿਆ, ਇਸ ਕੈਂਪ ਦੇ ਟਰੇਨਿੰਗ ਇੰਚਾਰਜ ਰਜਨੀਸ਼ ਬਾਂਸਲ, ਸੁਰਿੰਦਰ ਸਿੰਘ, ਗਗਨਦੀਪ ਸਿੰਘ, ਗਾਈਡ ਕੈਪਟਨ ਸ੍ਰੀਮਤੀ ਅਮ੍ਰਿਤਪਾਲ ਕੌਰ ਵਲੋਂ ਸਕਾਊਟ ਅਤੇ ਗਾਈਡਜ਼ ਨੂੰ ਇਸ ਕੈਂਪ ਵਿੱਚ ਸਕਾਊਟਸ ਅਤੇ ਗਾਈਡਜ ਦੇ ਸਿਲੇਬਸ ਅਨੁਸਾਰ ਸਮਾਜ ਲਈ ਭਲਾਈ ਦੇ ਕੰਮ, ਅਨੁਸਾਸਨ ਵਿੱਚ ਰਹਿਣ, ਕੁਦਰਤੀ ਆਫਤਾ ਦਾ ਕਿਵੇਂ ਸਾਹਮਣਾ ਕਰਨਾ, ਕਦਰਾਂ ਕੀਮਤਾਂ ਸਬੰਧੀ, ਮੁਢਲੀ ਸਹਾਇਤਾ, ਗਜਟ ਬਣਾਉਣੇ ਅਤੇ ਟੈਂਟ ਲਗਾਉਣਾ, ਸਮਾਜਿਕ ਬੁਰਾਈਆਂ ਅਤੇ ਨਸ਼ਿਆਂ ਤੋਂ ਦੂਰ ਰਹਿਣਾ। ਇਸ ਦੇ ਨਾਲ ਸਕਾਊਟ ਗਾਈਡ ਦੇ ਇਤਿਹਾਸ ਅਤੇ ਇਸ ਦੇ ਕੰਮਾਂ ਬਾਰੇ ਲੱਗਭਗ 5 ਸਕੂਲਾਂ ਦੇ150 ਦੇ ਕਰੀਬ ਬੱਚਿਆਂ ਨੂੰ ਟਰੇਨਿੰਗ ਦਿੱਤੀ ਗਈ। ਮੁੱਖ ਮਹਿਮਾਨ ਵੱਲੋਂ ਸਮੁੱਚੀ ਟਰੇਨਿੰਗ ਟੀਮ ਨੂੰ ਕੈਂਪ ਸਫਲ ਬਣਾਉਣ ਲਈ ਵਧਾਈ ਦਿੱਤੀ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਵੱਖ ਵੱਖ ਸਕੂਲਾਂ ਤੋਂ ਆਏ ਸਕਾਊਟਸ ਅਤੇ ਗਾਈਡਜ਼ ਨੂੰ ਦੱਸਿਆ, ਕਿ ਸਕਾਊਟਿੰਗ ਬੱਚਿਆਂ ਵਿੱਚ ਆਤਮ ਨਿਰਭਰਤਾ ਅਤੇ ਅਦਰਸ਼ ਨਾਗਰਿਕ ਬਣਨ ਦੀ ਭਾਵਨਾ ਪੈਦਾ ਕਰਦੀ ਹੈ। ਇਸ ਦੇ ਨਾਲ ਬੱਚਿਆਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਹੋ ਕੇ ਚੰਗੇ ਨਾਗਰਿਕ ਬਣਨ ਦੀ ਪ੍ਰੇਰਨਾ ਦਿੱਤੀ। ਫਿਰ ਉਹਨਾਂ ਵੱਲੋਂ ਟਰੇਨਿੰਗ ਟੀਮ ਨੂੰ ਪ੍ਰਸ਼ੰਸਾਂ ਪੱਤਰ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਅਨੰਦ ਸਿੰਘ ਸਕਾਊਟ ਮਾਸਟਰ, ਗੁਰਜੀਤ ਸਿੰਘ ਝੱਬਰ ਸਕਾਊਟ ਮਾਸਟਰ ਅਤੇ ਸ਼੍ਰੀਮਤੀ ਅਮਨਦੀਪ ਕੌਰ ਗਾਈਡ ਕੈਪਟਨ ਵੱਲੋਂ ਸਮੂਹ ਸਕਾਊਟਸ ਅਤੇ ਗਾਈਡਜ਼ ਵਿਚ ਅਨੁਸ਼ਾਸਨ ਬਣਾਉਣ ਵਿੱਚ ਆਪਣਾ ਯੋਗਦਾਨ ਪਾਇਆ। ਇਸ ਦੇ ਨਾਲ ਦ ਪੋਲਰ ਸਟਾਰ ਸਕੂਲ ਢੱਡੇ ਦੇ ਅਧਿਆਪਕਾ ਮਿਸ ਸੁਖਵੀਰ ਕੌਰ ਗਾਈਡ ਕੈਪਟਨ, ਹਰਦੀਪ ਸਿੰਘ ਸਕਾਊਟ ਮਾਸਟਰ ਅਤੇ ਸਮੂਹ ਸਟਾਫ ਵੱਲੋਂ ਇਸ ਕੈਂਪ ਨੂੰ ਸਫਲ ਬਣਾਉਣ ਵਿੱਚ ਭਰਪੂਰ ਸਹਿਯੋਗ ਦਿੱਤਾ।

# ਹੈਰੋਇਨ, 8.50 ਕਿੱਲੋ ਭੁੱਕੀ ਅਤੇ ਨਸ਼ੀਲੀਆਂ ਗੋਲ਼ੀਆਂ ਬਰਾਮਦ

ਬਠਿੰਡਾ, 12 ਮਈ (ਦੀਪਕ ਸ਼ਰਮਾ):ਇਸੇ ਤਰ੍ਹਾਂ ਜ਼ਿਲ੍ਹਾ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ 17 ਵਿਅਕਤੀਆਂ ਨੂੰ ਭਾਰੀ ਮਾਤਰਾ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਫੜੇ ਗਏ ਇਨ੍ਹਾਂ ਮੁਲਜ਼ਮਾਂ ਕੋਲੋਂ 37.69 ਗ੍ਰਾਮ ਹੈਰੋਇਨ, ਸਾਢੇ 8 ਕਿੱਲੋ ਭੁੱਕੀ, 10 ਲੀਟਰ ਨਜਾਇਜ਼ ਸ਼ਰਾਬ ਅਤੇ 90 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਿਸ ਨੇ ਰਾਮ ਬਾਗ ਨੇੜੇ ਇਕ ਸਕੂਟਰੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਵਿੱਚੋਂ 13 ਬੋਤਲਾਂ ਦੇਸੀ ਠੇਕਾ ਸ਼ਰਾਬ ਬਰਾਮਦ ਹੋਈ। ਪੁਲਿਸ ਪਾਰਟੀ ਨੇ ਸਕੂਟਰੀ ਸਵਾਰ ਵਿਅਕਤੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ, ਜਿਸ ਦੀ ਪਛਾਣ ਗੁਲਸ਼ਨ ਕੁਮਾਰ ਵਾਸੀ ਅਜੀਤ ਰੋਡ ਬਠਿੰਡਾ ਵਜੋਂ ਹੋਈ ਹੈ। ਇਸ ਤਰ੍ਹਾਂ ਹੀ ਥਾਣਾ ਨੇਹੀਆਂਵਾਲਾ ਦੀ ਪੁਲਿਸ ਨੇ ਇਕ ਵਿਅਕਤੀ ਨੂੰ 10 ਲੀਟਰ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ। ਮੁਲਜ਼ਮ ਦੀ ਪਛਾਣ ਜਗਸੀਰ ਸਿੰਘ ਵਾਸੀ ਪਿੰਡ ਹਰਰਾਏਪੁਰ ਵਜੋਂ ਹੋਈ ਹੈ। ਉਕਤ ਵਿਅਕਤੀ ਨੂੰ ਪੁਲਿਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਕਾਬੂ ਕੀਤਾ ਹੈ। ਇਸ ਤਰ੍ਹਾਂ ਹੀ ਥਾਣਾ ਸਦਰ ਰਾਮਪੁਰਾ ਦੀ ਪੁਲਿਸ ਨੇ ਪਿੰਡ ਚਾਉਕੇ ਵਿੱਚੋਂ ਇਕ ਵਿਅਕਤੀ ਨੂੰ 24 ਬੋਤਲਾਂ ਠੇਕਾ ਸ਼ਰਾਬ ਦੇਸੀ ਸਮੇਤ ਕਾਬੂ ਕੀਤਾ ਹੈ। ਮੁਲਜਮ ਦੀ ਪਛਾਣ ਰਾਜੀਵ ਸਿੰਘ ਵਾਸੀ ਪਿੰਡ ਪੀਰਕੋਟ ਵਜੋਂ ਹੋਈ ਹੈ। ਨਸ਼ਿਆਂ ਦੇ ਹੀ ਇਕ ਹੋਰ ਮਾਮਲੇ ਵਿੱਚ ਥਾਣਾ ਬਾਲਿਆਂਵਾਲੀ ਦੀ ਪੁਲਿਸ ਨੇ ਇਕ ਵਿਅਕਤੀ ਨੂੰ ਭਾਰੀ ਮਾਤਰਾ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਭੂੰਦੜ ਵਿਚ ਪੁਲਿਸ ਪਾਰਟੀ ਨੇ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 50 ਗੋਲੀਆਂ ਟਰਾਮਾਡੋਲ ਬਰਾਮਦ ਹੋਈਆਂ। ਪੁਲਿਸ ਪਾਰਟੀ ਨੇ ਮੁਲਜ਼ਮ ਨੂੰ ਮੌਕੇ 'ਤੇ ਕਾਬੂ ਕਰ ਲਿਆ। ਜਿਸ ਦੀ ਪਛਾਣ ਸੁਖਵਿੰਦਰ ਸਿੰਘ ਵਾਸੀ ਪਿੰਡ ਮੰਡੀ ਕਲਾਂ ਵਜੋਂ ਹੋਈ ਹੈ। ਇਸ ਤਰ੍ਹਾਂ ਹੀ ਥਾਣਾ ਕੋਤਵਾਲੀ ਪੁਲਿਸ ਨੇ ਸਿਰਕੀ ਬਾਜ਼ਾਰ ਨੇੜੇ ਇਕ ਸ਼ੱਕੀ ਵਿਅਕਤੀ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ ਸੱਤ ਗ੍ਰਾਮ ਹੈਰੋਇਨ ਬਰਾਮਦ ਹੋਈ। ਮੁਲਜਮ ਦੀ ਪਛਾਣ ਕ੍ਰਿਸ਼ ਗੋਇਲ ਵਾਸੀ ਅਮਰਪੁਰਾ ਬਸਤੀ ਬਠਿੰਡਾ ਵਜੋਂ ਹੋਈ। ਇਸ ਤਰ੍ਹਾਂ ਹੀ ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਭਾਰੀ ਮਾਤਰਾ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਹੈ। ਸਹਾਇਕ ਥਾਣੇਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਰਿੰਗ ਰੋਡ ਉੱਪਰ ਅੰਡਰ ਬ੍ਰਿਜ ਨੇੜੇ ਤਿੰਨ ਸ਼ੱਕੀ ਵਿਅਕਤੀਆਂ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 10. 16 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਪਾਰਟੀ ਨੇ ਮੁਲਜਮਾਂ ਨੂੰ ਮੌਕੇ 'ਤੇ ਕਾਬੂ ਕਰ ਲਿਆ। ਜਿਨ੍ਹਾਂ ਦੀ ਪਛਾਣ ਰੋਹਿਤ ਅਰੋੜਾ ਵਾਸੀ ਕੱਚਾ ਧੋਬੀਆਣਾ, ਗੁਰਪਿੰਦਰ ਸਿੰਘ ਅਤੇ ਇਕਬਾਲ ਸਿੰਘ ਵਾਸੀਆਨ ਭਾਈ ਮਤੀ ਦਾਸ ਨਗਰ ਬਠਿੰਡਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜਮਾਂ ਖਿਲਾਫ ਨਸ਼ਾ ਰੋਕੂ ਐਕਟ ਦੀਆਂ ਧਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਥਾਣਾ ਕੈਨਾਲ ਕਲੋਨੀ ਦੀ ਪੁਲਿਸ ਨੇ ਵੀ ਜਨਤਾ ਨਗਰ ਵਿਚ ਇਕ ਵਿਅਕਤੀ ਨੂੰ 6 ਗ੍ਰਾਮ ਹੈਰੋਇਨ ਸਮੇਤ ਫੜਿਆ ਹੈ। ਜਿਸ ਦੀ ਪਛਾਣ ਨਿਸ਼ਾਤ ਪਟਨਾਗਰ ਵਾਸੀ ਪ੍ਰਤਾਪ ਨਗਰ ਬਠਿੰਡਾ ਵਜੋਂ ਹੋਈ ਹੈ। ਇਕ ਹੋਰ ਮਾਮਲੇ ਵਿਚ ਥਾਣਾ ਥਰਮਲ ਪੁਲਿਸ ਨੇ ਇਕ ਵਿਅਕਤੀ ਨੂੰ 8 ਕਿੱਲੋ 500 ਗ੍ਰਾਮ ਭੁੱਕੀ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਮੁਲਜਮ ਜਗਬੀਰ ਸਿੰਘ ਬਾਸੀ ਪਿੰਡ ਸੁਹਾਵਾ ਜ਼ਿਲ੍ਹਾ ਤਰਨਤਾਰਨ ਨੂੰ ਮਲੋਟ ਰੋਡ ਤੋਂ ਫੜਿਆ ਹੈ।

# ਵਾਤਾਵਰਨ ਦੀ ਸੰਭਾਲ ਸੱਚੀ ਇਨਸਾਨੀਅਤ : ਇੰਸ. ਮੰਗੀ ਸਿੱਧੂ



ਰਾਮਪੁਰਾ ਫੂਲ, 12 ਮਈ (ਮਨਪ੍ਰੀਤ ਮਿੱਟੂ) : ਮੰਗੀ ਸਿੱਧੂ ਵੱਲੋਂ ਆਪਣੇ ਜਨਮ ਦਿਵਸ ਅਤੇ ਮਦਰਜ਼ ਡੇਅ ਮੌਕੇ ਬੂਟੇ ਲਗਾਉਣ ਦੀ ਪ੍ਰੇਰਨਾਦਾਇਕ ਪਹਿਕਦਮੀ ਕੀਤੀ ਗਈ। ਪੰਜਾਬ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ (ਪੀਆਰਟੀਸੀ) ਦੇ ਸਮਰਪਿਤ ਇੰਸਪੈਕਟਰ ਅਤੇ ਪ੍ਰਸਿੱਧ ਸਮਾਜਸੇਵੀ ਕੁਲਵੰਤ ਸਿੰਘ ਸਿੱਧੂ, ਜਿਨ੍ਹਾਂ ਨੂੰ ਸਤਿਕਾਰਤ ਤੌਰ 'ਤੇ 'ਮੰਗੀ ਸਿੱਧੂ' ਵਜੋਂ ਜਾਣਿਆ ਜਾਂਦਾ ਹੈ, ਨੇ ਆਪਣਾ ਜਨਮ ਦਿਵਸ ਅਤੇ ਅੰਤਰਰਾਸ਼ਟਰੀ ਮਦਰਜ਼ ਡੇਅ ਇੱਕ ਪ੍ਰੇਰਨਾਦਾਇਕ ਅੰਦਾਜ਼ ਵਿੱਚ ਮਨਾਇਆ। ਮੰਗੀ ਸਿੱਧੂ, ਜੋ ਸਵਰਗਵਾਸੀ ਮਹਿੰਦਰ ਸਿੰਘ ਅਤੇ ਮਾਤਾ ਸ੍ਰੀਮਤੀ ਕਰਨੈਲ ਕੌਰ ਦੇ ਸੁਪੁੱਤਰ ਹਨ, ਅਤੇ ਮੰਡੀ ਕਲਾਂ ਸਕੂਲ ਦੇ ਪ੍ਰਿੰਸੀਪਲ ਚਮਕੌਰ ਸਿੰਘ ਦੇ ਸਤਿਕਾਰਯੋਗ ਭਰਾ ਹਨ, ਨੇ ਇਸ ਮੌਕੇ ਬੂਟੇ ਲਗਾਉਣ ਦੀ ਸਾਰਥਕ ਪਹਿਲ ਕਰਕੇ ਸਮਾਜ ਅੱਗੇ ਇੱਕ ਮਿਸਾਲ ਪੇਸ਼ ਕੀਤੀ। ਇਸ ਵਿਸ਼ੇਸ਼ ਅਵਸਰ 'ਤੇ, ਮੰਗੀ ਸਿੱਧੂ ਨੇ ਸਮਾਜਿਕ ਸਰਗਰਮੀਆਂ ਅਤੇ ਵਾਤਾਵਰਣ ਸੰਭਾਲ ਪ੍ਰਤੀ ਆਪਣੀ ਅਟੁੱਟ ਵਚਨਬੱਧਤਾ ਨੂੰ ਪ੍ਰਗਟ ਕਰਦਿਆਂ, ਬੂਟੇ ਲਗਾਉਣ ਦੀ ਪ੍ਰਕਿਰਿਆ ਵਿੱਚ ਹਿੱਸਾ ਲਿਆ। ਉਨ੍ਹਾਂ ਦਾ ਇਹ ਕਦਮ ਨਾ ਸਿਰਫ਼ ਵਾਤਾਵਰਣ ਪ੍ਰਤੀ ਸੰਜੀਦਗੀ ਨੂੰ ਦਰਸਾਉਂਦਾ ਹੈ, ਸਗੋਂ ਮਾਤਰੀ ਸ਼ਕਤੀ ਦੇ ਸਤਿਕਾਰ ਵਜੋਂ ਮਦਰਜ਼ ਡੇਅ ਦੇ ਮਹੱਤਵ ਨੂੰ ਵੀ ਉਜਾਗਰ ਕਰਦਾ ਹੈ। ਬੂਟੇ ਲਗਾਉਣ ਦੀ ਇਸ ਪਹਿਲ ਰਾਹੀਂ, ਉਨ੍ਹਾਂ ਨੇ ਸੁਨੇਹਾ ਦਿੱਤਾ ਕਿ ਜੀਵਨ ਦੇ ਵਿਸ਼ੇਸ਼ ਪਲਾਂ ਨੂੰ ਸਮਾਜ ਅਤੇ ਪ੍ਰਕਿਰਤੀ ਦੀ ਸੇਵਾ ਨਾਲ ਜੋੜ ਕੇ ਅਰਥਪੂਰਨ ਬਣਾਇਆ ਜਾ ਸਕਦਾ ਹੈ। ਮੰਗੀ ਸਿੱਧੂ ਦੀ ਇਸ ਪਹਿਲ ਨੂੰ ਸਥਾਨਕ ਲੋਕਾਂ ਅਤੇ ਸਮਾਜਿਕ ਸੰਗਠਨਾਂ ਵੱਲੋਂ ਭਰਪੂਰ ਸਰਾਹਨਾ ਮਿਲੀ। ਉਨ੍ਹਾਂ ਦੇ ਇਸ ਕਾਰਜ ਨੇ ਨੌਜਵਾਨ ਪੀੜ੍ਹੀ ਨੂੰ ਵੀ ਵਾਤਾਵਰਣ ਸੰਭਾਲ ਅਤੇ ਸਮਾਜ ਸੇਵਾ ਵੱਲ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ, ਉਨ੍ਹਾਂ ਨੇ ਸਮੂਹ ਸਮਾਜ ਨੂੰ ਅਪੀਲ ਕੀਤੀ ਕਿ ਹਰ ਵਿਅਕਤੀ ਨੂੰ ਆਪਣੇ ਜੀਵਨ ਦੇ ਮਹੱਤਵਪੂਰਨ ਦਿਨਾਂ ਨੂੰ ਬੂਟੇ ਲਗਾਉਣ ਵਰਗੀਆਂ ਸਾਰਥਕ ਗਤੀਵਿਧੀਆਂ ਨਾਲ ਜੋੜਨਾ ਚਾਹੀਦਾ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਹਰਿਆਲੀ ਅਤੇ ਸਿਹਤਮੰਦ ਵਾਤਾਵਰਣ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਕੁਲਵੰਤ ਸਿੰਘ ਸਿੱਧੂ ਦੀ ਇਹ ਪਹਿਲ ਸਮਾਜ ਵਿੱਚ ਇੱਕ ਸਕਾਰਾਤਮਕ ਸੁਨੇਹਾ ਫੈਲਾਉਣ ਦਾ ਕਾਰਣ ਬਣੀ ਹੈ। ਉਨ੍ਹਾਂ ਦੇ ਇਸ ਪ੍ਰੇਰਨਾਦਾਇਕ ਕਦਮ ਨੇ ਸਾਬਤ ਕਰ ਦਿੱਤਾ ਹੈ ਕਿ ਸਮਾਜ ਸੇਵਾ ਅਤੇ ਵਾਤਾਵਰਣ ਸੰਭਾਲ ਦੀ ਭਾਵਨਾ ਹੀ ਸੱਚੀ ਮਨੁੱਖਤਾ ਦੀ ਪਹਿਚਾਣ ਹੈ। ਇਸ ਮੌਕੇ ਉਹਨਾਂ ਨਾਲ ਹਰਿੰਦਰਜੀਤ ਸਿੰਘ,ਮਿੱਠੂ ਸਿੰਘ,,ਸੁਖਜਿੰਦਰ ਸਿੰਘ ਹਾਰਡ ਕਮੇਟੀ, ਅਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ

# ਏ.ਐਨ.ਟੀ.ਐੱਫ. ਵੱਲੋਂ ਹੈਰੋਇਨ ਸਮੇਤ ਤਿੰਨ ਨਸ਼ਾ ਤਸਕਰ ਗ੍ਰਿਫ਼ਤਾਰ

ਬਠਿੰਡਾ, 12 ਮਈ (ਦੀਪਕ ਸ਼ਰਮਾ) :ਐਂਟੀ ਨਾਰਕੋਟਿਕਸ ਟਾਸਕ ਫੋਰਸ (ਏਐਨਟੀਐੱਫ) ਬਠਿੰਡਾ ਰੇਂਜ ਦੀ ਟੀਮ ਨੇ ਸਕਾਰਪਿਓ ਸਵਾਰ ਤਿੰਨ ਨਸ਼ਾ ਤਸਕਰਾਂ ਨੂੰ 506 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਕਾਬੂ ਕੀਤੇ ਤਿੰਨੋਂ ਦੋਸ਼ੀਆਂ ਖ਼ਿਲਾਫ ਮੋਹਾਲੀ ਸਥਿਤ ਏਐਨਟੀਐੱਫ ਥਾਣੇ ਵਿੱਚ ਐਨਡੀਪੀਐੱਸ ਐਕਟ ਅਧੀਨ ਮੁਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ, ਏਐਨਟੀਐੱਫ ਬਠਿੰਡਾ ਰੇਂਜ ਦੀ ਪੁਲਿਸ ਟੀਮ ਨੇ ਰੋੜੀ ਰੋਡ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ 'ਤੇ ਨਾਕਾਬੰਦੀ ਕਰਕੇ ਸ਼ੱਕੀ ਗੱਡੀਆਂ ਦੀ ਜਾਂਚ ਕਰ ਰਹੀ ਸੀ। ਇਸ ਦੌਰਾਨ ਪੁਲਿਸ ਟੀਮ ਨੇ ਸ਼ੱਕ ਦੇ ਆਧਾਰ 'ਤੇ ਸਕਾਰਪਿਓ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ, ਤਾਂ ਗੱਡੀ ਵਿੱਚੋਂ 506 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਮੌਕੇ 'ਤੇ ਗੱਡੀ ਸਵਾਰ ਗੁਰਪਿਆਰ ਸਿੰਘ ਉਰਫ਼ ਭੂਰਾ ਸਿੰਘ ਨਿਵਾਸੀ ਪਿੰਡ ਰਾਇਪੁਰ, ਥਾਣਾ ਝੁਨੀਰ, ਜ਼ਿਲ੍ਹਾ ਮਾਨਸਾ, ਅਰਸ਼ਦੀਪ ਸਿੰਘ ਉਰਫ਼ ਅਰਸ਼ ਨਿਵਾਸੀ ਪਿੰਡ ਰਾਇਪੁਰ, ਜ਼ਿਲ੍ਹਾ ਮਾਨਸਾ ਅਤੇ ਕਮਲਦੀਪ ਸਿੰਘ ਉਰਫ਼ ਕਮਲ ਨਿਵਾਸੀ ਪਿੰਡ ਫਤਿਹਪੁਰ, ਜ਼ਿਲ੍ਹਾ ਮਾਨਸਾ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖ਼ਿਲਾਫ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬੁੱਧ ਪੂਰਨਿਮਾ ਮੌਕੇ ਇੱਕ ਧਿਆਨ (ਮੈਡੀਟੇਸਨ) ਸੈਸ਼ਨ ਦਾ ਆਯੋਜਨ



ਲਹਿਰਾਗਾਗਾ, 12 ਮਈ (ਰਾਮੇਸ਼ਵਰ ਸ਼ਰਮਾ/ਖੁਸ਼ਵਿੰਦਰ ਸ਼ਰਮਾ): ਅੱਜ ਬੁੱਧ ਪੂਰਨਿਮਾ ਦੇ ਮੌਕੇ 'ਤੇ ਸਥਾਨਕ ਸਨਾਤਨ ਧਰਮ ਮੰਦਰ (ਮੰਡੀ ਵਾਲਾ ਮੰਦਿਰ)ਵਿਖੇ ਸ੍ਰੀਮਤੀ ਸੀਮਾ ਗੋਇਲ ਧਰਮ ਪਤਨੀ ਸ੍ਰੀ ਬਰਿੰਦਰ ਗੋਇਲ ਕੈਬਨਿਟ ਮੰਤਰੀ ਪੰਜਾਬ ਦੀ ਸਰਪ੍ਰਸਤੀ ਹੇਠ ਇੱਕ ਧਿਆਨ,(ਮੈਡੀਟੇਸ਼ਨ ) ਸੈਸ਼ਨ ਲਗਾਇਆ ਗਿਆ, ਜਿਸ ਦੀ ਅਗਵਾਈ ਸ਼੍ਰੀ ਵਿਵੇਕਾਨੰਦ ਪਿਰਾਮਿਡ ਸੋਸਾਇਟੀ ਲੁਧਿਆਣਾ ਵੱਲੋਂ ਕੀਤੀ ਗਈ। ਮਾਸਟਰ ਮਨੀਸ਼ਾ ਪਾਰਾਸ਼ਰ ਵੱਲੋ ਇਸ ਧਿਆਨ( ਮੈਡੀਟੇਸ਼ਨ)ਸੈਸ਼ਨ ਵਿੱਚ 50 ਦੇ ਕਰੀਬ ਲੋਕਾਂ ਨੂੰ ਧਿਆਨ ਕਰਵਾਇਆ। ਉਨ੍ਹਾਂ ਵੱਲੋਂ ਧਿਆਨ ਕਰਨ ਦੇ ਲਾਭਾਂ ਬਾਰੇ ਉਚੇਚੇ ਤੌਰ 'ਤੇ ਦੱਸਿਆ ਗਿਆ, ਲੋਕਾਂ ਨੂੰ ਧਿਆਨ ਨਾਲ ਜੁੜਨ ਦੀ ਸਲਾਹ ਦਿੱਤੀ। ਮਤੀ ਸੀਮਾ ਗੋਇਲ ਵੱਲੋ ਦੱਸਿਆ ਗਿਆ ਕਿ ਇਹ ਧਿਆਨ ਕਲਾਸ ਹਰ ਰੋਜ਼ ਸ਼ਾਮ ਨੂੰ ਚਾਰ ਤੋਂ ਪੰਜ ਵਜੇ ਤੱਕ ਲੱਗਿਆ ਕਰੇਗੀ।

# ਮਾਤਾ ਦਰਸ਼ਨਾ ਬਾਂਸਲ ਦੇ ਆਸ਼ੀਰਵਾਦ ਅਤੇ ਸੰਸਕਾਰਾਂ ਸਦਕਾ ਬਾਂਸਲ ਗਰੁੱਪ ਛੂਹ ਰਿਹੈ ਬੁਲੰਦੀਆਂ



ਬਰਨਾਲਾ, 12 ਮਈ (ਸੁਖਵਿੰਦਰ ਸਿੰਘ ਭੰਡਾਰੀ): ਕੋਂਪਲ ਕੰਪਨੀ ਦੇ ਐੱਮ ਡੀ ਸੰਜੀਵ ਬਾਂਸਲ ਸੂਲਰ ਘਰਾਟ ਵਾਲਿਆਂ ਨੇ ਕਿ ਮਾਤਾ ਦਰਸ਼ਨਾ ਦੇਵੀ ਬਾਂਸਲ ਤੋਂ ਮਿਲੇ ਆਸ਼ੀਰਵਾਦ ਅਤੇ ਸੰਸਕਾਰਾਂ ਸਦਕਾ ਬਾਂਸਲ'ਜ ਗਰੁੱਪ ਸੂਲਰ ਘਰਾਟ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਜਿਸ ਦਾ ਸਿਹਰਾ ਆਪਣੀ ਮਾਂ ਨੂੰ ਦਿੰਦਿਆਂ ਸੰਜੀਵ ਬਾਂਸਲ ਨੇ ਲਿਖਿਆ ਹੈ ਕਿ ਕੁੱਝ ਯਾਦਾਂ ਦਾ ਚੇਤਾ ਆਉਂਦਾ ਰਹਿੰਦਾ ਹੈ। ਅੱਜ ਦੇ ਦਿਨ ਨੂੰ "ਮਦਰ ਡੇ" ਯਾਨੀ ਮਾਂ ਦਿਵਸ ਵਜੋਂ ਦਰਜ਼ ਕੀਤਾ ਗਿਆ ਹੈ। ਜਦੋਂ ਬੱਚਾ ਇਸ ਦੁਨੀਆਂ ਵਿੱਚ ਜਨਮ ਲੈਂਦਾ ਹੈ ਤਾਂ ਉਸ ਨੂੰ ਮਾਂ ਦੀ ਮਿੱਠੀ ਪਿਆਰੀ ਤੇ ਨਿੱਘੀ ਗੋਦੀ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਉਹ ਕਿੰਨਾ ਵੀ ਰੋਂਦਾ ਕਿਉਂ ਨਾ ਹੋਵੇ- ਪਰ ਜੇਕਰ ਮਮਤਾ ਨਾਲ ਭਰੀ ਮਾਂ ਉਸ ਨੂੰ ਘੁੱਟ ਕੇ ਹਿੱਕ ਨਾਲ ਲਾ ਲਵੇ ਤਾਂ ਝੱਟ ਚੁੱਪ ਕਰ ਜਾਂਦਾ ਹੈ। ਮਾਂ ਮਮਤਾ ਦੀ ਮੂਰਤ, ਪਿਆਰ ਦਾ ਸਾਗਰ, ਦਇਆ ਤੇ ਤਿਆਗ ਦੀ ਦੇਵੀ ਹੈ। ਮਾਂ ਦੀ ਕੁਰਬਾਨੀ ਦਾ ਮੁੱਲ ਕਿਸੇ ਵੀ ਕੀਮਤ ਤੇ ਤਾਰਿਆ ਨਹੀਂ ਜਾ ਸਕਦਾ, ਪਰ ਪਿਆਰ ਸਤਿਕਾਰ ਤਾਂ ਦਿੱਤਾ ਹੀ ਜਾ ਸਕਦਾ ਹੈ। ਮਾਂ ਰੱਬ ਵੱਲੋਂ ਦਿੱਤਾ ਗਿਆ ਦੁਨੀਆਂ ਦਾ ਸਭ ਤੋਂ ਅਨਮੋਲ ਤੋਹਫ਼ਾ ਹੁੰਦਾ ਹੈ। ਰੱਬ ਆਪਣਾ ਸਾਰਾ ਪਿਆਰ ਮਾਂ ਦੇ ਰੂਪ ਵਿੱਚ ਹੀ ਵੰਡਦਾ ਹੈ। ਮਾਂ ਦਾ ਨਿਸਵਾਰਥ ਪਿਆਰ ਹਰ ਇੱਕ ਦੇ ਦਿਲ ਵਿੱਚ ਅਜਿਹੀ ਨਿੱਘੀ ਯਾਦ ਬਣ ਕੇ ਰਹਿੰਦਾ ਹੈ ਕਿ ਮਾਂ ਦੇ ਵਿੱਛੜ ਜਾਣ ਤੋਂ ਬਾਅਦ ਵੀ ਬੱਚਿਆਂ ਦੇ ਦਿਲਾਂ ਵਿਚ ਉਸ ਦੀ ਗਰਮਾਹਟ ਬਰਕਰਾਰ ਰਹਿੰਦੀ ਹੈ। ਜੋ ਸਾਨੂੰ ਜ਼ਿੰਦਗੀ ਜਿਉਣ ਅਤੇ ਅੱਗੇ ਵੱਧਣ ਲਈ ਪ੍ਰੇਰਿਤ ਕਰਦੀ ਹੈ । ਦੁੱਖ ਦੀ ਗੱਲ ਇਹ ਹੈ ਕਿ ਅਜੋਕੇ ਯੁੱਗ ਵਿੱਚ ਬੱਚੇ ਇਸ ਤੋਂ ਵੀ ਮੁਨਕਰ ਹੁੰਦੇ ਜਾ ਰਹੇ ਹਨ। ਆਮ ਤੌਰ 'ਤੇ ਨਾਰੀ ਦੇ ਚਾਰ ਰੂਪ ਮੰਨੇ ਜਾਂਦੇ ਹਨ- ਮਾਂ, ਭੈਣ, ਪਤਨੀ ਤੇ ਬੇਟੀ। ਇਹਨਾਂ ਵਿਚੋਂ ਮਾਂ ਦੇ ਰੂਪ ਨੂੰ ਸਰਵ-ਉੱਚ ਸਥਾਨ ਪ੍ਰਾਪਤ ਹੈ। ਮਾਂ ਦਾ ਰੋਲ ਕੇਵਲ ਬੱਚੇ ਨੂੰ ਆਪਣੀ ਕੁੱਖ ਤੋਂ ਜਨਮ ਦੇ ਕੇ ਹੀ ਖਤਮ ਨਹੀਂ ਹੋ ਜਾਂਦਾ, ਸਗੋਂ ਪਿਆਰ ਦੁਲਾਰ ਦੇ ਨਾਲ ਉਸ ਦਾ ਪਾਲਣ-ਪੋਸ਼ਣ ਕਰਨਾ ਤੇ ਜ਼ਿੰਦਗੀ ਵਿੱਚ ਸਹੀ ਰਾਹ ਦਿਖਾਉਣਾ ਵੀ ਉਸ ਦਾ ਫਰਜ਼ ਹੁੰਦਾ ਹੈ। ਇਹ ਮਾਂ ਦਾ ਹੀ ਹਿਰਦਾ ਹੁੰਦਾ ਹੈ ਕਿ ਬੇਸ਼ੱਕ ਪੁੱਤਰ ਜਿਹੋ ਜਿਹਾ ਮਰਜ਼ੀ ਹੋਵੇ, ਮਾਂ ਹਮੇਸ਼ਾਂ ਉਸ ਦੀ ਸੁੱਖ ਹੀ ਲੋੜਦੀ ਹੈ, ਅਸੀਸਾਂ ਦਿੰਦੀ ਹੈ, ਭਾਵੇਂ ਸਾਰਾ ਆਲਾ ਦੁਆਲਾ ਉਸ ਨੂੰ ਦੋਸ਼ੀ ਜਾਂ ਗੁਨਾਹਗਾਰ ਆਖੇ, ਪਰ ਮਾਂ ਕਦੇ ਨਹੀਂ ਮੰਨੇਗੀ ਕਿ ਮੇਰਾ ਪੁੱਤਰ ਦੋਸ਼ੀ ਹੈ। ਪਰ ਦੇਖਣ ਵਿੱਚ ਆਇਆ ਹੈ ਕਿ ਕਈ ਪਰਿਵਾਰਾਂ ਵਿੱਚ ਇਹ ਰੋਲ ਦਾਦੀਆਂ ਨਾਨੀਆਂ ਵੀ ਨਿਭਾਅ ਰਹੀਆਂ ਹਨ। ਮਾਂ ਇੱਕ ਕਲਾਕਾਰ ਹੁੰਦੀ ਹੈ- ਜੋ ਆਪਣੇ ਬੱਚੇ ਦੀ ਸ਼ਖ਼ਸੀਅਤ ਨੂੰ ਘੜਨ ਲਈ ਆਪਣੀ ਪੂਰੀ ਵਾਹ ਲਾਉਂਦੀ ਹੈ। ਮਾਂ ਦੇ ਜਿਉਂਦੇ ਜੀਅ ਸ਼ਾਇਦ ਅਸੀਂ ਉਸ ਦੀ ਕਦਰ ਘੱਟ ਕਰਦੇ ਹਾਂ, ਪ੍ਰੰਤੂ ਉਸ ਦੇ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਜੋ ਘਾਟਾ ਪੈਂਦਾ ਹੈ ਉਸ ਦੀ ਪੂਰਤੀ ਅਸੰਭਵ ਹੈ ਅਜੋਕੇ ਸਮੇਂ ਦਾ ਦੁਖਾਂਤ ਹੈ ਕਿ- ਅੱਜ ਸਾਡੀਆਂ ਮਾਵਾਂ ਬਿਰਧ ਆਸ਼ਰਮਾਂ ਵਿੱਚ ਰੁਲ਼ ਰਹੀਆਂ ਹਨ। ਇੱਕ ਵਾਰੀ 'ਮਦਰਜ਼ ਡੇ' ਤੇ ਖਬਰ ਆਈ ਸੀ, ਕਿ ਬਿਰਧ ਆਸ਼ਰਮ ਦੀਆਂ ਬਜ਼ੁਰਗ ਔਰਤਾਂ ਨੂੰ ਜਦੋਂ ਦੱਸਿਆ ਗਿਆ ਕਿ ਅੱਜ 'ਮਾਂ ਦਿਵਸ' ਹੈ ਤਾਂ ਉਹ ਸਾਰਾ ਦਿਨ ਗੇਟ ਦੇ ਨੇੜੇ ਬੈਠੀਆਂ ਰਹੀਆਂ, ਕਿ ਸ਼ਾਇਦ ਉਹਨਾ ਦਾ ਕੋਈ ਆਪਣਾ ਮਿਲਣ ਆ ਜਾਵੇ। ਕਿੰਨੇ ਨਾ ਸ਼ੁਕਰੇ ਹਾਂ ਅਸੀਂ, ਕਦੇ ਸੋਚਿਆ ? ਇਸ ਦਿਨ ਸਾਨੂੰ ਸਾਰਿਆਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਆਪਣੇ ਪਰਿਵਾਰ ਵਿੱਚ ਆਪਣੇ ਬਜ਼ੁਰਗਾਂ ਨੂੰ ਕਦੀ ਵੀ ਕੋਈ ਦਿੱਕਤ ਨਹੀਂ ਆਉਣ ਦੇਵਾਂਗੇ। ਫਿਰ ਦੇਖਣਾ ਸਾਨੂੰ ਕਿਸੇ ਬਿਰਧ ਆਸ਼ਰਮ ਦੀ ਜ਼ਰੂਰਤ ਨਹੀਂ ਰਹਿਣੀ ਅਤੇ ਸਾਡੀਆ ਆਉਣ ਵਾਲੀਆਂ ਪੀੜ੍ਹੀਆਂ ਆਪਣੀਆਂ ਦਾਦੀਆਂ, ਨਾਨੀਆਂ ਤੋਂ ਸਮਾਜਿਕ ਸੇਧ ਲੈ ਕੇ ਜਵਾਨ ਹੋਣਗੀਆਂ। ਇਹੀ ਅਸਲੀ ਮਾਂ ਦਿਵਸ ਹੋਵੇਗਾ।

# ਅੰਤਰਰਾਸ਼ਟਰੀ ਨਰਸ ਦਿਵਸ 'ਤੇ ਸਿਵਲ ਸਰਜਨ ਨੇ ਜੀ.ਐਨ.ਐਮ. ਨੂੰ ਦਿੱਤੀ ਵਧਾਈ



ਬਠਿੰਡਾ, 12 ਮਈ (ਦੀਪਕ ਸ਼ਰਮਾ) : ਅੰਤਰਰਾਸ਼ਟਰੀ ਨਰਸਿੰਗ ਦਿਵਸ ਮੌਕੇ ਡਾ. ਰਮਨਦੀਪ ਸਿੰਗਲਾ ਕਾਰਜਕਾਰੀ ਸਿਵਲ ਸਰਜਨ ਬਠਿੰਡਾ ਨੇ ਜੀਐਨਐਮ ਸਕੂਲ ਬਠਿੰਡਾ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਨਾਲ ਹੀ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡਾ. ਰਮਨਦੀਪ ਸਿੰਗਲਾ ਨੇ ਦੱਸਿਆ ਕਿ ਇਸ ਸਾਲ 'ਸਾਡੀ ਨਰਸ ਹੈ ਸਾਡਾ ਭਵਿੱਖ ਅਤੇ ਦੇਖਭਾਲ ਦੀ ਆਰਥਿਕ ਸ਼ਕਤੀ ' ਥੀਮ ਹੇਠ ਵਿਸ਼ਵ ਨਰਸਿਸ ਦਿਵਸ ਮਨਾਇਆ ਗਿਆ। ਇਸ ਸਬੰਧੀ ਡਿਪਟੀ ਮਾਸ ਮੀਡੀਆ ਅਫ਼ਸਰ ਮਲਕੀਤ ਕੌਰ ਅਤੇ ਜਿਲ੍ਹਾ ਬੀਸੀਸੀ ਕੁਆਰਡੀਨੇਟਰ ਨੇ ਕਿਹਾ ਕਿ ਮਿਸ ਫਲੋਰੈਂਸ ਨਾਈਟਿੰਗਗੇਲ ਜੋ ਕਿ ਦੁਨੀਆਂ ਦੀ ਪਹਿਲੀ ਨਰਸ ਸੀ, ਜਿਸ ਵੱਲੋਂ ਤਨਦੇਹੀ ਨਾਲ ਮਰੀਜ਼ਾਂ ਦੀ ਸੇਵਾ ਕੀਤੀ ਗਈ ਅਤੇ ਆਪਣਾ ਸਾਰਾ ਜੀਵਨ ਮਰੀਜ਼ਾਂ ਦੀ ਸੇਵਾ ਵਿਚ ਲਗਾਇਆ ਗਿਆ। ਉਨ੍ਹਾਂ ਦੇ ਜਨਮ ਦਿਨ 12 ਮਈ ਨੂੰ ਹਰ ਸਾਲ ਵਿਸ਼ਵ ਨਰਸ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਉਹਨਾਂ ਕਿਹਾ ਕਿ ਕਿਸੇ ਵੀ ਮਰੀਜ਼ ਦੇ ਠੀਕ ਹੋਣ ਵਿੱਚ ਨਰਸਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਡਾਕਟਰ ਵੱਲੋਂ ਮਰੀਜ਼ ਦੀ ਹਾਲਤ ਵੇਖ ਕੇ ਉਸਦਾ ਇਲਾਜ ਲਿਖਿਆ ਜਾਂਦਾ ਹੈ, ਜਦੋਂ ਕਿ ਨਰਸਾਂ ਵੱਲੋਂ ਹੀ ਉਸਦੀ ਦੇਖਭਾਲ ਕੀਤੀ ਜਾਂਦੀ ਹੈ ਅਤੇ ਉਸਦੀ ਬਿਮਾਰੀ ਦੀ ਦੇਖ ਰੇਖ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਦੀ ਬਿਮਾਰੀ ਦੌਰਾਨ ਨਰਸਿੰਗ ਕੈਡਰ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ ਅਤੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨ੍ਹਾਂ ਹਸਪਤਾਲਾਂ ਵਿਚ ਦਾਖਲ ਕਰੋਨਾ ਮਰੀਜਾਂ ਦਾ ਇਲਾਜ ਕੀਤਾ ਗਿਆ। ਹਸਪਤਾਲਾਂ ਵਿੱਚ ਆਉਣ ਵਾਲੇ ਮਰੀਜ਼ਾਂ ਨਾਲ ਵਧੀਆਂ ਵਰਤਾਅ ਕਰਨ ਕਰਕੇ ਸਮੂਹ ਨਰਸਾਂ ਦਾ ਧੰਨਵਾਦ ਕੀਤਾ ਅਤੇ ਹੋਰ ਵਧੀਆ ਕੰਮ ਕਰਨ ਦੀ ਸਲਾਹ ਦਿੱਤੀ ਤਾਂ ਜੋ ਨਰਸਿੰਗ ਕੈਡਰ ਦਾ ਰੁਤਬਾ ਕਾਇਮ ਰੱਖਿਆ ਜਾ ਸਕੇ।

# ਖ਼ਾਲਸਾ ਕਾਲਜ ਦੇ ਫ਼ੈਸ਼ਨ ਟੈਕਨੋਲੋਜੀ ਵਿਭਾਗ ਨੇ ਲਗਾਈ ਪ੍ਰਦਰਸ਼ਨੀ




ਭਗਤਾ ਭਾਈ ਕਾ, 12 ਮਈ (ਸਵਰਨ ਸਿੰਘ ਭਗਤਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ , ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ (ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਆਨਰੇਰੀ ਸਕੱਤਰ ਕਾਲਜ) ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵੱਲੋਂ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਚਲਾਈ ਗਈ ਅਰਨ-ਬਾਏ-ਲਰਨ ਪਾਲਿਸੀ ਤਹਿਤ ਕਾਲਜ ਦੇ ਫ਼ੈਸ਼ਨ ਟੈਕਨੋਲੋਜੀ ਵਿਭਾਗ ਵੱਲੋਂ ਹੈਂਡੀ ਕਰਾਫਟ ਕਲੱਬ ਦੁਆਰਾ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਬੀ.ਐਸ.ਸੀ (ਐਫ.ਟੀ) ਭਾਗ ਪਹਿਲਾ, ਦੂਜਾ ਅਤੇ ਤੀਜਾ ਦੀਆਂ ਵਿਦਿਆਰਥਣਾਂ ਵੱਲੋਂ ਤਿਆਰ ਕੀਤੀਆਂ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਇਸ ਮੌਕੇ ਫ਼ੈਸ਼ਨ ਟੈਕਨੋਲੋਜੀ ਵਿਭਾਗ ਦੇ ਮੁਖੀ ਪ੍ਰੋਫੈਸਰ ਜ਼ਿੰਕਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅਜਿਹੇ ਕਿੱਤਾ ਮੁਖੀ ਕੋਰਸ ਸਮੇਂ ਦੀ ਜ਼ਰੂਰਤ ਹਨ ਅਤੇ ਇਹ ਕੋਰਸ ਕਰਨ ਉਪਰੰਤ ਵਿਦਿਆਰਥਣਾਂ ਸਵੈ-ਰੁਜ਼ਗਾਰ ਪ੍ਰਾਪਤ ਕਰ ਰਹੀਆਂ ਹਨ। ਵਿਦਿਆਰਥੀਆਂ ਨੂੰ ਹੁਨਰਮੰਦ ਬਣਾਉਣ ਲਈ ਵਰਕਸ਼ਾਪ, ਇੰਡਸਟਰੀ ਟੂਰ ਅਤੇ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ। ਇਸ ਪ੍ਰਦਰਸ਼ਨੀ ਨੂੰ ਸਫ਼ਲਤਾਪੂਰਵਕ ਨੇਪਰੇ ਚਾੜਨ ਵਿੱਚ ਪ੍ਰੋ. ਸੁਰਿੰਦਰ ਕੌਰ ਅਤੇ ਪ੍ਰੋ. ਗਗਨਦੀਪ ਕੌਰ ਨੇ ਪੂਰਨ ਸਹਿਯੋਗ ਦਿੱਤਾ। ਇਸ ਨੂੰ ਮੁੱਖ ਰੱਖਦੇ ਹੋਏ ਸੰਸਥਾ ਵਿੱਚ ਪਿਛਲੇ 10 ਸਾਲਾਂ ਤੋਂ ਬੀ.ਐਸ.ਸੀ. (ਐਫ.ਟੀ.) ਵਰਗੇ ਕੋਰਸ ਮੁਹੱਈਆ ਕਰਵਾਏ ਗਏ ਹਨ। ਇਸ ਪ੍ਰਦਰਸ਼ਨੀ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਕਿਹਾ ਕਿ ਲੜਕੀਆਂ ਦਾ ਆਰਥਿਕ ਪੱਖ ਤੋਂ ਸਵੈ-ਨਿਰਭਰ ਹੋਣਾ ਸਮੇਂ ਦੀ ਲੋੜ ਹੈ, ਕਿਉਂਕਿ ਔਰਤਾਂ ਅੱਜ ਹਰੇਕ ਖੇਤਰ ਵਿੱਚ ਮੋਹਰੀ ਹੋ ਕੇ ਸਮਾਜ ਨੂੰ ਆਪਣਾ ਵਡਮੁੱਲਾ ਯੋਗਦਾਨ ਦੇ ਰਹੀਆਂ ਹਨ। ਉਹਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਣਾ ਚਾਹੀਦਾ ਹੈ। ਇਸ ਨਾਲ ਉਹਨਾਂ ਦੇ ਵਿਅਕਤੀਤਵ ਵਿੱਚ ਨਿਖਾਰ ਆਉਂਦਾ ਹੈ। ਇਸ ਪ੍ਰਗਰਾਮ ਵਿੱਚ ਪ੍ਰੋ. ਜਗਦੀਪ ਕੌਰ, ਪ੍ਰੋ. ਹਰਪਿੰਦਰ ਕੌਰ, ਡਾ. ਹਰਮਨਦੀਪ ਕੌਰ ਅਤੇ ਸਮੂਹ ਸਟਾਫ਼ ਸ਼ਾਮਿਲ ਸੀ।

# ਕੋਠਾਗੁਰੂ ’ਚ ‘ਆਪ’ ਦੀ ਸਿਆਸੀ ਜ਼ਮੀਨ ਮਜ਼ਬੂਤ, ਪੰਜ ਕੌਂਸਲਰ ‘ਆਪ’’ਚ ਸ਼ਾਮਲ




ਭਗਤਾ ਭਾਈ ਕਾ, 12 ਮਈ(ਸਵਰਨ ਸਿੰਘ ਭਗਤਾ): ਨਜ਼ਦੀਕੀ ਪਿੰਡ ਕੋਠਾਗੁਰੂ ਵਿਖੇ ਆਮ ਆਦਮੀ ਪਾਰਟੀ (ਆਪ) ਨੇ ਇੱਕ ਮਹੱਤਵਪੂਰਨ ਸਫਲਤਾ ਹਾਸਲ ਕਰਦਿਆਂ ਆਪਣੀ ਸਿਆਸੀ ਤਾਕਤ ਵਿੱਚ ਇੱਕ ਨਵਾਂ ਅਧਿਆਏ ਜੋੜਿਆ ਜਦ ਕਿ ਪੰਜ ਪ੍ਰਮੁੱਖ ਕੌਂਸਲਰਾਂ ਸੁਖਜੀਤ ਕੌਰ, ਸੁਰਜੀਤ ਸਿੰਘ, ਜਸਵੰਤ ਸਿੰਘ ਕਾਲਾ, ਜਗਜੀਤ ਸਿੰਘ ਜੀਤਾ ਅਤੇ ਗੁਰਜੀਤ ਸਿੰਘ ਕਾਕਾ ਨੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦੀ ਹਾਜ਼ਰੀ ਵਿੱਚ ਆਪ ਦੀ ਵਿਚਾਰਧਾਰਾ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ। ਇਸ ਸਿਆਸੀ ਪਰਿਵਰਤਨ ਦਾ ਸਿਹਰਾ ਹਲਕਾ ਵਿਧਾਇਕ ਸ. ਬਲਕਾਰ ਸਿੱਧੂ ਦੀ ਅਗਵਾਈ ਅਤੇ ਉਨ੍ਹਾਂ ਦੇ ਜਨ-ਕੇਂਦਰਿਤ ਵਿਕਾਸ ਕਾਰਜਾਂ ਨੂੰ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਨੇ ਨਾ ਸਿਰਫ਼ ਸਥਾਨਕ ਜਨਤਾ ਦੇ ਦਿਲ ਜਿੱਤੇ, ਸਗੋਂ ਸਿਆਸੀ ਵਿਰੋਧੀਆਂ ਨੂੰ ਵੀ ਆਪਣੇ ਨਾਲ ਜੋੜਨ ਵਿੱਚ ਸਫਲਤਾ ਹਾਸਲ ਕੀਤੀ। ਕੋਠਾਗੁਰੂ ਦੇ ਪੰਜ ਕੌਂਸਲਰਾਂ ਦੀ ਸ਼ਮੂਲੀਅਤ ਨੇ ਸਥਾਨਕ ਨਗਰ ਪੰਚਾਇਤ ਦੀ ਸਿਆਸਤ ਵਿੱਚ ਆਪ ਦੀ ਪਕੜ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ। ਇਹ ਕੌਂਸਲਰ, ਜਿਨ੍ਹਾਂ ਦਾ ਸਥਾਨਕ ਜਨਤਾ ਵਿੱਚ ਚੰਗਾ-ਖਾਸਾ ਪ੍ਰਭਾਵ ਹੈ, ਵਿਧਾਇਕ ਬਲਕਾਰ ਸਿੱਧੂ ਦੀ ਜਨ-ਕਲਿਆਣਕਾਰੀ ਨੀਤੀਆਂ ਅਤੇ ਸਮਾਜ ਪ੍ਰਤੀ ਉਨ੍ਹਾਂ ਦੀ ਸਮਰਪਿਤ ਸੇਵਾ ਤੋਂ ਪ੍ਰਭਾਵਿਤ ਹੋਏ। ਇਨ੍ਹਾਂ ਵਿੱਚੋਂ ਕਈ ਕੌਂਸਲਰਾਂ ਨੇ ਖੁੱਲ੍ਹ ਕੇ ਸਵੀਕਾਰ ਕੀਤਾ ਕਿ ਆਪ ਦੀ ਸਰਕਾਰ ਦੀ ਪਾਰਦਰਸ਼ੀ ਕਾਰਜਸ਼ੈਲੀ ਅਤੇ ਵਿਕਾਸ ਪ੍ਰਤੀ ਸਮਰਪਣ ਨੇ ਉਨ੍ਹਾਂ ਨੂੰ ਇਹ ਮਹੱਤਵਪੂਰਨ ਫੈਸਲਾ ਲੈਣ ਲਈ ਪ੍ਰੇਰਿਤ ਕੀਤਾ।ਆਪ ਸਰਕਾਰ ਦੀ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਨੇ ਪੰਜਾਬ ਦੇ ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਬਲਕਾਰ ਸਿੱਧੂ ਨੇ ਆਪਣੇ ਹਲਕੇ ਵਿੱਚ ਨਸ਼ਿਆਂ ਦੇ ਵਪਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਜ਼ਮੀਨੀ ਪੱਧਰ ’ਤੇ ਠੋਸ ਕਦਮ ਚੁੱਕੇ ਹਨ। ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ, ਨਸ਼ਾ ਛੁਡਾਊ ਕੇਂਦਰਾਂ ਦੀ ਸਥਾਪਨਾ ਅਤੇ ਨੌਜਵਾਨਾਂ ਨੂੰ ਖੇਡਾਂ ਅਤੇ ਸਿੱਖਿਆ ਵੱਲ ਪ੍ਰੇਰਿਤ ਕਰਨ ਵਾਲੇ ਪ੍ਰੋਗਰਾਮਾਂ ਨੇ ਸਥਾਨਕ ਜਨਤਾ ਦਾ ਵਿਸ਼ਵਾਸ ਜਿੱਤਿਆ ਹੈ। ਇਹ ਮੁਹਿੰਮ ਨਾ ਸਿਰਫ਼ ਸਮਾਜਿਕ ਸੁਧਾਰ ਦੀ ਮਿਸਾਲ ਬਣੀ ਹੈ, ਸਗੋਂ ਸਿਆਸੀ ਵਿਰੋਧੀਆਂ ਨੂੰ ਵੀ ਆਪ ਦੀ ਨੀਤੀਆਂ ਵੱਲ ਆਕਰਸ਼ਿਤ ਕਰਨ ਵਿੱਚ ਸਫਲ ਰਹੀ ਹੈ। ਉਕਤ ਕੌਂਸਲਰਾਂ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਵਿਰੁੱਧ ਸਿੱਧੂ ਦਾ ਅਡੋਲ ਸੰਘਰਸ਼ ਅਤੇ ਸਮਾਜ ਨੂੰ ਸੁਰਜੀਤ ਕਰਨ ਦੀ ਉਨ੍ਹਾਂ ਦੀ ਪ੍ਰਤੀਬੱਧਤਾ ਨੇ ਉਨ੍ਹਾਂ ਨੂੰ ਆਪ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

ਇਹ ਸਿਆਸੀ ਘਟਨਾਕ੍ਰਮ ਆਪ ਲਈ ਸਥਾਨਕ ਪੱਧਰ ’ਤੇ ਇੱਕ ਵੱਡੀ ਜਿੱਤ ਦਾ ਪ੍ਰਤੀਕ ਹੈ।

# ਵਿਧਾਇਕ ਬਲਕਾਰ ਸਿੱਧੂ ਨੇ ਅੱਗ ਲੱਗਣ ਦੀਆਂ ਘਟਨਾਵਾਂ ਤੋਂ ਪੀੜਤ ਪਰਿਵਾਰਾਂ ਨੂੰ ਲੱਖਾਂ ਰੁਪਏ ਵੰਡੇ



ਭਗਤਾ ਭਾਈ ਕਾ, 12 ਮਈ (ਸਵਰਨ ਸਿੰਘ ਭਗਤਾ): ਪਿਛਲੇ ਦਿਨਾਂ ਚ ਭਗਤਾ ਭਾਈ ਕਾ ਦੇ ਇੱਕ ਦੁਕਾਨਦਾਰ ਅਤੇ ਕੇਸਰ ਸਿੰਘ ਵਾਲਾ ਦੇ ਕਿਸਾਨਾਂ ਦੀ ਫਸਲ ਨੂੰ ਅੱਗ ਲੱਗਣ ਕਾਰਨ ਕਾਫੀ ਨੁਕਸਾਨ ਹੋ ਗਿਆ ਸੀ। ਜਿਥੇ ਉਨ੍ਹਾਂ ਪੀੜਤ ਪਰਿਵਾਰਾਂ ਦੀ ਮਦਦ ਲਈ ਸਮਾਜ ਸੇਵੀ ਜਥੇਬੰਦੀਆਂ ਅਤੇ ਆਮ ਨਾਗਰਿਕ ਅੱਗੇ ਆਏ ਹਨ ਉੱਥੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਪੀੜਤਾਂ ਦੀ ਮਦਦ ਲਈ ਪੀੜਤ ਪਰਿਵਾਰਾਂ ਨੂੰ ਰਾਸ਼ੀ ਭੇਂਟ ਕਰਕੇ ਉਹਨਾਂ ਦੀ ਸਾਰ ਲਈ ਗਈ। ਹਲਕਾ ਰਾਮਪੁਰਾ ਫੂਲ ’ਚ ਇਹ ਪਹਿਲੀ ਵਾਰ ਹੋ ਰਿਹੈ ਕਿ ਹਲਕਾ ਵਿਧਾਇਕ ਨਿੱਜੀ ਤੌਰ ’ਤੇ ਪੀੜਤਾਂ ਦੀ ਮਦਦ ਲਈ ਅੱਗੇ ਆਏ ਹਨ। ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਨਵਾਂ ਕੇਸਰ ਵਾਲਾ ਦੇ ਸਰਪੰਚ ਹਰਪ੍ਰੀਤ ਸਿੰਘ ਦੇ ਗ੍ਰਹਿ ਵਿਖੇ ਅੱਗ ਨਾਲ ਸੜੀ ਕਣਕ ਦੇ ਪੀੜਤ ਕਿਸਾਨਾਂ ਨੂੰ 1,01,200 ਰੁਪਏ ਦੀ ਰਾਸ਼ੀ ਭੇਂਟ ਕੀਤੀ ਗਈ। ਪਿਛਲੇ ਸਮੇਂ ਦੌਰਾਨ ਭਗਤਾ ਭਾਈਕਾ ਦੇ ਇੱਕ ਦੁਕਾਨਦਾਰ ਦੀ ਦੁਕਾਨ ਨੂੰ ਅੱਗ ਲੱਗ ਗਈ ਸੀ, ਉਸ ਦਾ ਦੁਕਾਨ ਸਮੇਤ ਘਰ ਦਾ ਸਮਾਨ ਸੜ ਕੇ ਰਾਖ ਹੋ ਗਿਆ ਸੀ। ਆਪਣੇ ਪਰਿਵਾਰ ਤੋਂ ਬਿਨਾਂ ਉਸ ਕੋਲ ਕੁੱਝ ਵੀ ਨਹੀਂ ਬਚਿਆ ਸੀ, ਉਸ ਪਰਿਵਾਰ ਨੂੰ ਵੀ ਅੱਜ ਹਲਕਾ ਵਿਧਾਇਕ ਵੱਲੋਂ 1,50,000 ਰੁਪਏ ਭੇਂਟ ਕੀਤੇ ਗਏ। ਵਿਧਾਇਕ ਸਿੱਧੂ ਨੇ ਗੱਲਬਾਤ ਦੌਰਨ ਕਿਹਾ ਕਿ ਇਸ ਰਾਸ਼ੀ ਨਾਲ ਪੀੜਤ ਪਰਿਵਾਰਾਂ ਨੂੰ ਹੌਸਲਾ ਦੇਣ ਆਏ ਹਨ। ਉਹਨਾਂ ਨੇ ਕਿਹਾ ਕਿ ਇਹ ਸੇਵਾ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕਰ ਰਹੇ ਹਨ, ਕਿਉਂਕਿ ਇਨਸਾਨੀਅਤ ਤੋਂ ਵੱਡਾ ਕੋਈ ਧਰਮ ਨਹੀਂ ਹੁੰਦਾ। ਮੈਨੂੰ ਹਲਕੇ ਦੇ ਲੋਕਾਂ ਨੇ ਜਿਤਾਇਆ ਹੈ ਮੈਂ ਸਭ ਦਾ ਵਿਧਾਇਕ ਹਾਂ। ਹਲਕਾ ਰਾਮਪੁਰਾ ਫੂਲ ਦੇ ਕਿਸੇ ਵੀ ਵਿਅਕਤੀ ਨੂੰ ਕੋਈ ਪਰੇਸ਼ਾਨੀ, ਕੋਈ ਮੁਸੀਬਤ ਆਉਂਦੀ ਹੈ ਤਾਂ ਉਹ ਮੈਨੂੰ ਸਿੱਧਾ ਮਿਲ ਸਕਦਾ ਹੈ। ਸਿੱਧੂ ਨੇ ਕਿਹਾ ਕਿ ਮੈਂ ਵਾਹਿਗੁਰੂ ਜੀ ਅੱਗੇ ਅਰਦਾਸ ਕਰਦਾ ਹਾਂ ਕਿ ਸਾਡੇ ਹਲਕੇ ਵਿੱਚ ਅੱਗ ਲੱਗਣ ਦੀਆਂ ਜੋ ਘਟਨਾਵਾਂ ਹੋਈਆਂ ਹਨ ਉਹ ਕਦੇ ਵੀ ਤੇ ਕਿਤੇ ਵੀ ਨਾ ਹੋਣ।ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੀ ਭਲਾਈ ਹਰ ਦੁੱਖ ਸੁੱਖ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜੀ ਹੈ। ਸਿੱਧੂ ਵੱਲੋਂ ਰਾਸ਼ੀ ਵੰਡਣ ਤੇ ਸਰਪੰਚ ਹਰਪ੍ਰੀਤ ਸਿੰਘ ਨਵਾਂ ਕੇਸਰ ਵਾਲਾ, ਦਰਸ਼ਨ ਸਿੰਘ ਕਾਕਾ ਖਾਨਦਾਨ, ਕ੍ਰਿਸ਼ਨ ਕੁਮਾਰ ਭੋਲਾ ਪ੍ਰਧਾਨ, ਵਿਜੇ ਕੁਮਾਰ ਪੱਪੂ, ਮਿੱਠਣ ਲਾਲ ਗਰਗ, ਰਕੇਸ਼ ਕੁਮਾਰ ਅਰੋੜਾ, ਰਾਜਵਿੰਦਰ ਭਗਤਾ, ਸੰਜੀਵ ਕੁਮਾਰ ਬੰਟੀ, ਏਕਮ ਭਗਤਾ,ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਮੁੱਢਲਾ ਸਿਹਤ ਕੇਂਦਰ ਪੰਜਗਰਾਈਂ ਕਲਾਂ ਵਿਖੇ ਖ਼ੂਨਦਾਨ ਕੈਂਪ ਲਗਾਇਆ



ਬਾਜਾਖਾਨਾ, 12 ਮਈ (ਅਵਤਾਰ ਸਿੰਘ ਮੱਲਾ): ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਸਰਵਦੀਪ ਸਿੰਘ ਰੋਮਾਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੈਡੀਕਲ ਅਫਸਰ ਡਾ. ਸਵਰੂਪ ਕੌਰ ਦੀ ਅਗਵਾਈ ਵਿਚ ਮੁੱਢਲਾ ਸਿਹਤ ਕੇਂਦਰ ਪੰਜਗਰਾਈਂ ਕਲਾਂ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਫਰੀਦਕੋਟ ਤੋਂ ਵਿਸ਼ੇਸ਼ ਟੀਮ ਪਹੁੰਚੀ, ਜਿਸ ਵਿਚ ਪੈਥੋਲੋਜਿਸਟ ਡਾ. ਸੁਰੂਚੀ ਮੰਗਲ, ਐਮ ਐਲ ਟੀ ਹਰੀ ਸਿੰਘ, ਕਰਮਜੀਤ ਕੌਰ, ਜਸਪ੍ਰੀਤ ਕੌਰ ਤੇ ਹਰਪਿੰਦਰ ਕੌਰ ਸ਼ਾਮਿਲ ਸੀ। ਇਸ ਮੌਕੇ ਡਾ. ਸਵਰੂਪ ਕੌਰ ਨੇ ਸੰਬੋਧਨ ਕਰਦਿਆਂ ਖ਼ੂਨਦਾਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨਾਂ ਜਾਣਕਾਰੀ ਦਿੱਤੀ ਕਿ ਖ਼ੂਨ ਦਾਨ ਬਹੁਤ ਹੀ ਮਹਾਨ ਦਾਨ ਹੈ, ਜਿਸ ਨਾਲ ਕਈ ਲੋਕਾਂ ਦੀਆਂ ਜ਼ਿੰਦਗੀਆਂ ਬਚਾਈਆਂ ਜਾਂਦੀਆਂ ਹਨ।

ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਸੰਸਥਾ ਵੱਲੋਂ ਵੱਖ ਵੱਖ ਸਮੇਂ ’ਤੇ ਅਜਿਹੇ ਕੈਂਪ ਲਗਾਏ ਜਾਂਦੇ ਹਨ ਤਾਂ ਜੋ ਲੋਕਾਂ ਦੀਆਂ ਜ਼ਿੰਦਗੀਆਂ ਬਚ ਸਕਣ। ਉਨ੍ਹਾਂ ਕਿਹਾ ਕਿ ਇਸ ਕੈਂਪ ਵਿਚ ਸਟਾਫ ਦੇ ਨਾਲ ਨਾਲ ਲੋਕਾਂ ਦਾ ਭਰਪੂਰ ਸਹਿਯੋਗ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਖ਼ੂਨ ਦਾਨ ਕੀਤਾ ਗਿਆ। ਇਸ ਮੌਕੇ ਮੈਡੀਕਲ ਅਫਸਰ ਡਾ. ਸ਼ੀਤਲ ਪਰਮਾਰ, ਫਾਰਮੇਸੀ ਅਫਸਰ ਜਸਕਰਨ ਸਿੰਘ, ਵਰਿੰਦਰ ਸਿੰਘ, ਬੀ ਈ ਈ ਫਲੈਗ ਚਾਵਲਾ, ਸਿਹਤ ਸੁਰਵਾਇਜਰ ਗੁਰਸ਼ਵਿੰਦਰ ਸਿੰਘ, ਕੁਲਜੀਤ ਕੌਰ, ਕੰਵਲਜੀਤ ਕੌਰ, ਐਮ ਐਲ ਟੀ ਸੁਖਜਿੰਦਰ ਸਿੰਘ, ਰਵਨਪ੍ਰੀਤ ਕੌਰ, ਸੀ ਐਚ ਓ ਸੁਖਦੀਪ ਕੌਰ, ਸਿਹਤ ਵਰਕਰ ਸੁਖਜੀਤ ਕੌਰ, ਅਮਨਦੀਪ ਸਿੰਘ, ਕੌਂਸਲਰ ਕਵਿਤਾ, ਸਟਾਫ ਨਰਸ ਜਸਵੀਰ ਕੌਰ, ਉਪ ਵੈਦ ਗਗਨਦੀਪ ਸਿੰਘ, ਫਾਰਮਾਸਿਸਟ ਅਵਨੀਤ ਕੌਰ, ਡਾਟਾ ਐਂਟਰੀ ਅਪਰੇਟਰ ਮਨਦੀਪ ਕੌਰ, ਬੇਅੰਤ ਕੌਰ, ਸਰਬਜੀਤ ਸਿੰਘ, ਪਰਮਜੀਤ ਕੌਰ, ਸਮੂਹ ਆਸ਼ਾ ਵਰਕਰ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਨਾਵਲ ਮੰਡੀ ਰਹੀਮ ਖਾਂ ’ਤੇ ਗੋਸ਼ਟੀ



ਬਰਨਾਲਾ, 12 ਮਈ (ਅਮਨਦੀਪ ਸਿੰਘ)- ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਨਾਵਲਕਾਰ ਸੁਖਵਿੰਦਰ ਸਿੰਘ ਬਾਲੀਆਂ ਦੇ ਨਾਵਲ ਮੰਡੀ ਰਹੀਮ ਖਾਂ ਉਪਰ ਗੋਸ਼ਟੀ ਕਰਵਾਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ ਮੰਡੀ ਰਹੀਮ ਖਾਂ ਨਾਵਲ ਮਲਵਈਆਂ ਦੇ ਮਿਹਨਤੀ ਸੁਭਾਅ ਅਤੇ ਸੰਘਰਸ਼ ਵਿੱਚੋਂ ਜ਼ਿੰਦਗੀ ਤਲਾਸ਼ਣ ਦੇ ਖ਼ਿਆਲ ਦਾ ਖ਼ੂਬਸੂਰਤ ਬਿਰਤਾਂਤ ਹੈ। ਇਹ ਨਾਵਲ ਮਾਲਵੇ ਦੇ ਪੁਰਾਤਨ ਪੇਂਡੂ ਜੀਵਨ ਦੀ ਯਥਾਰਥਕ ਝਲਕ ਨੂੰ ਪੇਸ਼ ਕਰਦਾ ਹੈ। ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਸੁਖਵਿੰਦਰ ਸਿੰਘ ਬਾਲੀਆਂ ਦਾ ਨਾਵਲ ਭਾਵੇਂ ਉਨੀਵੀਂ ਸਦੀ ਦੇ ਬਿਰਤਾਂਤ ਤੋਂ ਸ਼ੁਰੂ ਹੁੰਦਾ ਹੈ, ਇਹ ਅਜੋਕੇ ਸਮੇਂ ਵਿੱਚ ਪੈਦਾ ਹੋਏ ਧਾਰਮਿਕ ਤੇ ਜਾਤ-ਪਾਤ ਆਧਾਰ ਸਮਾਜ ਦੇ ਆਧਾਰ ’ਤੇ ਫਿਰਕਾਪ੍ਰਸਤ ਲੋਕਾਂ ਦੀਆਂ ਕੋਝੀਆਂ ਚਾਲਾਂ ਦੇ ਪਰਦੇ ਉਧੇੜਦਾ ਹੈ। ਇਸ ਨਾਵਲ ਵਿੱਚ ਮਲਵਈ ਲੋਕਾਂ ਦੇ ਜੀਵਨ ਦੀ ਸੰਘਰਸ਼ਮਈ ਜ਼ਿੰਦਗੀ ਦਾ ਚਿਤਰਣ ਹੈ ਉੱਥੇ ਦੇਸ਼ ਦੇ ਬਟਵਾਰੇ ਦੀਆਂ ਮਾਨਸਿਕ ਪੀੜਾਂ ਉਦਰੇਵਿਆਂ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਹੈ ਕਹਾਣੀਕਾਰ ਪਰਮਜੀਤ ਮਾਨ ਨੇ ਕਿਹਾ ਕਿ ਅੱਜ ਵੀ ਲੋਕਾਂ ਦੀ ਮਾਨਸਿਕਤਾ ਉਹੀ ਹੈ ਜੋ ਵੰਡ ਵੇਲੇ ਸੀ ਭਾਵੇਂ ਕਿ ਨਫਰਤ ਫੈਲਾਉਣ ਵਾਲੇ ਲੋਕ ਬਹੁਤ ਘੱਟ ਹੁੰਦੇ ਹਨ ਅਤੇ ਪਿਆਰ ਮੁਹੱਬਤ ਦੀਆਂ ਸਾਂਝਾਂ ਨੂੰ ਵਧਾਉਣ ਵਾਲੇ ਲੋਕ ਵੱਧ ਹੁੰਦੇ ਹਨ। ਇਹ ਨਾਵਲ ਦੋਨਾਂ ਮੁਲਕਾਂ ਪਾਕਿਸਤਾਨ ਤੇ ਭਾਰਤ ਵਿਚਲੇ ਖਾਸ ਤੌਰ ਚੜਦੇ ਪੰਜਾਬ ਤੇ ਲਹਿੰਦੇ ਪੰਜਾਬ ਦੇ ਲੋਕਾਂ ਦੇ ਦੁਖਾਂਤ ਦੀਆਂ ਉਹਨਾਂ ਪ੍ਰਸਥਿਤੀਆਂ ਦਾ ਚਸ਼ਮਦੀਦ ਗਵਾਹ ਬਣਦਾ ਹੈ ਜਿਨਾਂ ਦੀ ਇੱਜ਼ਤ ਅਣਖ ਆਬਰੂ ਫਿਰਕਾਪ੍ਰਸਤੀ ਦੀ ਭੇਟ ਚੜ੍ਹ ਗਏ। ਇਹਨਾਂ ਤੋਂ ਇਲਾਵਾ ਤੇਜਾ ਸਿੰਘ ਤਿਲਕ ਜੁਗਰਾਜ ਧੌਲਾ ਕੰਵਰਜੀਤ ਭੱਠਲ ਸੰਪਾਦਕ ਕਲਾਕਾਰ ਦਰਸ਼ਨ ਸਿੰਘ ਗੁਰੂ ਡਾ. ਭੁਪਿੰਦਰ ਸਿੰਘ ਬੇਦੀ ਜਗਤਾਰ ਸਿੰਘ ਕੱਟੂ ਹਾਕਮ ਸਿੰਘ ਰੂੜੇਕੇ ਅਤੇ ਡਾ. ਅਮਨਦੀਪ ਸਿੰਘ ਟੱਲੇਵਾਲੀਆ ਨੇ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਜੰਗੀਰ ਸਿੰਘ ਦਿਲਬਰ ਰਘਵੀਰ ਸਿੰਘ ਗਿੱਲ ਕੱਟੂ ਰਾਮ ਸਿੰਘ ਬੀਹਲਾ ਸੁਖਵਿੰਦਰ ਸਿੰਘ ਸਨੇਹ ਸੁਖਦੇਵ ਸਿੰਘ ਔਲਖ ਰਾਜਿੰਦਰ ਸ਼ੌਂਕੀ ਸੁਦਰਸ਼ਨ ਗੁੱਡੂ ਮਨਦੀਪ ਸ਼ਾਇਰ ਗੁਰਤੇਜ ਸਿੰਘ ਮੱਖਣ ਰਾਮ ਸਿੰਘ ਹਠੂਰ ਡਾ. ਗਗਨਦੀਪ ਸਿੰਘ ਸੰਧੂ ਜਗਜੀਤ ਕੌਰ ਢਿਲਵਾਂ ਸੁਖਵਿੰਦਰ ਸਿੰਘ ਆਜ਼ਾਦ ਕੁਲਵੰਤ ਸਿੰਘ ਧਿੰਗੜ ਇਕਬਾਲ ਕੌਰ ਉਦਾਸੀ ਰਜਨੀਸ਼ ਕੌਰ ਬਬਲੀ ਬਘੇਲ ਸਿੰਘ ਧਾਲੀਵਾਲ ਮਾਲਵਿੰਦਰ ਸ਼ਾਇਰ ਸਰੂਪ ਚੰਦ ਹਰੀਗੜ ਸੁਖਵਿੰਦਰ ਸਿੰਘ ਦਾਨਗੜ ਮੇਜਰ ਸਿੰਘ ਗਿੱਲ ਰਾਮ ਸਰੂਪ ਸ਼ਰਮਾ ਤੇਜਿੰਦਰ ਚੰਡਿਹੋਕ ਜਤਿੰਦਰ ਸਿੰਘ ਉਪਲੀ ਇਕਬਾਲ ਦੀਨ ਬਾਠਾਂ ਜੁਗਰਾਜ ਚੰਦ ਰਾਏਸਰ ਚਤਿੰਦਰ ਸਿੰਘ ਰੁਪਾਲ ਡਾ. ਉਜਾਗਰ ਸਿੰਘ ਮਾਨ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ।

# ਤੁਰਕੀ ਅਤੇ ਚੀਨ ਦੇ ਸਮਾਨ ਦਾ ਬਾਈਕਾਟ ਕਰਨ ਦੀ ਅਪੀਲ

ਬਰਨਾਲਾ, 12 ਮਈ (ਸੁਖਵਿੰਦਰ ਸਿੰਘ ਭੰਡਾਰੀ)- ਭਾਰਤ ਵੱਲੋਂ ਆਤੰਕਵਾਦ ਖਿਲਾਫ਼ ਲੜੀ ਗਈ ਲੜਾਈ ’ਚ ਪਾਕਿਸਤਾਨ ’ਚ ਆਤੰਕਵਾਦੀ ਟਰੇਨਿੰਗ ਕੈਂਪਾਂ ਨੂੰ ਤਹਿਸ ਨਹਿਸ ਕਰਨ ’ਚ ਭਾਰਤੀ ਫੌਜ ਨੂੰ ਸਖ਼ਤ ਕਾਰਵਾਈ ਕਰਨੀ ਪਈ ਹੈ। ਇਸ ਮੌਕੇ ਆਤੰਕਵਾਦੀ ਦੇਸ਼ ਪਾਕਿਸਤਾਨ ਦਾ ਤੁਰਕੀ ਅਤੇ ਚੀਨ ਨੇ ਸਮਰਥਨ ਕੀਤਾ ਹੈ। ਇਸ ਕਾਰਨ ਭਾਰਤ ਦੇ ਲੋਕਾਂ ’ਚ ਤੁਰਕੀ ਅਤੇ ਚੀਨ ਖ਼ਿਲਾਫ ਕਾਫ਼ੀ ਰੋਹ ਦੇਖਣ ਨੂੰ ਮਿਲ ਰਿਹਾ ਹੈ। ਲੋਕ ਮੰਗ ਕਰ ਰਹੇ ਹਨ ਤੁਰਕੀ ਅਤੇ ਚੀਨ ਖ਼ਿਲਾਫ ਸਖ਼ਤ ਕਦਮ ਚੁੱਕੇ ਜਾਣ ਅਤੇ ਇਹਨਾਂ ਦੇਸ਼ਾਂ ਦੇ ਸਮਾਨ ਦਾ ਬਾਈਕਾਟ ਕੀਤਾ ਜਾਵੇ ਕਿਉਂਕਿ ਇਹ ਦੇਸ਼ ਭਾਰਤ ਦੀ ਮਾਰਕੀਟ ਚ ਸਮਾਨ ਵੇਚ ਕੇ ਪੈਸਾ ਕਮਾਉਂਦੇ ਹਨ ਤੇ ਇਸੇ ਪੈਸੇ ਨਾਲ ਭਾਰਤ ਦੇ ਦੁਸ਼ਮਣ ਦੇਸ਼ਾਂ ਦਾ ਪੱਖ ਪੂਰਦੇ ਹਨ। ਇਸ ਮੌਕੇ ਅਚਾਰੀਆ ਸਿਰੀ ਨਿਵਾਸ ਮਹਾਰਾਜ , ਕੋਲੋਨਾਈਜ਼ਰ ਪਿਆਰਾ ਲਾਲ ਰਾਏਸਰ ਵਾਲੇ ਅਤੇ ਸਮਾਜ ਸੇਵੀ ਧੰਨਾ ਸਿੰਘ ਗਰੇਵਾਲ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਤੁਰਕੀ ਤੋਂ ਮੰਗਵਾਏ ਜਾ ਰਹੇ ਸੇਬਾਂ ’ਤੇ ਰੋਕ ਲਾਈ ਜਾਵੇ। ਜੇਕਰ ਭਾਰਤ ਸਰਕਾਰ ਤੁਰਕੀ ਤੋਂ ਮੰਗਵਾਏ ਜਾਂਦੇ ਸੇਬਾਂ ’ਤੇ ਰੋਕ ਲਾਉਂਦੀ ਹੈ ਤਾਂ ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਦੇ ਸੇਬ ਉਤਪਾਦਕਾਂ ਨੂੰ ਇਸ ਦਾ ਭਾਰੀ ਫਾਇਦਾ ਹੋਵੇਗਾ ਤੇ ਦੁਸ਼ਮਣ ਦੇਸ਼ ਨੂੰ ਸਬਕ ਵੀ ਸਿਖਾਇਆ ਜਾਵੇਗਾ। ਉਹਨਾਂ ਚੀਨ ਦੇ ਬਣੇ ਸਮਾਨ ’ਤੇ ਵੀ ਟੈਰਿਫ ਵਧਾਉਣ ਦੀ ਮੰਗ ਕਰਦਿਆਂ ਕਿਹਾ ਕਿ ਭਾਰਤ ਦਾ ਅਸਲੀ ਦੁਸ਼ਮਣ ਚੀਨ ਹੈ, ਜੋ ਕਿ ਹਮੇਸ਼ਾ ਭਾਰਤ ਖਿਲਾਫ ਪਾਕਿਸਤਾਨ ਦਾ ਸਾਥ ਦਿੰਦਾ ਆ ਰਿਹਾ ਹੈ ਅਤੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ।

# ਪਿੰਡ ਘੜੈਲਾ ’ਚ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ



ਤਪਾ ਮੰਡੀ, 12 ਮਈ (ਭੂਸ਼ਨ ਘੜੈਲਾ)- ਨੇੜਲੇ ਪਿੰਡ ਘੜੈਲਾ ਦੇ ਗੁਰਦੁਆਰਾ ਸਾਹਿਬ ਵਿਖੇ ਜੱਥੇਦਾਰ ਕੁਲਵਿੰਦਰ ਸਿੰਘ ਧਨੋਆ ਘੜੈਲਾ ਤੇ ਗੁਰੂ ਘਰ ਦੇ ਗ੍ਰੰਥੀ ਬਾਬਾ ਪਿਆਰਾ ਸਿੰਘ ਦੇ ਉਦਮ ਸਦਕਾ ਨਗਰ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਛੋਟੇ ਬੱਚਿਆਂ ਅਤੇ ਨੌਜਵਾਨਾਂ ਦੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਦਸਤਾਰ ਮੁਕਾਬਿਲਆਂ ਦੀ ਸਟੇਜ ਨੂੰ ਸਜਾਉਣ, ਰੰਗ ਦੇਣ ਅਤੇ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਨ ਲਈ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਮਹਿਰੋ ਵਿਸ਼ੇਸ਼ ਤੌਰ ’ਤੇ ਪਹੁੰਚੇ। ਇੰਨਾ ਮੁਕਾਬਲਿਆਂ ਵਿਚ ਸਾਢੇ ਪੰਜ ਸਾਲਾਂ ਦੇ ਬੱਚੇ ਹਰਯਸ ਸਿੰਘ ਪੁੱਤਰ ਹਰਦੀਪ ਸਿੰਘ ਘੜੈਲਾ (ਲਾਣਾ ਬੁੱਢਣਕਾ) ਨੇ ਸਮੂਹ ਜੱਜਸ ਸਾਹਿਬਾਨਾਂ ਦਾ ਸੁੰਦਰ ਦਸਤਾਰ ਸਜਾਉਣ ਵਿਚ ਮਨ ਮੋਹ ਲਿਆ। ਜਿਸ ਨੂੰ ਦਸਤਾਰ, ਸ਼ੀਲਡ ਅਤੇ ਸਿਰੋਪਾਓ ਦੇ ਨਾਲ ਸਨਮਾਨਿਤ ਕੀਤਾ ਗਿਆ। ਬੱਚਿਆਂ, ਨੌਜਵਾਨਾਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ 7 ਦਿਨ ਦੇ ਕੈਂਪ ਦੌਰਾਨ ਕੋਚ ਸਰਦਾਰ ਗੁਰਦਿੱਤ ਸਿੰਘ ਰਾਮਗੜ੍ਹੀਆ ਵੱਲੋਂ ਬਹੁਤ ਵਧੀਆ ਢੰਗ ਅਤੇ ਨਿਮਰਤਾ ਸਹਿਤ ਦਿੱਤੀ ਗਈ ਜਿਸ ਦੀ ਪਿੰਡ ਵਾਸੀਆਂ, ਬੱਚਿਆਂ ਅਤੇ ਨੌਜਵਾਨਾਂ ਵੱਲੋਂ ਬਹੁਤ ਪ੍ਰਸ਼ੰਸਾ ਕੀਤੀ ਗਈ। ਇਨ੍ਹਾਂ ਮੁਕਾਬਿਲਆਂ ਵਿਚ ਛੋਟੇ ਬੱਚਿਆਂ ਤੋਂ ਇਲਾਵਾ 8 ਤੋਂ 14 ਸਾਲ ਤੇ ਉਸ ਤੋਂ ਵੱਡੀ ਉਮਰ ਦੇ ਨੌਜਵਾਨਾਂ ਦੇ ਮੁਕਾਬਲਿਆਂ ਪ੍ਰਤੀ ਦੋ ਯੂਨਿਟ ਬਣਾਏ ਗਏ, ਜਿਸ ਵਿੱਚ ਵੱਧ ਸੁੰਦਰ ਦਸਤਾਰ ਸਜਾਉਣ ਵਾਲੇ ਵਿਅਕਤੀਆਂ ਨੂੰ ਫਸਟ, ਸੈਕਿੰਡ ਅਤੇ ਥਰਡ ਪੁਜੀਸ਼ਨ ਦੇ ਕੇ ਨਿਵਾਜਿਆ ਗਿਆ। ਇਸ ਮੌਕੇ 8 ਤੋਂ 14 ਸਾਲ ਦੀ ਉਮਰ ਦੇ ਪ੍ਰਦੀਪ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਬੱਲੋਂ ਨੇ ਪਹਿਲਾ ਸਥਾਨ, ਇਕਬਾਲ ਸਿੰਘ ਪੁੱਤਰ ਅਜੈਬ ਸਿੰਘ ਬੱਲੋਂ ਨੇ ਦੂਸਰਾ, ਦੀਸ਼ਾਂਤਦੀਪ ਸਿੰਘ ਪੁੱਤਰ ਸੁਖਦੀਪ ਸਿੰਘ ਵਾਸੀ ਘੜੈਲਾ ਨੇ ਤੀਸਰਾ ਸਥਾਨ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਵਿਚ ਪ੍ਰਾਪਤ ਕੀਤਾ। ਉਸ ਤੋਂ ਵੱਧ ਉਮਰ ਦੇ ਨੌਜਵਾਨ ਜਸਪ੍ਰੀਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੇ ਪਹਿਲਾ, ਗੁਰਕੀਰਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਨੇ ਦੂਜਾ ਤੇ ਮਹਿੰਦਰ ਸਿੰਘ ਪੁੱਤਰ ਗੁਰਸੇਵਕ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਸੁੰਦਰ ਦਸਤਾਰ ਸਜਾਉਣ ਵਾਲੇ ਵਿਅਕਤੀਆਂ ਨੂੰ ਸਿਰੋਪਾਓ ਅਤੇ ਸ਼ੀਲਡ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਖਾਲਸਾ ਭਾਈ ਅੰਮ੍ਰਿਤਪਾਲ ਸਿੰਘ ਮਹਿਰੋ ਨੇ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਈ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਸਤਾਰ ਕੋਈ ਵੀ ਉੱਚੀ ਨੀਵੀਂ ਅਤੇ ਘਟੀਆ ਨਹੀਂ ਹੁੰਦੀ ਸਗੋਂ ਸਿਰ ’ਤੇ ਦਸਤਾਰ ਸਜਾਉਣ ਨਾਲ ਸਿਰ ਉੱਚਾ ਹੁੰਦਾ ਹੈ। ਇਹ ਮੁਕਾਬਲੇ ਬੱਚਿਆਂ ਅਤੇ ਨੌਜਵਾਨਾਂ ਵਿਚ ਉਤਸ਼ਾਹ ਭਰਨ ਲਈ ਕਰਵਾਏ ਜਾਂਦੇ ਹਨ। ਉਨ੍ਹਾਂ ਨੌਜਵਾਨ ਪੀੜੀ ਨੂੰ ਕਿਹਾ ਕਿ ਨਸ਼ਿਆਂ ਦੀ ਦਲਦਲ ਵਿਚੋਂ ਨਿਕਲਣ ਦਾ ਇੱਕੋ ਇੱਕ ਤਰੀਕਾ ਹੈ ਗੁਰੂ ਵਾਲੇ ਬਣੋ ਗੁਰੂ ਦੀ ਬਾਨੀ ਨਾਲ ਜੁੜੋ,ਨਿੱਤ ਦਿਨ ਗੁਰਦੁਆਰਾ ਸਾਹਿਬ ਪਹੁੰਚ ਕੇ ਵਹਿਗੁਰੂ ਦਾ ਜਾਪ ਕਰੋ, ਜਿਸ ਨਾਲ ਸਿਹਤ ਵੀ ਸੁੰਦਰ ਹੋਵੇਗੀ ਤੇ ਸਿਰ ’ਤੇ ਦਸਤਾਰ ਵੀ ਸੁੰਦਰ ਲੱਗੇਗੀ। ਇਸ ਮੌਕੇ ਭਾਈ ਗੁਰਪ੍ਰੀਤ ਸਿੰਘ ਬੱਲੋਂ,ਭਾਈ ਜਗਸੀਰ ਸਿੰਘ ਤਾਜੋਕੇ ਗੁਰਦੁਆਰਾ ਨਾਨੂਆਣਾ ਸਾਹਿਬ,ਭਾਈ ਸੁਖਪਾਲ ਸਿੰਘ ਡਿੱਖ ਨੇ ਵੀ ਨੌਜਵਾਨ ਪੀੜੀ ਨੂੰ ਗੁਰੂ ਘਰ ਨਾਲ ਜੁੜਨ ਦਾ ਉਪਦੇਸ਼ ਦਿੱਤਾ ਉਨ੍ਹਾਂ ਕਿਹਾ ਗੁਰੂ ਤੋਂ ਬਿਨਾਂ ਕੋਈ ਗਿਆਨ ਨਹੀਂ ਹੈ। ਦਸਾਂ ਪਾਤਸ਼ਾਹੀਆਂ ਨੇ ਮਨੁੱਖ ਨੂੰ ਸਹੀ ਰਸਤਾ ਦਿਖਾਇਆ ਹੈ ਪਰ ਆਪਾਂ ਹੀ ਪੁੱਠੇ ਰਾਹ ਪੈ ਜਾਂਦੇ ਹਾਂ। ਗੁਰੂ ਦੀ ਬਾਣੀ ਨਾਲ ਜੁੜਕੇ ਸਾਨੂੰ ਬਹੁਤ ਕੁਝ ਮਿਲਦਾ ਹੈ, ਸਭ ਤੋਂ ਪਹਿਲਾਂ ਮਨ ਨੂੰ ਸਕੂਨ ਮਿਲਦਾ ਹੈ। ਇਸ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਗਿਆਨ ਹੋਣਾ ਜ਼ਰੂਰੀ ਹੈ ਤੇ ਗੁਰੂ ਦਸਮੇਸ਼ ਪਿਤਾ ਜੀ ਦੇ ਦੱਸੇ ਮਾਰਗ ’ਤੇ ਚਲਦਿਆਂ ਅਮ੍ਰਿਤ ਪਾਨ ਕਰ ਲੈਣਾ ਚਾਹੀਦਾ ਹੈ ਤਾਂ ਜੋ ਨਸ਼ਿਆਂ ਵੱਲ ਧਿਆਨ ਹੀ ਨਾ ਜਾਵੇ। ਇਸ ਮੌਕੇ ਸਤਨਾਮ ਵਹਿਗੁਰੂ, ਸਤਨਾਮ ਵਹਿਗੁਰੂ ਜੀ ਦਾ ਜਾਪੁ ਕੀਤਾ ਗਿਆ। ਇਸ ਮੌਕੇ ਬੀਬੀ ਕਿਰਨ ਕੌਰ ਖਾਲਸਾ,ਬਾਬਾ ਪਿਆਰਾ ਸਿੰਘ, ਜੱਥੇਦਾਰ ਕੁਲਵਿੰਦਰ ਸਿੰਘ, ਭਾਈ ਰਣਜੀਤ ਸਿੰਘ ਖਾਲਸਾ, ਰਿਟਾਇਰ ਏਐਸਆਈ ਪਰਸਨ ਸਿੰਘ ਮਾਨ ਘੜੈਲਾ, ਰਾਜਾ ਸਿੰਘ ਫੌਜੀ, ਕਰਨੈਲ ਸਿੰਘ ਸਾਬਕਾ ਸਰਪੰਚ, ਦਰਸ਼ਨ ਸਿੰਘ, ਬਲਵੀਰ ਸਿੰਘ ਪੰਮੀ, ਮਨਦੀਪ ਸਿੰਘ ਪੰਚ, ਪ੍ਰਗਟ ਸਿੰਘ ਪੰਚ,ਮੇਜਰ ਸਿੰਘ ਸਿੱਖ, ਮਨਦੀਪ ਸਿੰਘ ਖਾਲਸਾ, ਗੁਰਦੇਵ ਸਿੰਘ, ਗੁਰਚਰਨ ਸਿੰਘ,ਪ੍ਰਗਟ ਸਿੰਘ, ਨਰਿੰਦਰ ਸਿੰਘ ਭੁੱਲਰ, ਕਾਲਾ ਸਿੰਘ, ਲੱਖਾ ਸਿੰਘ, ਦਸੌਂਦਾ ਸਿੰਘ,ਰਾਜਾ ਸਿੰਘ ਸਾਬਕਾ ਪੰਚ, ਜੱਗੀ ਸਿੰਘ ਹਾਜ਼ਰ ਸਨ।

# ਠੇਕੇਦਾਰਾਂ ਵੱਲੋਂ ਵਰਤੇ ਜਾ ਰਹੇ ਘਟੀਆ ਮਟੀਰੀਅਲ ’ਤੇ ਲੱਗੀ ਮੋਹਰ, ਸਟੇਡੀਅਮ ਦੀ ਉਸਾਰੀ ਅਧੀਨ ਡਿੱਗੀ ਕੰਧ



ਧਨੌਲਾ, 12 ਮਈ (ਚਮਕੌਰ ਸਿੰਘ ਗੱਗੀ): ਨਗਰ ਕੌਂਸਲ ਧਨੌਲਾ ਵਿੱਚ ਹੋ ਰਹੇ ਵਿਕਾਸ ਕਾਰਜਾਂ ਵਿੱਚ ਕਥਿਤ ਤੌਰ ’ਤੇ ਵਰਤੇ ਜਾ ਰਹੇ ਘਟੀਆ ਮਟੀਰੀਅਲ ’ਤੇ ਉਸ ਸਮੇਂ ਮੋਹਰ ਲੱਗ ਗਈ ਜਦੋਂ ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋ ਰਹੇ ਇਨਡੋਰ ਸਟੇਡੀਅਮ ਦੀ ਉਸਾਰੀ ਅਧੀਨ ਕੰਧ ਡਿੱਗ ਪਈ ਤੇ ਇਸ ਦੌਰਾਨ ਕੰਮ ਕਰ ਰਹੇ ਕਾਰੀਗਰਾਂ, ਮਜ਼ਦੂਰਾਂ ਦਾ ਬਚਾਅ ਹੋ ਗਿਆ, ਜ਼ਿਕਰਯੋਗ ਹੈ ਕਿ ਨਗਰ ਕੌਂਸਲ ਧਨੌਲਾ ਦੇ ਵੱਖ ਵੱਖ ਵਿਕਾਸ ਕਾਰਜਾਂ ਲਈ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕਰੀਬ ਵੀਹ ਕਰੋੜ ਰੁਪਏ ਦੀ ਗਰਾਂਟ ਦਿੱਤੀ ਗਈ, ਜਿਸ ਵਿੱਚ ਜਿੱਥੇ ਗਲੀਆਂ ਨਾਲੀਆਂ ਸੀਵਰੇਜ ਦੇ ਕੰਮ ਸਨ, ਉੱਥੇ ਇਕ ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲਾ ਇਨਡੋਰ ਸਟੇਡੀਅਮ ਬਣਾਇਆ ਜਾ ਰਿਹਾ ਸੀ, ਜਿਸ ਦੀ ਉਸਾਰੀ ਪੱਕਾ ਬਾਗ਼ ਨਗਰ ਕੌਂਸਲ ਧਨੌਲਾ ਦੇ ਦਫਤਰ ਦੇ ਬਿਲਕੁਲ ਨਾਲ ਕੀਤੀ ਜਾ ਰਹੀ ਹੈ। ਜਿਸ ਵਿੱਚ ਠੇਕੇਦਾਰਾਂ ਵਲੋਂ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀ ਭੁਗਤ ਸਦਕਾ ਘਟੀਆ ਦਰਜੇ ਦਾ ਮਟੀਰੀਅਲ ਵਰਤਿਆ ਜਾ ਰਿਹਾ, ਜਿਸ ਵੱਲ ਨਗਰ ਦੇ ਪ੍ਰਧਾਨ ਕਾਰਜ ਸਾਧਕ ਅਫਸਰ ਦਾ ਕੋਈ ਧਿਆਨ ਨਹੀਂ। ਜਿਸ ਕਾਰਨ ਠੇਕੇਦਾਰ ਆਪਣੀਆਂ ਮਨਮਾਨੀਆਂ ਕਰਦੇ ਹਨ, ਜਿਸ ਨਾਲ ਇਮਾਨਦਾਰ ਸਰਕਾਰ ਦੇ ਇਮਾਨਦਾਰ ਲੀਡਰਾਂ ਖ਼ਿਲਾਫ਼ ਤਰਾਂ ਤਰਾਂ ਦੇ ਸਵਾਲ ਪੈਦਾ ਹੋ ਰਹੇ ਹਨ। ਜਿੱਥੇ ਨਗਰ ਦੇ ਵਿਕਾਸ ਲਈ ਆਏ ਵੀਹ ਕਰੋੜ ਰੁਪਏ ਦੀ ਬਰਬਾਦੀ ਹੋ ਰਹੀ ਹੈ ਸਰਕਾਰ ਦੇ ਖਜਾਨੇ ਨੂੰ ਚੂਨਾ ਲੱਗ ਰਿਹਾ, ਉਥੇ ਨਗਰ ਕੌਂਸਲ ਦੇ ਦਫਤਰ ਦੇ ਬਿਲਕੁਲ ਨਾਲ ਬਣ ਰਹੇ ਇਨਡੋਰ ਸਟੇਡੀਅਮ ਵਿੱਚ ਵੀ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਅੱਖ ਦੇ ਸਾਹਮਣੇ ਠੇਕੇਦਾਰ ਵੱਲੋਂ ਕਥਿਤ ਤੌਰ ’ਤੇ ਘਟੀਆ ਮਟੀਰੀਅਲ ਵਰਤਿਆ ਜਾ ਰਿਹੈ, ਜਿਸ ਦਾ ਖੁਲਾਸਾ ਕੰਧ ਡਿੱਗਣ ਮੌਕੇ ਹੋਇਆ ਜਦੋਂ ਡਿੱਗੀ ਕੰਧ ਤੋਂ ਬਾਅਦ ਪੱਤਰਕਾਰਾਂ ਨੇ ਜਾ ਕੇ ਦੇਖਿਆ ਤਾਂ ਉਹ ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਸੀਮੈਂਟ ਵਰਤਿਆ ਹੀ ਨਾ ਗਿਆ ਹੋਵੇ ਜਦੋਂ ਕੰਮ ਕਰ ਰਹੇ ਮਿਸਤਰੀਆਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਅੱਠ ਇੱਕ ਦਾ ਮਸਾਲਾ ਵਰਤਿਆ ਜਾ ਰਿਹਾ, ਜੋ ਕਿ ਬਹੁਤ ਹੀ ਅੱਤ ਘਟੀਆ ਦਰਜੇ ਦਾ ਮਟੀਰੀਅਲ ਹੁੰਦਾ, ਜਦੋਂ ਇਸ ਸਬੰਧੀ ਨਗਰ ਕੌਂਸਲ ਦੇ ਘਰ ਸਾਧਕ ਅਫਸਰ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹਨਾਂ ਨੇ ਫੋਨ ਚੁੱਕਣਾ ਮੁਨਾਸਬ ਨਹੀਂ ਸਮਝਿਆ ਜਦੋਂ ਇਸ ਸਬੰਧੀ ਠੇਕੇਦਾਰ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਕੰਧ ਨਗਲ ਕੌਂਸਲ ਦੇ ਦਫਤਰ ਵੱਲੋਂ ਡਿਗ ਰਹੇ ਪਾਣੀ ਕਾਰਨ ਕੰਧ ਡਿੱਗੀ ਹੈ ਮਟੀਰੀਅਲ ਠੀਕ ਵਰਤਿਆ ਜਾ ਰਿਹਾ ਹੈ ਪਰ ਕੰਧ ਡਿੱਗਣ ਤੋਂ ਬਾਅਦ ਸਭ ਕੁਝ ਸਾਫ ਦਿਖਾਈ ਦੇ ਰਿਹਾ ਹੈ ਹੁਣ ਦੇਖਣਾ ਹੋਵੇਗਾ ਕਿ ਇਮਾਨਦਾਰ ਸਰਕਾਰ ਇਸ ਬੇਈਮਾਨ ਅਧਿਕਾਰੀਆਂ ਭਰਿਸ਼ਟਾਚਾਰ ਅਧਿਕਾਰੀਆਂ ਖਿਲਾਫ ਕਾਰਵਾਈ ਕਰੇਗੀ ਜਾਂ ਨਹੀਂ ਇਹ ਆਉਣ ਵਾਲਾ ਸਮਾਂ ਦੱਸੇਗਾ।

# ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਜਗਦੀਸ਼ ਗੋਇਲ ਨੂੰ ਸਦਮਾ, ਸਹੁਰੇ ਦਾ ਦੇਹਾਂਤ

ਮੂਨਕ, 12 ਮਈ (ਸਮਸ਼ੇਰ ਸਿੰਘ ਭੁਟਾਲ ): ਨਗਰ ਪੰਚਾਇਤ ਮੂਨਕ ਦੇ ਸਾਬਕਾ ਪ੍ਰਧਾਨ ਜਗਦੀਸ਼ ਗੋਇਲ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਸਹੁਰਾ ਸਾਹਿਬ ਪ੍ਰਕਾਸ਼ ਚੰਦ ਬਾਂਸਲ( 75) ਘੱਗਾ ਕੁਲਵਾਣੂ ਵਾਲੇ ਸੰਖੇਪ ਬੀਮਾਰੀ ਬਾਅਦ ਸਵਰਗ ਸਿਧਾਰ ਗਏ। ਉਹਨਾਂ ਦੇ ਅਚਾਨਕ ਅਕਾਲ ਚਲਾਣਾ ਕਰ ਜਾਣ ’ਤੇ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ, ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਸੰਸਦ ਮੈਂਬਰ ਵਿਜੇਂਦਰ ਸਿੰਗਲਾ, ਸਮਾਜ ਸੇਵੀ ਤੇ ਉਦਯੋਗਪਤੀ ਲਾਜਪਤ ਰਾਏ ਜੈਨ, ਸੀਨੀਅਰ ਕਾਂਗਰਸੀ ਆਗੂ ਰਾਹੁਲਇੰਦਰ ਸਿੱਧੂ, ਵਪਾਰ ਮੰਡਲ ਦੇ ਪ੍ਰਧਾਨ ਕੇਵਲ ਗਰਗ ਹਰਿਆਊ,



ਭੂਰਾ ਜੈਨ , ਕਲੱਬ ਪ੍ਰਧਾਨ ਸੰਦੀਪ ਬਾਸ਼ਲ, ਰੋਮੀ ਜੈਨ , ਕੋਆਪ੍ਰੇਟਿਵ ਸੋਸਾਇਟੀ ਬੁਸੈਹਰਾ ਦੇ ਸਾਬਕਾ ਚੇਅਰਮੈਨ ਕਰਨ ਸਿੰਘ ਗਿੱਲ ਬੁਸੈਹਰਾ, ਸੀਨੀਅਰ ਕਾਂਗਰਸੀ ਆਗੂ ਈਸ਼ਵਰ ਸਿੰਘ ਮਕੌੜ ਸਾਹਿਬ, ਹਰਪਾਲ ਸਿੰਘ ਮਕੌੜ ਸਾਹਿਬ, ਸ੍ਰੀ ਦੁਰਗਾ ਮੰਦਰ ਕਮੇਟੀ ਮੂਨਕ,ਸ੍ਰੀ ਕ੍ਰਿਸ਼ਨ ਗਊ ਸ਼ਾਲਾ, ਸ੍ਰੀ ਰਾਮ ਮੰਦਰ ਕਮੇਟੀ, ਆੜਤੀਆ ਐਸੋਸੀਏਸ਼ਨ ਮੂਨਕ , ਸ਼ੈਲਰ ਐਸੋਸੀਏਸ਼ਨ ਮੂਨਕ , ਭਾਈਚਾਰਾ ਪ੍ਰੈਸ ਕਲੱਬ ਮੂਨਕ ਨੇ ਜਗਦੀਸ਼ ਗੋਇਲ ਨਾਲ ਦੁੱਖ ਸਾਂਝਾ ਕਰਦੇ ਹੋਏ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਹੈ।

# ਮੇਰਾ ਯੁਵਾ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ

ਬਰਨਾਲਾ, 12 ਮਈ (ਬਘੇਲ ਸਿੰਘ ਧਾਲੀਵਾਲ)-ਮੇਰਾ ਯੁਵਾ ਭਾਰਤ ਬਰਨਾਲਾ ਅਧੀਨ ਮੇਰਾ ਯੁਵਾ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਜ਼ਿਲ੍ਹਾ ਬਰਨਾਲਾ ਵਿੱਚ ਹੋ ਗਈ ਹੈ। ਇਸ ਸਬੰਧੀ ਜ਼ਿਲ੍ਹਾ ਯੂਥ ਅਫ਼ਸਰ ਸ੍ਰੀਮਤੀ ਆਭਾ ਸੋਨੀ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਰਾਸ਼ਟਰ ਦੀ ਸੇਵਾ ਅਤੇ ਸਮਾਜਿਕ ਭਲਾਈ ਲਈ ਤਿਆਰ ਕਰਨਾ ਹੈ, ਜਿਸ ਰਾਹੀਂ ਉਹ ਐਮਰਜੈਂਸੀ ਸਥਿਤੀਆਂ, ਆਫ਼ਤਾਂ ਤੇ ਹੋਰ ਜ਼ਰੂਰੀ ਸਮਿਆਂ ਵਿੱਚ ਲੋੜਵੰਦ ਲੋਕਾਂ ਦੀ ਸਹਾਇਤਾ ਕਰ ਸਕਣ। ਇਹ ਵਾਲੰਟੀਅਰ ਸਮਾਜਿਕ ਜਾਗਰੂਕਤਾ ਮੁਹਿੰਮਾਂ, ਡਿਜ਼ਾਸਟਰ ਮੈਨੇਜਮੈਂਟ, ਟਰੈਫਿਕ ਕੰਟਰੋਲ ਤੇ ਹੋਰ ਸਰਕਾਰੀ ਕਾਰਜਾਂ ਵਿੱਚ ਵੀ ਆਪਣੀਆਂ ਸੇਵਾਵਾਂ ਦੇਣਗੇ। ਸ੍ਰੀਮਤੀ ਸੋਨੀ ਨੇ ਦੱਸਿਆ ਕਿ ਇਹ ਕਾਰਜ ਨੌਜਵਾਨਾਂ ਵਿੱਚ ਆਤਮ-ਵਿਸ਼ਵਾਸ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਨੌਜਵਾਨ ਰਾਸ਼ਟਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸ਼ਾਮਲ ਕਰਨਾ ਅਸਲ ਬਦਲਾਅ ਲਿਆਉਣ ਵੱਲ ਇੱਕ ਵੱਡਾ ਕਦਮ ਹੈ। ਇਹ ਵਲੰਟੀਅਰ ਬਣਨ ਲਈ ਉਮੀਦਵਾਰਾਂ ਦੀ ਉਮਰ 18 ਤੋਂ 29 ਸਾਲ ਹੋਣੀ ਚਾਹੀਦੀ ਹੈ। ਰਜਿਸਟਰੇਸ਼ਨ ਲਈ ਉਮੀਦਵਾਰ ਮੇਰਾ ਭਾਰਤ (ਮਾਈ ਭਾਰਤ) ਦੇ ਅਧਿਕਾਰਿਕ ਪੋਰਟਲ https://mybharat.gov.in ਉੱਤੇ ਜਾ ਕੇ ਆਪਣੀ ਜਾਣਕਾਰੀ ਭਰ ਸਕਦੇ ਹਨ, ਜਿਸ ਦੀ ਆਖਰੀ ਮਿਤੀ 25 ਮਈ 2025 ਹੈ।

ਉਨ੍ਹਾਂ ਬਰਨਾਲਾ ਜ਼ਿਲ੍ਹੇ ਦੇ ਸਾਰੇ ਕਾਲਜਾਂ, ਸਕੂਲਾਂ, ਨੌਜਵਾਨ ਗਰੁੱਪਾਂ ਤੇ ਸਵੈਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਯੋਜਨਾ ਨਾਲ ਜੁੜਨ।

# ਅੱਤਵਾਦ ਖਿਲਾ.ਫ .ਫੌਜ ਵੱਲੋਂ ਦਿਖਾਈ ਬਹਾਦਰੀ ’ਤੇ ਪੂਰੇ ਦੇਸ਼ ਨੂੰ ਮਾਣ



ਬਰਨਾਲਾ, 12 ਮਈ (ਸੁਖਵਿੰਦਰ ਸਿੰਘ ਭੰਡਾਰੀ)- ਉੱਘੇ ਸਮਾਜ ਸੇਵੀ ਡਾਕਟਰ ਰਾਹੁਲ ਰੁਪਾਲ ਅਤੇ ਕੋਲੋਨਾਈਜ਼ਰ ਸ਼ਸ਼ੀਕਾਂਤ ਚੋਪੜਾ ਨੇ ਆਤੰਕਵਾਦ ਖਿਲਾਫ਼ ਭਾਰਤੀ ਫ਼ੌਜ ਵੱਲੋਂ ਦਿਖਾਈ ਬਹਾਦਰੀ ਤੇ ਮਾਣ ਕਰਦਿਆਂ ਕਿਹਾ ਕਿ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿਖੇ ਆਤੰਕਵਾਦੀਆਂ ਅਤੇ ਜਿਹਾਦੀਆਂ ਵੱਲੋਂ ਕੀਤੇ ਕਾਇਰਾਨਾ ਅੱਤਵਾਦੀ ਹਮਲੇ ’ਚ 26 ਬੇਦੋਸ਼ੇ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਸੀ। ਇਸ ਬਰਬਰਤਾਪੂਰਨ ਘਟਨਾ ਦਾ ਮੂੰਹ-ਤੋੜ ਜਵਾਬ ਦਿੰਦੇ ਹੋਏ, ਭਾਰਤੀ ਫੌਜ ਨੇ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ (ਪੀ.ਓ.ਕੇ.) ’ਚ ਸਥਿਤ 9 ਅੱਤਵਾਦੀ ਟਿਕਾਣਿਆਂ ਨੂੰ ਇਕ ਸਫ਼ਲ ਹਵਾਈ ਹਮਲੇ ਰਾਹੀਂ ਤਬਾਹ ਕਰ ਦਿੱਤਾ ਅਤੇ ਪਾਕਿਸਤਾਨ ਵੱਲੋਂ ਕੀਤੇ ਡਰੋਨ ਹਮਲਿਆਂ ਦਾ ਕਰਾਰਾ ਜਵਾਬ ਦਿੱਤਾ ਗਿਆ ਹੈ। ਸਮਾਜ ਸੇਵੀ ਜਸਪ੍ਰੀਤ ਸਿੰਘ ਹੈਪੀ ਠੀਕਰੀਵਾਲ ਅਤੇ ਨਗਰ ਕੌਂਸਲ ਬਰਨਾਲਾ ਦੇ ਸਾਬਕਾ ਪ੍ਰਧਾਨ ਸੰਜੀਵ ਸ਼ੋਰੀ ਨੇ ਕਿਹਾ ਕਿ ਭਾਰਤੀ ਫੌਜ ਦੀ ਇਸ ਦਲੇਰਾਨਾ ਕਾਰਵਾਈ ’ਤੇ ਪੂਰਾ ਦੇਸ਼ ਫ਼ਖ਼ਰ ਮਹਿਸੂਸ ਕਰ ਰਿਹਾ ਹੈ।

ਉਨਾਂ ਕਿਹਾ ਕਿ ਫੌਜ ਨੇ ਜਿਸ ਸਿਆਣਪ, ਸਟੀਕ ਰਣਨੀਤੀ ਤੇ ਹਿੰਮਤ ਨਾਲ ਆਤੰਕਵਾਦ ਖਿਲਾਫ਼ ਕਾਰਵਾਈ ਨੂੰ ਅੰਜਾਮ ਦਿੱਤਾ, ਉਹ ਹਰ ਭਾਰਤੀ ਲਈ ਮਾਣ ਵਾਲੀ ਗੱਲ ਹੈ। ਪੂਰਾ ਦੇਸ਼ ਫ਼ੌਜ ਦੇ ਨਾਲ ਦ੍ਰਿੜਤਾ ਨਾਲ ਖੜ੍ਹਾ ਹੈ। ਭਾਰਤੀ ਫ਼ੌਜ ਵੱਲੋਂ ਦਿਖਾਈ ਗਈ ਦਲੇਰੀ ਨੇ ਪਾਕਿਸਤਾਨੀ ਫ਼ੌਜ ਨੂੰ ਤਿੰਨ ਦਿਨਾਂ ’ਚ ਹੀ ਮਿੰਨਤਾਂ ਕਰਨ ਲਾ ਦਿੱਤਾ ਅਤੇ ਪਾਕਿਸਤਾਨੀ ਫ਼ੌਜ ਨੇ ਮਜਬੂਰ ਹੋ ਕੇ ਪਹਿਲਾਂ ਇੱਕਤਰਫ਼ਾ ਗੋਲੀਬੰਦੀ ਦਾ ਐਲਾਨ ਕਰ ਦਿੱਤਾ। ਭਾਸ਼ਾ ਵਿਭਾਗ ਦੇ ਜ਼ਿਲ੍ਹਾ ਖੋਜ ਅਫ਼ਸਰ ਬਰਨਾਲਾ ਬਿੰਦਰ ਸਿੰਘ ਖੁੱਡੀ ਅਤੇ ਕੋਲੋਨਾਈਜ਼ਰ ਰਾਜੀਵ ਗੁਪਤਾ ਲੂਬੀ ਨੇ ਸੰਕਟ ਦੀ ਘੜੀ ’ਚ ਭਾਰਤੀ ਲੋਕਾਂ ਦੀ ਏਕਤਾ ਅਤੇ ਭਾਰਤੀ ਹਥਿਆਰਬੰਦ ਫ਼ੌਜਾਂ, ਨੀਮ ਫ਼ੌਜੀ ਦਲਾਂ ਅੱਤੇ ਪੁਲਿਸ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਦੀ ਏਕਤਾ ਤੇ ਅਖੰਡਤਾ ’ਚ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਲੋਂ ਆਤੰਕਵਾਦ ਵਿਰੁੱਧ ਲਏ ਸਖ਼ਤ ਸਟੈਂਡ ਦਾ ਦੁਨੀਆਂ ਦੇ ਲਗਭਗ ਸਾਰੇ ਦੇਸ਼ਾਂ ਨੇ ਸਮਰਥਨ ਕੀਤਾ ਅਤੇ ਪਾਕਿਸਤਾਨ ਨੂੰ ਭਾਰਤ ਦੀਆਂ ਸ਼ਰਤਾਂ ’ਤੇ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਪੰਜਾਬ ਪਾਕਿਸਤਾਨ ਦੀ ਸਰਹੱਦ ਨਾਲ ਲੱਗਦਾ ਹੈ, ਇਸ ਲਈ ਸਾਨੂੰ ਵਧੇਰੇ ਸੁਚੇਤ ਤੇ ਜਾਗਰੂਕ ਰਹਿਣ ਦੀ ਲੋੜ ਹੈ ਅਤੇ ਹਰ ਸਥਿੱਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਚਾਹੀਦਾ ਹੈ।



# ਪਟਿਆਲਾ-ਆਸ/ਪਾਸ





## ਡੀ.ਸੀ. ਵੱਲੋਂ ਹੜ੍ਹਾਂ ਤੋਂ ਬਚਾਅ ਲਈ ਅਗੇਤੀ ਰਣਨੀਤੀ ਬਣਾਉਣ ਲਈ ਬੈਠਕ

☛ਸੰਭਾਵਿਤ ਹੜ੍ਹ ਪ੍ਰਭਾਵਿਤ ਥਾਵਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈਣ ਦੇ ਨਿਰਦੇਸ਼

ਪਟਿਆਲਾ, 12 ਮਈ (ਰੁਪਾਣਾ/ ਵਿਨੋਦ ਸ਼ਰਮਾ): ਪਟਿਆਲਾ ਜ਼ਿਲ੍ਹੇ ਵਿੱਚ ਦੋ ਸਾਲ ਪਹਿਲਾਂ ਆਏ ਹੜ੍ਹਾਂ ਦੇ ਮੱਦੇਨਜ਼ਰ ਮਾਨਸੂਨ ਸੀਜ਼ਨ ਤੋਂ ਪਹਿਲਾਂ ਤੇ ਭਵਿੱਖ ਵਿੱਚ ਹੜ੍ਹਾਂ ਵਰਗੀ ਸਥਿਤੀ ਪੈਦਾ ਹੋਣ ਤੋਂ ਬਚਾਅ ਲਈ ਅਗੇਤੀ ਰਣਨੀਤੀ ਬਣਾਉਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅਧਿਕਾਰੀਆਂ ਨਾਲ ਬੈਠਕ ਕੀਤੀ। ਡਿਪਟੀ ਕਮਿਸ਼ਨਰ ਨੇ ਸਮੂਹ ਐਸ.ਡੀ.ਐਮਜ਼ ਨੂੰ ਕਿਹਾ ਕਿ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਪਹਿਲਾਂ ਆਏ ਹੜ੍ਹਾਂ ਦੌਰਾਨ ਘੱਗਰ ਤੇ ਹੋਰਨਾਂ ਨਦੀਆਂ, ਨਾਲਿਆਂ 'ਚ ਜਿੱਥੇ ਬੰਨ੍ਹ ਟੁੱਟੇ ਸਨ, ਉਨ੍ਹਾਂ ਥਾਵਾਂ ਦਾ ਦੌਰਾ ਕਰਕੇ ਤਾਜ਼ਾ ਸਥਿਤੀ ਦੀ ਰਿਪੋਰਟ ਸੌਂਪੀ ਜਾਵੇ ਤਾਂ ਕਿ ਭਵਿੱਖ ਵਿੱਚ ਹੋਰ ਵੀ ਮਜ਼ਬੂਤ ਪ੍ਰਬੰਧ ਕਰਨੇ ਯਕੀਨੀ ਬਣਾਏ ਜਾ ਸਕਣ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਜ਼ਿਲ੍ਹੇ ਵਿੱਚੋਂ ਲੰਘਦੇ ਘੱਗਰ, ਟਾਂਗਰੀ, ਝੰਬੋ ਵਾਲੀ ਚੋਅ, ਸਰਹਿੰਦ ਚੋਅ, ਵੱਡੀ ਨਦੀ ਤੇ ਛੋਟੀ ਨਦੀ ਸਮੇਤ ਹੋਰ ਨਦੀਆਂ ਤੇ ਨਾਲਿਆਂ ਦੀ ਸਫ਼ਾਈ ਤੇ ਬੰਨ੍ਹ ਮਜ਼ਬੂਤ ਕਰਨ ਦੀ ਕਾਰਵਾਈ ਕਰਨ ਲਈ ਅਗੇਤੇ ਯਤਨ ਅਰੰਭੇ ਜਾਣ। ਡਾ. ਪ੍ਰੀਤੀ ਯਾਦਵ ਨੇ ਜਲ ਨਿਕਾਸ, ਸਿੰਚਾਈ, ਲੋਕ ਨਿਰਮਾਣ, ਮੰਡੀ ਬੋਰਡ, ਜਲ ਸਪਲਾਈ ਤੇ ਸੀਵਰੇਜ ਬੋਰਡ, ਸਥਾਨਕ ਸਰਕਾਰਾਂ ਸਮੇਤ ਹੋਰ ਸਬੰਧਤ ਵਿਭਾਗਾਂ ਦੇ ਕਮਿਊਨੀਕੇਸ਼ਨ ਪਲਾਨ, ਹੜ੍ਹ ਕੰਟਰੋਲ ਰੂਮ, ਹੜ੍ਹਾਂ ਤੋਂ ਬਚਾਅ ਲਈ ਯੋਜਨਾ ਸਮੇਤ ਭਾਰਤੀ ਫ਼ੌਜ, ਐਨ.ਡੀ.ਆਰ.ਐਫ., ਪੁਲਿਸ ਦਾ ਅੰਤਰ-ਏਜੰਸੀ ਤਾਲਮੇਲ ਅਤੇ ਹੋਰ ਵਿਭਾਗਾਂ ਦੀ ਆਫ਼ਤ ਪ੍ਰਬੰਧਨ ਯੋਜਨਾ 'ਤੇ ਵੀ ਚਰਚਾ ਕੀਤੀ। ਉਨ੍ਹਾਂ ਨੇ ਡਰੇਨੇਜ ਵਿਭਾਗ ਨੂੰ ਨਦੀਆਂ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਖਾਸ ਕਰਕੇ ਜਿੱਥੇ ਪਿਛਲੇ ਸਾਲਾਂ 'ਚ ਬੰਨ੍ਹ ਟੁੱਟੇ ਸਨ, ਉਨ੍ਹਾਂ ਥਾਵਾਂ ਉਪਰ ਮੁੜ ਤੋਂ ਨਜ਼ਰਸਾਨੀ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮੰਡੀ ਬੋਰਡ ਤੇ ਲੋਕ ਨਿਰਮਾਣ ਵਿਭਾਗ ਪੁਲਾਂ ਤੇ ਸੜਕਾਂ ਦੀ ਸੁਰੱਖਿਆ ਦੇ ਸਰਟੀਫਿਕੇਟ ਜਮ੍ਹਾਂ ਕਰਵਾਉਣ। ਡਿਪਟੀ ਕਮਿਸ਼ਨਰ ਨੇ ਜਲ ਨਿਕਾਸ, ਪੇਂਡੂ ਵਿਕਾਸ ਤੇ ਪੰਚਾਇਤ ਅਤੇ ਲੋਕ ਨਿਰਮਾਣ ਵਿਭਾਗਾਂ ਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਹੜ੍ਹ ਪ੍ਰਭਾਵਤ ਰਹੇ ਪਿੰਡਾਂ ਤੇ ਇਲਾਕਿਆਂ ਮੁਤਾਬਕ ਖਾਲੀ ਥੈਲੇ ਮਿੱਟੀ ਨਾਲ ਭਰਕੇ ਅਗੇਤੇ ਹੀ ਰੱਖਣ ਲੈਣ। ਇਸ ਤੋਂ ਬਿਨ੍ਹਾਂ ਵੱਡੇ ਪਾੜ ਪੈਣ ਦੀ ਸੂਰਤ ਵਿੱਚ ਇਨ੍ਹਾਂ ਨੂੰ ਬੰਨ੍ਹਣ ਲਈ ਲੋਹੇ ਦੀਆਂ ਤਾਰਾਂ ਦੇ ਜਾਲ ਤੇ ਬਾਂਸ ਦੇ ਜਾਲ ਵੀ ਬਣਵਾਏ ਜਾਣ ਤਾਂ ਕਿ ਹੰਗਾਮੀ ਸਥਿਤੀ ਮੌਕੇ ਪਾੜ ਤੁਰੰਤ ਪੂਰੇ ਜਾ ਸਕਣ ਦੀ ਕਾਰਵਾਈ ਕੀਤੀ ਜਾ ਸਕੇ। ਡਾ. ਪ੍ਰੀਤੀ ਯਾਦਵ ਨੇ ਪੁਲੀਆਂ, ਕਲਵਰਟ, ਸਾਈਫ਼ਨ, ਨਾਲਿਆਂ ਤੇ ਡਰੇਨਾਂ ਤੇ ਹੋਰ ਨਿਕਾਸੀ ਨਾਲਿਆਂ ਆਦਿ ਦੀ ਸਾਫ਼ ਸਫ਼ਾਈ, ਨਿਰਵਿਘਨ ਬਿਜਲੀ ਸਪਲਾਈ, ਸੜਕਾਂ ਦਾ ਰੋਡ ਮੈਪ, ਜੇ.ਸੀ.ਬੀਜ਼, ਜੈਂਬੋ ਬੈਗ, ਹੜ੍ਹ ਦੀ ਸਥਿਤੀ 'ਚ ਨਾਗਰਿਕਾਂ ਤੇ ਪਸ਼ੂਆਂ ਨੂੰ ਸੁਰੱਖਿਅਤ ਥਾਵਾਂ 'ਤੇ ਰੱਖੇ ਜਾਣ ਲਈ ਰਾਹਤ ਕੈਂਪਾਂ, ਬਚਾਅ ਕਾਰਜਾਂ, ਪਸ਼ੂਆਂ ਲਈ ਹਰੇ ਚਾਰੇ ਦੇ ਪ੍ਰਬੰਧਾਂ, ਖਾਣ-ਪੀਣ ਦਾ ਪ੍ਰਬੰਧ, ਮੈਡੀਕਲ ਟੀਮਾਂ ਤੇ ਦਵਾਈਆਂ, ਕਿਸ਼ਤੀਆਂ, ਲਾਈਫ਼ ਜੈਕਟਾਂ, ਰੱਸੇ, ਛਤਰੀਆਂ ਤੇ ਹੋਰ ਮਹੱਤਵਪੂਰਨ ਵਸਤਾਂ ਦੀ ਉਪਲੱਬਧਤਾ ਆਦਿ ਦਾ ਵੀ ਜਾਇਜ਼ਾ ਲਿਆ। ਮੀਟਿੰਗ 'ਚ ਏ.ਡੀ.ਸੀ ਜਨਰਲ ਇਸ਼ਾ ਸਿੰਗਲ ਤੇ ਨਵਰੀਤ ਕੌਰ ਸੇਖੋਂ, ਪੀ.ਡੀ.ਏ ਦੇ ਏਸੀਏ ਜਸਲੀਨ ਕੌਰ ਭੁੱਲਰ, ਐਸ.ਪੀ. (ਸਿਟੀ) ਪਲਵਿੰਦਰ ਸਿੰਘ ਚੀਮਾ, ਨਗਰ ਨਿਗਮ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਸਮੂਹ ਐਸ.ਡੀ.ਐਮਜ਼, ਜਲ ਨਿਕਾਸ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ, ਭਾਰਤੀ ਫ਼ੌਜ, ਐਨ.ਡੀ.ਆਰ.ਐਫ., ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ, ਮੰਡੀ ਬੋਰਡ, ਸਿਹਤ ਵਿਭਾਗ, ਪਸ਼ੂ ਪਾਲਣ, ਬਿਜਲੀ ਨਿਗਮ, ਸਥਾਨਕ ਸਰਕਾਰਾਂ, ਜਲ ਸਪਲਾਈ, ਸੈਨੀਟੇਸ਼ਨ ਤੇ ਸੀਵਰੇਜ ਬੋਰਡ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

‘ਯੁੱਧ ਨਸ਼ਿਆਂ ਵਿਰੁੱਧ’

## ਨਸ਼ਾ ਤਸਕਰਾਂ ਵੱਲੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਬਣਾਈਆਂ ਤਿੰਨ ਜਾਇਦਾਦਾਂ 'ਤੇ ਚੱਲਿਆ ਪੀਲਾ ਪੰਜਾ



ਮਲੇਰਕੋਟਲਾ, 12 ਮਈ (ਚ.ਨ.ਸ.) ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਜਾਰੀ ਹੈ। ਇਸੇ ਲੜੀ ਤਹਿਤ ਅੱਜ ਸਥਾਨਕ ਬੈਰੀਆਂ ਵਾਲੇ ਮੁਹੱਲਾ, ਧੋਬਘਾਟ ਅਤੇ ਭੂਮਸੀ ਵਿਖੇ ਤਿੰਨ ਨਸ਼ਾ ਤਸਕਰਾਂ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈਆਂ ਗਈਆਂ ਇਮਾਰਤਾਂ ਨੂੰ ਢਾਇਆ ਗਿਆ। ਐਸ.ਐਸ.ਪੀ ਗਗਨ ਅਜੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਪਹਿਲਕਦਮੀ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਗਰ ਕੌਂਸਲ ਵੱਲੋਂ ਪੁਲਿਸ ਪ੍ਰਸ਼ਾਸਨ ਨਾਲ ਮਿਲ ਕੇ ਸੋਮਵਾਰ ਨੂੰ ਬਦਨਾਮ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਉਸਾਰੀਆਂ ਢਾਈਆਂ ਗਈਆਂ। ਜਿਸ ਵਿੱਚ ਮੁਹੰਮਦ ਸਮਸ਼ਾਦ ਉਰਫ ਸਾਦੂ ਸਪੁਤਰ ਨਜ਼ੀਰ ਅਹਿਮਦ ਮੁਹੱਲਾ ਬੈਰੀਆਂ, ਮੁਹੰਮਦ ਸਹਿਜ਼ਾਦ ਉਰਫ ਸਾਜ਼ਾ ਸਪੁੱਤਰ ਨਿਜ਼ਾਮਦੀਨ ਵਾਸੀ ਧੋਬਘਾਟ ਅਤੇ ਮੁਹੰਮਦ ਜ਼ਾਹਿਦ ਪੁੱਤਰ ਮੁਹੰਮਦ ਅਰਸ਼ਦ ਵਾਸੀ ਮੁਹੱਲਾ ਭੂਮਸੀ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਇਮਾਰਤਾਂ ਬਣਾਈਆਂ ਗਈਆਂ ਸਨ। ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਉਣ ਮੌਕੇ ਸੁਰੱਖਿਆ ਪ੍ਰਬੰਧ ਕਰਨ ਦੀਆਂ ਹਦਾਇਤਾਂ ਪ੍ਰਾਪਤ ਹੋਈਆਂ ਸਨ। ਜਿਸ ਤੋਂ ਬਾਅਦ ਕਾਰਵਾਈ ਕਰਦਿਆਂ ਇਹਨਾਂ ਇਮਾਰਤਾਂ ਤੇ ਪੀਲਾ ਪੰਜਾ ਚਲਾਇਆ ਗਿਆ ਹੈ। ਉਹਨਾਂ ਇਹ ਦੱਸਿਆ ਕਿ ਇੱਕ ਇਮਾਰਤ ਜੋ ਮੁਹੰਮਦ ਸਮਸ਼ਾਦ ਉਰਫ ਸਾਦੂ ਵੱਲੋਂ ਉਸਾਰੀ ਗਈ ਸੀ ਉਸ ਉੱਪਰ 09 ਪਰਚੇ ਪਹਿਲਾਂ ਤੋਂ ਹੀ ਦਰਜ ਹਨ। ਮੁਹੰਮਦ ਸਹਿਜ਼ਾਦ ਉਰਫ ਸਾਜ਼ਾ ਉਪਰ 04 ਪਰਚੇ ਅਤੇ ਮੁਹੰਮਦ ਜ਼ਾਹਿਦ ਉਪਰ ਇੱਕ ਪਰਚਾ ਦਰਜ ਹੈ। ਐਸ.ਐਸ.ਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨਸ਼ਿਆਂ ਦੇ ਨੈੱਟਵਰਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਜ਼ਿਲ੍ਹਾ ਪੁਲਿਸ ਦੀ ਵਚਨਬੱਧਤਾ ਦੁਹਰਾਉਂਦਿਆਂ ਨਾਗਰਿਕਾਂ ਨੂੰ ਸਰਕਾਰ ਵੱਲੋਂ ਜਾਰੀ ਵਟਸਐਪ ਨੰਬਰ 9779-100-200 ਰਾਹੀਂ ਨਸ਼ਿਆਂ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਐਸ.ਪੀ ਸੱਤਪਾਲ ਸ਼ਰਮਾਂ, ਡੀ.ਐਸ.ਪੀ ਕੁਲਦੀਪ ਸਿੰਘ ਤੋਂ ਇਲਾਵਾ ਕਾਰਜ ਸਾਧਕ ਅਫ਼ਸਰ ਅਪਰ ਅਪਾਰ ਸਿੰਘ ਵੀ ਮੌਜੂਦ ਸਨ।

## ਡਾ.ਬਲਬੀਰ ਸਿੰਘ ਨੇ ਘਨੌਰ ਕਮਿਊਨਿਟੀ ਹੈਲਥ ਸੈਂਟਰ ਦਾ ਕੀਤਾ ਅਚਨਚੇਤ ਦੌਰਾ

ਡਾਕਟਰਾਂ ਦੀਆਂ ਕਮੀਆਂ ਨੂੰ ਜਲਦ ਕੀਤਾ ਜਾਵੇਗਾ ਪੂਰਾ : ਸਿਹਤ ਮੰਤਰੀ



ਘਨੌਰ, 12 ਮਈ (ਮਦਨ ਲਾਲ/ ਰਾਜਿੰਦਰ ਕੰਬੋਜ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਪੂਰੇ ਪੰਜਾਬ ਭਰ ਦੇ ਵਿੱਚ ਪੰਜਾਬ ਕੈਬਨਿਟ ਮੰਤਰੀਆਂ ਦੇ ਵੱਲੋਂ ਦੌਰੇ ਕੀਤੇ ਜਾ ਰਹੇ ਹਨ ਇਸੇ ਤਹਿਤ ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਵੱਲੋਂ ਪੰਜਾਬ ਦੇ ਵੱਖ-ਵੱਖ ਹਸਪਤਾਲਾਂ ਦਾ ਅਚਨਚੇਤ ਦੌਰਾ ਕੀਤਾ ਜਾ ਰਿਹਾ ਤੇ ਅੱਜ ਅਚਨਚੇਤ ਦੌਰੇ ਦੌਰਾਨ ਸਿਹਤ ਮੰਤਰੀ ਡਾ.ਬਲਬੀਰ ਸਿੰਘ ਘਨੌਰ ਕਮਿਊਨਿਟੀ ਹੈਲਥ ਸੈਂਟਰ ਪਹੁੰਚੇ। ਜਿੱਥੇ ਉਹਨਾ ਮਰੀਜ਼ਾਂ ਤੋਂ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਿਹਤ ਸਹੂਲਤਾਂ ਸਬੰਧੀ ਗੱਲਬਾਤ ਕੀਤੀ। ਇਸ ਦੌਰਾਨ ਮਰੀਜ਼ਾਂ ਦੇ ਵੱਲੋਂ ਸਿਹਤ ਮੰਤਰੀ ਪੰਜਾਬ ਡਾ.ਬਲਬੀਰ ਸਿੰਘ ਦੇ ਧਿਆਨ ਦੇ ਵਿੱਚ ਘਨੌਰ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਅਤੇ ਸ਼ੈਡ ਸਬੰਧੀ ਜ਼ਰੂਰੀ ਕਮੀਆਂ ਧਿਆਨ ਵਿੱਚ ਲਿਆਂਦੀ। ਉਹਨਾਂ ਕਿਹਾ ਕਿ ਜਲਦੀ ਸਾਰੀਆਂ ਕਮੀਆਂ ਨੂੰ ਪੂਰਾ ਕੀਤਾ ਜਾਵੇਗਾ। ਪੱਤਰਕਾਰਾਂ ਦੇ ਨਾਲ ਇਹ ਗੱਲਬਾਤ ਕਰਦਿਆਂ ਉਹਨਾਂ ਨੇ ਕਿਹਾ ਕਿ ਘਨੌਰ ਕਮਿਊਨਿਟੀ ਹੈਲਥ ਸੈਂਟਰ ਦਾ ਅਚਨਚੇਤ ਦੌਰਾ ਕੀਤਾ ਗਿਆ ਹੈ। ਉਹਨਾ ਕਿਹਾ ਕਿ ਜੇਕਰ ਦੌਰਾ ਪਹਿਲਾਂ ਦੱਸਿਆ ਜਾਂਦਾ ਤਾਂ ਕਮੀਆਂ ਦੂਰ ਹੋ ਜਾਂਦੀਆਂ ਹਨ। ਡਾਕਟਰਾਂ ਦੀ ਕਮੀ ਜ਼ਰੂਰ ਹੈ ਪਰੰਤੂ ਅਸੀਂ ਪੰਜਾਬ ਭਰ ਦੇ ਵਿੱਚ ਡਾਕਟਰਾਂ ਦੀ ਭਰਤੀ ਸ਼ੁਰੂ ਕੀਤੀ ਹੈ ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਸਾਰੇ ਹੀ ਸਪੈਸ਼ਲਿਸਟ ਡਾਕਟਰਾਂ ਦੀ ਇੱਕ ਇੱਕ ਦਿਨ ਦੀ ਡਿਊਟੀ ਲਗਾਈ ਜਾਵੇਗੀ ਤਾਂ ਜੋ ਕਿਸੇ ਵੀ ਮਰੀਜ਼ ਨੂੰ ਦੂਰ ਦੇ ਹਸਪਤਾਲਾਂ ਵਿੱਚ ਨਾ ਜਾਣਾ ਪਵੇ। ਉਹਨਾਂ ਨੂੰ ਉਹਨਾਂ ਦੇ ਹੀ ਹਸਪਤਾਲ ਵਿੱਚ ਸਾਰੀਆਂ ਸਹੂਲਤਾਂ ਮਿਲਣ। ਇਸ ਮੌਕੇ ਐਸਐਮਓ ਡਾ. ਕਿਰਨਜੋਤ ਕੌਰ, ਡਾ. ਬਲਜਿੰਦਰ ਕੌਰ ਕਾਹਲੋਂ, ਡਾ. ਨਿਧੀ, ਡਾ. ਹਰਮਨਜੋਤ ਸਿੰਘ ਹਾਜ਼ਰ ਸਨ।

## ਸਰਕਾਰੀ ਨਰਸਿੰਗ ਕਾਲਜ ਨੇ ਫਸਟ ਏਡ ਸਬੰਧੀ ਟ੍ਰੇਨਿੰਗ ਕਰਵਾਈ

ਪਟਿਆਲਾ, 12 ਮਈ (ਚ.ਨ.ਸ.) : ਸਰਕਾਰੀ ਨਰਸਿੰਗ ਕਾਲਜ, ਰਜਿੰਦਰਾ ਹਸਪਤਾਲ ਪਟਿਆਲਾ ਵਿੱਚ ਅੱਜ ਕਾਲਜ ਪ੍ਰਿੰਸੀਪਲ ਡਾ. ਬਲਵਿੰਦਰ ਕੌਰ ਦੀ ਅਗਵਾਈ ਹੇਠ ਨਰਸਿੰਗ ਆਫਿਸਰਜ਼ ਅਤੇ ਵਿਦਿਆਰਥੀਆਂ ਦੀ ਡਿਸਾਸਟਰ ਮੈਨੇਜਮੈਂਟ (ਆਫਤ ਪ੍ਰਬੰਧਨ) ਤੇ ਫਸਟ ਏਡ ਸਬੰਧੀ ਟਰੇਨਿੰਗ ਕਰਵਾਈ ਗਈ। ਇਸ ਦੌਰਾਨ ਕਾਲਜ ਦੇ ਨਰਸਿੰਗ ਸਟਾਫ ਵਲੋਂ ਕਿਸੇ ਵੀ ਆਫਤ ਅਤੇ ਐਮਰਜੰਸੀ ਹਾਲਾਤਾਂ ਸਮੇਂ ਦਿੱਤੀ ਜਾਣ ਵਾਲੀ ਮੁੱਢਲੀ ਸਹਾਇਤਾ ਅਤੇ ਹੋਰ ਬਚਾਅ ਕਾਰਜਾਂ ਬਾਰੇ ਜਾਣੂੰ ਕਰਵਾਇਆ ਗਿਆ। ਸ੍ਰੀਮਤੀ ਜਸਪ੍ਰੀਤ ਕੌਰ ਸੋਢੀ, ਐਸੋਸੀਏਟ ਪ੍ਰੋਫੈਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੰਗ ਦੌਰਾਨ ਪੀੜ੍ਹਤ ਨਾਗਰਿਕਾਂ ਨੂੰ ਮਰਨ ਤੋਂ ਬਚਾਉਣ ਲਈ ਅਤੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਸ ਮੌਕੇ ਸ੍ਰੀਮਤੀ ਸੀਮਾ ਹਸੀਜਾ ਲੈਕਚਾਰ, ਨਵਜੋਤ ਕੌਰ ਲੈਕਚਾਰ, ਗੀਤਿਕਾ, ਸ੍ਰੀਮਤੀ ਅਮਨਜੀਤ ਕੌਰ, ਸ੍ਰੀਮਤੀ ਨਵਪ੍ਰੀਤ ਕੌਰ, ਮਨਮੀਤ ਕੌਰ ਅਤੇ ਮਨਵੀਤ ਕੌਰ ਵਲੋਂ ਹਾਜ਼ਰ ਵਿਦਿਆਰਥੀਆਂ ਅਤੇ ਸਟਾਫ ਨੂੰ ਟ੍ਰੇਨਿੰਗ ਦਿੱਤੀ ਗਈ।



## 200 ਲੀਟਰ ਲਾਹਣ ਸਮੇਤ ਦੋ ਔਰਤਾਂ ਕਾਬੂ

ਸਮਾਣਾ, 12 ਮਈ (ਵਿਜੇ ਕੁਮਾਰ) : ਗਾਜੇਵਾਸ ਪੁਲਸ ਨੇ ਦੋ ਔਰਤਾਂ ਨੂੰ 200 ਲੀਟਰ ਲਾਹਣ ਸਣੇ ਕਾਬੂ ਕਰਕੇ ਉਹਨਾਂ ਖਿਲਾਫ ਸਦਰ ਪੁਲਸ ਥਾਣਾ 'ਚ ਐਕਸਾਈਜ਼ ਐਕਟ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਔਰਤਾਂ ਦੀ ਪਹਿਚਾਨ ਭੋਲੀ ਅਤੇ ਮਨਪ੍ਰੀਤ ਕੌਰ ਨਿਵਾਸੀ ਪਿੰਡ ਅਚਰਾਲ ਖੁਰਦ ਵਜੋਂ ਹੋਈ। ਗਾਜੇਵਾਸ ਪੁਲਸ ਮੁੱਖੀ ਬਲਦੇਵ ਸਿੰਘ ਨੇ ਦੱਸਿਆ ਕਿ ਏ.ਐਸ.ਆਈ ਦੀਦਾਰ ਸਿੰਘ ਨੇ ਪੁਲਸ ਪਾਰਟੀ ਸਣੇ ਗਸਤ ਦੌਰਾਨ ਮੁਲਜ਼ਮ ਔਰਤਾਂ ਵੱਲੋਂ ਸ਼ਰਾਬ ਕੱਢ ਕੇ ਵੇਚਣ ਸਬੰਧੀ ਮਿਲੀ ਸੂਚਨਾ ਤੇ ਪਿੰਡ ਅਚਰਾਲ ਖੁਰਦ-ਫਤਿਹ ਮਾਜਰੀ ਰਸਤੇ ਤੇ ਛੱਪੜ ਕਿਨਾਰੇ ਰੇਡ ਕੀਤੀ ਗਈ, ਅਤੇ ਦੋਵੇਂ ਔਰਤਾਂ ਨੂੰ ਪਲਾਸਟਿਕ ਦੇ ਡਰਮ 'ਚ ਭਰੀ 200 ਲੀਟਰ ਲਾਹਣ ਸਣੇ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਔਰਤਾਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਮਿਲੇ ਹੁਕਮਾਂ ਅਨੁਸਾਰ ਜੇਲ ਭੇਜ ਦਿੱਤਾ ਗਿਆ।

## ਬੁੱਧਪੂਰਨਿਮਾ ਉਤਸਵ ਮਨਾਇਆ




ਪਟਿਆਲਾ, 12 ਮਈ (ਚ.ਨ.ਸ.) : ਵਿਸ਼ਵ ਲਾਫਿੰਗ ਗੁਰੂ ਪੂਰਨ ਸਵਾਮੀ ਜੀ ਨੇ ਬੁੱਧਪੂਰਨਿਮਾ ਉਤਸਵ ਬੜੇ ਉਤਸ਼ਾਹ ਨਾਲ ਬਾਰਾਂਦਰੀ ਗਾਰਡਨ ਵਿਖੇ ਫਿਟਨਸ ਲਵਰ ਪੰਜਾਬ ਗਰੁੱਪ, ਯੋਗਾ ਪਰਿਵਾਰ, ਹੈਲਥ ਅਵੇਅਰਨੈਸ ਸੁਸਾਇਟੀ, ਜੋਲੀ ਗਰੁੱਪ, ਫਿਟਨਸ ਕਲੱਬ ਪਟਿਆਲਾ ਰਜਿ:, ਫਰੈਂਡ ਗਰੁੱਪ ਅਤੇ ਹੋਰ ਅਨੇਕਾਂ ਗਰੁੱਪਾਂ ਦੇ ਨਾਲ ਮਨਾਈ ਗਈ। ਇਸ ਮੌਕੇ ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਹਾਜ਼ਰ ਸਨ। ਵਿਸ਼ਵ ਲਾਫਿੰਗ ਗੁਰੂ ਨੇ ਮੈਸਿਜ਼ ਦਿੱਤਾ ਕਿ ਜੇਕਰ ਤੁਸੀਂ ਸ਼ਾਂਤ ਰਹਿਣਾ ਚਾਹੁੰਦੇ ਹੋ ਤਾਂ ਜਦੋਂ ਵੀ ਤੁਸੀਂ ਫਰੀ ਹੋਵੋ ਮੋਬਾਇਲ ਨੂੰ ਘੱਟ ਦੇਖੋ ਅਤੇ ਆਪਣੇ ਆਉਂਦੇ-ਜਾਂਦੇ ਸਾਹ ਨੂੰ ਦੇਖੋ, ਜਿਸ ਨਾਲ ਤੁਹਾਡੇ ਮਨ ਨੂੰ ਸ਼ਾਂਤੀ ਮਿਲੇਗੀ ਅਤੇ ਮੰਨ ਪ੍ਰਸੰਨ ਅਤੇ ਅਨੰਦਿਤ ਰਹੇਗਾ।

## ਸੰਤ ਦਾਦੂਵਾਲ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨ 'ਤੇ ਡਾ. ਕਾਂਸਲ ਵੱਲੋਂ ਵਧਾਈ



ਪਟਿਆਲਾ, 12 ਮਈ (ਚ.ਨ.ਸ.) : ਕਾਂਸਲ ਫਾਊਂਡੇਸ਼ਨ ਦੇ ਪ੍ਰਧਾਨ ਡਾ. ਗੁਰਵਿੰਦਰ ਕਾਂਸਲ ਨੇ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਹਰਿਆਣਾ ਸਿੱਖ ਗਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਹੋਣ 'ਤੇ ਵਧਾਈ ਦਿੱਤੀ ਅਤੇ ਕਿਹਾ ਕੇ ਹਰਿਆਣਾ ਸਰਕਾਰ ਅਤੇ ਹਰਿਆਣਾ ਕਮੇਟੀ ਦਾ ਸੰਤ ਦਾਦੂਵਾਲ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਸਰਬ ਸੰਮਤੀ ਨਾਲ ਨਾਮਜ਼ਦ ਕਰਨ ਦਾ ਫ਼ੈਸਲਾ ਬਹੁਤ ਹੀ ਮਹੱਤਵਪੂਰਨ ਫ਼ੈਸਲਾ ਹੈ ਅਤੇ ਇਸ ਫ਼ੈਸਲੇ ਨਾਲ ਸਿੱਖ ਸੰਗਤ ਵਿੱਚ ਬਹੁਤ ਹੀ ਖੁਸ਼ੀ ਦੀ ਲਹਿਰ ਹੈ ਕਿਉਂਕਿ ਸੰਤ ਦਾਦੂਵਾਲ ਹਰਿਆਣਾ ਦੇ ਨਾਲ ਨਾਲ ਪੰਜਾਬ, ਰਾਜਸਥਾਨ ਅਤੇ ਦੇਸ਼ ਵਿਦੇਸ਼ ਵਿੱਚ ਵੀ ਸਿੱਖ ਧਰਮ ਦੇ ਪ੍ਰਚਾਰ ਲਈ ਹਮੇਸ਼ਾ ਤੋਂ ਹੀ ਮਿਹਨਤ ਕਰਦੇ ਆ ਰਹੇ ਹਨ ਅਤੇ ਸਮਾਜ ਭਲਾਈ ਦੇ ਹਰ ਕੰਮ ਵਿੱਚ ਮੋਡੇ ਨਾਲ ਮੋਡਾ ਜੋੜਕੇ ਹਰ ਵਕ?ਤ ਖੜੇ ਹਨ।

## ਜ਼ਿਲ੍ਹਾ ਸਾਂਝ ਕੇਂਦਰ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਨੌਜਵਾਨਾਂ ਨੂੰ ਕਰ ਰਿਹੈ ਜਾਗਰੂਕ : ਸੁਖਜਿੰਦਰ ਸਿੰਘ, ਪਰਮਿੰਦਰ ਭਲਵਾਨ




ਪਟਿਆਲਾ, 12 ਮਈ (ਚ.ਨ.ਸ.) : ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਉੱਚ ਅਧਿਕਾਰੀਆਂ ਦੇ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਪਟਿਆਲਾ ਨੇ ਕੀਤੀ। ਇਸ ਮੌਕੇ 'ਤੇ ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-2, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1, ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਐਸ.ਆਈ. ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ, ਐਸ ਆਈ ਸੁਰਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਨਾਭਾ,ਏ ਐਸ ਆਈ ਹਰਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਮਾਣਾ, ਏ ਐਸ ਆਈ ਹਰਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਪਾਤੜਾਂ, ਵਰਿੰਦਰ ਸਿੰਘ,ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ ਹਰਮਨਜੀਤ ਸਿੰਘ ਰੰਧਾਵਾ, ਉਪਕਾਰ ਸਿੰਘ ਨੇ ਭਰਭੂਰ ਸਹਿਯੋਗ ਦਿੱਤਾ। ਇਸ ਮੌਕੇ ਸੰਬੋਧਨ ਕਰਦਿਆਂ ਸੁਖਜਿੰਦਰ ਸਿੰਘ ਅਤੇ ਪਰਮਿੰਦਰ ਭਲਵਾਨ ਨੇ ਕਿਹਾ ਕਿ ਪੰਜਾਬ ਸਰਕਾਰ ਸ਼ੁਰੂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨਾ ਨੂੰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆ, ਪਿੰਡਾਂ, ਸ਼ਹਿਰਾਂ ਕਸਬਿਆਂ ਵਿੱਚ ਜਾ ਕੇ ਨੌਜਵਾਨਾ ਅਤੇ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਜਿਥੇ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ ਉਥੇ ਹੀ ਸਾਂਝ ਕੇਂਦਰਾਂ ਵਲੋਂ ਪਬਲਿਕ ਨੂੰ ਇੱਕ ਪਲੇਟਫਾਰਮ ਤੇ ਇੱਕਠੀਆਂ 44 ਦਿੱਤੀਆਂ ਜਾ ਰਹੀਆਂ ਸੁਵਿਧਾਵਾ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦੌਰਾਨ ਯੂਥ ਆਗੂ ਗੁਰਪ੍ਰਤਾਪ ਸਿੰਘ ਵਲੋਂ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੰਡੀਆਂ ਗਈਆਂ।

## ਜੇਲ੍ਹ 'ਚੋਂ ਹਵਾਲਾਤੀਆਂ ਤੋਂ ਮੋਬਾਇਲ ਫ਼ੋਨ ਤੇ ਸਿਮ ਬ੍ਰਾਮਦ

ਪਟਿਆਲਾ, 12 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਲਖਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਪਟਿਆਲਾ ਨੇ ਕਥਿਤ ਦੋਸ਼ੀ ਹਵਾਲਾਤੀ ਬਨੀ ਵਾਸੀ ਮਾਡਲ ਟਾਊਨ ਥਾਣਾ ਸਿਟੀ ਗੁਰਦਾਸਪੁਰ ਜ਼ਿਲ੍ਹਾ ਗੁਰਦਾਸਪੁਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਗੁਪਤ ਸੂਚਨਾ ਮਿਲੀ ਕਿ ਕਥਿਤ ਦੋਸ਼ੀ ਬੈਰਕ ਨੰ. 6 ਵਿੱਚ ਮੋਬਾਇਲ ਫੋਨ ਦੀ ਵਰਤੋ ਕਰ ਰਿਹਾ ਹੈ, ਜੋ ਦੋਸ਼ੀ ਕੋਲੋਂ ਇੱਕ ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਤੇ ਵੀ.ਆਈ ਕੰਪਨੀ ਦਾ ਸਿਮ ਕਾਰਡ ਬ੍ਰਾਮਦ ਹੋਇਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਤ੍ਰਿਪੜੀ ਪੁਲਿਸ ਕੋਲ ਕਰਨੈਲ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਪਟਿਆਲਾ ਨੇ ਕਥਿਤ ਦੋਸ਼ੀ ਹਵਾਲਾਤੀ ਯਸਦੇਵ ਵਾਸੀ ਪੈਪਸੂ ਭਾਖੜਾ ਕੈਨਲ ਮਾਡਲ ਟਾਊਨ ਹਾਲ ਫਲੈਟ ਨੰ. 416 ਸਮਾਣਾ ਰੋਡ ਪਿੱਛੇ ਅਜੂਬਾ ਪੈਲਸ ਪਟਿਆਲਾ, ਹਵਾਲਾਤੀ ਯੋਗੇਸ਼ ਨੇਗੀ ਵਾਸੀ ਕੁਆਟਰ ਨੰ. 11 ਸ਼ਾਂਤ ਗਰਿੱਡ ਕਲੋਨੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਚੱਕੀ ਨੰ. 20 ਵਿੱਚ ਮੌਜੂਦ ਹਵਾਲਾਤੀ ਯਸਦੇਵ ਦੀ ਤਲਾਸ਼ੀ ਕਰਨ 'ਤੇ 1 ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਬਿਨ੍ਹਾ ਸਿਮ ਕਾਰਡ ਦੇ ਬ੍ਰਾਮਦ ਹੋਇਆ। ਕਥਿਤ ਦੋਸ਼ੀ ਯੋਗੇਸ਼ ਨੇਗੀ ਕੋਲੋਂ ਵੀ 1 ਨੋਕੀਆ ਕੰਪਨੀ ਦਾ ਮੋਬਾਇਲ ਫੋਨ ਬਿਨ੍ਹਾ ਬੈਟਰੀ ਬਿਨ੍ਹਾ ਸਿਮ ਕਾਰਡ ਤੇ ਬ੍ਰਾਮਦ ਹੋਇਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਤ੍ਰਿਪੜੀ ਪੁਲਿਸ ਕੋਲ ਬਾਲ ਕ੍ਰਿਸ਼ਨ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਪਟਿਆਲਾ ਨੇ ਕਥਿਤ ਦੋਸ਼ੀ ਹਵਾਲਾਤੀ ਪਰਵਿੰਦਰ ਸਿੰਘ ਵਾਸੀ ਨਾਗਲਾ ਹਰਿਆਣਾ ਹਾਲ ਫਲੈਟ ਨੰ. 60 ਟਾਵਰ ਨੰ.3 ਹੋਮ ਲੈਂਡ ਸੁਸਾਇਟੀ ਥਾਣਾ ਮਟੌਰ ਜ਼ਿਲ੍ਹਾ ਮੋਹਾਲੀ, ਕੁਲਵਿੰਦਰ ਸਿੰਘ ਵਾਸੀ ਸੇਮਾ ਕਲਾਂ ਥਾਣਾ ਨਥਾਣਾ ਜ਼ਿਲ੍ਹਾ ਬਠਿੰਡਾ ਹਾਲ ਪੀ.ਜੀ. ਜਿੰਮੀਦਾਰਾ ਇੰਨਕਲੇਵ ਭਵਾਤ ਥਾਣਾ ਜੀਰਕਪੁਰ ਜ਼ਿਲ੍ਹਾ ਮੋਹਾਲੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਦੋਰਾਨੇ ਚੈਕਿੰਗ ਪਾਇਆ ਗਿਆ ਕਿ ਬੈਰਕ ਨੰ. 7 ਵਿੱਚ ਮੌਜੂਦ ਹਵਾਲਾਤੀ ਪਰਵਿੰਦਰ ਸਿੰਘ ਬਾਥਰੂਮ ਵਿੱਚ ਮੋਬਾਇਲ ਫੋਨ ਦੀ ਵਰਤੋਂ ਕਰ ਰਿਹਾ ਸੀ, ਜੋ ਦੋਸ਼ੀ ਕੋਲੋਂ 1 ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਤੇ ਵੀ.ਆਈ ਕੰਪਨੀ ਦਾ ਸਿਮ ਕਾਰਡ ਬ੍ਰਾਮਦ ਹੋਇਆ। ਹਵਾਲਾਤੀ ਕੁਲਵਿੰਦਰ ਸਿੰਘ ਦੀ ਜਿਸਮਾਨੀ ਤਲਾਸ਼ੀ ਕਰਨ 'ਤੇ ਇੱਕ ਕੈਚਡਾ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਤੇ ਵੀ.ਆਈ ਕੰਪਨੀ ਦਾ ਸਿਮ ਕਾਰਡ ਬ੍ਰਾਮਦ ਹੋਇਆ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਮੋਦੀ ਕਾਲਜ ਦੇ ਵਿਦਿਆਰਥੀਆਂ ਨੇ ਡ੍ਰੈਗਨ ਬੋਟ ਫੈਡਰੇਸ਼ਨ ਕੱਪ 'ਚ ਕੀਤੀ ਪੰਜਾਬ ਦੀ ਨੁਮਾਇੰਦਗੀ

ਪਟਿਆਲਾ, 12 ਮਈ (ਰੁਪਾਣਾ) : ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ ਦੇ ਖੇਡ ਵਿਭਾਗ ਨੇ ਇੱਕ ਵੱਡੀ ਕਾਮਯਾਬੀ ਹਾਸਿਲ ਕੀਤੀ ਹੈ ਜਿਸ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ 21 ਅਪਰੈਲ ਤੋਂ 24 ਅਪਰੈਲ 2025 ਤੱਕ ਨਵੀਂ ਦਿੱਲੀ ਵਿੱਚ ਹੋਏ ਡ੍ਰੈਗਨ ਬੋਟ ਫੈਡਰੇਸ਼ਨ ਕੱਪ 2025 ਵਿੱਚ ਪੰਜਾਬ ਦੀ ਨੁਮਾਇੰਦਗੀ ਕੀਤੀ। ਇਹ ਮੁਕਾਬਲਾ ਇੰਡਿਅਨ ਕਾਇਕਿੰਗ ਐਂਡ ਕਨੋਇੰਗ ਅਸੋਸੀਏਸ਼ਨ ਵਲੋਂ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਭਾਤਰ ਦੇ ਵੱਖ-ਵੱਖ ਸੂਬਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ ਮੁਕਾਬਲੇ ਦੇਖਣ ਨੂੰ ਮਿਲੇ। ਇਹਨਾਂ ਮੁਕਾਬਲਿਆਂ ਵਿੱਚ ਕਾਲਜ ਦੀ ਟੀਮ ਨੇ ਪੰਜਾਬ ਵੱਲੋਂ ਖੇਡਦਿਆਂ ਆਪਣੇ ਹੁਨਰ, ਟੀਮਵਰਕ ਅਤੇ ਦ੍ਰਿੜ ਨਿਰਣੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਡਾ. ਨੀਰਜ ਗੋਇਲ, ਪ੍ਰਿੰਸੀਪਲ, ਮੁਲਤਾਨੀ ਮਲ ਮੋਦੀ ਕਾਲਜ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਦੇ ਤਮਗੇ ਉਨ੍ਹਾਂ ਦੀ ਮਿਹਨਤ, ਟੀਮਵਰਕ ਅਤੇ ਖੇਡਾਂ ਪ੍ਰਤੀ ਜੁਨੂਨ ਦਾ ਨਤੀਜਾ ਹਨ। ਅਸੀਂ ਕਾਲਜ ਵਿੱਚ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਲਗਾਤਾਰ ਤਤਪਰ ਹਾਂ। ਰਿੰਕੂ, ਗੁਰਵਿੰਦਰ ਮੋਹਨ ਅਤੇ ਵਿਸ਼ਾਲ ਨੇ 500 ਮੀਟਰ, 200 ਮੀਟਰ ਅਤੇ 100 ਮੀਟਰ ਮਿਕਸ ਮੁਕਾਬਲਿਆਂ ਵਿੱਚ ਪੰਜਾਬ ਵਲੋਂ ਖੇਡਦੇ ਹੋਏ ਤਿੰਨ ਚਾਂਦੀ ਦੇ ਅਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ। ਮਨਪ੍ਰੀਤ ਸਿੰਘ ਅਤੇ ਤਰਨਪ੍ਰੀਤ ਕੌਰ ਨੇ 100 ਮੀਟਰ ਅਤੇ 200 ਮੀਟਰ ਮਿਕਸ ਮੁਕਾਬਲਿਆਂ ਵਿੱਚ ਦੋ ਸੋਨੇ ਦੇ ਤਮਗੇ ਹਾਸਿਲ ਕੀਤੇ। ਗਗਨਪ੍ਰੀਤ ਕੌਰ, ਮਨਪਰੀਤ ਸਿੰਘ ਨੇ 500 ਮੀਟਰ, 200 ਮੀਟਰ ਅਤੇ 100 ਮੀਟਰ ਮੁਕਾਬਲਿਆਂ ਵਿੱਚ ਤਿੰਨ ਚਾਂਦੀ ਦੇ ਅਤੇ ਗਗਨਪ੍ਰੀਤ ਕੌਰ ਨੇ 500 ਮੀਟਰ ਤੇ 200 ਮੀਟਰ ਮਿਕਸ ਮੁਕਾਬਲਿਆਂ ਵਿੱਚ ਦੋ ਸੋਨੇ ਦੇ ਤਮਗੇ ਜਿੱਤੇ। ਡਾ. ਸੁਮੀਤ ਕੁਮਾਰ (ਡੀਨ, ਖੇਡਾਂ), ਡਾ. ਨਿਸ਼ਾਨ ਸਿੰਘ, ਮੁਖੀ, ਸਰੀਰਕ ਸਿੱਖਿਆ ਅਤੇ ਖੇਡਾਂ ਵਿਭਾਗ, ਡਾ. ਹਰਨੀਤ ਸਿੰਘ ਅਤੇ ਪ੍ਰੋ. ਮਨਦੀਪ ਕੌਰ ਨੇ ਵੀ ਰਿੰਕੂ, ਗੁਰਵਿੰਦਰ ਮੋਹਨ, ਵਿਸ਼ਾਲ, ਮਨਪ੍ਰੀਤ ਸਿੰਘ, ਤਰਨਪ੍ਰੀਤ ਕੌਰ ਅਤੇ ਗਗਨਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਦਿਲੋਂ ਵਧਾਈ ਦਿੱਤੀ।



## ਕਲਾਸ ਫੋਰਥ ਯੂਨੀਅਨ ਵੱਲੋਂ ਡੀ.ਐਫ.ਓ. ਨਾਲ ਮੀਟਿੰਗ



ਪਟਿਆਲਾ, 12 ਮਈ (ਚ.ਨ.ਸ.) : ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਸਬ-ਕਮੇਟੀ ਜੰਗਲੀ ਜੀਵ ਦੇ ਡੀ.ਐਫ.ਓ. ਗੁਰਅਮਨਪ੍ਰੀਤ ਸਿੰਘ ਪਟਿਆਲਾ, ਚਰਨਜੀਤ ਸਿੰਘ ਸੋਢੀ ਆਰ.ਓ., ਚਰਨਜੀਤ ਕੌਰ ਸੁਪਰਡੈਂਟ, ਸਕੰਦਰ ਸਿੰਘ ਭਾਦਸੋਂ ਨਾਲ ਮੁਲਾਜਮ ਅਤੇ ਮਜਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਮੀਟਿੰਗ ਕੀਤੀ ਗਈ। ਮੁਲਾਜਮਾਂ ਦੀਆਂ ਮੰਗਾਂ ਤੇ ਸਹਿਮਤੀ ਪ੍ਰਗਟ ਕਰਦੇ ਹੋਏ ਭਰੋਸਾ ਦਿੱਤਾ ਕਿ ਮਜ਼ਦੂਰਾਂ ਦੀਆਂ ਜਾਇਜ ਮੰਗਾਂ ਜਿਸ ਵਿੱਚ ਤਨਖਾਹਾਂ ਤੇ ਕਰਨੈਲ ਸਿੰਘ ਅਤੇ ਲਛਮਣ ਸਿੰਘ ਦੀ ਡਿਊਟੀ ਬਣਦੀ ਜਗਾ ਤੇ ਲਾਉਣੀ ਅਤੇ ਵਰਦੀਆਂ ਰਿਸਕ ਲੈਸ ਆਦਿ ਮੰਗਾਂ ਤੇ ਭਰੋਸਾ ਦਿੱਤਾ ਕਿ ਜਲਦੀ ਹੀ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੈਬਨਿਟ ਵਿੱਚ ਕੀਤਾ ਐਲਾਨ 900 ਵਰਕਰ ਜੰਗਲੀ ਜੀਵ, ਜੰਗਲਾਤ ਵਿਭਾਗ, ਜੰਗਲਾਤ ਨਿਗਮ ਦੇ ਵਰਕਰਾਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ। ਯੂਨੀਅਨ ਦੇ ਆਗੂਆਂ ਨੇ ਮੀਟਿੰਗ ਕਰਕੇ ਫੈਸਲਾ ਕੀਤਾ ਗਿਆ ਕਿ ਛੇਤੀ ਹੀ ਮੋਹਾਲੀ ਵਿਖੇ ਪੱਕਾ ਮੋਰਚਾ ਲਗਾਇਆ ਜਾਵੇਗਾ। ਮੀਟਿੰਗ ਵਿੱਚ ਤਰਲੋਚਨ ਗਿਰ ਮਾੜੂ, ਬਲਵਿੰਦਰ ਸਿੰਘ ਨਾਭਾ, ਨਿਰਮਲ ਸਿੰਘ ਸਾਧੋਹੇੜੀ, ਦਵਿੰਦਰ ਸਿੰਘ ਮਹੰਤ, ਰਾਣਾ ਗਿਰ, ਮਨਦੀਪ ਕੁਮਾਰ, ਚੰਦਰ ਭਾਨ, ਕੁਲਦੀਪ ਸਿੰਘ ਸਲਾਹਕਾਰ, ਆਦਿ ਹਾਜ਼ਰ ਸਨ।

## ਆਦਰਸ਼ ਸੇਵਾ ਸੰਮਤੀ ਵੱਲੋਂ ਪਾਕਿਸਤਾਨ ਦੀ ਕਾਇਰਾਨਾ ਹਰਕਤ ਦੀ ਨਿਖੇਧੀ

ਪਟਿਆਲਾ, 12 ਮਈ (ਚ.ਨ.ਸ.) : ਗੁਰੂ ਨਾਨਕ ਨਗਰ, ਪਟਿਆਲਾ ਵਿਖੇ ਮੌਜੂਦ ਸ਼ਿਵ ਮੰਦਰ ਨਾਲ ਸਬੰਧਤ ਕਮੇਟੀ ਆਦਰਸ਼ ਸੇਵਾ ਸਮਿਤੀ ਦੀ ਵਿਸ਼ੇਸ਼ ਮੀਟਿੰਗ ਸ਼ਿਵ ਮੰਦਰ ਦੇ ਹਾਲ ਵਿੱਚ ਗੁਰਦਿਆਲ ਸਿੰਘ ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਵਸ੍ਰੀ ਤੇਜਿੰਦਰ ਪਵਾਰ ਮੁੱਖ-ਸਲਾਹਕਾਰ, ਪਵਨ ਬਾਂਸਲ, ਜਨ ਸਕੱਤਰ, ਮਨੋਹਰ ਲਾਲ ਪਵਾਰ ਲੇਖਕ, ਪ੍ਰੈਸ ਸਕੱਤਰ ਰਾਮ ਸਿੰਘ ਉੱਪ ਚੇਅਰਮੈਨ, ਕ੍ਰਿਸ਼ਨਾ ਸਟੋਰ ਕੀਪਰ, ਰਾਮ ਲੁਬਾਇਆ ਉੱਪ ਪ੍ਰਦਾਨ, ਹਰਸ਼ਵਰਧਨ ਅਤੇ ਅਭਿਸ਼ੇਕ ਆਦਿ ਮੌਜੂਦ ਰਹੇ। ਸਮਿਤੀ ਮੈਂਬਰਾਂ ਵੱਲੋਂ ਪਹਿਲਗਾਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਦੋ ਮਿੰਟ ਦਾ ਮੋਨ ਰੱਖਿਆ ਗਿਆ। ਪਾਕਿਸਤਾਨ ਦੀ ਨੀਚ ਹਰਕਤਾਂ ਦੀ ਘੋਰ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਇਸ ਮੌਕੇ 'ਤੇ ਮਨੋਹਰ ਲਾਲ ਪਵਾਰ ਨੇ ਕਿਹਾ ਕਿ, ਜਿਸ ਤਰ੍ਹਾਂ ਕੋਇਲਾ ਆਪਣਾ ਕਾਲਾਪਨ ਨਹੀਂ ਛੱਡਦਾ, ਇਸੇ ਤਰ੍ਹਾਂ ਪਾਕਿਸਤਾਨ ਵੀ ਆਪਣੀ ਘਟੀਆ ਅਤੇ ਵਹਿਸ਼ਾਨਾ ਹਰਕਤਾਂ ਤੋ ਬਾਜ਼ ਨਹੀਂ ਆਵੇਗਾ। ਉਸਦਾ ਕਦੇ ਵੀ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਹੁਣੇ ਸ਼ਹੀਦ ਹੋਏ ਜਵਾਨਾਂ ਏ.ਡੀ.ਸੀ. ਰਾਜ ਕੁਮਾਰ ਥਾਪਾ ਅਤੇ ਸਬ ਇੰਸਪੈਕਟਰ ਮੁਹੰਮਦ ਇਮਤਿਹਾਜ ਅਤੇ ਹੋਰ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਸਾਰੇ ਫਸਾਦ ਦੀ ਜੜ੍ਹ ਪਾਕਿ ਆਰਮੀ ਚੀਫ, ਜਨਰਲ ਮੁਨੀਰ ਹੈ, ਜਿਸ ਨੇ 16 ਅਪ੍ਰੈਲ 2025 ਨੂੰ ਭਾਰਤ ਦੇ ਖਿਲਾਫ ਨਫ਼ਰਤ ਭਰਿਆ ਭਾਸ਼ਨ ਦਿੱਤਾ ਫਲਸਰੂਪ ਪਹਿਲਗਾਮ ਵਿੱਚ 28 ਨਿਰਦੋਸ਼ ਹਿੰਦੂਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ।

## ਟਿੱਪਰ ਦੀ ਟੱਕਰ ਨਾਲ ਕਾਰ ਨੁਕਸਾਨੀ

ਪਟਿਆਲਾ, 12 ਮਈ (ਵਿਨੋਦ ਸ਼ਰਮਾ): ਥਾਣਾ ਸਦਰ ਪਟਿਆਲਾ ਪੁਲਿਸ ਕੋਲ ਜਗਤਾਰ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਨਿਊ ਮਹਿਮਦਪੁਰ ਨੇ ਟਿੱਪਰ ਦਾ ਡਰਾਇਵਰ ਭੁਪਿੰਦਰ ਸਿੰਘ ਵਾਸੀ ਪਿੰਡ ਤਰੈਂ ਥਾਣਾ ਪਸਿਆਣਾ ਅਤੇ ਮਾਲਕ ਰਣਧੀਰ ਸਿੰਘ ਵਾਸੀ ਪਿੰਡ ਕਕਰਾਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਦੇਵੀਗੜ੍ਹ ਰੋਡ ਨਾਨਕਸਰ ਗੁਰਦੁਆਰਾ ਕੋਲ ਆਪਣੀ ਕਾਰ 'ਤੇ ਸਵਾਰ ਹੋ ਕੇ ਬਾਈਪਾਸ ਪੁੱਲ ਹੇਠਾ ਖੜ੍ਹਾ ਸੀ, ਜੋ ਕਥਿਤ ਦੋਸ਼ੀ ਡਰਾਈਵਰ ਨੇ ਲਾਪ੍ਰਵਾਹੀ ਨਾਲ ਪਿੱਛੇ ਕਰਦੇ ਸਮੇਂ ਆਪਣਾ ਟਿੱਪਰ ਉਸ ਦੀ ਕਾਰ ਵਿੱਚ ਮਾਰਿਆ, ਜਿਸ ਕਾਰਨ ਉਸ ਦੀ ਕਾਰ ਦਾ ਕਾਫੀ ਨੁਕਸਾਨ ਹੋ ਗਿਆ। ਪੁਲਿਸ ਨੇ ਧਾਰਾ 281,324(4) ਬੀ.ਐਲ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਪਟਿਆਲਾ ਸਰਕਲ ਚੋਣ 'ਚ ਸੰਤ ਰਾਮ ਚੀਮਾ ਬਣੇ ਪ੍ਰਧਾਨ ਅਤੇ ਰਾਮ ਚੰਦ ਬਖ਼ਸ਼ੀਵਾਲਾ ਸਕੱਤਰ



ਸਮਾਣਾ, 12 ਮਈ (ਵਿਜੇ ਕੁਮਾਰ) : ਪਟਿਆਲਾ ਸਰਕਲ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਸਟੇਟ ਪਾਵਰਕਾਮ ਦੇ ਟਰਾਸਕੋ ਸਰਕਲ ਦੀ ਚੋਣ ਸੂਬਾ ਪ੍ਰਧਾਨ ਅਵਿਨਾਸ਼ ਸ਼ਰਮਾ, ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਦੀ ਅਗਵਾਈ 'ਚ ਚੋਣ ਹੋਈ। ਜਿਸ ਵਿਚ ਸਰਬਸੰਮਤੀ ਨਾਲ ਪਟਿਆਲਾ ਸਰਕਲ ਦੀ ਚੋਣ ਕੀਤੀ ਗਈ। ਇਸ ਦੌਰਾਨ ਸੰਤ ਰਾਮ ਚੀਮਾ ਨੂੰ ਸਰਕਲ ਪ੍ਰਧਾਨ, ਗੁਰਚਰਨ ਸਿੰਘ ਡਕੋਂਦਾ ਅਤੇ ਰਾਮ ਚੰਦ ਧਾਮੋਮਾਜਰਾ ਨੂੰ ਸੀਨੀ: ਮੀਤ ਪ੍ਰਧਾਨ, ਨਾਥ ਰਾਮ ਚੰਦ ਸਨੌਰ ਅਤੇ ਠਾਣਾ ਸਿੰਘ ਨੂੰ ਮੀਤ ਪ੍ਰਧਾਨ, ਰਾਮ ਚੰਦ ਬਖ਼ਸ਼ੀਵਾਲਾ ਨੂੰ ਸਰਕਲ ਪ੍ਰਧਾਨ, ਸੋਹਣ ਸਿੰਘ ਵਿਰਕ ਸਮਾਣਾ ਅਤੇ ਕ੍ਰਿਸ਼ਨ ਦੇਵ ਨੂੰ ਸਹਾਇਕ ਸਕੱਤਰ, ਸੁਨੀਲ ਸਿੰਘ ਅਤੇ ਮਹਿੰਦਰ ਸਿੰਘ ਨੂੰ ਪ੍ਰੈਸ ਸਕੱਤਰ, ਨਛੱਤਰ ਸਿੰਘ ਸਮਾਣਾ ਨੂੰ ਜਥੇਬੰਦਕ, ਲਖਵੀਰ ਸਿੰਘ ਚਨੋਂ ਨੂੰ ਖਜਾਨਚੀ, ਬਲਵਿੰਦਰ ਸਿੰਘ ਅਤੇ ਜੋਗਿੰਦਰ ਸਿੰਘ ਰਾਜਪੁਰਾ ਨੂੰ ਐਡੀਟਰ ਚੁਣਿਆ ਗਿਆ।

## ਪੁਲਿਸ ਵੱਲੋਂ 400 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 12 ਮਈ (ਵਿਨੋਦ ਸ਼ਰਮਾ) : ਥਾਣਾ ਬਖਸ਼ੀਵਾਲਾ ਪੁਲਿਸ ਨੇ ਕਥਿਤ ਦੋਸ਼ੀ ਗੁਰਦੀਪ ਸਿੰਘ, ਇੰਦਰਜੀਤ ਸਿੰਘ ਵਾਸੀ ਪਿੰਡ ਕਲਿਆਣ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸੂਬਾ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਟੀ-ਪੁਆਇੰਟ ਧਬਲਾਨ ਮੋੜ ਮੌਜੂਦ ਸੀ, ਜੋ ਕਥਿਤ ਦੋਸ਼ੀਆਂ ਦੇ ਮੋਟਰਸਾਈਕਲ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ 400 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## 305 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 12 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸਤਿੰਦਰਪਾਲ ਵਰਮਾ ਵਾਸੀ ਪਿੰਡ ਮੋਹੀ ਖੁਰਦ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਸਰਬਜੀਤ ਸਿੰਘ ਸਮੇਤ ਪੁਲਿਸ ਅੰਡਰ ਬ੍ਰਿਜ ਬਹਾਦਰਗੜ੍ਹ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਰਾਜਾ ਫਾਰਮ ਬਹਾਦਰਗੜ੍ਹ ਵਿਖੇ ਨਸ਼ੀਲੀਆਂ ਗੋਲੀਆਂ ਵੇਚ ਰਿਹਾ ਹੈ, ਜੋ ਦੋਸ਼ੀ 'ਤੇ ਰੇਡ ਕਰਕੇ 305 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।



# ਪਟਿਆਲਾ-ਆਸ/ਪਾਸ



## ਸੂਬੇ 'ਚੋਂ ਨਸ਼ਿਆਂ ਦੇ ਪੂਰਨ ਖ਼ਾਤਮੇ ਲਈ ਹਰੇਕ ਨਾਗਰਿਕ ਦਾ ਸਹਿਯੋਗ ਜ਼ਰੂਰੀ : ਜਗਦੀਪ ਸਿੰਘ ਜੱਗਾ

### 'ਯੁੱਧ ਨਸ਼ਿਆਂ ਵਿਰੁੱਧ' ਮੋਰਚੇ ਦੇ ਮਾਲਵਾ ਪੂਰਬੀ ਦੇ ਕੋਆਰਡੀਨੇਟਰ ਜੱਗਾ ਵੱਲੋਂ ਜ਼ਿਲ੍ਹੇ ਦੇ ਹਲਕਾ ਇੰਚਾਰਜਾਂ ਤੇ ਕੋਆਰਡੀਨੇਟਰਾਂ ਨਾਲ ਬੈਠਕ

ਪਟਿਆਲਾ, 12 ਮਈ (ਚ.ਨ.ਸ.) : ਪਟਿਆਲਾ ਦੇ ਡਿਪਟੀ ਮੇਅਰ ਤੇ ਯੁੱਧ ਨਸ਼ੇ ਵਿਰੁੱਧ ਮੋਰਚੇ ਦੇ ਮਾਲਵਾ ਪੂਰਬੀ ਜ਼ੋਨ ਦੇ ਕੋਆਰਡੀਨੇਟਰ ਜਗਦੀਪ ਸਿੰਘ ਜੱਗਾ ਨੇ ਅੱਜ ਪਟਿਆਲਾ ਜ਼ਿਲ੍ਹੇ ਦੇ ਹਲਕਾ ਇੰਚਾਰਜਾਂ ਤੇ ਕੁਆਰਡੀਨੇਟਰ ਨਾਲ ਅੱਜ ਇਥੇ ਇੱਕ ਅਹਿਮ ਬੈਠਕ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਨੂੰ ਹਰ ਘਰ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਨਸ਼ਿਆਂ ਦਾ ਸੂਬੇ 'ਚੋਂ ਮੁਕੰਮਲ ਖ਼ਾਤਮਾ ਕੀਤਾ ਜਾ ਸਕੇ। ਇਸ ਮੌਕੇ ਹਲਕਾ ਸ਼ਹਿਰੀ ਦੇ ਇੰਚਾਰਜ ਗੁਰਵਿੰਦਰ ਹੈਪੀ ਤੇ ਹਲਕਾ ਦਿਹਾਤੀ ਦੇ ਇੰਚਾਰਜ ਯਾਦਵਿੰਦਰ ਗੋਲਡੀ ਵੀ ਮੌਜੂਦ ਸਨ। ਇਸ ਮੌਕੇ ਜਗਦੀਪ ਸਿੰਘ ਜੱਗਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਇਸ ਮੁਹਿੰਮ ਨੂੰ ਸ਼ੁਰੂ ਕਰਨ ਦਾ ਮੁੱਖ ਮਕਸਦ ਸੂਬੇ 'ਚ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਪੈਦਾ ਕਰਨਾ ਹੈ, ਜਿਸ ਨੂੰ ਵੱਡੀ ਸਫਲਤਾ ਮਿਲ ਰਹੀ ਹੈ। ਉਨ੍ਹਾਂ ਹਲਕਾ ਇੰਚਾਰਜਾਂ ਗੁਰਵਿੰਦਰ ਹੈਪੀ ਤੇ ਯਾਦਵਿੰਦਰ ਗੋਲਡੀ ਸਮੇਤ ਹਲਕਾ ਕੁਆਰਡੀਨੇਟਰਾਂ ਨੂੰ ਨਸ਼ਾ ਕਰਨ ਵਾਲਿਆਂ ਨੂੰ ਜਾਗਰੂਕ ਕਰਕੇ ਇਲਾਜ ਲਈ ਪ੍ਰੇਰਿਤ ਕਰਨ ਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇਣ ਸਬੰਧੀ ਇਕ ਵਿਆਪਕ ਰਣਨੀਤੀ ਤਿਆਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਛੱਡਣ ਵਾਲੇ ਵਿਅਕਤੀਆਂ ਦੇ ਇਲਾਜ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ, ਲੋੜ ਹੈ ਇਨ੍ਹਾਂ ਵਿਅਕਤੀਆਂ ਨੂੰ ਇਲਾਜ ਲਈ ਪ੍ਰੇਰਿਤ ਕਰਨ ਦੀ ਜੋ ਹਲਕਾ ਕੁਆਰਡੀਨੇਟਰ ਆਪਣੀ ਟੀਮ ਨਾਲ ਘਰ-ਘਰ ਜਾ ਕੇ ਕਰਨਗੇ। ਉਨ੍ਹਾਂ ਕਿਹਾ ਕਿ ਨਸ਼ੇ ਦੇ ਖ਼ਾਤਮੇ ਲਈ ਜ਼ਰੂਰੀ ਹੈ ਕਿ ਇਸ ਦੀ ਸਪਲਾਈ ਲਾਈਨ ਨੂੰ ਤੋੜਿਆਂ ਜਾਵੇ ਇਸ ਲਈ ਪਿੰਡ ਜਾ ਮੁਹੱਲੇ ਵਿੱਚ ਜੇਕਰ ਕੋਈ ਨਸ਼ਾ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਹਲਕਾ ਇੰਚਾਰਜ ਤੇ ਕੁਆਰਡੀਨੇਟਰ ਆਪਣੀ ਪੂਰੀ ਟੀਮ ਨਾਲ ਜ਼ਮੀਨੀ ਪੱਧਰ 'ਤੇ ਕੰਮ ਕਰਨਗੇ। ਉਨ੍ਹਾਂ ਹਾਜ਼ਰੀਨ ਨੂੰ ਆਪਣੇ ਹਲਕਾ ਵਿਧਾਇਕ ਸਾਹਿਬਾਨ ਦੇ ਸਹਿਯੋਗ ਨਾਲ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਮ ਲੋਕਾਂ ਦੀ



ਸ਼ਮੂਲੀਅਤ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨਸ਼ਿਆਂ ਦੀ ਇਸ ਬੁਰਾਈ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਹਰੇਕ ਪੰਜਾਬੀ ਤਿਆਰ ਹੈ, ਬਸ ਲੋੜ ਹੈ ਉਨ੍ਹਾਂ ਨੂੰ ਲਾਮਬੰਦ ਕਰਕੇ ਇਸ ਮੁਹਿੰਮ ਦਾ ਹਿੱਸਾ ਬਣਾਉਣ ਦੀ ਤਾਂ ਜੋ ਅਸੀਂ ਨਸ਼ਿਆਂ ਦੀ ਇਸ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰ ਸਕੀਏ। ਸਵੇਰ ਸਮੇਂ ਹੋਈ ਮੀਟਿੰਗ ਦੌਰਾਨ ਪਟਿਆਲਾ ਸ਼ਹਿਰੀ ਦੇ ਹਲਕਾ ਇੰਚਾਰਜ ਗੁਰਵਿੰਦਰ ਹੈਪੀ ਸਮੇਤ ਪਟਿਆਲਾ ਸ਼ਹਿਰੀ, ਸਨੌਰ, ਸਮਾਣਾ ਤੇ ਸ਼ੁਤਰਾਣਾ ਦੇ ਹਲਕਾ ਕੁਆਰਡੀਨੇਟਰਾਂ ਨੇ ਆਪਣੇ ਹਲਕਿਆਂ 'ਚੋਂ ਨਸ਼ਿਆਂ ਦੇ ਪੂਰਨ ਖ਼ਾਤਮੇ ਦਾ ਅਹਿਦ ਲੈਂਦਿਆਂ ਕਿਹਾ ਕਿ ਇਸ ਮੁਹਿੰਮ ਤਹਿਤ ਹਰੇਕ ਘਰ ਤੱਕ ਪਹੁੰਚ ਬਣਾਈ ਜਾਵੇਗੀ। ਸ਼ਾਮ ਸਮੇਂ ਹੋਈ ਬੈਠਕ ਦੌਰਾਨ ਪਟਿਆਲਾ ਦਿਹਾਤੀ ਦੇ ਹਲਕਾ ਇੰਚਾਰਜ ਯਾਦਵਿੰਦਰ ਗੋਲੀ ਸਮੇਤ ਹਲਕਾ ਪਟਿਆਲਾ ਦਿਹਾਤੀ, ਰਾਜਪੁਰਾ, ਘਨੌਰ ਤੇ ਨਾਭਾ ਨੇ ਆਪਣੇ ਹਲਕਿਆਂ 'ਚੋਂ ਨਸ਼ੇ ਨੂੰ ਖਤਮ ਕਰਨ ਦਾ ਹਲਫ ਲਿਆ। ਇਸ ਮੌਕੇ ਯੁੱਧ ਨਸ਼ੇ ਵਿਰੁੱਧ ਮੋਰਚੇ ਦੇ ਮਾਲਵਾ ਪੂਰਬੀ ਜ਼ੋਨ ਦਾ ਕੋਆਰਡੀਨੇਟਰ ਜਗਦੀਪ ਸਿੰਘ ਜੱਗਾ ਨੇ ਕਿਹਾ ਕਿ ਜਿਨ੍ਹਾਂ ਪੰਜ ਜ਼ਿਲ੍ਹਿਆਂ ਪਟਿਆਲਾ ਸਮੇਤ ਅਨੰਦਪੁਰ ਸਾਹਿਬ, ਮੋਹਾਲੀ, ਸੰਗਰੂਰ ਤੇ ਮਲੇਰਕੋਟਲਾ 'ਚ ਉਨ੍ਹਾਂ ਦੀ ਜ਼ਿੰਮੇਵਾਰੀ ਲਗਾਈ ਗਈ ਹੈ, ਉਹ ਉੱਥੇ ਦੇ ਹਲਕਾ ਕੁਆਰਡੀਨੇਟਰਾਂ ਨਾਲ ਮੀਟਿੰਗਾਂ ਕਰਕੇ ਇਸ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਸਫਲ ਬਣਾਉਣਗੇ। ਇਸ ਮੌਕੇ ਨਾਭਾ ਦੇ ਕੁਆਰਡੀਨੇਟਰ ਭੁਪਿੰਦਰ ਸਿੰਘ ਕਲਰਮਾਜਰੀ, ਪਟਿਆਲਾ ਦਿਹਾਤੀ ਦੇ ਹਰਪਾਲ ਸਿੰਘ, ਰਾਜਪੁਰਾ ਦੇ ਰਾਜੇਸ਼, ਘਨੌਰ ਤੇ ਸਵਿੰਦਰ ਸਿੰਘ, ਸਨੌਰ ਦੇ ਗੁਰਵਿੰਦਰ ਸਿੰਘ ਮਿਹੋਣ, ਪਟਿਆਲਾ ਦੇ ਦਵਿੰਦਰਪਾਲ ਸਿੰਘ ਮਿੱਕੀ, ਸਮਾਣਾ ਦੇ ਕੁਲਦੀਪ ਸਿੰਘ ਵਿਰਕ ਤੇ ਸ਼ੁਤਰਾਣਾ ਦੇ ਕੁਆਰਡੀਨੇਟਰ ਰਣਜੀਤ ਸਿੰਘ ਵਿਰਕ ਵੀ ਮੌਜੂਦ ਸਨ।

## ਸ਼ਹਿਰ 'ਚੋਂ ਦੋ ਮੋਟਰਸਾਈਕਲ ਚੋਰੀ

ਪਟਿਆਲਾ, 12 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਅਗਮਨਜੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਫੱਫੜੇ ਥਾਣਾ ਭੀਖੀ ਜ਼ਿਲ੍ਹਾ ਮਾਨਸਾ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਰਾਤ ਨੂੰ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਦਾ ਮੋਟਰਸਾਈਕਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਸਟਲ ਦੀ ਪਾਰਕਿੰਗ ਵਿੱਚ ਖੜ੍ਹਾ ਸੀ, ਚੋਰੀ ਕਰ ਲਿਆ। ਪੁਲਿਸ ਨੇ ਧਾਰਾ 303(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਇਸੇ ਤਰ੍ਹਾਂ ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਮੰਗਤਾ ਸਿੰਘ ਪੁੱਤਰ ਮੁਲਖ ਰਾਜ ਵਾਸੀ ਪਿੰਡ ਮਿਰਜਾਪੁਰ ਨੇ ਕਥਿਤ ਦੋਸ਼ੀ ਕਰਮ ਸਿੰਘ ਵਾਸੀ ਮਲਕਾਣਾ ਪੱਤੀ ਸਮਾਣਾ ਨੇੜੇ ਕਾਲੀ ਦੀ ਆਟਾ ਚੱਕੀ ਸਮਾਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੇ ਆਪਣਾ ਮੋਟਰਸਾਈਕਲ ਜੋ ਕਿ ਛੋਟੀ ਬਾਰਾਦਰੀ ਪਟਿਆਲਾ ਵਿਖੇ ਐਚ.ਆਰ ਦਫਤਰ ਦੇ ਬਾਹਰ ਖੜ੍ਹਾ ਕੀਤਾ ਸੀ, ਜਦੋਂ ਕੁੱਝ ਸਮੇਂ ਬਾਅਦ ਆ ਕੇ ਦੇਖਿਆ ਤਾਂ ਮੋਟਰਸਾਈਕਲ ਗਾਇਬ ਸੀ, ਜੋ ਭਾਲ ਕਰਨ ਪਰ ਪਤਾ ਲੱਗਿਆ ਕਿ ਮੋਟਰਸਾਈਕਲ ਉਕਤ ਕਥਿਤ ਦੋਸ਼ੀ ਨੇ ਚੋਰੀ ਕੀਤਾ ਸੀ। ਪੁਲਿਸ ਨੇ ਧਾਰਾ 303 (2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਪਾਣੀ ਤੋਂ ਬ਼ਗੈਰ ਪੰਜਾਬ ਦੀ ਖੇਤੀ ਤੇ ਭਵਿੱਖ ਦੋਵੇਂ ਖ਼ਤਰੇ 'ਚ : ਗੁਰਲਾਲ ਘਨੌਰ

### ☛ਨੰਗਲ ਡੈਮ ਵਿਖੇ ਪਾਣੀਆਂ ਦੇ ਮੁੱਦੇ ਸਬੰਧੀ ਲੱਗੇ ਧਰਨੇ 'ਚ ਵਿਧਾਇਕ ਘਨੌਰ ਨੇ ਭਾਰੀ ਇਕੱਠ ਨਾਲ ਕੀਤੀ ਸ਼ਮੂਲੀਅਤ

ਘਨੌਰ, 12 ਮਈ (ਮਦਨ ਲਾਲ) : ਪੰਜਾਬ ਦੇ ਪਾਣੀਆਂ ਦੀ ਹਿਫਾਜ਼ਤ ਅਤੇ ਹੱਕ ਦੀ ਲੜਾਈ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਯਤਨਾਂ ਦੀ ਸਾਰਥਕ ਪੈਰਵੀ ਨੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ ਨੂੰ ਪੰਜਾਬ ਅਤੇ ਪੰਜਾਬੀਅਤ ਦੀ ਹੋਂਦ ਨੂੰ ਬਚਾਉਣ ਦੇ ਅਸਲੀ ਵਾਰਿਸ ਵਜੋਂ ਉਭਾਰਿਆ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਧਾਇਕ ਗੁਰਲਾਲ ਘਨੌਰ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਨੰਗਲ ਡੈਮ ਧਰਨੇ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਅੱਜ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪਟਿਆਲਾ ਅਤੇ ਹਲਕਾ ਵਿਧਾਇਕਾ ਵੱਲੋਂ ਨੰਗਲ ਡੈਮ ਧਰਨੇ ਚ ਆਪੋ-ਆਪਣੇ ਸਮਰਥਕਾਂ ਨਾਲ ਸ਼ਮੂਲੀਅਤ ਕੀਤੀ। ਅੱਜ ਦੇ ਨੰਗਲ ਡੈਮ ਧਰਨੇ ਵਿੱਚ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੇ ਵੀ ਆਪਣੀ ਟੀਮ ਦੇ ਭਾਰੀ ਇਕੱਠ ਨਾਲ ਸ਼ਿਰਕਤ ਕੀਤੀ। ਇਸ ਮੌਕੇ ਗੁਰਲਾਲ ਘਨੌਰ ਨੇ ਕਿਹਾ ਕਿ ਇਹ ਧਰਨਾ ਪਾਣੀ ਦੇ ਵੰਡ, ਨਦੀਆਂ ਦੇ ਸੁਤੰਤਰ ਹੱਕ ਅਤੇ ਪੰਜਾਬ ਦੇ ਹਿੱਸੇ ਦੇ ਪਾਣੀ ਦੀ ਬਚਾਵ ਲਈ ਦਿੱਤਾ ਗਿਆ ਹੈ, ਕਿਉਂਕਿ ਲੰਮੇ



ਸਮੇਂ ਤੋਂ ਪੰਜਾਬ ਦੇ ਹਿੱਸੇ ਦਾ ਪਾਣੀ ਹੋਰ ਰਾਜਾਂ ਵੱਲ ਵਹਾਇਆ ਜਾਂਦਾ ਰਿਹਾ ਹੈ, ਜਿਸ ਨਾਲ ਪੰਜਾਬ ਦੀ ਖੇਤੀ ਅਤੇ ਭਵਿੱਖ ਦੋਵਾਂ ਖ਼ਤਰੇ ਵਿੱਚ ਪਏ ਹੋਏ ਹਨ। ਵਿਧਾਇਕ ਗੁਰਲਾਲ ਘਨੌਰ ਨੇ ਅਗਾਹੀ ਦਿੰਦਿਆਂ ਕਿਹਾ ਕਿ ਮਾਨ ਸਰਕਾਰ ਨੇ ਐਲਾਨ ਕੀਤਾ ਹੈ ਕਿ ਕੋਈ ਵੀ ਅਣ-ਅਧਿਕਾਰਤ ਤਰੀਕੇ ਨਾਲ ਪੰਜਾਬ ਦਾ ਪਾਣੀ ਹੋਰ ਰਾਜਾਂ ਨੂੰ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨਾ ਕੇਵਲ ਕਾਨੂੰਨੀ ਪੱਧਰ 'ਤੇ ਲੜਾਈ ਲੜ ਰਹੀ ਹੈ, ਸਗੋਂ ਜਨਤਾ ਨੂੰ ਜਾਗਰੂਕ ਕਰਕੇ ਮੈਦਾਨੀ ਪੱਧਰ 'ਤੇ ਵੀ ਵਿਰੋਧ ਕਰ ਰਹੀ ਹੈ। ਗੁਰਲਾਲ ਘਨੌਰ ਨੇ ਪੂਰੇ ਭਰੋਸੇ ਨਾਲ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਕੀਮਤ 'ਤੇ ਪਾਣੀ ਦੇ ਹੱਕ ਤੋਂ ਹਟਣ ਵਾਲੀ ਨਹੀਂ। ਉਨ੍ਹਾਂ ਆਖਿਆ ਕਿ ਨਗਰ ਨਗਰ, ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਜਿਥੇ ਲੋਕ ਹਿੱਤਾਂ ਦੀ ਸੱਚੀ ਵਕੀਲ ਹੈ , ਉਥੇ ਪੰਜਾਬ ਦੇ ਜਲ ਸਰੋਤਾਂ ਦੀ ਰੱਖਿਆ ਲਈ ਹਰ ਮੰਚ 'ਤੇ ਫੈਸਲਾਕੁੰਨ ਲੜਾਈ ਲੜੇਗੀ। ਇਸ ਮੌਕੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨਾਲ ਵੱਡੀ ਗਿਣਤੀ ਪਾਰਟੀ ਅਹੁਦੇਦਾਰਾਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

## ਡੀ.ਸੀ. ਵੱਲੋਂ 122 ਕਰੋੜ ਦੀ ਲਾਗਤ ਵਾਲੇ ਪੱਬਰਾ ਜਲ ਸ਼ੁੱਧੀਕਰਨ ਪਲਾਂਟ ਦਾ ਜਾਇਜ਼ਾ



ਘਨੌਰ/ਰਾਜਪੁਰਾ, 12 ਮਈ (ਮਦਨ ਲਾਲ/ਧਿਆਨ ਸਿੰਘ ਸੈਦਖੇੜੀ): ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਪੱਬਰਾ ਵਿਖੇ ਲੱਗ ਰਹੇ ਨਹਿਰੀ ਪਾਣੀ 'ਤੇ ਅਧਾਰਤ ਪੀਣ ਵਾਲੇ ਪਾਣੀ ਦੇ 'ਜਲ ਸ਼ੁੱਧੀਕਰਨ ਪਲਾਂਟ' ਅਤੇ ਇਸ ਦੇ ਓਵਰ ਹੈਡ ਵਾਟਰ ਰੈਜੂਰਵਾਇਰ ਦਾ ਜਾਇਜ਼ਾ ਲਿਆ। ਉਨ੍ਹਾਂ ਦੇ ਨਾਲ ਐਸ.ਡੀ.ਐਮ. ਰਾਜਪੁਰਾ ਅਵਿਕੇਸ਼ ਗੁਪਤਾ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਜੇ.ਐਸ. ਸਿੱਧੂ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਪ੍ਰਾਜੈਕਟ ਉਦਘਾਟਨ ਲਈ ਤਿਆਰ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਇਸ ਪ੍ਰਾਜੈਕਟ ਨੂੰ ਬਹੁਤ ਜਲਦ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ 122 ਕਰੋੜ ਰੁਪਏ ਦੀ ਲਾਗਤ ਵਾਲੇ 18 ਦਾ ਐਮ.ਐਲ.ਡੀ. (5.285 ਕਿਉਸਿਕ) ਵਾਲੇ ਪਿੰਡ ਪੱਬਰਾ ਦੇ ਜਲ ਟ੍ਰੀਟਮੈਂਟ ਪਲਾਂਟ 'ਤੋਂ 112 ਪਿੰਡਾਂ ਨੂੰ 1.80 ਕਰੋੜ ਲਿਟਰ, ਸਸਤੀਆਂ ਦਰਾਂ 'ਤੇ 70 ਲਿਟਰ ਪ੍ਰਤੀ ਵਿਅਕਤੀ ਪ੍ਰਤੀ ਦਿਨ ਗੁਣਵੱਤਾ ਭਰਪੂਰ ਜਲ ਸਪਲਾਈ ਰੋਜ਼ਾਨਾ ਹੋਵੇਗੀ। ਇਨ੍ਹਾਂ ਪਿੰਡਾਂ 'ਚ 25 ਪਿੰਡ ਘਨੌਰ ਹਲਕੇ ਦੇ, 62 ਪਿੰਡ ਰਾਜਪੁਰਾ ਹਲਕੇ ਦੇ, 23 ਪਿੰਡ ਸਨੌਰ ਹਲਕੇ ਦੇ ਅਤੇ 2 ਪਿੰਡ ਫ਼ਤਹਿਗੜ੍ਹ ਸਾਹਿਬ ਹਲਕੇ ਦੇ ਹਨ, ਇਥੋਂ 1.63 ਲੱਖ ਲੋਕਾਂ ਨੂੰ ਜਲ ਸਪਲਾਈ ਹੋਵੇਗੀ ਅਤੇ 179 ਕਿਲੋਮੀਟਰ ਡੀ.ਆਈ. ਪਾਇਪ ਲਾਇਨਾਂ ਵਿਛਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਗੁਰਲਾਲ ਘਨੌਰ ਦੇ ਯਤਨਾਂ ਸਦਕਾ ਮੁਕੰਮਲ ਹੋਏ ਇਸ ਪ੍ਰਾਜੈਕਟ ਦੇ ਚਾਲੂ ਹੋਣ ਨਾਲ ਲੋਕਾਂ ਨੂੰ ਆਪਣੇ ਘਰਾਂ 'ਚ ਆਰ.ਓ. ਲਗਾਉਣ ਦੀ ਲੋੜ ਵੀ ਨਹੀਂ ਪੈਣੀ। ਇਸ ਪ੍ਰਜੈਕਟ ਤਹਿਤ ਸਾਰੇ ਪਿੰਡਾਂ 'ਚ ਪਹਿਲਾਂ ਪਾਈਆਂ ਹੋਈਆਂ ਪਾਇਪਾਂ ਜੋ ਕਿ ਲੀਕੇਜ ਕਰਕੇ ਜਾਂ ਬੰਦ ਪਈਆਂ ਹਨ, ਨੂੰ ਵੀ ਬਦਲਿਆ ਗਿਆ ਹੈ ਅਤੇ ਹਰ ਘਰ 'ਚ ਪਾਣੀ ਦਾ ਮੀਟਰ ਲੱਗਣ ਕਰਕੇ ਪਾਣੀ ਦੀ ਬਰਬਾਦੀ ਵੀ ਨਹੀਂ ਹੋਵੇਗੀ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਇਸ ਇਲਾਕੇ ਦੇ ਧਰਤੀ ਹੇਠਲੇ ਪਾਣੀ 'ਚ ਫਲੋਰਾਇਡ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਹੱਡੀਆਂ ਅਤੇ ਦੰਦਾਂ 'ਚ ਫਲੋਰੋਸਿਸ ਦੀ ਸਮੱਸਿਆ ਪੈਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਗੰਦਾ ਪਾਣੀ ਪੀਣ ਨਾਲ ਪੈਦਾ ਹੁੰਦੀਆਂ ਬਿਮਾਰੀਆਂ ਤੋਂ ਵੀ ਛੁਟਕਾਰਾ ਮਿਲਣ ਕਰਕੇ ਲੋਕਾਂ ਦੀ ਸਿਹਤ 'ਚ ਸੁਧਾਰ ਹੋਣ ਨਾਲ ਇਨ੍ਹਾਂ ਦੀ ਤਕਦੀਰ ਬਦਲੇਗੀ।

## ਬਾਬਾ ਬਚਿੱਤਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਦੂਸਰਾ ਗੁਰਮਤਿ ਸਮਾਗਮ



ਸਨੌਰ, 12 ਮਈ (ਗੁਰਜੀਤ ਸਿੰਘ ਢੋਟ) : ਸਨੌਰ ਦੇ ਮੇਨ ਬਾਜ਼ਾਰ ਵਿੱਚ ਬਣੇ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਬਚਿੱਤਰ ਸਿੰਘ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਬਚਿੱਤਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਦੂਸਰਾ ਗੁਰਮਤਿ ਸਮਾਗਮ ਬੜੀ ਧੂਮ ਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਵਿੱਚ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕਾ ਨੇ ਸੰਗਤਾਂ ਨੂੰ ਹਰਜਸ ਗੁਰਬਾਣੀ ਨਾਲ ਜੋੜਦਿਆਂ ਪ੍ਰੋਗਰਾਮ ਦੀ ਸਫਲਤਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਉਪਰੰਤ ਕੀਰਤਨ ਦਰਬਾਰ ਦੀ ਵੀ ਸਜਾਇਆ ਗਿਆ। ਇਸ ਪ੍ਰੋਗਰਾਮ ਵਿੱਚ ਭਾਈ ਭੁਪਿੰਦਰ ਸਿੰਘ ਜੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ਼ਹੀਦ ਬਾਬਾ ਵਜੀਕਰ ਸਿੰਘ ਜੀ ਭਾਈ ਭੁਪਿੰਦਰ ਸਿੰਘ ਜੀ ਨਿਰਵਾਣ ਕੀਰਤਨ ਜਥਾ ਅਰਾਈਮਾਜਰਾ ਵਾਲਾ ਭਾਈ ਯਾਦਵਿੰਦਰ ਸਿੰਘ ਜੀ ਕਿਲਾ ਮੁਬਾਰਕ ਪਟਿਆਲਾ ਵਾਲੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ। ਦੱਸਣਯੋਗ ਹੈ ਕਿ ਗੁਰਦੁਆਰਾ ਸਾਹਿਬ ਵਿਖੇ ਹਰ ਐਤਵਾਰ ਨੂੰ 12 ਤੋਂ 4 ਵਜੇ ਤੱਕ ਪਿਛਲੇ ਦੋ ਸਾਲਾਂ ਤੋਂ ਚੌਪਿਹਰਾ ਜਪ ਸਮਾਗਮ ਕਰਵਾਇਆ ਜਾਂਦਾ ਹੈ। ਇਸ ਮੌਕੇ ਸਟੇਜ ਸੈਕਟਰੀ ਲਖਵਿੰਦਰ ਸਿੰਘ ਸਨੌਰ ਵੱਲੋਂ ਆਈਆਂ ਹੋਈਆਂ ਸਾਰੀਆਂ ਹੀ ਸੰਗਤਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ ਅਤੇ ਉਹਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਿੰਘ ਪ੍ਰਧਾਨ, ਮਲਿੰਦਰਜੀਤ ਸਿੰਘ ਖਜਾਨਚੀ, ਗੁਰ ਪ੍ਰਤਾਪ ਸਿੰਘ ਗੈਰੀ, ਕਮਲਦੀਪ ਸਿੰਘ, ਵਿਕਰਮਜੀਤ ਸਿੰਘ, ਪ੍ਰੇਮ ਸਿੰਘ, ਗੁਰਦੀਪ ਸਿੰਘ ਕਾਲਾ ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਾਜ਼ਰ ਰਹੇ।

## ਡਾ. ਬੀ.ਐੱਸ. ਸੰਧੂ ਸਕੂਲ 'ਚ 'ਮਾਂ ਦਿਵਸ' ਮਨਾਇਆ




ਭੁਨਰਹੇੜੀ, 12 ਮਈ (ਗੁਰਜੀਤ ਸਿੰਘ ਢੋਟ) : ਡਾ. ਬੀ.ਐੱਸ. ਸੰਧੂ ਮੈਮੋਰੀਅਲ ਪਬਲਿਕ ਸਕੂਲ ਘੜਾਮ ਰੋਡ ਜੁਲਾਹ ਖੇੜੀ ਵਿਖੇ 'ਮਾਂ ਦਿਵਸ' ਬੜੀ ਧੂਮ-ਧਾਮ ਨਾਲ ਮਨਾਇਆ ਗਿਆ । ਇਸ ਮੌਕੇ ਤੇ ਮਾਂ ਦਿਵਸ ਨੂੰ ਸਮਰਪਿਤ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਭਾਗ ਲਿਆ । ਪ੍ਰਾਇਮਰੀ ਅਤੇ ਪ੍ਰੀ-ਪ੍ਰਾਇਮਰੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੀ ਮਾਂ ਲਈ ਵੰਨ-ਸੁਵੰਨੇ ਸ਼ੁੱਭਕਾਮਨਾਵਾਂ ਦੇ ਕਾਰਡ ਬਣਾਏ । ਪ੍ਰਾਇਮਰੀ ਅਤੇ ਸੀਨੀਅਰ ਜਮਾਤ ਦੇ ਵਿਦਿਆਰਥੀਆਂ ਨੇ ਮਾਂ ਦਿਵਸ ਨੂੰ ਸਮਰਪਿਤ ਕਵਿਤਾਵਾਂ, ਭਾਸ਼ਣ, ਅਤੇ ਗੀਤ ਸੰਗੀਤ ਪੇਸ਼ ਕੀਤਾ ਗਿਆ ਅਤੇ ਮਾਂ ਦੇ ਪਿਆਰ ਨੂੰ ਸ਼ਰਧਾਂਜਲੀਆਂ ਸਮਰਪਿਤ ਕੀਤੀਆਂ ਗਈਆਂ । ਸਕੂਲ ਚੇਅਰਮੈਨ ਹਰਦੀਪ ਸਿੰਘ ਸੰਧੂ ਅਤੇ ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਦੱਸਿਆ ਕਿ ਇੱਕ ਮਾਂ ਆਪਣੇ ਬੱਚੇ ਦੇ ਜੀਵਨ ਵਿੱਚ ਅਹਿਮ ਰੋਲ ਅਦਾ ਕਰਦੀ ਹੈ ਅਤੇ ਆਪਣੇ ਬੱਚੇ ਦੀ ਪਹਿਲੀ ਅਧਿਆਪਿਕਾ ਹੁੰਦੀ ਹੈ । ਇਸ ਲਈ ਆਪਣੀ ਮਾਂ ਦਾ ਸਤਿਕਾਰ ਕਰਨ ਦਾ ਹਰ ਇੱਕ ਬੱਚੇ ਦਾ ਮੁੱਢਲਾ ਫਰਜ਼ ਬਣਦਾ ਹੈ ਅਤੇ ਮਾਂ ਦਿਵਸ ਦੀਆ ਸ਼ੁੱਭਕਾਮਨਾਵਾਂ ਦਿੱਤੀਆਂ ।

## ਰਿਚਾ ਗੋਇਲ ਨੇ ਸੰਭਾਲਿਆ ਐਸ.ਡੀ.ਐਮ. ਸਮਾਣਾ ਦਾ ਅਹੁਦਾ



ਸਮਾਣਾ, 12 ਮਈ (ਵਿਜੇ ਕੁਮਾਰ) : ਰਿਚਾ ਗੋਇਲ ਨੇ ਸਮਾਣਾ 'ਚ ਬਤੌਰ ਐਸ.ਡੀ.ਐਮ. ਅਹੁਦਾ ਸੰਭਾਲ ਲਿਆ। ਅਹੁਦਾ ਸੰਭਾਲਣ ਮੌਕੇ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ. ਮਦਨ ਮਿੱਤਲ ਦੀ ਅਗਵਾਈ ਹੇਠ ਸਮੂਹ ਮੈਂਬਰਾਂ ਤੋਂ ਇਲਾਵਾ ਦਫਤਰ ਸਟਾਫ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਐਸ. ਡੀ. ਐਮ. ਰਿਚਾ ਗੋਇਲ ਨੇ ਦੱਸਿਆ ਕਿ ਉਹ ਪਹਿਲਾਂ ਵੀ ਸਮਾਣਾ 'ਚ ਬਤੌਰ ਐਸ.ਡੀ.ਐਮ. ਡਿਊਟੀ ਨਿਭਾਅ ਚੁੱਕੇ ਹਨ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਫਿਰ ਸਮਾਣਾ ਨਿਵਾਸੀਆਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਉਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਭ੍ਰਿਸ਼ਟਾਚਾਰ ਰਹਿਤ, ਚਲ ਰਹੇ ਵਿਕਾਸ ਕਾਰਜਾਂ ਨੂੰ ਸਮੇਂ-ਸਿਰ ਨਿਪਟਾਉਣ ਅਤੇ ਲੋਕਾਂ ਦੀ 24 ਘੰਟੇ ਸੇਵਾ ਕਰਕੇ ਆਪਣੀ ਡਿਊਟੀ ਕਰਨਗੇ । ਇਸ ਮੌਕੇ ਰਮਨ ਗੁਪਤਾ, ਭਾਰਤ ਭੂਸ਼ਣ ਮਿੱਤਲ, ਨੀਰਜ ਬਾਂਸਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਵਿਦਿਆਰਥਣਾਂ ਦੇ ਲੰਚ ਕਰਨ ਲਈ ਬਣੇਗਾ ਕਾਮਨ ਰੂਮ

### ਅਲੂਮਨੀ ਐਸੋਸੀਏਸ਼ਨ ਨੇ ਮੀਟਿੰਗ ਦੌਰਾਨ ਲਿਆ ਫ਼ੈਸਲਾ

ਪਟਿਆਲਾ, 12 ਮਈ (ਚ.ਨ.ਸ.) : ਪੀਐਮ ਸ਼੍ਰੀ ਸਰਕਾਰੀ ਕੋ-ਐਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਸੀ ਰੋਡ ਪਟਿਆਲਾ ਦੀ ਅਲੂਮਨੀ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਸਕੂਲ ਦੀਆਂ ਵਿਦਿਆਰਥਣਾਂ ਦੇ ਲੰਚ ਕਰਨ ਲਈ ਇੱਕ ਕਾਮਨ ਰੂਮ ਬਣਾਉਣ ਦਾ ਫੈਸਲਾ ਲਿਆ ਗਿਆ। ਜਿਸ ਦਾ ਨਿਰਮਾਣ ਕਾਰਜ ਜਲਦ ਹੀ ਸ਼ੁਰੂ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ। ਜ਼ਿਕਰਯੋਗ ਹੈ ਕਿ ਅਲੂਮਨੀ ਐਸੋਸੀਏਸ਼ਨ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਸਕੂਲ ਅੰਦਰ ਵੱਖ ਵੱਖ ਤਰ੍ਹਾਂ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਸ ਅਲੂਮਨੀ ਐਸੋਸੀਏਸ਼ਨ ਵਿੱਚ ਵੱਖ-ਵੱਖ ਵੱਡੇ ਅਹੁਦਿਆਂ ਤੇ ਤੈਨਾਤ ਅਧਿਕਾਰੀ ਅਤੇ ਸੇਵਾ ਮੁਕਤ ਅਧਿਕਾਰੀ ਆਪੋ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਅ ਰਹੇ ਹਨ।



ਇਸ ਮੌਕੇ ਸੰਬੋਧਨ ਕਰਦਿਆਂ ਮਲਟੀਪਰਪਜ਼ ਸਕੂਲ ਦੇ ਪ੍ਰਿੰਸੀਪਲ ਵਿਜੇ ਕਪੂਰ ਨੇ ਦੱਸਿਆ ਕਿ ਸਕੂਲ ਦੀਆਂ ਵਿਦਿਆਰਥਣਾਂ ਨੂੰ ਦੁਪਹਿਰ ਵੇਲੇ ਖਾਣਾ ਖਾਣ ਦੌਰਾਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸਦਾ ਹੱਲ ਕਰਨ ਲਈ ਉਹਨਾਂ ਨੇ ਅਲੂਮਨੀ ਦੇ ਅਹੁਦੇਦਾਰਾਂ ਨਾਲ ਵਿਚਾਰ ਕੀਤਾ। ਜਿਸ ਮਗਰੋਂ ਅਲੂਮਨੀ ਦੇ ਅਹੁਦੇਦਾਰਾਂ ਨੇ ਵਿਦਿਆਰਥਣਾਂ ਦੀ ਇਸ ਸਮੱਸਿਆ ਨੂੰ ਸਮਝਦੇ ਹੋਏ ਮੀਟਿੰਗ ਦੌਰਾਨ ਪਹਿਲ ਦੇ ਅਧਾਰ 'ਤੇ ਵਿਦਿਆਰਥਣਾਂ ਦੇ ਖਾਣਾ ਖਾਣ ਲਈ ਇੱਕ ਕਾਮਨ ਰੂਮ ਬਣਾਉਣ ਦਾ ਫੈਸਲਾ ਲਿਆ ਹੈ ਜੋ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ। ਇਸ ਦੇ ਨਾਲ ਹੀ ਪ੍ਰਿੰਸੀਪਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਅਲੂਮਨੀ ਐਸੋਸੀਏਸ਼ਨ ਵੱਲੋਂ ਸਕੂਲ ਵਿੱਚ ਇੱਕ-ਲੱਖ ਰੁਪਏ ਦੀਆਂ ਚਾਰ ਐਫ.ਡੀਜ਼ ਕਰਵਾਈਆਂ ਗਈਆਂ ਹਨ। ਜਿਨਾਂ ਤੋਂ ਆਉਣ ਵਾਲੇ ਵਿਆਜ ਦੀ ਰਕਮ ਨਾਲ ਹਰ ਸਾਲ ਬਾਰਵੀਂ ਜਮਾਤ ਦੇ ਵੱਖ-ਵੱਖ ਸਟਰੀਮ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀਆਂ ਦਾ ਨਗਦ ਰਾਸ਼ੀ ਨਾਲ ਸਨਮਾਨ ਕੀਤਾ ਜਾਂਦਾ ਹੈ। ਇਸ ਦੌਰਾਨ ਅਲੂਮਨੀ ਦੇ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਸਕੂਲ ਵਿਚਲੇ ਕੰਮ ਕਰਵਾ ਕੇ ਬਹੁਤ ਖੁਸ਼ੀ ਮਹਿਸੂਸ ਕਰਦੇ ਹਨ। ਇਸ ਮੌਕੇ ਅਲੂਮਨੀ ਦੇ ਵਾਈਸ ਪ੍ਰਧਾਨ ਅਤੇ ਸਕੂਲ ਦੇ ਸਾਬਕਾ ਪ੍ਰਿੰਸੀਪਲ ਨੈਸ਼ਨਲ ਅਵਾਰਡੀ ਤੋਤਾ ਸਿੰਘ ਚਹਿਲ ਨੇ ਕਿਹਾ ਕਿ ਸਕੂਲ ਦੇ ਸਾਬਕਾ ਵਿਦਿਆਰਥੀਆਂ ਵੱਲੋਂ ਬਣਾਈ ਗਈ ਅਲੂਮਨੀ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ। ਇਸ ਮੌਕੇ ਸਰਪ੍ਰਸਤ ਕੁਲਬੀਰ ਸਿੰਘ ਸ਼ੇਰਗਿੱਲ, ਸਰਪ੍ਰਸਤ ਰਣਵਿੰਦਰ ਸਿੰਘ, ਖਜਾਨਚੀ ਬੀਰਬਾਲਾ, ਗੁਰਸ਼ਰਨਜੀਤ ਸਿੰਘ, ਬਲਜਿੰਦਰ ਸਿੰਘ ਢੀਂਡਸਾ, ਅਜੀਤ ਸਿੰਘ ਸੈਣੀ, ਹਰਚੰਦ ਸਿੰਘ ਨਿਰਮਾਣ, ਅਵਤਾਰ ਸਿੰਘ, ਅਜੀਤ ਸਿੰਘ ਭੱਟੀ, ਦਰਸ਼ਨ ਲਾਲ, ਵਰਿੰਦਰ ਸਿੰਘ ਵਾਲੀਆ ਅਤੇ ਤੇਜਿੰਦਰ ਕੌਸ਼ਿਸ਼ ਸਮੇਤ ਹੋਰ ਆਦਿ ਹਾਜ਼ਰ ਸਨ।

## ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਨੇ ਸ਼ਬਦ-ਗਾਇਨ ਮੁਕਾਬਲੇ 'ਚ ਹਾਸਲ ਕੀਤਾ 'ਸਰਵੋਤਮ' ਸਥਾਨ



ਪਟਿਆਲਾ, 12 ਮਈ (ਚ.ਨ.ਸ.) : ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਪਟਿਆਲਾ ਦੇ ਵਿਦਿਆਰਥੀਆਂ ਨੇ ਗੁਰੂ ਅਰਜਨ ਕੀਰਤਨ ਮੰਡਲ ਵੱਲੋਂ ਗੁਰਦੁਆਰਾ ਸਿੰਘ ਸਭਾ ਮਾਲ ਰੋਡ ਪਟਿਆਲਾ ਵਿਖੇ ਆਯੋਜਿਤ ਸ਼ਬਦ-ਗਾਇਨ ਮੁਕਾਬਲੇ ਵਿੱਚ ਭਾਗ ਲੈਂਦਿਆਂ 'ਸਰਵੋਤਮ ਪ੍ਰਦਰਸ਼ਨ' ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਰੂਹਾਨੀ ਪ੍ਰਤੀਯੋਗਤਾ ਵਿੱਚ ਸਕੂਲ ਦੀ ਟੀਮ ਨੇ ਆਪਣੀ ਸੁਰੀਲੀ ਤੇ ਭਾਵਪੂਰਕ ਪੇਸ਼ਕਸ਼ ਰਾਹੀਂ ਸਰੋਤਿਆਂ ਦੇ ਦਿਲ ਜਿੱਤ ਲਏ। ਵਿਦਿਆਰਥੀਆਂ ਨੂੰ ਸ਼ੀਲਡ, ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਪ੍ਰਾਪਤੀ ਵਿਦਿਆਰਥੀਆਂ ਦੀ ਮਿਹਨਤ, ਅਨੁਸ਼ਾਸਨ ਅਤੇ ਆਤਮਿਕਤਾ ਦਾ ਪਰਿਨਾਮ ਹੈ। ਸਕੂਲ ਪ੍ਰਬੰਧਕ ਸਮਿਤੀ ਅਤੇ ਪ੍ਰਿੰਸੀਪਲ ਮੈਡਮ ਜਸਜੀਤ ਸੋਹੀ ਨੇ ਟੀਮ ਨੂੰ ਵਧਾਈ ਦਿੰਦਿਆਂ ਇਸੇ ਤਰ੍ਹਾਂ ਦੇ ਉਤਕ੍ਰਿਸ਼ਟ ਪ੍ਰਦਰਸ਼ਨਾਂ ਦੀ ਕਾਮਨਾ ਕੀਤੀ।

## ਜੰਗ ਕਿਸੇ ਵੀ ਦੇਸ਼ ਲਈ ਘਾਤਕ : ਡਾ. ਸੰਧੂ

### ☛ਬੱਚਿਆਂ ਦੀ ਹਿਫਾਜ਼ਤ ਲਈ ਸਖ਼ਤ ਕਾਨੂੰਨ ਬਣਾਉਣ ਦੀ ਲੋੜ



ਸਮਾਣਾ, 12 ਮਈ (ਵਿਜੇ ਕੁਮਾਰ) : ਕਿਸੇ ਵੀ ਦੇਸ਼ ਦਾ ਵਿਕਾਸ ਅਮਨ ਅਤੇ ਆਪਸੀ ਭਾਈਚਾਰੇ ਬਿਨਾਂ ਨਹੀਂ ਹੋ ਸਕਦਾ । ਜੰਗਾਂ ਹਮੇਸ਼ਾ ਮਨੁੱਖ ਮਾਰੂ ਅਤੇ ਦੇਸ਼ ਦੀ ਆਰਥਿਕਤਾ ਲਈ ਘਾਤਕ ਹੁੰਦੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰੱਬਤ ਦਾ ਭਲਾ ਸੰਸਥਾ ਦੇ ਪ੍ਰਧਾਨ ਅਤੇ ਸਾਬਕਾ ਖੇਤੀ ਬਾੜੀ ਅਧਿਕਾਰੀ ਡਾ: ਇੰਦਰਪਾਲ ਸਿੰਘ ਸੰਧੂ ਨੇ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਨੇ ਜੰਗਬੰਦੀ ਕਰਕੇ ਸਮਝਦਾਰੀ ਦਾ ਸਬੂਤ ਦਿੱਤਾ ਹੈ। ਜੰਗ ਹੋਣ ਨਾਲ ਦੋਹਾਂ ਦੇਸ਼ਾਂ ਦਾ ਅਰਬਾਂ-ਖਰਬਾਂ ਰੁਪਏ ਦੇ ਨਾਲ-ਨਾਲ ਅਣਗਿਣਤ ਮਨੁੱਖੀ ਜਾਨਾਂ ਦਾ ਵੀ ਨੁਕਸਾਨ ਹੋਣਾ ਸੀ। ਉਨ੍ਹਾਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਅਤੇ ਖਾਸ ਕਰਕੇ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਦੀ ਮੰਗ ਕਰਦਿਆਂ ਕਿਹਾ ਕਿ ਜਿਹੜੇ ਕੈਦੀ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ ਉਨ੍ਹਾਂ ਨੂੰ ਰਿਹਾ ਕੀਤਾ ਜਾਵੇ। ਉਨ੍ਹਾਂ ਪਿਛਲੇ ਦਿਨੀ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਅੱਧੀ ਦਰਜ਼ਨ ਤੋਂ ਵੱਧ ਸਕੂਲੀ ਬੱਚਿਆਂ ਤੇ ਡਰਾਇਵਰ ਦੀ ਹੋਈ ਮੌਤ ਸੰਬਧੀ ਪ੍ਰਸਾਸ਼ਨ ਤੋਂ ਸਖਤ ਸੁਰੱਖਿਆਂ ਨਿਯਮਾਂ ਦੀ ਮੰਗ ਕੀਤੀ ਤੇ ਕਿਹਾ ਕਿ ਮਿੱਟੀ ਵਾਲੇ ਟਿੱਪਰ, ਤੂੜੀ ਵਾਲੀਆਂ ਟ੍ਰਾਲੀਆਂ, ਟਰੱਕ, ਭੱਠੇ ਵਾਲੀਆਂ ਇੱਟਾਂ ਦੀਆਂ ਟ੍ਰਾਲੀਆਂ ਲਈ ਸਖਤ ਕਾਨੂੰਨ ਬਨਾਉਣਾ ਚਾਹੀਦਾ ਹੈ। ਮੀਟਿੰਗ 'ਚ ਬਲਵਿੰਦਰ ਸਿੰਘ, ਅਮਰਜੀਤ ਸਿੰਘ ਢੈਂਠਲ, ਲਖਵਿੰਦਰ ਸਿੰਘ ਸੰਧੂ, ਹੀਰਾ ਸਿੰਘ ਖਾਨਪੁਰ, ਗੁਰਲਾਲ ਸਿੰਘ ਕਾਹਨਗੜ੍ਹ, ਗੁਰਮੁੱਖ ਸਿੰਘ ਜਮਾਲਪੁਰ, ਭਗਵਾਨ ਸਿੰਘ ਲਹੌਰੀਆ, ਗੁਰਮੀਤ ਸਿੰਘ ਗੱਗਾ, ਮਾਸਟਰ ਹਰਬੰਸ ਸਿੰਘ ਥਿੰਦ, ਜਸਵੰਤ ਸਿੰਘ ਸੱਗੂ, ਬਲਵੀਰ ਸਿੰਘ ਤੱਤਲਾ, ਦਵਿੰਦਰ ਸਿੰਘ ਤੁਲੀ, ਗੁਰਇੱਕਬਾਲ ਸਿੰਘ ਰੰਧਾਵਾ, ਭਰਪੂਰ ਸਿੰਘ ਬਾਦਸ਼ਾਹਪੁਰ ਕਾਲੇਕੀ ਆਦਿ ਵੀ ਹਾਜ਼ਰ ਸਨ।

## ਪੁਲਿਸ ਵੱਲੋਂ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 12 ਮਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਖੁਸ਼ੀ ਰਾਮ ਵਾਸੀ ਪਿੰਡ ਨਰੈਣਪੁਰ ਜਿਲਾ ਗੋਂਡਾ ਯੂ.ਪੀ ਹਾਲ ਵਾਸੀ ਸੂਲਰ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸੂਬਾ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਵਰਕਸ਼ਾਪ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਸੰਦੀਪ ਸਿੰਘ ਨੇ ਬੀ.ਡੀ.ਪੀ.ਓ. ਭੁਨਰਹੇੜੀ ਦਾ ਚਾਰਜ ਸੰਭਾਲਿਆ



ਭੁਨਰਹੇੜੀ, 12 ਮਈ (ਗੁਰਜੀਤ ਸਿੰਘ ਢੋਟ) : ਬਲਾਕ ਭੁੰਨਰੇਹੜੀ ਦੇ ਪਿੰਡਾਂ ਦਾ ਸਰਬ ਪੱਖੀ ਵਿਕਾਸ ਵੱਲ ਧਿਆਨ ਦਿੱਤਾ ਜਾਵੇਗਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭੁਨਰਹੇੜੀ ਬਲਾਕ ਦੇ ਨਵੇਂ ਬਣੇ ਬੀਡੀਪੀਓ ਸੰਦੀਪ ਸਿੰਘ ਵੱਲੋਂ ਆਪਣਾ ਅਹੁਦਾ ਸੰਭਾਲਦੇ ਹੋਏ ਕੀਤਾ ਗਿਆ। ਉਹਨਾਂ ਕਿਹਾ ਕਿ ਹਰਮੀਤ ਸਿੰਘ ਪਠਾਣਮਾਜਰਾ ਐਮ.ਐਲ.ਏ ਹਲਕਾ ਸਨੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਕਾਸ ਕਾਰਜ ਕਰਵਾਏ ਜਾਣਗੇ। ਪ੍ਰਾਦਰਸ਼ਤਾ ਨਾਲ ਬਿਨਾ ਕਿਸੇ ਭੇਦ-ਭਾਵ ਦੇ ਵਿਕਾਸ ਦੇ ਕੰਮ ਕਰਵਾਏ ਜਾਣਗੇ। ਇਸ ਮੌਕੇ ਤੇ ਡਾ. ਗੁਰਮੀਤ ਸਿੰਘ ਬਿੱਟੂ ਸਾਬਕਾ ਵਾਇਸ ਚੇਅਰਮੇਨ, ਸਿਮਰਦੀਪ ਸਿੰਘ ਬਰਕਤਪੁਰ ਸਾਬਕਾ ਸੰਮਤੀ ਮੈਂਬਰ, ਅਮਰੀਕ ਭਾਰਥੀ ਸਰਪੰਚ ਸ਼ੇਖੂਪੁਰ, ਰਿਸ਼ੂ ਪਿਪਲਖੇੜੀ, ਮਨਦੀਪ ਕੌਰ ਸੁਪਰਡੰਟ, ਬਲਜੀਤ ਸਿੰਘ ਪੰਚਾਇਤ ਅਫਸਰ, ਸੁਖਜੀਤ ਕੌਰ ਲੇਖਾਕਾਰ, ਅੰਕੁਸ਼ ਜੇ.ਈ, ਨਰਵੀਰ ਸਿੰਘ ਜੇ.ਈ, ਹਰਲਾਲ ਸਿੰਘ ਪੰਚਾਇਤ ਸਕੱਤਰ ਬਲਾਕ ਪ੍ਰਧਾਨ, ਜਰਨੈਲ ਸਿੰਘ ਜੂਨੀਅਰ ਸਹਾਇਕ, ਸੁਰਿੰਦਰਪਾਲ ਸਿੰਘ ਵੀ.ਡੀ.ਓ, ਹਰਜੀਤ ਗਿਰ ਬੀ.ਡੀ.ਓ, ਜਗਤਾਰ ਸਿੰਘ ਬੀ.ਡੀ.ਓ, ਹਰਦੀਪ ਸਿੰਘ ਬੀ.ਡੀ.ਓ, ਪਰਦੀਪ ਸਿੰਘ ਪੰਚਾਇਤ ਸਕੱਤਰ, ਗੁਰਮੇਲ ਸਿੰਘ ਪੰਚਾਇਤ ਸਕੱਤਰ, ਹਰਵਿੰਦਰ ਸਿੰਘ (ਸ) ਪੰਚਾਇਤ ਸਕੱਤਰ, ਹਰਦੀਪ ਸਿੰਘ ਪੰਚਾਇਤ ਸਕੱਤਰ, ਅਵਤਾਰ ਸਿੰਘ ਪੰਚਾਇਤ ਸਕੱਤਰ, ਪ੍ਰਭਜੋਤ ਸਿੰਘ ਪੰਚਾਇਤ ਸਕੱਤਰ , ਜਸਮੀਤ ਸਿੰਘ ਪੰਚਾਇਤ ਸਕੱਤਰ, ਗੁਰਜੰਟ ਸਿੰਘ ਪੰਚਾਇਤ ਸਕੱਤਰ ਆਦਿ ਹਾਜ਼ਰ ਰਹੇ।

## ਐਸ.ਡੀ.ਐਮ. ਦੀ ਅਗਵਾਈ 'ਚ ਪੀਸ ਕਮੇਟੀ ਦੀ ਮੀਟਿੰਗ

ਮਲੇਰਕੋਟਲਾ, 12 ਮਈ (ਚ.ਨ.ਸ.) : ਮਾਲੇਰਕੋਟਲਾ 'ਚ ਭਾਈਚਾਰਕ ਸਾਂਝ, ਏਕਤਾ ਅਤੇ ਸ਼ਾਂਤੀ ਨੂੰ ਮਜ਼ਬੂਤ ਬਣਾਈ ਰੱਖਣ ਲਈ ਅੱਜ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸ.ਡੀ.ਐਮ. ਗੁਰਮੀਤ ਕੁਮਾਰ ਬਾਂਸਲ ਦੀ ਅਗਵਾਈ ਹੇਠ ਪੀਸ ਕਮੇਟੀ ਦੀ ਇਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਸਥਾਨਕ ਪ੍ਰਸ਼ਾਸਨ, ਪੁਲਿਸ ਵਿਭਾਗ, ਧਾਰਮਿਕ ਆਗੂਆਂ, ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਸਿਵਲ ਸੋਸਾਇਟੀ ਦੇ ਮੈਂਬਰਾਂ ਨੇ ਸਮੂਲੀਅਤ ਕੀਤੀ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫ਼ਿਰ ਅਲੀ, ਮੁੱਖ ਮੰਤਰੀ ਫੀਲਡ ਅਫ਼ਸਰ ਕਮ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਰਾਕੇਸ਼ ਪ੍ਰਕਾਸ਼ ਗੁਪਤਾ ਤੋਂ ਇਲਾਵਾ ਜਿਲਾ ਪ੍ਰਧਾਨ ਬੀ.ਜੇ.ਪੀ ਮਲੇਕਰੋਟਲਾ ਜਗਤ ਕਥੂਰੀਆ, ਪ੍ਰਧਾਨ ਸ਼ਮਸ਼ਾਨ ਭੂਮੀ ਰਮੇਸ਼ ਜੈਨ, ਮੈਂਬਰ ਆਲ ਇੰਡੀਆ ਬ੍ਰਾਹਮਣ ਸਭਾ ਮਹੰਤ ਸਰੂਪ ਚੰਦ ਬਿਹਾਰੀ, ਬਜਰੰਗ ਦਲ ਤੋਂ ਮੋਹਿਤ ਗਰਗ, ਸ਼੍ਰੋਮਣੀ ਅਕਾਲੀ ਦਲ ਬਾਦਲ ਬੇਅੰਤ ਕਿੰਗਰ, ਇੰਦਰਜੀਤ ਸਿੰਘ ਮੁੰਡੇ, ਪ੍ਰਧਾਨ ਰਾਸ਼ਟਰੀ ਸਿੱਖ ਸੰਗਤ ਗੁਰਬਚਨ ਸਿੰਘ ਮੋਖਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



## ਵੱਖ-ਵੱਖ ਥਾਵਾਂ ਤੋਂ 320 ਲੀਟਰ ਲਾਹਣ ਬ੍ਰਾਮਦ

ਸਮਾਣਾ, 12 ਮਈ (ਵਿਜੇ ਕੁਮਾਰ) : ਸਦਰ ਪੁਲਿਸ ਨੇ ਦੋ ਵੱਖ-ਵੱਖ ਮਾਮਲਿਆਂ 'ਚ ਇਕ ਔਰਤ ਸਮੇਤ ਦੋ ਵਿਅਕਤੀਆਂ ਨੂੰ 320 ਲੀਟਰ ਲਾਹਣ ਸਣੇ ਕਾਬੂ ਕਰਕੇ ਉਨ੍ਹਾਂ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਹਨ। ਮੁਲਜ਼ਮਾਂ ਦੀ ਸ਼ਨਾਖਤ ਮੇਲੋ ਕੌਰ ਵਾਸੀ ਪਿੰਡ ਅਚਰਾਲ ਖੁਰਦ ਤੇ ਬੀਰਾ ਸਿੰਘ ਨਿਵਾਸੀ ਪਿੰਡ ਮਰੋੜੀ ਵਜੋਂ ਹੋਈ। ਜਾਣਕਾਰੀ ਦਿੰਦਿਆਂ ਥਾਣਾ ਸਦਰ ਮੁੱਖੀ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਗਾਜੇਵਾਸ ਪੁਲਿਸ ਚੌਕੀ ਦੇ ਏ.ਐਸ.ਆਈ ਹਰਮਿੰਦਰ ਸਿੰਘ ਨੇ ਗਸ਼ਤ ਦੌਰਾਨ ਮੇਲੋ ਕੌਰ ਵੱਲੋਂ ਸ਼ਰਾਬ ਤਿਆਰ ਕਰਕੇ ਵੇਚਣ ਸੰਬਧੀ ਮਿਲੀ ਸੂਚਨਾਂ ਦੇ ਅਧਾਰ 'ਤੇ ਉਸ ਦੇ ਘਰ ਰੇਡ ਕੀਤੀ ਅਤੇ ਉਸ ਨੂੰ 200 ਲੀਟਰ ਲਾਹਣ ਸਣੇ ਹਿਰਾਸਤ ਵਿਚ ਲੈ ਲਿਆ। ਇੱਕ ਹੋਰ ਮਾਮਲੇ 'ਚ ਮਵੀਕਲਾਂ ਪੁਲਿਸ ਦੇ ਏ.ਐਸ.ਆਈ. ਕਰਨੈਲ ਸਿੰਘ ਨੇ ਗਸ਼ਤ ਦੌਰਾਨ ਮਿਲੀ ਸੂਚਨਾਂ ਦੇ ਅਧਾਰ 'ਤੇ ਬੀਰ ਸਿੰਘ ਵੱਲੋਂ ਨਾਜ਼ਾਇਜ਼ ਸ਼ਰਾਬ ਤਿਆਰ ਕਰਕੇ ਵੇਚਣ ਸੰਬਧੀ ਘੱਗਰ ਦਰਿਆ ਨੇੜੇ ਛੁਪਾ ਕੇ ਰੱਖੀ 120 ਲੀਟਰ ਲਾਹਣ ਬਰਾਮਦ ਹੋਣ ਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਨ ਉਪਰੰਤ ਮਿਲੇ ਹੁਕਮਾਂ ਅਨੁਸਾਰ ਜੇਲ ਭੇਜ ਦਿੱਤਾ ਹੈ।



ਪਬਲਿਕ ਕਾਲਜ ਦੇ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਸਿੱਧੂ ਨਵੇਂ ਆਏ ਐਸ. ਡੀ. ਐਮ.ਕਮ-ਵਾਇਸ ਚੇਅਰਮੈਨ ਪਬਲਿਕ ਕਾਲਜ ਸਮਾਣਾ ਮੈਡਮ ਰਿਚਾ ਗੋਇਲ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਵਾਗਤ ਕਰਦੇ ਹੋਏ। (ਫੋਟੋ ਤੇ ਵੇਰਵਾ : ਵਿਜੇ ਸਮਾਣਾ)